ਸ਼ਨੀਵਾਰ, 4 ਮਈ, 2024
22 ਵਿਸਾਖ { ਨਾਨਕਸ਼ਾਹੀ 556 / ਬਿਕਰਮੀ 2081 }
ਜਿਲਦ/VOL. : 72
ਅੰਕ/NO. : 334

# ਨਵਾਂ ਜ਼ਮਾਨਾ

DAILY NAWAN ZAMANA • SATURDAY, 4 MAY, 2024
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## ਬੰਗਾਲ ਦੇ ਰਾਜਪਾਲ 'ਤੇ ਛੇੜਛਾੜ ਦਾ ਦੋਸ਼



**ਕੋਲਕਾਤਾ** : ਪੱਛਮੀ ਬੰਗਾਲ ਦੇ ਰਾਜਪਾਲ ਸੀ ਵੀ ਆਨੰਦ ਬੋਸ 'ਤੇ ਰਾਜ ਭਵਨ ਦੀ ਮਹਿਲਾ ਮੁਲਾਜ਼ਮ ਨੇ ਛੇੜਛਾੜ ਦਾ ਦੋਸ਼ ਲਾਇਆ ਹੈ। ਉਸ ਨੇ ਇਸ ਬਾਰੇ ਹਰੇ ਸਟਰੀਟ ਥਾਣੇ 'ਚ ਰਿਪੋਰਟ ਲਿਖਾਈ ਹੈ। ਉਸ ਦਾ ਦੋਸ਼ ਹੈ ਕਿ ਉਹ 24 ਮਾਰਚ ਨੂੰ ਪੱਕੀ ਨੌਕਰੀ ਦੀ ਅਰਜ਼ੀ ਲੈ ਕੇ ਰਾਜਪਾਲ ਕੋਲ ਗਈ ਸੀ। ਰਾਜਪਾਲ ਨੇ ਉਸ ਨਾਲ ਬਦਸਲੂਕੀ ਕੀਤੀ। ਵੀਰਵਾਰ ਫਿਰ ਇੰਜ ਕੀਤਾ ਤਾਂ ਉਹ ਰਾਜ ਭਵਨ ਦੇ ਬਾਹਰ ਤਾਇਨਾਤ ਪੁਲਸ ਅਧਿਕਾਰੀ ਕੋਲ ਸ਼ਿਕਾਇਤ ਲੈ ਕੇ ਗਈ।

ਰਾਜਪਾਲ ਨੇ ਕਿਹਾ ਹੈ—ਇਹ ਮੈਨੂੰ ਬਦਨਾਮ ਕਰਨ ਦੀ ਸਾਜ਼ਿਸ਼ ਹੈ। ਦੋਸ਼ ਬੇਬੁਨਿਆਦ ਹੈ। ਸੱਚ ਦੀ ਜਿੱਤ ਹੋਵੇਗੀ। ਮੈਂ ਬਣਾਉਟੀ ਬਿਰਤਾਂਤ ਤੋਂ ਡਰਨ ਵਾਲਾ ਨਹੀਂ। ਕੋਈ ਮੈਨੂੰ ਬਦਨਾਮ ਕਰਕੇ ਚੋਣ ਫਾਇਦਾ ਉਠਾਉਣਾ ਚਾਹੁੰਦਾ ਹੈ, ਤਾਂ ਰੱਬ ਭਲਾ ਕਰੇ। ਮੈਂ ਭ੍ਰਿਸ਼ਟਾਚਾਰ ਤੇ ਹਿੰਸਾ ਖਿਲਾਫ ਲੜਾਈ ਨਹੀਂ ਰੋਕ ਸਕਦਾ।

ਬੋਸ ਨੇ ਇਕ ਆਡੀਓ ਸੁਨੇਹੇ ਵਿਚ ਕਿਹਾ—ਤੁਹਾਡੇ ਅਗਲੇ ਗ੍ਰਨੇਡ ਤੇ ਲੁਕਵੀਆਂ ਗੋਲੀਆਂ ਦੀ ਉਡੀਕ ਕਰ ਰਿਹਾ ਹਾਂ, ਚਲਾਓ।

ਬੋਸ ਨੇ ਖੁਦ ਨੂੰ ਤੂਫਾਨਾਂ ਦਾ ਕਪਤਾਨ ਦੱਸਦਿਆਂ ਰਾਜ ਭਵਨ ਦੇ ਸਟਾਫ ਨੂੰ ਖਬਰਦਾਰ ਕੀਤਾ ਕਿ ਰਾਜ ਭਵਨ ਖਿਲਾਫ ਇਸ ਤੋਂ ਵੀ ਨਾਪਾਕ ਸਾਜ਼ਿਸ਼ ਹੋ ਸਕਦੀ ਹੈ। ਹੈਰਾਨੀ ਨਹੀਂ ਹੋਵੇਗੀ ਕਿ ਮੇਰੇ 'ਤੇ 1943 ਦੇ ਬੰਗਾਲ ਦੇ ਕਾਲ ਜਾਂ 1946 ਵਿਚ ਕੋਲਕਾਤਾ ਦੇ ਕਤਲਾਂ ਦਾ ਦੋਸ਼ ਵੀ ਮੜ੍ਹ ਦਿੱਤਾ ਜਾਵੇ। ਮੁੱਖ ਮੰਤਰੀ ਮਮਤਾ ਬੈਨਰਜੀ ਨੇ ਕਿਹਾ ਕਿ ਰਾਜ ਭਵਨ 'ਚ ਛੇੜਛਾੜ ਦਾ ਸ਼ਿਕਾਰ ਔਰਤ ਲਈ ਉਨ੍ਹਾ ਦਾ ਦਿਲ ਰੋ ਰਿਹਾ ਹੈ। ਇਹ ਸ਼ਰਮਨਾਕ ਹੈ। ਇਹ ਘਟਨਾ ਸਾਹਮਣੇ ਆਉਣ ਤੋਂ ਬਾਅਦ ਰਾਜਪਾਲ ਨੂੰ ਰਾਜ ਦੀਆਂ ਔਰਤਾਂ ਬਾਰੇ ਗੱਲ ਕਰਨ ਦਾ ਕੋਈ ਅਧਿਕਾਰ ਨਹੀਂ।

ਤ੍ਰਿਣਮੂਲ ਕਾਂਗਰਸ ਦੀ ਸਾਂਸਦ ਤੇ ਉੱਘੀ ਪੱਤਰਕਾਰ ਸਾਗਰਿਕਾ ਘੋਸ਼ ਨੇ ਕਿਹਾ ਕਿ ਮੋਦੀ ਜੀ ਵੀਰਵਾਰ ਕੋਲਕਾਤਾ 'ਚ ਚੋਣ ਪ੍ਰਚਾਰ ਕਰਨਗੇ। ਉਹ ਰਾਜ ਭਵਨ ਵਿਚ ਵੀ ਠਹਿਰਨਗੇ। ਕੀ ਮੋਦੀ ਜੀ ਰਾਜਪਾਲ ਤੋਂ ਸਫਾਈ ਮੰਗਣਗੇ? ਕੀ ਮੋਦੀ ਜੀ ਪੁੱਛਣਗੇ ਕਿ ਰਾਜ ਭਵਨ ਵਿਚ ਇਸ ਤਰ੍ਹਾਂ ਦੀ ਘਟਨਾ ਹੋਈ?

ਭਾਜਪਾ ਆਗੂ ਸ਼ੁਭੇਂਦੂ ਅਧਿਕਾਰੀ ਨੇ ਕਿਹਾ ਕਿ ਦੇਖਣਾ ਹੋਵੇਗਾ ਕਿ ਦੋਸ਼ ਸਹੀ ਹੈ ਜਾਂ ਸਿਆਸੀ ਸਾਜ਼ਿਸ਼ ਹੈ। ਜੇ ਸੱਚ ਹੋਇਆ ਤਾਂ ਨਿਸਚਿਤ ਤੌਰ 'ਤੇ ਕੇਂਦਰ ਸਰਕਾਰ ਕਾਰਵਾਈ ਕਰੇਗੀ। ਇਸੇ ਦਰਮਿਆਨ ਰਾਜ ਭਵਨ ਵਿਚ ਪੁਲਸ ਦੇ ਦਾਖਲੇ 'ਤੇ ਰੋਕ ਲਾ ਦਿੱਤੀ ਗਈ ਹੈ। ਸੂਬੇ ਦੀ ਵਿੱਤ ਮੰਤਰੀ ਚੰਦ੍ਰਿਮਾ ਭੱਟਾਚਾਰੀਆ ਦੇ ਦਾਖਲੇ 'ਤੇ ਵੀ ਰੋਕ ਲਾਈ ਗਈ ਹੈ। ਰਾਜਪਾਲ ਨੇ ਚੰਦ੍ਰਿਮਾ 'ਤੇ ਸੰਵਿਧਾਨ ਵਿਰੋਧੀ ਬਿਆਨ ਦੇਣ ਦਾ ਦੋਸ਼ ਲਾਇਆ ਹੈ ਤੇ ਉਨ੍ਹਾ ਵਿਰੁੱਧ ਕਾਰਵਾਈ ਲਈ ਅਟਾਰਨੀ ਜਨਰਲ ਤੋਂ ਸਲਾਹ ਮੰਗੀ ਹੈ।

## ਕਾਮਰੇਡ ਅਤੁਲ ਕੁਮਾਰ ਅਨਜਾਨ ਨਹੀਂ ਰਹੇ

**ਸ਼ਾਹਕੋਟ (ਗਿਆਨ ਸੈਦਪੁਰੀ)**



ਭਾਰਤੀ ਕਮਿਊਨਿਸਟ ਪਾਰਟੀ ਦੇ ਕੌਮੀ ਸਕੱਤਰ ਅਤੇ ਕੁਲ ਹਿੰਦ ਕਿਸਾਨ ਸਭਾ ਦੇ ਜਨਰਲ ਸਕੱਤਰ ਕਾਮਰੇਡ ਅਤੁਲ ਕੁਮਾਰ ਅਨਜਾਨ ਨੇ ਲਖਨਊ ਦੇ ਇੱਕ ਹਸਪਤਾਲ ਵਿੱਚ ਸ਼ੁੱਕਰਵਾਰ ਤੜਕੇ 3:40 ਵਜੇ ਆਖਰੀ ਸਾਹ ਲਏ। 70 ਸਾਲਾ ਕਾਮਰੇਡ ਅਨਜਾਨ ਪਿਛਲੇ ਕੁਝ ਸਮੇਂ ਤੋਂ ਬਿਮਾਰ ਸਨ ਅਤੇ ਲਖਨਊ ਦੇ ਇੱਕ ਹਸਪਤਾਲ ਵਿੱਚ ਜ਼ੇਰੇ-ਇਲਾਜ ਸਨ।

ਕਾਮਰੇਡ ਅਨਜਾਨ ਦੇ ਪਿਤਾ ਡਾ ਏ ਪੀ ਸਿੰਘ ਅਜ਼ਾਦੀ ਘੁਲਾਟੀਏ ਸਨ। ਉਨ੍ਹਾ ਨੂੰ ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ ਦੀਆਂ ਸਰਗਰਮੀਆਂ ਵਿੱਚ ਹਿੱਸਾ ਲੈਣ ਬਦਲੇ ਲੰਮਾ ਸਮਾਂ ਬਰਤਾਨੀਆ ਦੀ ਜੇਲ੍ਹ ਵਿੱਚ ਰਹਿਣਾ ਪਿਆ। 20 ਸਾਲ ਦੀ ਉਮਰ ਵਿੱਚ ਅਨਜਾਨ ਲਖਨਊ ਦੇ ਨੈਸ਼ਨਲ ਕਾਲਜ ਸਟੂਡੈਂਟਸ ਯੂਨੀਅਨ ਦੇ ਪ੍ਰਧਾਨ ਚੁਣੇ ਗਏ। ਕਾਮਰੇਡ 6 ਭਾਸ਼ਾਵਾਂ ਦੇ ਵਧੀਆ ਬੁਲਾਰੇ ਸਨ। ਉਹ ਯੂਨੀਵਰਸਿਟੀ ਦੀ ਪੜ੍ਹਾਈ ਦੇ ਦਿਨਾਂ ਵਿੱਚ ਕਮਿਊਨਿਸਟ ਪਾਰਟੀ ਵਿੱਚ ਸ਼ਾਮਲ ਹੋ ਗਏ ਸਨ।

ਕਾਮਰੇਡ ਅਨਜਾਨ ਆਪਣੇ ਸਿਆਸੀ ਸਫਰ ਦੌਰਾਨ ਚਾਰ ਸਾਲ ਨੌਂ ਮਹੀਨੇ ਜੇਲ੍ਹ ਵਿੱਚ ਰਹੇ। ਉਹ 1979 ਵਿੱਚ ਲੁਧਿਆਣਾ ਵਿੱਚ ਹੋਈ ਕਾਨਫਰੰਸ ਵਿੱਚ ਆਲ ਇੰਡੀਆ ਸਟੂਡੈਂਟਸ ਫੈਡਰੇਸਨ ਦੇ ਪ੍ਰਧਾਨ ਚੁਣੇ ਗਏ। 1985 ਤੱਕ ਉਹ ਇਸ ਅਹੁਦੇ 'ਤੇ ਰਹੇ। ਉਹ ਜਵਾਨੀ 'ਚ ਸੀ ਪੀ ਆਈ ਵਿੱਚ ਸ਼ਾਮਲ ਹੋਏ ਅਤੇ ਆਖਰੀ ਸਾਹ ਉਨ੍ਹਾ ਇਸੇ ਪਾਰਟੀ 'ਚ ਹੁੰਦਿਆਂ ਲਿਆ। 1989 ਵਿੱਚ 14ਵੀਂ ਕਲਕੱਤਾ ਪਾਰਟੀ ਕਾਂਗਰਸ ਵਿੱਚ ਪਾਰਟੀ ਦੀ ਕੌਮੀ ਕੌਂਸਲ ਦੇ ਮੈਂਬਰ ਚੁਣੇ ਗਏ। 1992 ਵਿੱਚ ਹੈਦਰਾਬਾਦ ਵਿਖੇ ਹੋਈ 15ਵੀਂ ਪਾਰਟੀ ਕਾਂਗਰਸ ਵਿੱਚ ਉਹ ਕੌਮੀ ਸਕੱਤਰੇਤ ਦੇ ਮੈਂਬਰ ਚੁਣੇ ਗਏ। 1997 ਵਿੱਚ ਤਿਰਸੂਰ ਵਿੱਚ ਹੋਈ ਨੈਸ਼ਨਲ ਕਾਨਫਰੰਸ ਵਿੱਚ ਆਲ ਇੰਡੀਆ ਕਿਸਾਨ ਸਭਾ ਦੇ ਜਨਰਲ ਸਕੱਤਰ ਬਣੇ। ਇਸੇ ਅਹੁਦੇ ਲਈ ਉਹ 2001, 2006, 2010 ਅਤੇ 2016 ਵਿੱਚ ਚੁਣੇ ਜਾਂਦੇ ਰਹੇ।

ਉਹ ਕਿਸਾਨੀ ਨੂੰ ਸਮਰਪਿਤ ਸਨ। ਸਵਾਮੀਨਾਥਨ ਕਮਿਸ਼ਨ ਵਿੱਚ ਇੱਕੋ-ਇੱਕ ਕਿਸਾਨ ਮੈਂਬਰ ਸਨ। ਇਸ ਕਮਿਸ਼ਨ ਨੇ ਜਿਣਸਾਂ ਦਾ ਘੱਟੋ-ਘੱਟ ਸਮਰਥਨ ਮੁੱਲ ਅਤੇ ਹੋਰ ਕਈ ਸਿਫਾਰਸ਼ਾਂ ਕੀਤੀਆਂ ਸਨ।

ਕਾਮਰੇਡ ਅਨਜਾਨ ਨੇ ਵਿਦਿਆਰਥੀ, ਕਿਸਾਨੀ ਅਤੇ ਪਾਰਟੀ ਦੀ ਉਸਾਰੀ ਲਈ ਮਹੱਤਵਪੂਰਨ ਯੋਗਦਾਨ ਪਾਇਆ। ਉਹ ਸੱਜ-ਪਿਛਾਖੜੀ ਫਾਸ਼ੀਵਾਦੀ ਤਾਕਤਾਂ ਵਿਰੁੱਧ ਲੜਨ ਵਾਲੇ ਜੰਗਜੂ ਸਨ। ਕਾਮਰੇਡ ਅਨਜਾਨ ਦੇ ਕੁਵੇਲੇ ਤੁਰ ਜਾਣ ਨਾਲ ਦੇਸ਼ ਵਿੱਚ ਮੌਜੂਦਾ ਪ੍ਰਸਥਿਤੀਆਂ ਵਿੱਚ ਭਾਰਤੀ ਕਮਿਊਨਿਸਟ ਪਾਰਟੀ ਅਤੇ ਕਿਸਾਨ ਸੰਘਰਸ਼ ਨੂੰ ਵੱਡਾ ਘਾਟਾ ਪਿਆ ਹੈ। ਸੀ ਪੀ ਆਈ ਦੇ ਜਨਰਲ ਸਕੱਤਰ ਕਾਮਰੇਡ ਡੀ ਰਾਜਾ ਸਮੇਤ ਪਾਰਟੀ ਦੀ ਸਮੁੱਚੀ ਕੇਂਦਰੀ ਲੀਡਰਸ਼ਿਪ ਨੇ ਕਾਮਰੇਡ ਅਤੁਲ ਅਨਜਾਨ ਨੂੰ ਸਤਿਕਾਰ ਤੇ ਸ਼ਰਧਾਂਜਲੀ ਭੇਟ ਕਰਦਿਆਂ ਪਾਰਟੀ ਕੇਡਰ

● ਬਾਕੀ ਸਫ਼ਾ 2 'ਤੇ

### ਟਾਈਗਰ ਅਭੀ ਜ਼ਿੰਦਾ ਹੈ...

**ਚੰਡੀਗੜ੍ਹ** : ਇਥੇ ਸੀ ਪੀ ਆਈ ਦੇ ਕੌਮੀ ਆਗੂ ਕਾਮਰੇਡ ਅਤੁਲ ਕੁਮਾਰ ਅਨਜਾਨ ਦੀ ਯਾਦ ਵਿਚ ਹੋਏ ਸੋਗ ਸਮਾਗਮ ਨੂੰ ਮੁਖਾਤਬ ਹੁੰਦਿਆਂ ਸੂਬਾ ਸਕੱਤਰ ਬੰਤ ਸਿੰਘ ਬਰਾੜ ਨੇ ਸਾਥੀ ਅਨਜਾਨ ਨਾਲ ਨੌਜਵਾਨ, ਵਿਦਿਆਰਥੀ ਫਰੰਟ ਉਤੇ ਘੋਲਾਂ ਦੀ ਸਾਂਝ ਨੂੰ ਚੇਤੇ ਕੀਤਾ ਅਤੇ ਦੱਸਿਆ ਕਿ ਜਦੋਂ ਅਨਜਾਨ ਜ਼ਿੰਦਗੀ ਦੀ ਆਖਰੀ ਲੜਾਈ ਲੜ ਰਿਹਾ ਸੀ ਤਾਂ ਵੀ ਉਸ ਨੇ ਕਿਹਾ, 'ਬਰਾੜ, ਟਾਈਗਰ ਅਭੀ ਜ਼ਿੰਦਾ ਹੈ.. ਮੈਂ ਆਊਂਗਾ ਔਰ ਫਾਸ਼ੀਵਾਦ ਕੇ ਖਿਲਾਫ ਲੜੂੰਗਾ।'

ਭੁਪਿੰਦਰ ਸਾਂਬਰ ਵਰਕਿੰਗ ਪ੍ਰੈਜ਼ੀਡੈਂਟ ਕੁਲ ਹਿੰਦ ਕਿਸਾਨ ਸਭਾ ਨੇ ਆਪਣੇ ਨਾਲ ਜਨਰਲ ਸਕੱਤਰ ਵਜੋਂ ਸਾਥੀ ਅਨਜਾਨ ਦੇ ਯੋਗਦਾਨ ਨੂੰ ਸਲਾਮ ਕੀਤੀ ਅਤੇ ਦੱਸਿਆ ਕਿ ਸਵਾਮੀਨਾਥਨ ਰਿਪੋਰਟ ਸਦਾ ਕਿਸਾਨੀ ਲਹਿਰ ਨੂੰ ਅਗਵਾਈ ਦਿੰਦੀ ਰਹੇਗੀ, ਜਿਸ ਵਿਚ ਕਿਸਾਨਾਂ ਵੱਲੋਂ ਮੈਂਬਰ ਸਾਥੀ ਅਨਜਾਨ ਸਨ। ਉਹਨਾ ਤੋਂ ਇਲਾਵਾ ਸਾਥੀ ਅਨਜਾਨ ਦੀ ਅਗਵਾਈ ਵਿਚ ਵਿਦਿਆਰਥੀ ਫਰੰਟ ਉਤੇ ਕੰਮ ਕਰਦੇ ਰਹੇ ਸਾਥੀ ਦਿਲਦਾਰ ਅਤੇ ਡਾ. ਸੁਲਤਾਨਾ ਨੇ ਉਤਸ਼ਾਹਵਰਧਕ ਯਾਦਾਂ ਸਾਂਝੀਆਂ ਕੀਤੀਆਂ। ਐਡਵੋਕੇਟ ਅਸ਼ਵਨੀ ਬਖ਼ਸ਼ੀ ਤੋਂ ਇਲਾਵਾ ਦੇਵੀ ਦਿਆਲ ਸ਼ਰਮਾ, ਗੁਰਨਾਮ ਕੰਵਰ, ਰਾਜ ਕੁਮਾਰ, ਪ੍ਰੀਤਮ ਹੁੰਦਲ, ਬਲਕਾਰ ਸਿੱਧੂ, ਮਨੱਵਰ ਸਿੰਘ, ਪ੍ਰੀਤਮ ਸਿੰਘ ਹੁਸ਼ਿਆਰਪੁਰ, ਕਰਮ ਸਿੰਘ ਵਕੀਲ, ਗੁਰਦਿਆਲ ਸਿੰਘ, ਭਾਗ ਸਿੰਘ, ਸਤਿਆਵੀਰ, ਧਰਮਵੀਰ, ਸ਼ਿੰਗਾਰਾ ਸਿੰਘ, ਸਗੀਰ ਅਹਿਮਦ, ਜਸਵਿੰਦਰ ਕੌਰ ਐਡਵੋਕੇਟ, ਰਮਿੰਦਰਪਾਲ, ਕਾਲੀ ਰਮਨਾ, ਵਿਸ਼ਾਲ ਕੁਮਾਰ ਐਡਵੋਕੇਟ ਤੇ ਲਾਲਜੀ ਆਦਿ ਨੇ ਸਾਥੀ ਨੂੰ ਲਾਲ ਸਲਾਮ ਆਖੀ ਅਤੇ ਉਹਨਾ ਦੇ ਸੰਘਰਸ਼ਸ਼ੀਲ ਵਿਰਸੇ ਨੂੰ ਅੱਗੇ ਲਿਜਾਣ ਦਾ ਅਹਿਦ ਕੀਤਾ।

### ਹੈਲੀਕਾਪਟਰ ਉੱਲਰ ਗਿਆ



**ਮੁੰਬਈ** : ਮਹਾਰਾਸ਼ਟਰ ਦੇ ਰਾਏਗੜ੍ਹ ਜ਼ਿਲ੍ਹੇ ਵਿਚ ਸ਼ੁੱਕਰਵਾਰ ਨਿੱਜੀ ਹੈਲੀਕਾਪਟਰ ਉਤਰਦੇ ਸਮੇਂ ਇਕ ਪਾਸੇ ਝੁਕ ਗਿਆ, ਜਿਸ ਕਾਰਨ ਪਾਇਲਟ ਜ਼ਖਮੀ ਹੋ ਗਿਆ। ਹੈਲੀਕਾਪਟਰ ਸ਼ਿਵ ਸੈਨਾ (ਯੂ ਬੀ ਟੀ) ਦੀ ਨੇਤਾ ਸੁਸ਼ਮਾ ਅੰਧਾਰੇ ਨੂੰ ਚੋਣ ਲਈ ਲੈਣ ਆਇਆ ਸੀ। ਸਵੇਰੇ ਕਰੀਬ 9.30 ਵਜੇ ਪਾਇਲਟ ਨੇ ਹੈਲੀਕਾਪਟਰ ਨੂੰ ਮਹਾਡ 'ਚ ਅਸਥਾਈ ਹੈਲੀਪੈਡ 'ਤੇ ਉਤਾਰਨ ਦੀ ਕੋਸ਼ਿਸ਼ ਕੀਤੀ ਅਤੇ ਇਸ ਦੌਰਾਨ ਹੈਲੀਕਾਪਟਰ ਇਕ ਪਾਸੇ ਝੁਕ ਗਿਆ। ਹੈਲੀਕਾਪਟਰ ਦੇ ਰੋਟਰ ਬਲੇਡ ਨੂੰ ਨੁਕਸਾਨ ਪਹੁੰਚਿਆ।

### ਦਸਵੀਂ ਤੇ ਬਾਰ੍ਹਵੀਂ ਦਾ ਨਤੀਜਾ 20 ਤੋਂ ਬਾਅਦ

**ਨਵੀਂ ਦਿੱਲੀ** : ਸੀ ਬੀ ਐੱਸ ਈ ਨੇ ਆਪਣੀ ਅਧਿਕਾਰਤ ਵੈੱਬਸਾਈਟ ਰਾਹੀਂ ਜਾਣਕਾਰੀ ਦਿੱਤੀ ਹੈ ਕਿ 10ਵੀਂ ਅਤੇ 12ਵੀਂ ਦਾ ਨਤੀਜਾ 20 ਮਈ ਤੋਂ ਬਾਅਦ ਐਲਾਨਿਆ ਜਾਵੇਗਾ। ਬੋਰਡ ਨੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵਿਭਾਗ ਦੇ ਨਾਂਅ 'ਤੇ ਫੈਲਾਈਆਂ ਜਾ ਰਹੀਆਂ ਝੂਠੀਆਂ ਖਬਰਾਂ ਤੋਂ ਸੁਚੇਤ ਰਹਿਣ ਲਈ ਕਿਹਾ ਹੈ। ਕੁਝ ਸਾਈਟਾਂ ਵੱਲੋਂ ਸੀ ਬੀ ਐੱਸ ਈ ਦੇ ਨਾਂਅ 'ਤੇ ਨਤੀਜਾ ਆਉਣ ਦੀ ਅਫਵਾਹ ਫੈਲਾਈ ਜਾ ਰਹੀ ਸੀ, ਜਿਸ ਦੀ ਵਿਭਾਗ ਵਲੋਂ ਜਾਂਚ ਕੀਤੀ ਗਈ ਅਤੇ ਇਸ ਨੂੰ ਝੂਠ ਕਰਾਰ ਦਿੱਤਾ ਗਿਆ।

### ਸੁਨਕ ਦੀ ਹਾਲਤ ਪਤਲੀ



**ਲੰਡਨ** : ਬਰਤਾਨੀਆ ਵਿਚ ਸਥਾਨਕ ਚੋਣਾਂ ਅਤੇ ਇਕ ਅਹਿਮ ਸੰਸਦੀ ਜ਼ਿਮਨੀ ਚੋਣ ਵਿਚ ਕੰਜ਼ਰਵੇਟਿਵ ਪਾਰਟੀ ਦੇ ਖਰਾਬ ਪ੍ਰਦਰਸ਼ਨ ਤੋਂ ਬਾਅਦ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਦੀ ਲੀਡਰਸ਼ਿਪ ਭਾਰੀ ਦਬਾਅ ਵਿਚ ਆ ਗਈ ਹੈ। ਕਿਹਾ ਜਾ ਰਿਹਾ ਹੈ ਕਿ ਪਾਰਟੀ ਲਈ ਪਿਛਲੇ 40 ਸਾਲਾਂ 'ਚ ਇਹ ਸਭ ਤੋਂ ਖਰਾਬ ਚੋਣ ਨਤੀਜਾ ਹੈ। ਲੇਬਰ ਪਾਰਟੀ ਨੇ 'ਬਲੈਕਪੂਲ ਸਾਊਥ' ਸੰਸਦੀ ਸੀਟ 'ਤੇ ਉਪ ਚੋਣ ਜਿੱਤੀ ਹੈ। ਇਹ ਚੋਣ ਕੰਜ਼ਰਵੇਟਿਵ ਪਾਰਟੀ ਦੇ ਮੈਂਬਰ ਸਕਾਟ ਲੋਇਡ ਬੈਂਟਨ ਦੇ ਅਸਤੀਫੇ ਤੋਂ ਬਾਅਦ ਕਰਵਾਈ ਗਈ। ਸੂਤਰਾਂ ਮੁਤਾਬਕ ਹੁਣ ਸੁਨਕ ਨੂੰ ਪਾਰਟੀ ਅੰਦਰਲੇ ਵਿਰੋਧ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

### ਅਮਰੀਕਾ 'ਚ 2100 ਵਿਦਿਆਰਥੀ ਗ੍ਰਿਫਤਾਰ

**ਲਾਸ ਏਂਜਲਸ** : ਅਮਰੀਕਾ ਦੇ ਵੱਖ-ਵੱਖ ਕਾਲਜ ਕੈਂਪਸਾਂ ਵਿਚ ਹਾਲ ਹੀ ਦੇ ਦਿਨਾਂ ਵਿਚ ਫਲਸਤੀਨ ਪੱਖੀ ਪ੍ਰਦਰਸ਼ਨਾਂ ਦੌਰਾਨ ਪੁਲਸ ਨੇ 2100 ਤੋਂ ਵੱਧ ਵਿਦਿਆਰਥੀਆਂ ਨੂੰ ਗ੍ਰਿਫਤਾਰ ਕੀਤਾ ਅਤੇ ਉਨ੍ਹਾਂ ਦੇ ਕਬਜ਼ੇ ਵਾਲੇ ਕੈਂਪਸ ਅਤੇ ਇਮਾਰਤਾਂ ਵਿਚ ਲਗਾਏ ਗਏ ਟੈਂਟਾਂ ਨੂੰ ਖਾਲੀ ਕਰਵਾਇਆ। ਸਰਕਾਰੀ ਵਕੀਲ ਦੇ ਦਫਤਰ ਨੇ ਪੁਸ਼ਟੀ ਕੀਤੀ ਕਿ ਕੋਲੰਬੀਆ ਯੂਨੀਵਰਸਿਟੀ ਦੀ ਪ੍ਰਬੰਧਕੀ ਇਮਾਰਤ ਦੇ ਅੰਦਰ ਇਕੱਠੇ ਹੋਏ ਪ੍ਰਦਰਸ਼ਨਕਾਰੀਆਂ ਨੂੰ ਖਿੰਡਾਉਣ ਲਈ ਅਧਿਕਾਰੀ ਨੇ ਗੋਲੀਬਾਰੀ ਵੀ ਕੀਤੀ। ਡਿਸਟ੍ਰਿਕਟ ਅਟਾਰਨੀ ਅਨੁਸਾਰ ਕੋਲੰਬੀਆ ਕੈਂਪਸ ਦੇ ਹੈਮਿਲਟਨ ਹਾਲ 'ਚ ਪੁਲਸ ਦੀ ਗੋਲੀ ਕਾਰਨ ਕੋਈ ਜ਼ਖਮੀ ਨਹੀਂ ਹੋਇਆ।

## ਮੁੱਖ ਮੰਤਰੀ ਦੇ ਘਰ ਮੋਹਰਲੀ ਸੜਕ ਖੋਲ੍ਹਣ ਦੇ ਹੁਕਮ 'ਤੇ ਰੋਕ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਚੰਡੀਗੜ੍ਹ ਸਥਿਤ ਮੁੱਖ ਮੰਤਰੀ ਭਗਵੰਤ ਮਾਨ ਦੀ ਰਿਹਾਇਸ਼ ਦੇ ਸਾਹਮਣੇ ਵਾਲੀ ਸੜਕ ਨੂੰ 1 ਮਈ ਤੋਂ ਆਮ ਜਨਤਾ ਲਈ ਖੋਲ੍ਹਣ ਦੇ ਹੁਕਮਾਂ 'ਤੇ ਸ਼ੁੱਕਰਵਾਰ ਰੋਕ ਲਗਾ ਦਿੱਤੀ। ਜਸਟਿਸ ਸੰਜੀਵ ਖੰਨਾ ਅਤੇ ਜਸਟਿਸ ਦੀਪਾਂਕਰ ਦੱਤਾ ਦੀ ਬੈਂਚ ਨੇ ਪੰਜਾਬ ਸਰਕਾਰ ਦੀ ਪਟੀਸ਼ਨ 'ਤੇ ਨੋਟਿਸ ਜਾਰੀ ਕਰਕੇ ਮਾਮਲੇ ਦੀ ਸੁਣਵਾਈ ਸਤੰਬਰ ਲਈ ਅੱਗੇ ਪਾ ਦਿੱਤੀ। ਬੈਂਚ ਨੇ ਕਿਹਾ—ਸੜਕ ਖੋਲ੍ਹਣ ਦੇ ਨਿਰਦੇਸ਼ 'ਤੇ ਅਗਲੇ ਹੁਕਮਾਂ ਤੱਕ ਰੋਕ ਲਗਾਈ ਗਈ ਹੈ, ਪਰ ਹਾਈ ਕੋਰਟ ਦੀ ਪਟੀਸ਼ਨ 'ਤੇ ਕਾਰਵਾਈ ਜਾਰੀ ਰੱਖੀ ਜਾ ਸਕਦੀ ਹੈ। ਹਾਈ ਕੋਰਟ ਦੇ ਕਾਰਜਕਾਰੀ ਚੀਫ ਜਸਟਿਸ ਗੁਰਮੀਤ ਸਿੰਘ ਸੰਧਾਵਾਲੀਆ ਅਤੇ ਜਸਟਿਸ ਲਪਿਤਾ ਬੈਨਰਜੀ ਦੀ ਬੈਂਚ ਨੇ ਪਿਛਲੇ ਹਫਤੇ ਸੜਕ ਨੂੰ ਸਾਰੇ ਕੰਮਕਾਜੀ ਦਿਨਾਂ 'ਚ ਸਵੇਰੇ 7 ਵਜੇ ਤੋਂ ਰੋਜ਼ਾਨਾ 12 ਘੰਟੇ ਲਈ ਖੋਲ੍ਹਣ ਦੇ ਹੁਕਮ ਦਿੱਤੇ ਸਨ। ਸੁਣਵਾਈ ਦੌਰਾਨ ਹਾਈ ਕੋਰਟ ਨੇ ਨੋਟ ਕੀਤਾ ਸੀ ਕਿ 1980 ਦੇ ਦਹਾਕੇ 'ਚ ਅੱਤਵਾਦ ਦੇ ਦੌਰਾਨ ਸੜਕ ਨੂੰ ਬੰਦ ਕਰ ਦਿੱਤਾ ਗਿਆ ਸੀ।

## ਕੇਜਰੀਵਾਲ ਦੀ ਅੰਤਰਮ ਜ਼ਮਾਨਤ 'ਤੇ ਸੁਣਵਾਈ ਦਾ ਸੰਕੇਤ



**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਸ਼ੁੱਕਰਵਾਰ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਅੰਤਰਮ ਜ਼ਮਾਨਤ ਦੀ ਪਟੀਸ਼ਨ 'ਤੇ ਸੁਣਵਾਈ ਦੇ ਸੰਕੇਤ ਦਿੱਤੇ। ਉਸ ਨੇ ਕਿਹਾ ਕਿ ਜੇ ਮੁੱਖ ਮਾਮਲੇ 'ਤੇ ਬਹਿਸ ਵਿਚ ਸਮਾਂ ਲੱਗੇਗਾ ਤਾਂ ਦਿੱਲੀ ਵਿਚ ਚੋਣਾਂ ਦੇ ਮੱਦੇਨਜ਼ਰ ਕੇਜਰੀਵਾਲ ਦੀ ਅੰਤਰਮ ਜ਼ਮਾਨਤ ਦੀ ਪਟੀਸ਼ਨ 'ਤੇ ਸੁਣਵਾਈ ਲਈ ਵਿਚਾਰ ਕੀਤਾ ਜਾ ਸਕਦਾ ਹੈ।

ਜਸਟਿਸ ਸੰਜੀਵ ਖੰਨਾ ਤੇ ਜਸਟਿਸ ਦੀਪਾਂਕਰ ਦੱਤਾ ਦੀ ਬੈਂਚ ਨੇ ਈ ਡੀ ਵੱਲੋਂ ਪੇਸ਼ ਐਡੀਸ਼ਨਲ ਸਾਲੀਸਿਟਰ ਜਨਰਲ ਐੱਸ ਵੀ ਰਾਜੂ ਨੂੰ ਕਿਹਾ ਕਿ ਮੁੱਖ ਮਾਮਲੇ 'ਤੇ ਸੁਣਵਾਈ ਲੰਮੀ ਪੈਣ ਕਾਰਨ ਉਹ ਅੰਤਰਮ ਜ਼ਮਾਨਤ 'ਤੇ ਏਜੰਸੀ ਦਾ ਪੱਖ ਜਾਨਣ 'ਤੇ ਵਿਚਾਰ ਕਰ ਰਹੀ ਹੈ। ਰਾਜੂ ਨੇ ਕਿਹਾ ਕਿ ਉਹ ਅੰਤਰਮ ਜ਼ਮਾਨਤ ਦਾ ਵਿਰੋਧ ਕਰਨਗੇ। ਇਸ 'ਤੇ ਬੈਂਚ ਨੇ ਕਿਹਾ— ਅਸੀਂ ਕਹਿ ਰਹੇ ਹਾਂ ਕਿ ਅੰਤਰਮ ਜ਼ਮਾਨਤ 'ਤੇ ਸੁਣਵਾਈ ਕਰਾਂਗੇ ਤੇ ਇਹ ਨਹੀਂ ਕਹਿ ਰਹੇ ਕਿ ਅੰਤਰਮ ਜ਼ਮਾਨਤ ਦੇ ਦੇਵਾਂਗੇ। ਅੰਤਰਮ ਜ਼ਮਾਨਤ ਦੇ ਵੀ ਸਕਦੇ ਹਾਂ ਤੇ ਨਹੀਂ ਵੀ। ਰਾਜੂ 7 ਮਈ ਨੂੰ ਅੰਤਰਮ ਜ਼ਮਾਨਤ 'ਤੇ ਦਲੀਲਾਂ ਲਈ ਤਿਆਰ ਹੋ ਜਾਣ।

ਸੁਪਰੀਮ ਕੋਰਟ ਨੇ ਕੇਜਰੀਵਾਲ ਦੀ ਗ੍ਰਿਫਤਾਰੀ ਵਿਰੁੱਧ ਪਟੀਸ਼ਨ 'ਤੇ ਸੁਣਵਾਈ ਦੌਰਾਨ ਉਪਰੋਕਤ ਗੱਲਾਂ ਕਹੀਆਂ। ਉਹ 15 ਮਾਰਚ ਨੂੰ ਗ੍ਰਿਫਤਾਰੀ ਤੋਂ ਬਾਅਦ ਤਿਹਾੜ ਜੇਲ੍ਹ ਵਿਚ ਹਨ।

## ਸ਼ਾਹ ਨੇ ਆਖਰ ਮੰਨ ਲਿਆ : ਆਤਿਸ਼ੀ



**ਨਵੀਂ ਦਿੱਲੀ** : ਅਮਿਤ ਸ਼ਾਹ ਨੇ ਹੀ ਅਰਵਿੰਦ ਕੇਜਰੀਵਾਲ ਨੂੰ ਗ੍ਰਿਫਤਾਰ ਕਰਨ ਦੀ ਭਾਜਪਾ ਦੀ ਸਾਜ਼ਿਸ਼ ਦਾ ਪਰਦਾ ਫਾਸ਼ ਕੀਤਾ ਸੀ। ਅਮਿਤ ਸ਼ਾਹ ਨੇ ਆਪਣੇ ਇੰਟਰਵਿਊ 'ਚ ਸਪੱਸ਼ਟ ਕੀਤਾ, 'ਸੰਮਨ ਭੇਜਣ ਦੇ ਪਹਿਲੇ ਦਿਨ ਤੋਂ ਹੀ ਈ ਡੀ ਦਾ ਇਰਾਦਾ ਅਰਵਿੰਦ ਕੇਜਰੀਵਾਲ ਨੂੰ ਗ੍ਰਿਫਤਾਰ ਕਰਨਾ ਸੀ।' 'ਆਪ' ਦੀ ਸੀਨੀਅਰ ਨੇਤਾ ਆਤਿਸ਼ੀ ਨੇ ਸ਼ੁੱਕਰਵਾਰ ਇਥੇ ਪ੍ਰੈੱਸ ਕਾਨਫਰੰਸ ਦੌਰਾਨ ਇਹ ਗੱਲਾਂ ਕਹੀਆਂ। ਉਨ੍ਹਾ ਕਿਹਾ ਕਿ 'ਆਪ' ਸੰਮਨ ਦੇ ਪਹਿਲੇ ਦਿਨ ਤੋਂ ਕਹਿ ਰਹੀ ਸੀ ਕਿ ਕੇਜਰੀਵਾਲ ਨੂੰ ਕਿਸੇ ਜਾਂਚ ਲਈ ਨਹੀਂ, ਸਗੋਂ ਗ੍ਰਿਫਤਾਰੀ ਲਈ ਬੁਲਾਇਆ ਜਾ ਰਿਹਾ ਹੈ ਅਤੇ ਹੁਣ ਅਮਿਤ ਸ਼ਾਹ ਨੇ ਆਪਣੀ ਇੰਟਰਵਿਊ 'ਚ ਸਪੱਸ਼ਟ ਕਰ ਦਿੱਤਾ ਹੈ ਕਿ ਭਾਜਪਾ ਅਤੇ ਇਸ ਦੇ ਸਿਆਸੀ ਹਥਿਆਰ ਈ ਡੀ ਨੇ ਸੰਮਨ ਦੇ ਬਹਾਨੇ ਕੇਜਰੀਵਾਲ ਨੂੰ ਗ੍ਰਿਫਤਾਰ ਕਰਨਾ ਸੀ। ਆਤਿਸ਼ੀ ਨੇ ਕਿਹਾ ਕਿ ਅਮਿਤ ਸ਼ਾਹ ਦਾ ਬਿਆਨ ਇਸ ਗੱਲ ਦਾ ਸਬੂਤ ਹੈ ਕਿ ਆਬਕਾਰੀ ਨੀਤੀ ਮਾਮਲੇ ਅਤੇ 2 ਸਾਲਾਂ ਤੋਂ ਚੱਲ ਰਹੀ ਜਾਂਚ 'ਆਪ' ਨੇਤਾਵਾਂ ਨੂੰ ਪ੍ਰੇਸ਼ਾਨ ਕਰਨ ਅਤੇ ਕੇਜਰੀਵਾਲ ਨੂੰ ਗ੍ਰਿਫਤਾਰ ਕਰਨ ਦੀ ਸੋਚੀ-ਸਮਝੀ ਸਾਜ਼ਿਸ਼ ਹੈ।

## ਚੰਮ ਦੀ ਨਹੀਂ, ਕੰਮ ਦੀ ਰਾਜਨੀਤੀ ਕਰਦੇ ਹਾਂ : ਮਾਨ



**ਪਟਿਆਲਾ** : ਮੁੱਖ ਮੰਤਰੀ ਭਗਵੰਤ ਮਾਨ ਨੇ ਸ਼ੁੱਕਰਵਾਰ ਇੱਥੇ ਲੋਕ ਸਭਾ ਹਲਕਾ ਪਟਿਆਲਾ ਤੋਂ 'ਆਪ' ਉਮੀਦਵਾਰ ਅਤੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਦੇ ਹੱਕ ਵਿੱਚ ਰੋਡ ਸ਼ੋਅ ਕੀਤਾ। ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਮਾਨ ਨੇ ਕਿਹਾ ਕਿ ਅੱਜ ਦੇ ਤਾਨਾਸ਼ਾਹ ਸਾਨੂੰ ਜਾਤਾਂ-ਪਾਤਾਂ ਵਿੱਚ ਵੰਡਣ ਨੂੰ ਫਿਰਦੇ ਹਨ, ਪਰ ਅਸੀਂ ਚੰਮ ਦੀ ਨਹੀਂ, ਸਗੋਂ ਕੰਮ ਦੀ ਰਾਜਨੀਤੀ ਕਰਦੇ ਹਾਂ। 'ਆਪ' ਸਰਕਾਰ ਤੋਂ ਪਹਿਲਾਂ ਸਿਰਫ 21 ਫੀਸਦੀ ਨਹਿਰੀ ਪਾਣੀ ਦੀ ਵਰਤੋਂ ਕੀਤੀ ਜਾਂਦੀ ਸੀ, ਜੋ ਹੁਣ 59 ਫੀਸਦੀ ਕਰ ਦਿੱਤੀ ਗਈ ਹੈ ਅਤੇ ਅਕਤੂਬਰ ਤੱਕ ਖੇਤਾਂ ਨੂੰ ਪਾਣੀ ਲਾਉਣ ਲਈ 70 ਫੀਸਦੀ ਨਹਿਰੀ ਪਾਣੀ ਦੀ ਵਰਤੋਂ ਕੀਤੀ ਜਾਵੇਗੀ। ਖੇਤਾਂ ਲਈ ਨਹਿਰੀ ਪਾਣੀ ਦੀ ਵਰਤੋਂ ਵਧਣ ਮਗਰੋਂ 14.5 ਲੱਖ 'ਚੋਂ 5 ਤੋਂ 6 ਲੱਖ ਟਿਊਬਵੈੱਲਾਂ ਦੀ ਲੋੜ ਨਹੀਂ ਰਹੇਗੀ ਤੇ ਇਹ ਟਿਊਬਵੈੱਲ ਬੰਦ ਹੋਣ ਨਾਲ ਬਿਜਲੀ 'ਤੇ ਦਿੱਤੀ ਜਾਂਦੀ ਸਬਸਿਡੀ ਦੀ ਰਕਮ ਬਚੇਗੀ। ਮਾਨ ਨੇ ਕਿਹਾ ਕਿ ਪਟਿਆਲਾ ਪੰਜਾਬ ਵਿੱਚ ਖਾਸ ਤਾਂ ਵੀ ਹੈ, ਕਿਉਂਕਿ ਇੱਥੋਂ ਦੇ ਵਿਧਾਇਕ ਅਤੇ ਸਿਹਤ ਮੰਤਰੀ ਨੇ 70 ਸਾਲ ਤੋਂ ਕਾਬਜ਼ ਸਰਕਾਰਾਂ ਦੇ ਨੁਮਾਇੰਦਿਆਂ ਦੇ ਤਖਤੇ ਪਲਟਾਏ ਹਨ।

## ਸਿਸੋਦੀਆ ਦੀ ਪਟੀਸ਼ਨ 'ਤੇ ਈ ਡੀ ਤੇ ਸੀ ਬੀ ਆਈ ਤੋਂ ਜਵਾਬ ਮੰਗਿਆ

**ਨਵੀਂ ਦਿੱਲੀ** : ਦਿੱਲੀ ਹਾਈ ਕੋਰਟ ਨੇ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਦੀ ਕਥਿਤ ਆਬਕਾਰੀ ਨੀਤੀ ਘਪਲੇ ਦੇ ਸੰਬੰਧ ਵਿਚ ਦਰਜ ਭ੍ਰਿਸ਼ਟਾਚਾਰ ਅਤੇ ਮਨੀ ਲਾਂਡਰਿੰਗ ਦੇ ਮਾਮਲਿਆਂ 'ਚ ਜ਼ਮਾਨਤ ਦੀ ਮੰਗ ਕਰਨ ਵਾਲੀ ਪਟੀਸ਼ਨ 'ਤੇ ਸ਼ੁੱਕਰਵਾਰ ਸੀ ਬੀ ਆਈ ਅਤੇ ਈ ਡੀ ਤੋਂ ਜਵਾਬ ਮੰਗਿਆ। ਜਸਟਿਸ ਸਵਰਨ ਕਾਂਤਾ ਸ਼ਰਮਾ ਨੇ ਹੇਠਲੀ ਅਦਾਲਤ ਦੇ 30 ਅਪਰੈਲ ਦੇ ਹੁਕਮ ਨੂੰ ਚੁਣੌਤੀ ਦੇਣ ਵਾਲੀ ਸਿਸੋਦੀਆ ਦੀ ਪਟੀਸ਼ਨ 'ਤੇ ਸੀ ਬੀ ਆਈ ਅਤੇ ਈ ਡੀ ਨੂੰ ਨੋਟਿਸ ਜਾਰੀ ਕੀਤਾ। ਹੇਠਲੀ ਅਦਾਲਤ ਨੇ ਜ਼ਮਾਨਤ ਪਟੀਸ਼ਨ ਨੂੰ ਖਾਰਜ ਕਰ ਦਿੱਤਾ ਸੀ। ਹਾਈ ਕੋਰਟ ਨੇ ਮਾਮਲੇ ਦੀ ਅਗਲੀ ਸੁਣਵਾਈ 8 ਮਈ ਨੂੰ ਸੂਚੀਬੱਧ ਕੀਤੀ ਹੈ। ਸਿਸੋਦੀਆ ਨੇ ਅੰਤਰਮ ਅਰਜ਼ੀ 'ਚ ਅਦਾਲਤ ਨੂੰ ਅਪੀਲ ਕੀਤੀ ਕਿ ਉਸ ਨੂੰ ਆਪਣੀ ਬਿਮਾਰ ਪਤਨੀ ਨੂੰ ਹਫਤੇ 'ਚ ਇੱਕ ਵਾਰ ਹਿਰਾਸਤ 'ਚ ਮਿਲਣ ਦੀ ਇਜਾਜ਼ਤ ਦਿੱਤੀ ਜਾਵੇ।

ਈ ਡੀ ਦੇ ਵਕੀਲ ਨੇ ਕਿਹਾ ਕਿ ਜਾਂਚ ਏਜੰਸੀ ਨੂੰ ਇਸ 'ਤੇ ਕੋਈ ਇਤਰਾਜ਼ ਨਹੀਂ। ਜਸਟਿਸ ਸ਼ਰਮਾ ਨੇ ਬੇਨਤੀ ਨੂੰ ਮਨਜ਼ੂਰੀ ਦੇ ਦਿੱਤੀ।

## ਅੰਮ੍ਰਿਤਸਰ ਚੋਣ 'ਚ ਅਮਰੀਕਾ ਰਹਿੰਦੇ ਧਨਾਢ ਭਾਰਤੀਆਂ ਦੀ ਐਂਟਰੀ



**ਵਾਸ਼ਿੰਗਟਨ** : ਪ੍ਰਮੁੱਖ ਭਾਰਤੀ ਅਮਰੀਕੀਆਂ ਦੇ ਸਮੂਹ ਨੇ ਅੰਮ੍ਰਿਤਸਰ ਦੇ ਸਮਾਜਕ-ਆਰਥਕ ਵਿਕਾਸ ਲਈ 'ਸਟਾਰਟਅੱਪਸ' ਨੂੰ 10 ਕਰੋੜ ਡਾਲਰ ਦੇਣ ਦਾ ਐਲਾਨ ਕੀਤਾ ਹੈ। ਅਮਰੀਕਾ 'ਚ ਰਹਿੰਦੇ ਭਾਰਤੀ ਭਾਈਚਾਰੇ ਵੱਲੋਂ ਭਾਰਤੀ ਸ਼ਹਿਰ ਲਈ ਅਜਿਹਾ ਐਲਾਨ ਆਪਣੇ ਆਪ 'ਚ ਨਵੀਂ ਪਹਿਲ ਹੈ। ਅਮਰੀਕਾ-ਭਾਰਤ ਰਣਨੀਤਕ ਭਾਈਵਾਲੀ ਫੋਰਮ ਨੇ ਫੈਡਰੇਸ਼ਨ ਆਫ ਇੰਡੀਅਨ ਚੈਂਬਰਜ਼ ਆਫ ਕਾਮਰਸ ਐਂਡ ਇੰਡਸਟਰੀ (ਫਿੱਕੀ) ਦੇ ਨਾਲ ਮੈਰੀਲੈਂਡ 'ਚ ਮੀਟਿੰਗ ਕੀਤੀ, ਜਿਥੇ ਵਿਕਸਤ ਅੰਮ੍ਰਿਤਸਰ ਪਹਿਲ ਦਾ ਐਲਾਨ ਕੀਤਾ ਗਿਆ।

ਇਸ ਪਹਿਲਕਦਮੀ ਦੇ ਮੋਢੀ ਮੈਂਬਰਾਂ ਨੇ ਦੱਸਿਆ ਕਿ ਇਸ ਸ਼ਾਨਦਾਰ ਯੋਜਨਾ ਦੇ ਪ੍ਰੇਰਨਾਸਰੋਤ ਅਮਰੀਕਾ 'ਚ ਭਾਰਤ ਦੇ ਸਾਬਕਾ ਰਾਜਦੂਤ ਤਰਨਜੀਤ ਸਿੰਘ ਸੰਧੂ ਹਨ, ਜੋ ਵਾਸ਼ਿੰਗਟਨ 'ਚ ਚਾਰ ਸਾਲ ਦੀ ਕੂਟਨੀਤਕ ਸੇਵਾ ਕਰਨ ਤੋਂ ਬਾਅਦ ਫੋਰਮ ਵੱਲੋਂ ਮਦਦ ਦੇ ਵਾਅਦੇ ਨਾਲ ਆਪਣੇ ਵਤਨ ਪਰਤੇ ਹਨ। ਇਸ ਪਹਿਲਕਦਮੀ ਦਾ ਉਦੇਸ਼ ਨਾ ਸਿਰਫ ਅੰਮ੍ਰਿਤਸਰ ਨੂੰ ਆਰਥਕ ਅਤੇ ਉਦਯੋਗਿਕ ਵਿਕਾਸ ਦੇ ਲਿਹਾਜ਼ ਨਾਲ ਦੁਨੀਆ ਦੇ ਸਭ ਤੋਂ ਵਧੀਆ ਸ਼ਹਿਰਾਂ ਵਿੱਚੋਂ ਇੱਕ ਵਜੋਂ ਵਿਕਸਤ ਕਰਨਾ ਹੈ, ਸਗੋਂ ਇਸ ਸ਼ਹਿਰ ਨੂੰ ਵਿਸ਼ਵ 'ਚ ਸੈਰ-ਸਪਾਟਾ ਸਥਾਨ ਵਜੋਂ ਵਿਕਸਤ ਕਰਨਾ ਹੈ। (ਤਰਨਜੀਤ ਸਿੰਘ ਸੰਧੂ ਨੂੰ ਭਾਜਪਾ ਨੇ ਲੋਕ ਸਭਾ ਚੋਣਾਂ ਵਿਚ ਅੰਮ੍ਰਿਤਸਰ ਤੋਂ ਉਮੀਦਵਾਰ ਬਣਾਇਆ ਹੈ।)

### ਭਾਜਪਾ ਵਿਧਾਇਕ ਦੀ ਧੀ ਰਿਸ਼ਵਤ ਲੈਂਦੀ ਫੜੀ

**ਭੋਪਾਲ** : ਮੱਧ ਪ੍ਰਦੇਸ਼ ਵਿਚ ਭਾਜਪਾ ਵਿਧਾਇਕ ਦੀ ਧੀ ਨੂੰ ਕਾਰੋਬਾਰੀ ਤੋਂ ਕਥਿਤ ਰਿਸ਼ਵਤ ਮੰਗਣ ਤੇ ਲੈਣ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ ਗਿਆ ਹੈ। ਸਾਗਰ ਅਧਾਰਤ ਲੋਕਾਯੁਕਤ ਇੰਸਪੈਕਟਰ ਰੌਸ਼ਨੀ ਜੈਨ ਨੇ ਖਬਰ ਏਜੰਸੀ ਨੂੰ ਦੱਸਿਆ ਕਿ ਅਮਨਗੰਜ ਨਗਰ ਪ੍ਰੀਸ਼ਦ ਦੀ ਪ੍ਰਧਾਨ ਸਾਰੀਕਾ ਖਟੀਕ (40), ਜੋ ਹੱਟਾ ਤੋਂ ਵਿਧਾਇਕ ਉਮਾ ਖਟੀਕ ਦੀ ਧੀ ਹੈ, ਨੂੰ ਵੀਰਵਾਰ ਕਾਬੂ ਕੀਤਾ ਗਿਆ।

## ਸਟੇਸ਼ਨ 'ਤੇ ਤਲਾਕ ਦੇ ਕੇ ਭੱਜ ਗਿਆ

**ਝਾਂਸੀ** : ਪਤਨੀ ਨੂੰ ਤਿੰਨ ਵਾਰ ਤਲਾਕ ਕਹਿ ਕੇ ਪਤੀ ਫਰਾਰ ਹੋ ਗਿਆ। ਇਹ ਘਟਨਾ ਝਾਂਸੀ ਰੇਲਵੇ ਜੰਕਸ਼ਨ 'ਤੇ ਵਾਪਰੀ। ਮੁਹੰਮਦ ਅਰਸ਼ਦ (28) ਆਪਣੀ ਪਤਨੀ ਅਫਸਾਨਾ (26) ਨਾਲ ਯਾਤਰਾ ਕਰ ਰਿਹਾ ਸੀ। ਜਿਵੇਂ ਹੀ ਰੇਲ ਗੱਡੀ ਝਾਂਸੀ ਸਟੇਸ਼ਨ 'ਤੇ ਪੁੱਜੀ, ਅਰਸ਼ਦ ਨੇ ਆਪਣੀ ਪਤਨੀ ਨੂੰ ਤਲਾਕ-ਤਲਾਕ-ਤਲਾਕ ਕਿਹਾ ਤੇ ਭੱਜ ਗਿਆ। ਉਸ ਨੇ ਭੱਜਣ ਤੋਂ ਪਹਿਲਾਂ ਪਤਨੀ ਦੀ ਕੁੱਟਮਾਰ ਵੀ ਕੀਤੀ। ਅਚਾਨਕ ਹੋਈ ਇਸ ਘਟਨਾ ਤੋਂ ਹੈਰਾਨ ਅਫਸਾਨਾ ਨੇ ਗੌਰਮਿੰਟ ਰੇਲਵੇ ਪੁਲਸ ਨਾਲ ਸੰਪਰਕ ਕੀਤਾ, ਜਿਸ ਨੇ ਉਸ ਨੂੰ ਕਾਨਪੁਰ ਦਿਹਾਤ 'ਚ ਪੁਖਰਾਇਣ ਵਾਪਸ ਭੇਜ ਦਿੱਤਾ, ਜਿਥੋਂ ਉਹ ਉਸ ਦਿਨ ਭੋਪਾਲ ਲਈ ਰੇਲ ਗੱਡੀ 'ਚ ਸਵਾਰ ਹੋਈ ਸੀ। ਐੱਫ ਆਈ ਆਰ ਦਰਜ ਕਰਕੇ ਮੁਲਜ਼ਮ ਦੀ ਭਾਲ ਸ਼ੁਰੂ ਕਰ ਦਿੱਤੀ ਗਈ ਸੀ। ਭੋਪਾਲ 'ਚ ਪ੍ਰਾਈਵੇਟ ਫਰਮ 'ਚ ਕੰਮ ਕਰਦੇ ਕੰਪਿਊਟਰ ਇੰਜੀਨੀਅਰ ਅਰਸ਼ਦ ਨੇ 12 ਜਨਵਰੀ ਨੂੰ ਰਾਜਸਥਾਨ ਦੇ ਕੋਟਾ ਦੀ ਰਹਿਣ ਵਾਲੀ ਗਰੈਜੂਏਟ ਅਫਸਾਨਾ ਨਾਲ ਵਿਆਹ ਕੀਤਾ ਸੀ। ਦੋਵਾਂ ਦਾ ਵਿਆਹ ਅਖਬਾਰ 'ਚ ਦਿੱਤੇ ਇਸ਼ਤਿਹਾਰ ਰਾਹੀਂ ਹੋਇਆ। ਪਿਛਲੇ ਹਫਤੇ ਜਦੋਂ ਇਹ ਜੋੜਾ ਅਰਸ਼ਦ ਦੇ ਪੁਖਰਾਇਣ ਸਥਿਤ ਜੱਦੀ ਘਰ ਗਿਆ ਤਾਂ ਅਫਸਾਨਾ ਨੂੰ ਇਹ ਜਾਣ ਕੇ ਹੈਰਾਨੀ ਹੋਈ ਕਿ ਅਰਸ਼ਦ ਪਹਿਲਾਂ ਹੀ ਵਿਆਹਿਆ ਹੋਇਆ ਸੀ। ਸ਼ਿਕਾਇਤ ਅਨੁਸਾਰ ਇਸ ਦੌਰਾਨ ਪਤੀ ਤੇ ਸੱਸ ਉਸ ਨੂੰ ਦਾਜ ਲਈ ਤੰਗ ਕਰਨ ਲੱਗੇ। ਇਹ ਉਦੋਂ ਤੱਕ ਜਾਰੀ ਰਿਹਾ, ਜਦੋਂ ਤੱਕ ਅਰਸ਼ਦ ਨੇ ਆਖਰਕਾਰ ਤਲਾਕ ਦਾ ਐਲਾਨ ਨਹੀਂ ਕੀਤਾ ਅਤੇ ਗਾਇਬ ਹੋ ਗਿਆ। ਵਾਇਰਲ ਹੋਈ ਇੱਕ ਵੀਡੀਓ 'ਚ ਅਫਸਾਨਾ ਨੇ ਯੂ ਪੀ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੂੰ ਅਪੀਲ ਕੀਤੀ ਹੈ ਕਿ ਉਹ ਉਸ ਦੀ ਮਦਦ ਕਰਨ ਅਤੇ ਅਜਿਹੇ ਲੋਕਾਂ ਵਿਰੁੱਧ ਕਾਰਵਾਈ ਕਰਨ, ਜੋ ਔਰਤਾਂ ਨੂੰ ਤਲਾਕ ਦਿੰਦੇ ਹਨ ਤੇ ਉਨ੍ਹਾਂ ਨੂੰ ਛੱਡ ਦਿੰਦੇ ਹਨ। ਪੁਲਸ ਨੇ ਉਸ ਦੇ ਪਤੀ ਅਰਸ਼ਦ, ਉਸ ਦੇ ਮਾਮਾ ਅਕੀਲ, ਪਿਤਾ ਨਫੀਸੁਲ ਹਸਨ ਅਤੇ ਮਾਂ ਪਰਵੀਨ ਖਿਲਾਫ ਮਾਮਲਾ ਦਰਜ ਕੀਤਾ ਹੈ।

## ਡਾ. ਮਨਜੀਤ ਸਿੰਘ ਕੰਗ ਦਾ ਦੇਹਾਂਤ



**ਲੁਧਿਆਣਾ** : ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਸਾਬਕਾ ਵਾਈਸ ਚਾਂਸਲਰ ਅਤੇ ਪ੍ਰਸਿੱਧ ਜੈਨੇਟਿਕ ਵਿਗਿਆਨੀ ਡਾ. ਮਨਜੀਤ ਸਿੰਘ ਕੰਗ ਦਾ 2 ਮਈ ਨੂੰ ਅਮਰੀਕਾ ਦੇ ਇਲੀਨੌਏ ਰਾਜ ਦੇ ਕਾਰਬੋਨਡੇਲ 'ਚ ਦੇਹਾਂਤ ਹੋ ਗਿਆ। ਡਾ. ਕੰਗ 30 ਅਪ੍ਰੈਲ 2007 ਤੋਂ 30 ਅਪ੍ਰੈਲ 2011 ਤੱਕ ਪੀ ਏ ਯੂ ਦੇ ਵਾਈਸ ਚਾਂਸਲਰ ਰਹੇ। ਡਾ. ਕੰਗ ਦਾ ਜਨਮ 3 ਮਾਰਚ 1948 ਨੂੰ ਜ਼ਿਲ੍ਹਾ ਫਤਿਹਗੜ੍ਹ ਸਾਹਿਬ 'ਚ ਹੋਇਆ। ਡਾ. ਕੰਗ ਲੁਸੀਆਨਾ ਰਾਜ ਯੂਨੀਵਰਸਿਟੀ 'ਚ 1990 'ਚ ਕੁਆਨਟੀਟੇਟਿਵ ਜੈਨੇਟਿਕਸ ਦੇ ਪ੍ਰੋਫੈਸਰ ਵੀ ਰਹੇ।

## ਦਿੱਲੀ-ਜ਼ਿਊਰਿਖ ਸਿੱਧੀ ਉਡਾਣ

**ਨਵੀਂ ਦਿੱਲੀ** : ਏਅਰ ਇੰਡੀਆ 16 ਜੂਨ ਤੋਂ ਸਵਿਟਜ਼ਰਲੈਂਡ ਦੇ ਜ਼ਿਊਰਿਖ ਲਈ ਦਿੱਲੀ ਤੋਂ ਸਿੱਧੀ ਉਡਾਣ ਸ਼ੁਰੂ ਕਰੇਗੀ। ਇਸ ਨਾਲ ਜ਼ਿਊਰਿਖ, ਏਅਰ ਇੰਡੀਆ ਵੱਲੋਂ ਭਾਰਤ ਤੋਂ ਸਿੱਧੀ ਉਡਾਣ ਵਾਲਾ ਸੱਤਵਾਂ ਯੂਰਪੀਅਨ ਸ਼ਹਿਰ ਬਣ ਜਾਵੇਗਾ।

ਹਫਤੇ 'ਚ ਚਾਰ ਦਿਨ ਸੋਮਵਾਰ, ਬੁੱਧਵਾਰ, ਸ਼ੁੱਕਰਵਾਰ ਅਤੇ ਐਤਵਾਰ ਨੂੰ ਉਡਾਣਾਂ ਚਲਾਈਆਂ ਜਾਣਗੀਆਂ। ਉਡਾਣ ਲਈ ਬੋਇੰਗ 787 ਜਹਾਜ਼ ਦੀ ਵਰਤੋਂ ਕੀਤੀ ਜਾਵੇਗੀ।

### ਅੱਜ-ਨਾਮਾ

ਚੜ੍ਹਦੀ ਚੋਣ ਆ ਸਿਖਰ ਵੱਲ ਤੁਰੀ ਜਾਂਦੀ,
ਵਧਦੀ ਪਈ ਆ ਬਹੁਤ ਗਰਮਾਹਟ ਬੇਲੀ।
ਉੱਧੜਧੁੰਮੀ ਕੁਝ ਸ਼ੋਹਦੇ ਹਨ ਪਾਈ ਜਾਂਦੇ,
ਸੁਣਨ ਦੇਂਦੇ ਨਹੀਂ ਕਈ ਤਾਂ ਆਹਟ ਬੇਲੀ।
ਆਪਣੀ ਬਾਤ ਦਲੀਲਾਂ ਨਾਲ ਕਹਿਣ ਥੋੜ੍ਹੇ,
ਬਹੁਤੇ ਲੱਗੇ ਈ ਪਾਉਣ ਭੜਕਾਹਟ ਬੇਲੀ।
ਮੀਟਿੰਗ ਸੱਦਣਗੇ ਜਦੋਂ ਉਹ ਵਰਕਰਾਂ ਦੀ,
ਸਿੱਧੇ ਭਰਨ ਫਿਰ ਫੁੱਲ ਉਕਸਾਹਟ ਬੇਲੀ।
ਭਿੜਦੇ ਗਲੀ-ਮੁਹੱਲੇ ਵਿੱਚ ਨਿੱਤ ਵਰਕਰ,
ਖੁਦ ਨੂੰ ਆਗੂ ਦੀ ਸਮਝ ਰਹੇ ਢਾਲ ਬੇਲੀ।
ਮਗਰੋਂ ਚੋਣਾਂ ਦੇ ਭੁਗਤਣਗੇ ਕੇਸ ਵਰਕਰ,
ਆਉਣਾ ਆਗੂ ਤਾਂ ਪੁੱਛਣ ਨਾ ਹਾਲ ਬੇਲੀ।

-ਤੀਸ ਮਾਰ ਖਾਂ

## ਲੁਧਿਆਣਾ ਦੇ ਕਿਸ਼ੋਰੀ ਲਾਲ ਸ਼ਰਮਾ ਅਮੇਠੀ ਤੋਂ ਕਾਂਗਰਸ ਉਮੀਦਵਾਰ



**ਅਮੇਠੀ** : ਰਾਹੁਲ ਗਾਂਧੀ ਨੇ ਸ਼ੁੱਕਰਵਾਰ ਰਾਏ ਬਰੇਲੀ ਲੋਕ ਸਭਾ ਹਲਕੇ ਤੋਂ ਨਾਮਜ਼ਦਗੀ ਕਾਗਜ਼ ਦਾਖਲ ਕੀਤੇ। ਇਸ ਮੌਕੇ ਉਨ੍ਹਾ ਦੀ ਮਾਂ ਸੋਨੀਆ ਗਾਂਧੀ, ਭੈਣ ਪ੍ਰਿਅੰਕਾ ਗਾਂਧੀ ਵਾਡਰਾ ਤੇ ਪਾਰਟੀ ਪ੍ਰਧਾਨ ਮਲਿਕਾਰਜੁਨ ਖੜਗੇ ਹਾਜ਼ਰ ਸਨ। ਰਾਹੁਲ ਸੋਨੀਆ ਗਾਂਧੀ, ਪ੍ਰਿਯੰਕਾ, ਰਾਜਸਥਾਨ ਦੇ ਸਾਬਕਾ ਮੁੱਖ ਮੰਤਰੀ ਅਸ਼ੋਕ ਗਹਿਲੋਤ ਅਤੇ ਹੋਰਨਾਂ ਨਾਲ ਫੁਰਸਤਗੰਜ ਹਵਾਈ ਅੱਡੇ 'ਤੇ ਜਹਾਜ਼ ਤੋਂ ਉਤਰੇ। ਪਾਰਟੀ ਨੇ ਕਿਸ਼ੋਰੀ ਲਾਲ ਸ਼ਰਮਾ ਨੂੰ ਅਮੇਠੀ ਤੋਂ ਮੈਦਾਨ 'ਚ ਉਤਾਰਿਆ ਹੈ ਤੇ ਸ਼ਰਮਾ ਨੇ ਵੀ ਕਾਗਜ਼ ਦਾਖਲ ਕਰ ਦਿੱਤੇ ਹਨ। ਸ਼ਰਮਾ ਪਿੱਛਿਓਂ ਲੁਧਿਆਣਾ ਦੇ ਹਨ। ਰਾਏ ਬਰੇਲੀ ਸੀਟ ਦੀ ਸੋਨੀਆ ਗਾਂਧੀ ਨੁਮਾਇੰਦਗੀ ਕਰ ਰਹੇ ਸਨ, ਪਰ ਹੁਣ ਰਾਜ ਸਭਾ ਮੈਂਬਰ ਬਣ ਗਏ ਹਨ।

ਰਾਹੁਲ ਨੇ ਕੇਰਲਾ ਦੇ ਵਾਇਨਾਡ ਤੋਂ ਵੀ ਚੋਣ ਲੜੀ ਹੈ। ਪਹਿਲਾਂ ਚਰਚਾ ਸੀ ਕਿ ਉਹ ਅਮੇਠੀ ਤੇ ਪ੍ਰਿਅੰਕਾ ਰਾਏ ਬਰੇਲੀ ਤੋਂ ਲੜਨਗੇ। ਪਿਛਲੀ ਵਾਰ ਰਾਹੁਲ ਅਮੇਠੀ ਤੋਂ ਭਾਜਪਾ ਦੀ ਸਿਮਰਤੀ ਈਰਾਨੀ ਤੋਂ ਹਾਰ ਗਏ ਸਨ।

ਇਸੇ ਦੌਰਾਨ ਰਾਹੁਲ ਗਾਂਧੀ 'ਤੇ ਵਿਅੰਗ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਸ਼ਹਿਜ਼ਾਦਾ ਨੂੰ ਵਾਇਨਾਡ 'ਚ ਹਾਰ ਦਾ ਡਰ ਹੈ, ਜਿਸ ਕਾਰਨ ਉਸ ਨੂੰ ਰਾਏਬਰੇਲੀ ਹਲਕੇ ਤੋਂ ਵੀ ਚੋਣ ਮੈਦਾਨ 'ਚ ਉਤਾਰਿਆ ਗਿਆ ਹੈ। ਮੈਂ ਪਹਿਲਾਂ ਕਿਹਾ ਸੀ ਕਿ ਸ਼ਹਿਜ਼ਾਦਾ ਵਾਇਨਾਡ ਤੋਂ ਹਾਰ ਜਾਵੇਗਾ ਅਤੇ ਜਲਦੀ ਹੀ ਵਾਇਨਾਡ ਦੀਆਂ ਚੋਣਾਂ ਖਤਮ ਹੋਣ ਬਾਅਦ ਉਹ ਦੂਜੀ ਸੀਟ ਦੀ ਭਾਲ ਵਿਚ ਜਾਵੇਗਾ। ਉਸ ਦੇ ਸਮਰਥਕ ਦਾਅਵਾ ਕਰ ਰਹੇ ਸਨ ਕਿ ਉਹ ਅਮੇਠੀ ਤੋਂ ਲੜੇਗਾ, ਪਰ ਅਜਿਹਾ ਲਗਦਾ ਹੈ ਕਿ ਉਹ ਅਮੇਠੀ ਤੋਂ ਵੀ ਡਰਿਆ ਹੋਇਆ ਹੈ। ਇਸ ਲਈ ਹੁਣ ਸ਼ਹਿਜ਼ਾਦਾ ਰਾਏ ਬਰੇਲੀ ਤੋਂ ਮੈਦਾਨ 'ਚ ਆ ਰਿਹਾ ਹੈ। ਪ੍ਰਧਾਨ ਮੰਤਰੀ ਨੇ ਪੱਛਮੀ ਬੰਗਾਲ ਦੇ ਬਰਦਵਾਨ 'ਚ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ—ਮੈਂ ਸੰਸਦ 'ਚ ਪਹਿਲਾਂ ਹੀ ਕਿਹਾ ਸੀ ਕਿ ਉਨ੍ਹਾ ਦੀ (ਕਾਂਗਰਸ ਦੀ) ਸਭ ਤੋਂ ਵੱਡੀ ਨੇਤਾ ਚੋਣ ਲੜਨ ਦੀ ਹਿੰਮਤ ਨਹੀਂ ਕਰੇਗੀ ਅਤੇ ਉਹ ਭੱਜ ਜਾਵੇਗੀ।

ਕਿਸ਼ੋਰੀ ਲਾਲ ਸ਼ਰਮਾ ਲੁਧਿਆਣਾ ਦੇ ਹਨ। ਉਨ੍ਹਾ 1983 ਵਿਚ ਰਾਜੀਵ ਗਾਂਧੀ ਨਾਲ ਰਾਏ ਬਰੇਲੀ ਤੇ ਅਮੇਠੀ ਵਿਚ ਕਦਮ ਰੱਖੇ ਸਨ। ਰਾਜੀਵ ਦੀ ਮੌਤ ਤੋਂ ਬਾਅਦ ਉਨ੍ਹਾ ਦੇ ਗਾਂਧੀ ਪਰਵਾਰ ਨਾਲ ਪਰਵਾਰਕ ਰਿਸ਼ਤੇ ਹੋ ਗਏ ਤੇ ਉਹ ਗਾਂਧੀ ਪਰਵਾਰ ਦੇ ਹੀ ਹੋ ਕੇ ਰਹਿ ਗਏ। 1991 ਵਿਚ ਰਾਜੀਵ ਦੀ ਮੌਤ ਦੇ ਬਾਅਦ ਕਦੇ ਉਹ ਸ਼ੀਲਾ ਕੌਲ ਦਾ ਕੰਮ ਦੇਖਦੇ ਤੇ ਕਦੇ ਸਤੀਸ਼ ਸ਼ਰਮਾ ਦੇ ਕੰਮ ਦੇਖਣ ਲਈ ਰਾਏ ਬਰੇਲੀ ਤੇ ਅਮੇਠੀ ਜਾਂਦੇ ਰਹਿੰਦੇ ਸਨ। ਜਦੋਂ ਸੋਨੀਆ ਗਾਂਧੀ ਨੇ ਸਿਆਸਤ ਵਿਚ ਕਦਮ ਰੱਖਿਆ ਤਾਂ ਉਹ ਉਨ੍ਹਾ ਨਾਲ ਅਮੇਠੀ ਆ ਗਏ। ਜਦੋਂ ਸੋਨੀਆ ਅਮੇਠੀ ਸੀਟ ਛੱਡ ਕੇ ਰਾਏ ਬਰੇਲੀ ਚਲੀ ਗਈ ਤਾਂ ਉਹ ਅਮੇਠੀ ਤੇ ਰਾਏ ਬਰੇਲੀ ਦੋਹਾਂ ਸੀਟਾਂ ਦੀ ਜ਼ਿੰਮੇਵਾਰੀ ਨਿਭਾਉਣ ਲੱਗੇ। ਉਹ ਕਾਂਗਰਸ ਦੇ ਬਿਹਾਰ ਦੇ ਇੰਚਾਰਜ ਤੇ ਪੰਜਾਬ ਕਾਂਗਰਸ ਕਮੇਟੀ ਦੇ ਮੈਂਬਰ ਵੀ ਬਣੇ। ਕੁਲ ਹਿੰਦ ਕਾਂਗਰਸ ਕਮੇਟੀ ਦੇ ਵੀ ਮੈਂਬਰ ਵੀ ਰਹੇ।

ਰਾਹੁਲ ਵੱਲੋਂ ਰਾਏ ਬਰੇਲੀ ਤੋਂ ਕਾਗਜ਼ ਦਾਖਲ



1951-52 ਵਿਚ ਪਹਿਲੀਆਂ ਲੋਕ ਸਭਾ ਚੋਣਾਂ ਵਿਚ ਰਾਏ ਬਰੇਲੀ ਤੇ ਪ੍ਰਤਾਪਗੜ੍ਹ ਜ਼ਿਲ੍ਹਿਆਂ ਨੂੰ ਮਿਲਾ ਕੇ ਲੋਕ ਸਭਾ ਸੀਟ ਬਣੀ ਸੀ। ਪਹਿਲੀ ਚੋਣ ਇੰਦਰਾ ਗਾਂਧੀ ਦੇ ਪਤੀ ਫਿਰੋਜ਼ ਗਾਂਧੀ ਜਿੱਤੇ ਸਨ। 1957 ਵਿਚ ਰਾਏ ਬਰੇਲੀ ਆਜ਼ਾਦ ਸੀਟ ਬਣੀ ਤੇ ਫਿਰ ਫਿਰੋਜ਼ ਗਾਂਧੀ ਜਿੱਤੇ। ਇੰਦਰਾ ਤੇ ਫਿਰੋਜ਼ ਦਾ 26 ਮਾਰਚ 1942 ਨੂੰ ਵਿਆਹ ਹੋਇਆ ਸੀ। ਪੱਤਰਕਾਰ ਤੋਂ ਆਗੂ ਬਣੇ ਫਿਰੋਜ਼ ਗਾਂਧੀ ਸੰਸਦ ਵਿਚ ਆਪਣੇ ਸਹੁਰੇ ਜਵਾਹਰ ਲਾਲ ਨਹਿਰੂ ਦੀ ਸਰਕਾਰ ਦੀ ਵੀ ਅਲੋਚਨਾ ਕਰਨ ਲਈ ਜਾਣੇ ਜਾਂਦੇ ਸਨ। 1962 ਵਿਚ ਫਿਰੋਜ਼ ਗਾਂਧੀ ਦੀ ਮੌਤ ਤੋਂ ਬਾਅਦ ਹੋਈ ਉਪ ਚੋਣ ਤੇ 1962 ਦੀ ਚੋਣ ਗਾਂਧੀ ਪਰਵਾਰ ਨੇ ਨਹੀਂ ਲੜੀ। 1962 ਵਿਚ ਕਾਂਗਰਸ ਵੱਲੋਂ ਬੈਜਨਾਥ ਕੁਰੀਲ ਨੇ ਚੋਣ ਲੜੀ ਤੇ ਜਨਸੰਘ ਦੇ ਤਾਰਾਵਤੀ ਨੂੰ ਹਰਾਇਆ। ਇੰਦਰਾ ਗਾਂਧੀ 1964 ਵਿਚ ਰਾਜ ਸਭਾ ਪਹੁੰਚੀ ਤੇ 1967 ਤੱਕ ਰਾਜ ਸਭਾ ਦੀ ਮੈਂਬਰ ਰਹੀ। 1966 ਵਿਚ ਉਹ ਪਹਿਲੀ ਮਹਿਲਾ ਪ੍ਰਧਾਨ ਮੰਤਰੀ ਬਣੀ। 1967 ਵਿਚ ਇੰਦਰਾ ਨੇ ਰਾਏ ਬਰੇਲੀ ਲੋਕ ਸਭਾ ਚੋਣ ਵਿਚ ਆਜ਼ਾਦ ਉਮੀਦਵਾਰ ਬੀ ਸੀ ਸੇਠ ਨੂੰ 91703 ਵੋਟਾਂ ਨਾਲ ਹਰਾਇਆ। 1971 ਦੀ ਚੋਣ ਵਿਚ ਇੰਦਰਾ ਦੇ ਮੁਕਾਬਲੇ ਸੰਯੁਕਤ ਸੋਸ਼ਲਿਸਟ ਪਾਰਟੀ ਦੇ ਰਾਜ ਨਾਰਾਇਣ ਨੇ ਚੋਣ ਲੜੀ।

● ਬਾਕੀ ਸਫ਼ਾ 2 'ਤੇ

## ਨੈਸ਼ਨਲ ਪ੍ਰਿੰਸੀਪਲ ਡੇ ਮਨਾਇਆ



**ਧਰਮਕੋਟ (ਗੁਰਦੀਪ ਸਿੰਘ ਭੁੱਲਰ)**-ਇਲਾਕੇ ਦੀ ਨਾਮਵਰ ਸੰਸਥਾ ਯੂ ਕੇ ਇੰਟਰਨੈਸ਼ਨਲ ਸਕੂਲ ਵਿੱਚ 'ਨੈਸ਼ਨਲ ਪ੍ਰਿੰਸੀਪਲ ਡੇ' ਮਨਾਇਆ ਗਿਆ। ਇਸ ਮੌਕੇ ਸਕੂਲ ਦੀ ਮੈਨੇਜਮੈਂਟ ਕਮੇਟੀ ਦੇ ਮੈਂਬਰ ਰਾਣਾ ਬਾਸੀ, ਬਲਕਾਰ ਸਿੰਘ, ਬਲਿਹਾਰ ਸਿੰਘ ਤੇ ਕੁਲਵੰਤ ਸਿੰਘ ਚੀਮਾ ਤੇ ਅਧਿਆਪਕਾਂ ਪਾਸੋਂ ਸਪੈਸ਼ਲ ਕੇਕ ਕਟਵਾ ਕੇ ਪ੍ਰਿੰਸੀਪਲ ਮੈਡਮ ਪਿੰਕੀ ਨਰੂਲਾ ਦਾ ਧੰਨਵਾਦ ਕੀਤਾ ਗਿਆ, ਜਿਨ੍ਹਾਂ ਦੇ ਸਦਕਾ ਸਕੂਲ ਅੱਜ ਉੱਚੀਆਂ ਬੁਲੰਦੀਆਂ ਹਾਸਲ ਕਰ ਰਿਹਾ ਹੈ। ਉਨ੍ਹਾਂ ਪ੍ਰਿੰਸੀਪਲ ਮੈਡਮ ਦੀ ਮਿਹਨਤ ਤੇ ਲਗਨ ਦੀ ਪ੍ਰਸੰਸਾ ਕੀਤੀ, ਜਿਨ੍ਹਾਂ ਨੇ ਵਿਦਿਆਰਥੀਆਂ ਵਿੱਚ ਪੜ੍ਹਾਈ ਪ੍ਰਤੀ ਤੇ ਬਹੁਤ ਤਰ੍ਹਾਂ ਦੀਆਂ ਗਤੀਵਿਧੀਆਂ ਵਿੱਚ ਭਾਗ ਲੈਣ ਦੀ ਲਗਨ ਨੂੰ ਹੋਰ ਵੀ ਵਧਾਇਆ। ਇਸ ਮੌਕੇ ਪ੍ਰਿੰਸੀਪਲ ਮੈਡਮ ਪਿੰਕੀ ਨਰੂਲਾ ਨੇ ਮੈਨੇਜਮੈਂਟ ਕਮੇਟੀ ਦੇ ਮੈਂਬਰ ਤੇ ਅਧਿਆਪਕ ਦਾ ਤਹਿ ਦਿਲੋਂ ਧੰਨਵਾਦ ਕੀਤਾ।

## ਪੈਨਸ਼ਨਰਜ਼ ਐਸੋਸੀਏਸ਼ਨ ਦੀ ਮੀਟਿੰਗ



**ਲਹਿਰਾਗਾਗਾ (ਪਵਨ)**-ਪੈਨਸ਼ਨਰਜ਼ ਹੋਮ ਵਿਖੇ ਪੈਨਸ਼ਨਰਜ਼ ਐਸੋਸੀਏਸ਼ਨ ਦੀ ਮਹੀਨੇਵਾਰ ਮੀਟਿੰਗ ਜਰਨੈਲ ਸਿੰਘ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਵਿੱਚ ਪੈਨਸ਼ਨਰਾਂ ਨੂੰ ਕੋਰਟਾਂ ਵਿੱਚ ਚੱਲ ਰਹੀਆਂ ਪਟੀਸ਼ਨਕਰਤਾ ਦੀ ਤਾਜ਼ਾ ਸਥਿਤੀ ਬਾਰੇ ਤੇ ਕੋਰਟਾਂ ਦੇ ਨਵੇਂ ਫ਼ੈਸਲਿਆਂ ਬਾਰੇ ਜਾਣਕਾਰੀ ਰਿਟਾਇਰਡ ਈ ਓ ਮਦਨ ਲਾਲ ਵੱਲੋਂ ਦਿੱਤੀ ਗਈ।ਮੀਟਿੰਗ ਵਿੱਚ ਰਣਜੀਤ ਲਹਿਰਾ ਵੱਲੋਂ ਪੈਨਸ਼ਨਰਾਂ ਨੂੰ 3 ਮਈ ਦੀ ਸ਼ਾਮ ਨੂੰ 4.30 ਵਜੇ ਇਲਾਕੇ ਦੀਆਂ ਜਨਤਕ ਜਮਹੂਰੀ ਜਥੇਬੰਦੀਆਂ ਵੱਲੋਂ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਘੱਟਗਿਣਤੀ ਭਾਈਚਾਰੇ ਦੇ ਲੋਕਾਂ ਖਿਲਾਫ਼ ਕੀਤੀਆਂ ਨਫਰਤ ਟਿੱਪਣੀਆਂ ਵਿਰੁੱਧ ਅਰਥੀ ਫੂਕ ਪਰਦਰਸ਼ਨ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ।ਮੀਟਿੰਗ ਵਿੱਚ ਪੈਨਸ਼ਨਰਾਂ ਦੀਆਂ ਮੰਗਾਂ ਮਸਲਿਆਂ 'ਤੇ ਵਿਚਾਰ ਚਰਚਾ ਉਪਰੰਤ ਪੰਜਾਬ ਸਰਕਾਰ ਤੋਂ ਪੈਨਸ਼ਨਰਾਂ ਦਾ ਬਕਾਇਆ 12% ਡੀਏ ਤੁਰੰਤ ਦੇਣ ਦੀ ਮੰਗ ਕੀਤੀ ਗਈ। ਐਸੋਸੀਏਸ਼ਨ ਨੇ ਜਿਨ੍ਹਾਂ ਪੈਨਸ਼ਨਰਾਂ ਦੀ ਐਲਟੀਸੀ ਜਮ੍ਹਾਂ ਨਹੀਂ ਹੋਈ, ਉਹ ਵੀ ਜਮ੍ਹਾਂ ਕਰਾਉਣ ਦੀ ਮੰਗ ਕੀਤੀ ਗਈ।ਕੈਸ਼ੀਅਰ ਭਗਵਾਨ ਦਾਸ ਨੇ ਵੀ ਸੰਬੋਧਨ ਕੀਤਾ।

## ਰੇਡੀਐਂਟ ਪਬਲਿਕ ਸਕੂਲ 'ਚ ਕੌਂਸਲਿੰਗ ਪ੍ਰੋਗਰਾਮ ਕਰਾਇਆ



**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਰੇਡੀਐਂਟ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿੱਚ ਗਿਆਰਵੀਂ ਜਮਾਤ ਦੇ ਵਿਦਿਆਰਥੀਆਂ ਦੇ ਵਿਸ਼ਿਆਂ ਦੀ ਚੋਣ ਲਈ ਕੌਂਸਲਿੰਗ ਪ੍ਰੋਗਰਾਮ ਕਰਵਾਇਆ ਗਿਆ। ਇਸ ਮੌਕੇ ਮਿਸਟਰ ਰੋਹਿਤ ਸ਼ਰਮਾ ਸਰਕਾਰੀ ਅਧਿਆਪਕ ਤੇ ਜੋਲੀ ਮੌਂਗਾ ਪ੍ਰਿੰਸੀਪਲ ਸਰਵਹਿੱਤਕਾਰੀ ਸਕੂਲ ਅਬੋਹਰ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਅਤੇ ਉਨ੍ਹਾਂ ਬੱਚਿਆਂ ਨੂੰ ਉਨ੍ਹਾਂ ਦੇ ਭਵਿੱਖ ਦੇ ਸਹੀ ਮਾਰਗ ਨੂੰ ਦੱਸਦੇ ਹੋਏ ਬੱਚਿਆਂ ਨੂੰ ਵਿਸ਼ਿਆਂ ਦੀ ਅਹਿਮੀਅਤ ਬਾਰੇ ਸਮਝਾਇਆ।ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਮੈਡਮ ਨੀਤੀ ਸਿੰਘ ਨੇ ਵੀ ਬੱਚਿਆਂ ਨੂੰ ਉਨ੍ਹਾਂ ਦੇ ਉੱਜਵਲ ਭਵਿੱਖ ਲਈ ਹਰੇਕ ਵਿਸ਼ੇ ਦੀ ਜਾਣਕਾਰੀ ਦਿੱਤੀ। ਇਸ ਮੌਕੇ ਬੱਚਿਆਂ ਤੋਂ ਇਲਾਵਾ ਬੱਚਿਆਂ ਦੇ ਮਾਪੇ ਤੇ ਅਧਿਆਪਕ ਸਾਹਿਬਾਨ ਵੀ ਹਾਜ਼ਰ ਸਨ।ਇਸ ਦੇ ਨਾਲ ਹੀ ਸੈਸ਼ਨ 2024-25 ਵਿੱਚ ਨਵੇਂ ਦਾਖਲ ਹੋਏ ਬੱਚਿਆਂ ਤੇ ਉਨ੍ਹਾਂ ਦੇ ਮਾਪਿਆਂ ਲਈ ਮੀਟਿੰਗ ਦਾ ਆਯੋਜਨ ਕੀਤਾ ਗਿਆ।ਇਸ ਮੀਟਿੰਗ ਵਿੱਚ ਮਾਪਿਆਂ ਨੇ ਵੀ ਅਧਿਆਪਕ ਸਾਹਿਬਾਨਾਂ ਦੇ ਨਾਲ ਆਪਣੇ ਵਿਚਾਰ ਸਾਂਝੇ ਕੀਤੇ।

## ਰਵਨੀਤ ਬਿੱਟੂ ਨੇ ਗੁਰਦੁਆਰਾ ਨਾਨਕਸਰ ਕਲੇਰਾਂ ਸਾਹਿਬ 'ਚ ਕੀਤੀ ਅਰਦਾਸ



**ਜਗਰਾਉਂ (ਅਮਿਤ ਖੰਨਾ)**-ਪੰਜਾਬ ਗੁਰੂਆਂ ਪੀਰਾਂ ਦੀ ਧਰਤੀ ਹੈ ਤੇ ਅਨੇਕਾਂ ਗੁਰੂਆਂ-ਪੀਰਾਂ ਦੀ ਬੰਦਗੀ ਸਮੇਤ ਐਸੇ ਮਹਾਂਪੁਰਖਾਂ ਤੋਂ ਸੇਧ ਲੈ ਕੇ ਪੰਜਾਬ ਦੇ ਲੋਕਾਂ ਵੱਲੋਂ ਕੀਤੀ ਜਾਂਦੀ ਸੇਵਾ ਭਾਵਨਾ ਨੇ ਪੰਜਾਬੀਆਂ ਦਾ ਨਾਂਅ ਸੰਸਾਰ ਭਰ ਵਿੱਚ ਪ੍ਰਸਿੱਧ ਕੀਤਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਭਾਜਪਾ ਦੇ ਲੋਕ ਸਭਾ ਉਮੀਦਵਾਰ ਰਵਨੀਤ ਸਿੰਘ ਬਿੱਟੂ ਨੇ ਨਾਨਕਸਰ ਕਲੇਰਾਂ ਜਗਰਾਉਂ ਵਿਖੇ ਨਮਸਤਕ ਹੁੰਦੇ ਹੋਏ ਸਰਬੱਤ ਦੇ ਭਲੇ ਦੀ ਅਰਦਾਸ ਕਰਨ ਉਪਰੰਤ ਕੀਤਾ। ਨਾਨਕਸਰ ਸੰਪਰਦਾ ਦੇ ਮੁੱਖ ਸੇਵਾਦਾਰ ਬਾਬਾ ਲੱਖਾ, ਬਾਬਾ ਅਰਵਿੰਦਰ ਸਿੰਘ ਵੱਲੋਂ ਉਨ੍ਹਾਂ ਨੂੰ ਬਾਬਾ ਨੰਦ ਸਿੰਘ ਦੇ ਅਸਥਾਨ 'ਤੇ ਹਾਜ਼ਰੀਆਂ ਭਰਨ ਦੇ ਚੱਲਦਿਆਂ ਸਨਮਾਨਤ ਵੀ ਕੀਤਾ ਗਿਆ।ਇਸ ਮੌਕੇ ਉਨ੍ਹਾਂ ਨਾਲ ਕਰਨਲ ਇੰਦਰਪਾਲ ਸਿੰਘ ਧਾਲੀਵਾਲ, ਰੋਹਿਤ ਅਗਰਵਾਲ, ਗੇਜਾ ਰਾਮ, ਸੁਖਵੰਤ ਸਿੰਘ ਢਿੱਲੋਂ, ਅੰਕੁਸ਼ ਸਹਿਜਪਾਲ, ਡਾਕਟਰ ਰਜਿੰਦਰ ਸ਼ਰਮਾ, ਸੁਮਿਤ ਅਰੋੜਾ, ਨਵੀਨ ਜੈਨ, ਬ੍ਰਿਜ ਲਾਲ ਸ਼ਰਮਾ ਸਮੇਤ ਵੱਡੀ ਗਿਣਤੀ ਵਿੱਚ ਆਗੂ ਸਾਹਿਬਾਨ ਨਾਲ ਸਨ।

## ਮੁਲਾਜ਼ਮ ਆਗੂ ਜਗਦੇਵ ਸਿੰਘ ਘੁਰਕਣੀ ਹੋਏ ਸੇਵਾ ਮੁਕਤ



**ਮਾਨਸਾ (ਆਤਮਾ ਸਿੰਘ ਪਮਾਰ)**-ਮੁਲਾਜ਼ਮ ਸਫ਼ਾਂ ਦੇ ਉਚੇ ਸੁੱਚੇ ਕਿਰਦਾਰ ਦੇ ਮਾਲਕ, ਨਿਧੜਕ ਜਰਨੈਲ ਟੈਕਨੀਕਲ ਐਂਡ ਮਕੈਨੀਕਲ ਇੰਪਲਾਈਜ਼ ਯੂਨੀਅਨ ਦੇ ਸਤਿਕਾਰਯੋਗ ਆਗੂ ਸਾਥੀ ਜਗਦੇਵ ਸਿੰਘ ਘੁਰਕਣੀ 39 ਸਾਲ ਦੀ ਆਪਣੀ ਬੇਦਾਗ਼ ਸੇਵਾ ਨਿਭਾਉਣ ਉਪਰੰਤ 30 ਅਪ੍ਰੈਲ ਨੂੰ ਆਪਣੀ ਟੈਕਨੀਸ਼ੀਅਨ ਗਰੇਡ 1 ਦੀ ਪੋਸਟ ਤੋਂ ਸੇਵਾਮੁਕਤ ਹੋ ਗਏ ਹਨ।ਸਾਥੀ ਘੁਰਕਣੀ ਵਿਭਾਗ ਵਿੱਚ ਵਾਟਰ ਸਪਲਾਈ ਐਂਡ ਸੈਨੀਟੇਸ਼ਨ ਵਿੱਚ ਸਾਲ 1985 ਵਿੱਚ ਮਸਟਰੋਲ 'ਤੇ ਭਰਤੀ ਹੋਏ 18-5-2001 ਨੂੰ ਰੈਗੂਲਰ ਹੋ ਕੇ ਆਪਣੀ 39 ਸਾਲ ਦੀ ਸਰਵਿਸ ਪੂਰੀ ਕੀਤੀ।ਸਾਥੀ ਦੇ ਸਨਮਾਨ ਵਿੱਚ ਬ੍ਰਾਂਚ ਮਾਨਸਾ ਵਲੋਂ ਸੰਗਮ ਪੈਲੇਸ ਝੁਨੀਰ ਵਿਖੇ ਇੱਕ ਸ਼ਾਨਦਾਰ ਵਿਦਾਇਗੀ ਪਾਰਟੀ ਦਾ ਪ੍ਰਬੰਧ ਕੀਤਾ ਗਿਆ।ਸਨਮਾਨ ਸਮਾਰੋਹ ਦੇ ਸਟੇਜ ਦੀ ਕਾਰਵਾਈ ਸੀਤਲ ਸਿੰਘ ਉੱਡਤ ਵੱਲੋਂ ਬਾਖੂਬੀ ਨਿਭਾਈ ਗਈ। ਬਾਬੂ ਸਿੰਘ ਫਤਿਹਪੁਰ ਪ੍ਰੈਸ ਸਕੱਤਰ ਪੰਜਾਬ ਵਲੋਂ ਮਾਣ ਪੱਤਰ ਵੱਲੋਂ ਮਾਣ ਪੱਤਰ ਪੜ੍ਹਿਆ ਗਿਆ। ਸਮਾਰੋਹ ਵਿੱਚ ਪਹੁੰਚੇ ਮੀਡੀਆ ਕਲੱਬ ਝੁਨੀਰ ਸਰਦੂਲਗੜ੍ਹ ਤੇ ਅਧਿਕਾਰੀ ਸਹਿਬਾਨਾਂ ਵਿੱਚ ਵਿਭਾਗ ਦੇ ਸਬ ਡਿਵੀਜ਼ਨਲ ਅਧਿਕਾਰੀ ਸਮਿਤ ਗੋਇਲ, ਸੱਤਪਾਲ ਸਿੰਗਲਾ, ਸੱਤਪਾਲ ਸਰਦੂਲਗੜ੍ਹ, ਬਿਜਲੀ ਬੋਰਡ ਦੇ ਅਧਿਕਾਰੀ ਆਤਮਾ ਸਿੰਘ ਚੈਨੇਵਾਲਾ, ਜੇ.ਈ ਜਗਦੇਵ ਸਿੰਘ ਮਾਨਸਾ ਅੰਕਿਤ ਵਧਵਾ ਗੌਰਵ ਕੁਮਾਰ, ਧਰਿੰਦਰ ਕਾਲੜਾ, ਰਜਨੀਸ਼ ਕੁਮਾਰ, ਜਗਜੀਤ ਸਿੰਘ ਆਦਿ ਨੇ ਸ਼ਾਮਲ ਹੋ ਕੇ ਸਾਥੀ ਜੀ ਦੀ ਜੀਵਨੀ ਆਪਣੀ ਵਿਭਾਗੀ ਡਿਊਟੀ ਪ੍ਰਤੀ ਜ਼ਿੰਮੇਵਾਰੀ ਤੇ ਜਥੇਬੰਦਕ ਸੰਘਰਸ਼ਾਂ ਵਾਰੇ ਚਾਨਣਾ ਪਾਇਆ।ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚੇ ਡੀ. ਐਮ.ਐਫ਼ ਦੇ ਹਰਦੀਪ ਸਿੰਘ ਟੋਡਰਪੁਰ, ਗੁਰਪਿਆਰ ਸਿੰਘ ਕੋਟਲੀ, ਡੀ ਟੀਐਫ ਦੇ ਜ਼ਿਲ੍ਹਾ ਪ੍ਰਧਾਨ ਪਰਮਿੰਦਰ ਸਿੰਘ, ਰੰਘਰੇਟਾ ਦਲ ਦੇ ਆਗੂ ਮੇਘਾ ਸਿੰਘ ਹਾਕਮ ਵਾਲਾ, ਐਸ ਡੀ ਈ ਕਰਮਜੀਤ ਸਿੰਘ ਸਿੱਧੂ, ਪੈਨਸ਼ਨਰਜ਼ ਆਗੂ ਸਾਧੂ ਸਿੰਘ ਰਮਾਨੰਦੀ, ਮਾਸਟਰ ਓਮ ਪ੍ਰਕਾਸ਼ ਸਰਦੂਲਗੜ੍ਹ ਨੇ ਸਾਥੀ ਦੇ ਸੰਘਰਸ਼ੀ ਸਫ਼ਰ ਦੀ ਪ੍ਰਸੰਸਾ ਕੀਤੀ।

## ਆਦਰਸ਼ ਪਬਲਿਕ ਸਕੂਲ ਬਾਜੀਦਪੁਰ ਦਾ ਨਤੀਜਾ ਸ਼ਾਨਦਾਰ



**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨ ਕੀਤੇ ਗਏ ਅੱਠਵੀਂ ਕਲਾਸ ਦੇ ਨਤੀਜੇ ਵਿੱਚ ਆਦਰਸ਼ ਪਬਲਿਕ ਸਕੂਲ ਬਾਜੀਦਪੁਰ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਸਕੂਲ ਦੇ ਕੁੱਲ 17 ਵਿਦਿਆਰਥੀਆਂ ਵਿੱਚੋਂ 10 ਵਿਦਿਆਰਥੀਆਂ ਨੇ 90 ਪ੍ਰਤੀਸ਼ਤ ਤੋਂ ਉਪਰ ਅੰਕ ਹਾਸਲ ਕੀਤੇ। ਵੀਰਪਾਲ ਕੌਰ ਭੱਲਾ 96.83 ਪ੍ਰਤੀਸ਼ਤ ਅੰਕਾਂ ਨਾਲ ਪਹਿਲਾ ਸਥਾਨ, ਦੀਆ ਸ਼ਰਮਾ ਨੇ 96.71 ਪ੍ਰਤੀਸ਼ਤ ਅੰਕਾਂ ਨਾਲ ਦੂਜਾ, ਦੀਪਸ਼ਿਖਾ ਨੇ 96.5 ਪ੍ਰਤੀਸ਼ਤ ਅੰਕਾਂ ਨਾਲ ਤੀਜਾ, ਨੀਤਿਕਾ ਸ਼ਰਮਾ 94.5 ਪ੍ਰਤੀਸ਼ਤ ਅੰਕਾਂ ਨਾਲ ਚੌਥਾ ਤੇ ਕਰਮਜੀਤ ਕੌਰ ਨੇ 93.7 ਪ੍ਰਤੀਸ਼ਤ ਅੰਕਾਂ ਨਾਲ ਪੰਜਵਾਂ ਸਥਾਨ ਹਾਸਲ ਕੀਤਾ। ਇਨ੍ਹਾਂ ਵਿਦਿਆਰਥੀਆਂ ਨੂੰ ਸਵੇਰ ਦੀ ਸਭਾ ਵਿੱਚ ਪ੍ਰਿੰਸੀਪਲ ਦਰਸ਼ਨ ਲਾਲ ਸ਼ਰਮਾ ਵੱਲੋਂ ਸਨਮਾਨਤ ਕੀਤਾ ਗਿਆ। ਵਿਦਿਆਰਥੀਆਂ, ਮਾਪਿਆਂ ਤੇ ਸਕੂਲ ਸਟਾਫ਼ ਨੂੰ ਵਧਾਈ ਦੇਣ ਦੇ ਨਾਲ-ਨਾਲ ਉਨ੍ਹਾਂ ਬਾਕੀ ਵਿਦਿਆਰਥੀਆਂ ਨੂੰ ਵੀ ਹੋਰ ਮਿਹਨਤ ਕਰਨ ਦੀ ਅਪੀਲ ਕੀਤੀ।

## ਸਰਕਾਰੀ ਕੰਨਿਆ ਸਮਾਰਟ ਸਕੂਲ ਦਾ ਨਤੀਜਾ ਸ਼ਾਨਦਾਰ



**ਮਾਛੀਵਾੜਾ ਸਾਹਿਬ (ਜਗਦੀਸ਼ ਰਾਏ, ਸ਼ੈਂਕੀ ਸ਼ਰਮਾ)**-ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਅੱਠਵੀਂ ਤੇ ਬਾਰਵੀਂ ਜਮਾਤ ਦੇ ਐਲਾਨੇ ਗਏ ਨਤੀਜੇ ਜਿਸ ਵਿੱਚ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਮਾਛੀਵਾੜਾ ਦਾ ਨਤੀਜਾ 100% ਰਿਹਾ।ਸਕੂਲ ਦੇ ਇੰਚਾਰਜ ਸ਼੍ਰੀਮਤੀ ਹਰਦੀਪ ਕੌਰ ਨੇ ਸਮੂਹ ਸਟਾਫ ਤੇ ਵਿਦਿਆਰਥੀਆਂ ਨੂੰ ਇਸ ਵੱਡੀ ਪ੍ਰਾਪਤੀ 'ਤੇ ਵਧਾਈ ਦਿੱਤੀ।ਬਾਰਵੀਂ ਜਮਾਤ ਦੀ ਪ੍ਰੀਖਿਆ ਵਿੱਚੋਂ ਤਰਨਪ੍ਰੀਤ ਕੌਰ 451/500 (90%) ਨੇ ਪਹਿਲਾ, ਸਿਮਰਨ ਕੌਰ 436/500 (87%) ਨੇ ਦੂਸਰਾ ਅਤੇ ਅਮਨਦੀਪ ਕੌਰ ਤੇ ਮਨਦੀਪ ਕੌਰ ਨੇ 434/500 (86%) ਅੰਕ ਲੈ ਕੇ ਤੀਸਰਾ ਸਥਾਨ ਹਾਸਲ ਕੀਤਾ।ਇਸੇ ਤਰ੍ਹਾਂ ਅੱਠਵੀਂ ਜਮਾਤ ਵਿੱਚੋਂ ਗੁਰਪ੍ਰੀਤ ਕੌਰ ਨੇ 571/600 (95%) ਅੰਕ ਲੈ ਕੇ ਪਹਿਲਾ, ਪ੍ਰੀਆ ਸਾਨੀ ਨੇ 546/600(91%) ਅੰਕ ਲੈ ਕੇ ਦੂਸਰਾ ਤੇ ਪਲਕ ਨੇ 536/600(89%) ਅੰਕ ਲੈ ਕੇ ਤੀਸਰਾ ਸਥਾਨ ਹਾਸਲ ਕੀਤਾ।ਸਕੂਲ ਦੇ ਇੰਚਾਰਜ ਸ਼੍ਰੀਮਤੀ ਹਰਦੀਪ ਕੌਰ ਵੱਲੋਂ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਤਾ-ਪਿਤਾ ਅਤੇ ਸਮੂਹ ਸਟਾਫ ਨੂੰ ਵਧਾਈ ਦਿੱਤੀ ਗਈ।

# ਸਰਕਾਰ ਪੀ ਏ ਯੂ ਨੂੰ ਲੋੜੀਂਦੇ ਫੰਡ ਨਾ ਦੇ ਕੇ ਦੀਵਾਲੀਆਪਨ ਜ਼ਾਹਰ ਕਰ ਰਹੀ : ਡੀ ਪੀ ਮੌੜ

**ਮਸਲਿਆਂ ਦਾ ਹੱਲ ਨਾ ਕੀਤਾ ਤਾਂ 9 ਨੂੰ ਹੋਵੇਗੀ ਵਿਸ਼ਾਲ ਰੈਲੀ**



**ਲੁਧਿਆਣਾ (ਐੱਮ ਐੱਸ ਭਾਟੀਆ)**-ਪੰਜਾਬ ਸਰਕਾਰ ਪੀਏਯੂ ਨੂੰ ਲੋੜੀਂਦੇ ਫੰਡ ਨਾ ਦੇ ਕੇ ਆਪਣਾ ਦਿਵਾਲੀਆਪਨ ਜ਼ਾਹਰ ਕਰ ਰਹੀ ਹੈ। ਇਹ ਵਿਚਾਰ ਪੀਏਯੂ ਪੈਨਸ਼ਨਰਜ਼ ਐਂਡ ਰਿਟਾਇਰਜ਼ ਵੈੱਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਕਾਮਰੇਡ ਡੀ ਪੀ ਮੌੜ ਨੇ ਐਸੋਸੀਏਸ਼ਨ ਵੱਲੋਂ ਪੀਏਯੂ ਵਿੱਚ ਥਾਪਰ ਹਾਲ ਦੇ ਬਾਹਰ ਆਪਣੀਆਂ ਮੰਗਾਂ ਦੇ ਹੱਕ ਵਿੱਚ ਦਿੱਤੇ ਵੱਡੇ ਇਕੱਠ ਨੂੰ ਸੰਬੋਧਨ ਕਰਦੇ ਹੋਏ ਪ੍ਰਗਟ ਕੀਤੇ। ਉਨ੍ਹਾ ਕਿਹਾ ਕਿ ਉਹ ਆਪਣੀਆਂ ਲੰਮੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਮੰਗਾਂ ਨੂੰ ਲੈ ਕੇ ਪੀਏਯੂ ਅਧਿਕਾਰੀਆਂ ਤੇ ਪੰਜਾਬ ਸਰਕਾਰ ਵਿਰੁੱਧ ਸੰਘਰਸ਼ ਕਰ ਰਹੇ ਹਨ, ਜਿਨ੍ਹਾਂ ਵਿੱਚ ਜਨਵਰੀ 2016 ਤੋਂ ਜੂਨ 2021 ਦਰਮਿਆਨ ਸੇਵਾਮੁਕਤ ਹੋਏ ਵਿਅਕਤੀਆਂ ਨੂੰ ਸੋਧੀਆਂ ਦਰਾਂ 'ਤੇ ਲੀਵ ਇਨਕੈਸ਼ਮੈਂਟ ਤੇ ਗ੍ਰੈਚੁਟੀ ਸ਼ਾਮਲ ਹੈ, ਜਨਵਰੀ 2024 ਦਾ ਐੱਲ ਟੀ ਏ, ਸੀਨੀਅਰ ਤੇ ਜੂਨੀਅਰ ਦੇ ਕੇਸਾਂ ਦਾ ਨਿਪਟਾਰਾ, ਪੰਜਾਬ ਸਰਕਾਰ ਦੇ ਪੈਨਸ਼ਨਰਾਂ ਵਾਂਗ ਮਹੀਨੇ ਦੇ ਪਹਿਲੇ ਦਿਨ ਪੈਨਸ਼ਨ ਯਕੀਨੀ ਬਣਾਏ ਜਾਣਾ, ਮੈਡੀਕਲ ਬਿੱਲਾਂ ਦਾ ਸਮੇਂ ਸਿਰ ਭੁਗਤਾਨ, ਪੈਨਸ਼ਨ ਦਾ ਭੁਗਤਾਨ ਭਾਰਤੀ ਸਟੇਟ ਬੈਂਕ ਵਿੱਚ ਸਿੱਧੇ ਤੌਰ 'ਤੇ ਕੀਤਾ ਜਾਣਾ ਸ਼ਾਮਲ ਹੈ ਅਤੇ ਐੱਚ ਡੀ ਐੱਫ ਸੀ ਬੈਂਕ ਨੂੰ ਇਸ ਪ੍ਰਕਿਰਿਆ ਤੋਂ ਬਾਹਰ ਕੱਢਣਾ ਚਾਹੀਦਾ ਹੈ।ਧਰਨੇ ਦੇ ਸ਼ੁਰੂ ਵਿੱਚ ਡਾਕਟਰ ਮਨਜੀਤ ਸਿੰਘ ਕੰਗ ਸਾਬਕਾ ਵਾਈਸ ਚਾਂਸਲਰ ਪੀਏਯੂ ਦੇ ਦੇਹਾਂਤ 'ਤੇ ਦੋ ਮਿੰਟ ਦਾ ਮੌਨ ਰੱਖ ਕੇ ਉਨ੍ਹਾਂ ਨੂੰ ਸ਼ਰਧਾਂਜਲੀ ਦਿੱਤੀ ਗਈ।

ਧਰਨੇ ਦੀ ਕਾਰਵਾਈ ਦਾ ਸੰਚਾਲਨ ਕਰਦਿਆਂ ਕਾਮਰੇਡ ਜੇ. ਐੱਲ. ਨਾਰੰਗ ਨੇ ਕਿਹਾ ਕਿ ਜੇਕਰ ਸਰਕਾਰ ਤੇ ਯੂਨੀਵਰਸਿਟੀ ਪ੍ਰਸ਼ਾਸਨ ਨੇ ਉਪਰੋਕਤ ਮਸਲਿਆਂ ਦਾ ਹੱਲ ਨਾ ਕੀਤਾ ਤਾਂ 9 ਮਈ 2024 ਨੂੰ ਇੱਕ ਹੋਰ ਵੱਡਾ ਧਰਨਾ ਦਿੱਤਾ ਜਾਵੇਗਾ ਤੇ ਵਿਸ਼ਾਲ ਰੈਲੀ ਕੀਤੀ ਜਾਵੇਗੀ।ਧਰਨੇ ਨੂੰ ਸੰਬੋਧਨ ਕਰਨ ਵਾਲਿਆਂ ਵਿੱਚ ਕਾਮਰੇਡ ਪਰਮਜੀਤ ਗਿੱਲ, ਜੋਗਿੰਦਰ ਰਾਮ, ਜੈਪਾਲ ਸਿੰਘ, ਕੁਲਦੀਪ ਸਿੰਘ, ਸਤਨਾਮ ਸਿੰਘ ਤੇ ਪ੍ਰੀਤਮ ਸਿੰਘ ਸ਼ਾਮਲ ਸਨ।ਧਰਨੇ ਵਿੱਚ ਸ਼ਮੂਲੀਅਤ ਕਰਨ ਵਾਲਿਆਂ ਵਿੱਚ ਹੋਰਨਾਂ ਤੋਂ ਇਲਾਵਾ ਸ੍ਰੀਮਤੀ ਸਪਤ ਕਲਾ, ਸਤਨਾਮ ਸਿੰਘ, ਡਾ: ਗੁਲਜ਼ਾਰ ਪੰਧੇਰ, ਦਾਨ ਸਿੰਘ, ਜੈਪਾਲ, ਸ਼ਿਵ ਕੁਮਾਰ, ਦਰਸ਼ਨ ਸਿੰਘ, ਰਾਜਿੰਦਰ ਸਿੰਘ, ਭਰਪੂਰ ਸਿੰਘ, ਰਮੇਸ਼ ਮਸੰਦ ਤੇ ਗੁਲਸ਼ਨ ਰਾਏ ਆਦਿ ਹਾਜ਼ਰ ਸਨ।

## ਭੇਦਭਰੀ ਹਾਲਤ 'ਚ ਖੇਤਾਂ 'ਚੋਂ ਮਿਲੀ ਨੌਜਵਾਨ ਦੀ ਲਾਸ਼

*ਕਤਲ ਕਰ ਖੇਤਾਂ 'ਚ ਸੁੱਟੇ ਜਾਣ ਦਾ ਖਦਸ਼ਾ, ਪੁਲਸ ਜਾਂਚ 'ਚ ਜੁਟੀ*



**ਫ਼ਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**-ਸ਼ੁੱਕਰਵਾਰ ਸੁਬ੍ਹਾ ਦਿਨ ਚੜ੍ਹਦੇ ਹੀ ਫਰੀਦਕੋਟ ਦੇ ਇੱਕ ਕਲੋਨੀ ਮਗਰ ਲਗਦੇ ਖੇਤਾਂ 'ਚੋਂ ਇੱਕ ਨੌਜਵਾਨ ਦੀ ਲਾਸ਼ ਮਿਲਣ ਤੋਂ ਬਾਅਦ ਸਨਸਨੀ ਫੈਲ ਗਈ।ਫਰੀਦਕੋਟ ਦੇ ਦਸਮੇਸ਼ ਨਗਰ ਦੇ ਰਹਿਣ ਵਾਲੇ ਇੱਕ ਨੌਜਵਾਨ ਦੀ ਲਾਸ਼ ਭੇਦਭਰੇ ਹਾਲਾਤਾਂ 'ਚ ਕਲੋਨੀ ਦੇ ਪਿੱਛੇ ਲਗਦੇ ਖੇਤਾਂ 'ਚੋਂ ਮਿਲੀ, ਜਿਸ 'ਤੇ ਆਸ਼ੰਕਾ ਜਤਾਈ ਜਾ ਰਹੀ ਹੈ ਕਿ ਇਸ ਨੌਜਵਾਨ ਦਾ ਕਤਲ ਕਰਕੇ ਲਾਸ਼ ਨੂੰ ਇਥੇ ਸੁੱਟਿਆ ਗਿਆ ਹੋਵੇ।ਨਜ਼ਦੀਕੀ ਲੋਕਾਂ ਦੀ ਸੂਚਨਾ ਤੋਂ ਬਾਅਦ ਪੁਲਸ ਮੌਕੇ 'ਤੇ ਪੁੱਜੀ, ਜਿਸ ਵੱਲੋਂ ਮੌਕੇ ਦਾ ਜਾਇਜ਼ਾ ਲਿਆ ਜਾ ਰਿਹਾ ਤੇ ਹਾਲਾਤ ਮੁਤਾਬਿਕ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।ਜਾਣਕਾਰੀ ਦਿੰਦੇ ਹੋਏ ਨਜ਼ਦੀਕੀ ਲੋਕਾਂ ਨੇ ਦੱਸਿਆ ਕਿ ਮ੍ਰਿਤਕ ਨੌਜਵਾਨ ਯੁਵਰਾਜ ਸਿੰਘ ਦਸਮੇਸ਼ ਨਗਰ ਦੀ ਗਲੀ ਨੰਬਰ ਤਿੰਨ ਦਾ ਵਸਨੀਕ ਹੈ।ਉਨ੍ਹਾਂ ਦੱਸਿਆ ਕਿ ਇਸ ਲੜਕੇ ਦੇ ਪਹਿਲੇ ਕਈ ਲੋਕਾਂ ਨਾਲ ਝਗੜੇ ਚੱਲ ਰਹੇ ਸਨ, ਹੋ ਸਕਦਾ ਹੈ ਇਸ ਦਾ ਕਤਲ ਕੀਤਾ ਗਿਆ ਹੋਵੇ।ਉਨ੍ਹਾਂ ਕਿਹਾ ਕਿ ਜਦੋਂ ਹੀ ਸਾਨੂੰ ਇਸ ਬਾਰੇ ਪਤਾ ਲੱਗਾ, ਤੁਰੰਤ ਇਸ ਮਾਮਲੇ ਸਬੰਧੀ ਪੁਲਸ ਨੂੰ ਸੂਚਨਾ ਦਿੱਤੀ, ਜੋ ਜਾਂਚ ਕਰ ਰਹੀ ਹੈ।ਉਧਰ ਮੌਕੇ 'ਤੇ ਪੁੱਜੇ ਡੀ ਐੱਸ ਪੀ ਸ਼ਮਸ਼ੇਰ ਸਿੰਘ ਨੇ ਦੱਸਿਆ ਕਿ ਲਾਸ਼ ਨੂੰ ਕਬਜ਼ੇ 'ਚ ਲੈ ਲਿਆ ਹੈ, ਜਿਸ ਦੀ ਜਾਂਚ ਕੀਤੀ ਜਾ ਰਹੀਹੈ, ਜਾਂਚ ਤੋਂ ਪਹਿਲਾਂ ਕੁਝ ਕਿਹਾ ਨਹੀਂ ਜਾ ਸਕਦਾ।

## ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਵੱਲੋਂ ਜਲੰਧਰ 'ਚ ਸੂਬਾਈ ਕਨਵੈਨਸ਼ਨ ਭਲਕੇ



**ਕੋਟਕਪੂਰਾ (ਰਛਪਾਲ ਭੁੱਲਰ)**-ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਵੱਲੋਂ ਉਲੀਕੇ ਗਏ ਐਕਸ਼ਨ ਪ੍ਰੋਗਰਾਮ ਅਨੁਸਾਰ 5 ਮਈ ਐਤਵਾਰ ਨੂੰ ਸਵੇਰੇ ਠੀਕ 10 ਵਜੇ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਸੂਬਾਈ ਕਨਵੈਨਸ਼ਨ ਕੀਤੀ ਜਾ ਰਹੀ ਹੈ।ਮੁਲਾਜ਼ਮ ਤੇ ਪੈਨਸ਼ਨਰ ਆਗੂ ਚਰਨ ਸਿੰਘ ਸਰਾਭਾ, ਦਰਸ਼ਨ ਸਿੰਘ ਲੁਬਾਣਾ, ਰਣਜੀਤ ਸਿੰਘ ਰਾਣਵਾਂ, ਜਗਦੀਸ਼ ਸਿੰਘ ਚਾਹਲ, ਗੁਰਜੀਤ ਸਿੰਘ ਘੋੜੇਵਾਹ, ਗੁਰਮੇਲ ਸਿੰਘ ਮੈਲਡੇ, ਗੁਰਪ੍ਰੀਤ ਸਿੰਘ ਮੰਗਵਾਲ, ਸੁਰਿੰਦਰ ਕੁਮਾਰ ਪੁਆਰੀ, ਪ੍ਰੇਮ ਚਾਵਲਾ , ਕਰਤਾਰ ਸਿੰਘ ਪਾਲ, ਪ੍ਰਵੀਨ ਕੁਮਾਰ ਲੁਧਿਆਣਾ, ਜਸਵਿੰਦਰ ਪਾਲ ਉੱਗੀ, ਪ੍ਰਭਜੀਤ ਸਿੰਘ ਉੱਪਲ ਤੇ ਡਿੰਪਲ ਰੁਹੇਲਾ ਨੇ ਦੱਸਿਆ ਕਿ ਇਸ ਕਨਵੈਨਸ਼ਨ ਵਿੱਚ ਭਰਵੀਂ ਸ਼ਮੂਲੀਅਤ ਕਰਨ ਲਈ ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ 1680 ਸੈਕਟਰ 22-ਬੀ, ਚੰਡੀਗੜ੍ਹ, ਦੀ ਕਲਾਸ ਫ਼ੋਰ ਗੌਰਮਿੰਟ ਇੰਪਲਾਈਜ਼ ਯੂਨੀਅਨ ਪੰਜਾਬ, ਪੰਜਾਬ ਗੌਰਮਿੰਟ ਟ੍ਰਾਂਸਪੋਰਟ ਵਰਕਰਜ਼ ਯੂਨੀਅਨ, ਪੰਜਾਬ ਪੈਨਸ਼ਨਰਜ਼ ਯੂਨੀਅਨ (ਰਜਿ:) ਤੇ ਹੋਰ ਸਹਿਯੋਗੀ ਜਥੇਬੰਦੀਆਂ ਵੱਲੋਂ ਪੂਰੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ।ਆਗੂਆਂ ਨੇ ਦੋਸ਼ ਲਾਇਆ ਕਿ ਮੌਜੂਦਾ ਕੇਂਦਰੀ ਹੁਕਮਰਾਨ ਮੋਦੀ ਸਰਕਾਰ ਤੇ ਪੰਜਾਬ ਸਰਕਾਰ ਵੱਲੋਂ ਲਗਾਤਾਰ ਗਿਣੀ-ਮਿੱਥੀ ਸਾਜ਼ਿਸ਼ ਤਹਿਤ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮੁੱਖ ਮੰਗਾਂ ਨੂੰ ਨਜ਼ਰ ਅੰਦਾਜ਼ ਕੀਤਾ ਹੋਇਆ ਹੈ, ਜਿਸ ਕਾਰਨ ਮੁਲਾਜ਼ਮਾਂ ਤੇ ਪੈਨਸ਼ਨਰਾਂ ਵਿੱਚ ਇਨ੍ਹਾਂ ਹੁਕਮਰਾਨ ਸਰਕਾਰਾਂ ਪ੍ਰਤੀ ਵਿਆਪਕ ਰੋਸ ਪਾਇਆ ਜਾ ਰਿਹਾ ਹੈ।ਇਸ ਕਨਵੈਂਨਸ਼ਨ ਵਿੱਚ ਕੇਂਦਰ ਤੇ ਪੰਜਾਬ ਸਰਕਾਰ ਖਿਲਾਫ ਅਗਲੇ ਸੰਘਰਸ਼ਾਂ ਦਾ ਐਲਾਨ ਕੀਤਾ ਜਾਵੇਗਾ।

## ਘਰ 'ਚ ਦਾਖਲ ਹੋ ਕੇ ਕੁੱਟਮਾਰ ਤੇ ਲੁੱਟ-ਖੋਹ ਕਰਨ ਵਾਲੇ ਗਰੋਹ ਦੇ 3 ਮੈਂਬਰ ਕਾਬੂ



**ਮੋਗਾ (ਇਕਬਾਲ ਸਿੰਘ ਖਹਿਰਾ)**-ਮੋਗਾ ਪੁਲਸ ਵੱਲੋਂ ਅਜੀਤਵਾਲ ਵਿਖੇ ਇੱਕ ਘਰ ਅੰਦਰ ਦਾਖਲ ਹੋ ਕੇ ਸੱਟਾਂ ਮਾਰ ਕੇ ਲੁੱਟ ਖੋਹ ਕਰਨ ਵਾਲੇ ਗਰੋਹ ਦੇ 3 ਮੈਂਬਰ ਕਾਬੂ ਕੀਤਾ ਹੈ। ਇਸ ਸਬੰਧੀ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਐੱਸ.ਐੱਸ.ਪੀ. ਮੋਗਾ ਵਿਵੇਕ ਸ਼ੀਲ ਸੋਨੀ ਨੇ ਦੱਸਿਆ ਕਿ ਬੀਤੀ 23 ਅਪ੍ਰੈਲ 2024 ਨੂੰ ਆਗਿਆਪਾਲ ਵਰਮਾ ਪੁੱਤਰ ਹਰਗੋਪਾਲ ਵਰਮਾ ਵਾਸੀ ਸਾਹਮਣੇ ਬਿੱਲਾ ਕਲਾਥ ਹਾਊਸ ਮੇਨ ਬਜ਼ਾਰ ਅਜੀਤਵਾਲ ਨੇ ਪੁਲਸ ਨੂੰ ਇਤਲਾਹ ਦਿੱਤੀ ਕਿ ਉਹ ਆਰ. ਐੱਮ. ਪੀ. ਡਾਕਟਰ ਹੈ ਤੇ ਉਹ ਅਜੀਤਵਾਲ ਵਿਖੇ ਆਪਣਾ ਪ੍ਰਾਈਵੇਟ ਕਲੀਨਿਕ ਚਲਾਉਂਦਾ ਹੈ। ਸਵੇਰੇ 04/4.15 ਵਜੇ 4 ਅਣਪਛਾਤੇ ਵਿਅਕਤੀ ਦਵਾਈ ਲੈਣ ਦੇ ਬਹਾਨੇ ਉਸ ਦੇ ਘਰ ਦਾਖਲ ਹੋਏ, ਜਿਨ੍ਹਾਂ ਵਿੱਚੋਂ ਇੱਕ ਪਾਸ ਪਿਸਟਲ ਸੀ, ਵੱਲੋਂ ਮੈਨੂੰ ਤੇ ਮੇਰੇ ਪਰਿਵਾਰ ਦੀ ਕੁੱਟਮਾਰ ਕਰਕੇ ਉਸ ਦੀ ਪਤਨੀ ਦੇ ਪਹਿਨੇ ਹੋਏ ਸੋਨੇ ਦੇ ਗਹਿਣੇ (ਕੰਨਾਂ ਦੇ ਟੌਪਸ, ਗਲੇ ਦੀ ਚੈਨ, 4 ਚੂੜੀਆਂ) ਜਬਰੀ ਉਤਾਰ ਕੇ ਲੈ ਗਏ। ਇਸ ਸਬੰਧੀ ਅਣਪਛਾਤੇ ਵਿਅਕਤੀਆਂ ਖਿਲਾਫ ਮੁਕੱਦਮਾ ਨੰਬਰ 25 ਮਿਤੀ 23.04.2024 ਅ/ਧ 458,384,34 ਆਈ.ਪੀ.ਸੀ. 25 ਅਸਲਾ ਐਕਟ ਥਾਣਾ ਅਜੀਤਵਾਲ ਦਰਜ ਰਜਿਸਟਰ ਕਰਕੇ ਤਫਤੀਸ਼ ਅਮਲ ਵਿੱਚ ਲਿਆਂਦੀ। ਮੁਕੱਦਮੇ ਵਿੱਚ ਸ਼ਾਮਲ ਵਿਅਕਤੀਆਂ ਦੀ ਭਾਲ ਕਰਨ ਲਈ ਕਪਤਾਨ ਪੁਲਸ (ਆਈ) ਬਾਲ ਕ੍ਰਿਸ਼ਨ ਸਿੰਗਲਾ ਸਿੰਗਲਾ, ਪਰਮਜੀਤ ਸਿੰਘ ਉੱਪ ਕਪਤਾਨ ਪੁਲਸ ਨਿਹਾਲ ਸਿੰਘ ਵਾਲਾ, ਰਵਿੰਦਰ ਸਿੰਘ ਉਪ ਕਪਤਾਨ ਪੁਲਸ ਸਿਟੀ ਮੋਗਾ ਤੇ ਸ੍ਰੀ ਅਰਵਿੰਦ ਮੀਨਾ ਮੁੱਖ ਅਫਸਰ ਥਾਣਾ ਅਜੀਤਵਾਲ ਦੀ ਅਗਵਾਈ ਹੇਠ ਸੀ. ਆਈ. ਸਟਾਫ ਮੋਗਾ, ਥਾਣਾ ਅਜੀਤਵਾਲ ਤੇ ਥਾਣਾ ਸਿਟੀ ਸਾਊਥ ਮੋਗਾ ਦੀ ਪੁਲਸ ਦੀਆਂ ਵੱਖ-ਵੱਖ ਟੀਮਾਂ ਬਣਾਈਆਂ ਤੇ ਮੁਕੱਦਮਾ ਦੀ ਤਫਤੀਸ਼ ਵਿਗਿਆਨਕ/ਟੈਕਨੀਕਲ ਢੰਗਾਂ ਨਾਲ ਅਮਲ ਵਿੱਚ ਲਿਆਂਦੀ। ਇਸ ਤਫਤੀਸ਼ 'ਚ ਉਕਤ ਵਾਰਦਾਤ ਨੂੰ ਅੰਜਾਮ ਦੇਣ ਵਾਲਿਆਂ ਦੀ ਪਹਿਚਾਣ ਅਸ਼ਵਨੀ ਕੁਮਾਰ ਉਰਫ ਆਸ਼ੂ ਪੁੱਤਰ ਸਤਪਾਲ ਸਿੰਘ ਵਾਸੀ ਨੇੜੇ ਰਤਨ ਸਿਨੇਮਾ ਮਿਸਤਰੀਆਂ ਵਾਲੀ ਮੋਗਾ, ਰਛਵੰਤ ਸਿੰਘ ਉਰਫ ਲੱਲਾ ਪੁੱਤਰ ਨਛੱਤਰ ਸਿੰਘ ਵਾਸੀ ਰਾਮ ਨਗਰ ਉੱਚਾ ਟਿੱਬਾ ਮਹਿਮੇਵਾਲਾ ਰੋਡ ਮੋਗਾ, ਅਨਾਇਤ ਮਸੀਹ ਪੁੱਤਰ ਯਾਕੂਬ ਮਸੀਹ ਵਾਸੀ ਨੇੜੇ ਰਤਨ ਸਿਨੇਮਾ ਮੱਟਾਂ ਵਾਲਾ ਵਿਹੜਾ ਮੋਗਾ ਵਜੋਂ ਹੋਈ, ਜਿਨ੍ਹਾਂ ਨੂੰ ਮੇਨ ਰੋਡ ਕੋਕਰੀ ਫੂਲਾ ਸਿੰਘ ਟੀ ਪੁਆਇੰਟ ਤੋਂ ਨਾਕਾਬੰਦੀ ਕਰਕੇ ਕਾਬੂ ਕੀਤਾ ਤੇ ਇਨ੍ਹਾਂ ਪਾਸੋਂ ਇੱਕ ਖਿਡੌਣਾ ਪਿਸਤੌਲ ਤੇ ਖੋਹ ਕੀਤਾ ਸੋਨਾ (ਚੈਨੀ ਸੋਨਾ, ਟੋਪਸ ਸੋਨਾ ਤੇ ਆਰਟੀਫੀਸ਼ੀਅਲ ਗੋਲਡ ਕੋਟਡ ਚੂੜੀਆ) ਤੇ ਇੱਕ ਮੋਟਰਸਾਈਕਲ ਬਰਾਮਦ ਕੀਤਾ। ਉਨ੍ਹਾਂ ਦੱਸਿਆ ਕਿ ਗ੍ਰਿਫਤਾਰ ਉਕਤ ਵਿਅਕਤੀਆਂ ਨੂੰ ਅਦਾਲਤ ਵਿੱਚ ਪੇਸ਼ ਕਰਕੇ ਪੁਲਸ ਰਿਮਾਂਡ ਹਾਸਲ ਕਰਕੇ ਇਨ੍ਹਾਂ ਪਾਸੋਂ ਹੋਰ ਪੁੱਛਗਿੱਛ ਕੀਤੀ ਜਾਵੇਗੀ ਤੇ ਇਨ੍ਹਾਂ ਨਾਲ ਵਾਰਦਾਤ ਵਿੱਚ ਸ਼ਾਮਲ ਹੋਰ ਦੋਸ਼ੀਆਂ ਨੂੰ ਵੀ ਜਲਦ ਗ੍ਰਿਫਤਾਰ ਕੀਤਾ ਜਾਵੇਗਾ।

# ਦੇਸ਼ ਸਿਰਫ ਕਾਂਗਰਸ ਦੇ ਹੱਥਾਂ 'ਚ ਸੁਰੱਖਿਅਤ : ਡਾ. ਅਮਰ ਸਿੰਘ

**ਲੋਕਾਂ ਨਾਲ ਕੀਤਾ ਇੱਕ-ਇੱਕ ਵਾਅਦਾ ਪੁਗਾਇਆ ਜਾਵੇਗਾ**




**ਅਮਲੋਹ (ਲਖਵੀਰ ਸਿੰਘ, ਹਰਚਰਨ ਉੱਪਲ)**-ਲੋਕ ਸਭਾ ਹਲਕਾ ਸ਼੍ਰੀ ਫਤਿਹਗੜ੍ਹ ਸਾਹਿਬ ਤੋਂ ਕਾਂਗਰਸ ਦੇ ਉਮੀਦਵਾਰ ਡਾ. ਅਮਰ ਸਿੰਘ ਨੇ ਕਿਹਾ ਕਿ ਮੁਲਖ ਸਿਰਫ ਤੇ ਸਿਰਫ ਕਾਂਗਰਸ ਪਾਰਟੀ ਦੇ ਹੱਥਾਂ ਵਿੱਚ ਸੁਰੱਖਿਅਤ ਹੈ, ਜਦੋਂ ਕਿ ਭਾਜਪਾ ਸਰਕਾਰ ਨੇ ਤਾਂ ਮੁਲਖ ਨੂੰ ਕਾਰਪੋਰੇਟ ਘਰਾਣਿਆਂ ਅੱਗੇ ਗਿਰਵੀ ਰੱਖ ਦਿੱਤਾ ਹੈ, ਜੋ ਆਪਣੀ ਮਰਜ਼ੀ ਨਾਲ ਦੇਸ਼ ਦੇ ਵੱਡੇ ਫੈਸਲੇ ਲੈਂਦੇ ਹਨ।ਉਹ ਅੱਜ ਇੱਥੇ ਕਾਂਗਰਸ ਪਾਰਟੀ ਦੇ ਮੁੱਖ ਚੋਣ ਦਫ਼ਤਰ ਦੇ ਉਦਘਾਟਨੀ ਸਮਾਰੋਹ ਮੌਕੇ ਸੰਬੋਧਨ ਕਰ ਰਹੇ ਸਨ।

ਡਾ. ਅਮਰ ਸਿੰਘ ਨੇ ਇਸ ਮੌਕੇ ਲੋਕਾਂ ਨਾਲ ਆਪਣੀ ਜ਼ਿੰਦਗੀ ਦੇ ਬਤੌਰ ਪ੍ਰਸ਼ਾਸਨਕ ਅਧਿਕਾਰੀ ਤਜ਼ਰਬੇ ਸਾਂਝੇ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਦੇਸ਼ ਦੇ ਕਈ ਰਾਜਾਂ ਵਿੱਚ ਜ਼ਿਲ੍ਹਾ ਡਿਪਟੀ ਕਮਿਸ਼ਨਰ ਕੰਮ ਕਰਨ ਦਾ ਮੌਕਾ ਮਿਲਿਆ ਤੇ ਉਹ ਇੱਕ ਮੁੱਖ ਮੰਤਰੀ ਦੇ ਪ੍ਰਿੰਸੀਪਲ ਸਕੱਤਰ ਅਤੇ ਕੇਂਦਰ ਸਰਕਾਰ ਵਿੱਚ ਸਨਮਾਨਜਨਕ ਅਹੁਦਿਆਂ 'ਤੇ ਰਹੇ ਹਨ, ਜਿਸ ਕਾਰਨ ਕੇਂਦਰ ਤੇ ਰਾਜ ਸਰਕਾਰਾਂ ਦੇ ਕੰਮਾਂ ਤੋਂ ਭਲੀ ਭਾਂਤ ਜਾਣੂ ਹਨ।ਸਰਕਾਰਾਂ ਵਿੱਚ ਵਿਚਰਦਿਆਂ ਉਨ੍ਹਾਂ ਇਹ ਗੱਲ ਦਿਲੋਂ ਮਹਿਸੂਸ ਕੀਤੀ ਹੈ ਕਿ ਮੁਲਖ ਦੀ ਵਾਂਗਡੋਰ ਕੇਵਲ ਤੇ ਕੇਵਲ ਕਾਂਗਰਸ ਪਾਰਟੀ ਦੇ ਹੱਥਾਂ ਵਿੱਚ ਹੀ ਹੋਣੀ ਚਾਹੀਦੀ ਹੈ, ਜਿਹੜੀ ਮੁਲਖ ਨੂੰ ਤਰੱਕੀ ਦੀਆਂ ਲੀਹਾਂ 'ਤੇ ਲੈ ਕੇ ਜਾ ਸਕੇ।ਦੇਸ਼ ਦੀ ਬਿਹਤਰੀ ਲਈ ਸਿਰਫ ਕਾਂਗਰਸ ਪਾਰਟੀ ਨੇ ਹੀ ਅਹਿਮ ਕਦਮ ਚੁੱਕੇ ਹਨ।ਉਨ੍ਹਾ ਭਾਜਪਾ 'ਤੇ ਦੋਸ਼ ਲਾਇਆ ਕਿ ਮੋਦੀ ਦੀ ਅਗਵਾਈ ਹੇਠਲੀ ਸਰਕਾਰ ਨੇ ਮੁਲਖ ਨੂੰ ਸਿਰਫ ਤੇ ਸਿਰਫ ਬਰਬਾਦੀ, ਕੰਗਾਲੀ ਤੇ ਆਰਥਿਕ ਲੁੱਟ ਦਿੱਤੀ ਹੈ, ਜਦੋਂਕਿ ਕਾਂਗਰਸ ਸਰਕਾਰ ਵੇਲੇ ਪੂਰੇ ਮੁਲਖ ਵਿੱਚ ਵਿਕਾਸ ਦੀ ਕ੍ਰਾਂਤੀ ਆਈ ਸੀ।ਉਨ੍ਹਾ ਕਿਹਾ ਕਿ ਮੋਦੀ ਜਿਹੜੇ ਮੁੱਦਿਆਂ ਨੂੰ ਲੈ ਕੇ ਚੋਣ ਲੜ ਰਿਹਾ ਹੈ, ਅਸਲ ਵਿੱਚ ਉਹ ਮੁੱਦੇ ਆਮ ਲੋਕਾਂ ਨੂੰ ਭਰਮਾਉਣ ਦਾ ਜ਼ਰੀਆ ਹਨ, ਜਦੋਂਕਿ ਲੋਕਾਂ ਦੀ ਬਿਹਤਰੀ ਲਈ ਕੁੱਝ ਵੀ ਨਹੀਂ।ਡਾ. ਅਮਰ ਸਿੰਘ ਨੇ ਲੋਕਾਂ ਨੂੰ ਕਾਂਗਰਸ ਪਾਰਟੀ ਦਾ ਸਾਥ ਦੇਣ ਦੀ ਗੱਲ ਕਰਦਿਆਂ ਅਕਾਲੀ, ਆਪ ਤੇ ਭਾਜਪਾ ਪਾਰਟੀਆਂ ਨੂੰ ਇੱਕੋ ਥਾਲੀ ਦੇ ਚੱਟੇ-ਵੱਟੇ ਗਰਦਾਨਿਆਂ।ਉਨ੍ਹਾ ਕਿਹਾ ਕਿ ਮੁਲਖ ਵਿੱਚ ਇੰਡੀਆ ਗੱਠਜੋੜ ਦੀ ਸਰਕਾਰ ਬਣਨ ਜਾ ਰਹੀ ਹੈ, ਜਿਸ ਲਈ ਲੋਕਾਂ ਦੇ ਸਾਥ ਦੀ ਲੋੜ ਹੈ, ਸੋ ਆਪਣਾ ਇੱਕੋ ਇੱਕ ਕੀਮਤੀ ਵੋਟ ਪਾ ਕੇ ਕਾਂਗਰਸ ਪਾਰਟੀ ਨੂੰ ਸਫਲ ਬਣਾਇਆ ਜਾਵੇ। ਆਪਣੀ ਚੋਣ ਮੁਹਿੰਮ ਨੂੰ ਮਿਲ ਰਹੇ ਭਰਵੇਂ ਹੁੰਗਾਰੇ ਉੱਤੇ ਬੋਲਦਿਆਂ ਡਾ. ਅਮਰ ਸਿੰਘ ਨੇ ਕਿਹਾ ਕਿ ਕਾਂਗਰਸ ਪਾਰਟੀ ਤੇ ਉਨ੍ਹਾਂ ਵੱਲੋਂ ਹਲਕੇ ਦੇ ਲੋਕਾਂ ਨਾਲ ਕੀਤਾ ਇੱਕ ਇੱਕ ਵਾਅਦਾ ਪੁਗਾਇਆ ਜਾਵੇਗਾ ਤੇ ਲੋਕਾਂ ਦੇ ਹਿੱਤਾਂ ਦੀ ਰਾਖੀ ਲਈ ਹਰ ਸੰਭਵ ਯਤਨ ਕੀਤੇ ਜਾਣਗੇ।ਇਸ ਮੌਕੇ ਉਨ੍ਹਾ ਨਾਲ ਕਾਂਗਰਸ ਦੀ ਸਮੁੱਚੀ ਲੀਡਰਸ਼ਿਪ ਹਾਜ਼ਰ ਸੀ।

## ...ਸਫ਼ਾ 1 ਦੇ ਬਾਕੀ

### ਕਾਮਰੇਡ ਅਤੁਲ ਕੁਮਾਰ...

ਅਤੇ ਸਮਰਥਕਾਂ ਨੂੰ ਸੱਦਾ ਦਿੱਤਾ ਕਿ ਉਨ੍ਹਾ ਦੀ ਜ਼ਿੰਦਗੀ ਤੋਂ ਪ੍ਰੇਰਨਾ ਲੈ ਕੇ ਹਰ ਸ਼ੋਸ਼ਣ ਅਤੇ ਵਿਤਕਰੇ ਰਹਿਤ ਨਵਾਂ ਭਾਰਤ ਸਿਰਜਣ ਲਈ ਸੰਘਰਸ਼ ਵਿੱਚ ਅੱਗੇ ਆਉਣ। ਕੁਲ ਹਿੰਦ ਕਿਸਾਨ ਸਭਾ ਪੰਜਾਬ ਇਕਾਈ ਦੇ ਆਗੂ ਬਲਦੇਵ ਸਿੰਘ ਨਿਹਾਲਗੜ੍ਹ, ਲਖਬੀਰ ਸਿੰਘ ਨਿਜ਼ਾਮਪੁਰ, ਸੂਰਤ ਸਿੰਘ ਧਰਮਕੋਟ, ਬਲਕਰਨ ਸਿੰਘ ਬਰਾੜ, ਭੁਪਿੰਦਰ ਸਿੰਘ ਮੌਲਵੀਵਾਲਾ ਨੇ ਕਾਮਰੇਡ ਅਨਜਾਨ ਦੀ ਮੌਤ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਕਿਸਾਨ ਸਭਾ ਇੱਕ ਮਹਾਨ ਆਗੂ ਤੋਂ ਵਿਰਵੀ ਹੋ ਗਈ ਹੈ। ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਕੌਮੀ ਜਨਰਲ ਸਕੱਤਰ ਗੁਲਜ਼ਾਰ ਸਿੰਘ ਗੋਰੀਆ ਅਤੇ ਪੰਜਾਬ ਖੇਤ ਮਜ਼ਦੂਰ ਸਭਾ ਦੇ ਜਨਰਲ ਸਕੱਤਰ ਦੇਵੀ ਕੁਮਾਰੀ ਸਰਹਾਲੀ ਕਲਾਂ ਨੇ ਕਿਹਾ ਕਿ ਕਾਮਰੇਡ ਅਨਜਾਨ ਗਤੀਸ਼ੀਲ, ਪ੍ਰਭਾਵਸ਼ਾਲੀ ਬੁਲਾਰੇ, ਚੰਗੇ ਬਹਿਸ ਕਰਤਾ ਅਤੇ ਕਿਸਾਨੀ ਮਸਲਿਆਂ 'ਤੇ ਭਰਪੂਰ ਸਮਝ ਰੱਖਣ ਵਾਲੇ ਸਨ। ਉਹ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਹੋਰ ਮਿਹਨਤਕਸ਼ ਲੋਕਾਂ ਦੇ ਏਕੇ ਦੇ ਮੁੱਦਈ ਸਨ।

**ਲੁਧਿਆਣਾ (ਐੱਮ ਐੱਸ ਭਾਟੀਆ)** : ਭਾਰਤੀ ਕਮਿਊਨਿਸਟ ਪਾਰਟੀ ਜ਼ਿਲ੍ਹਾ ਲੁਧਿਆਣਾ ਨੇ ਕਾਮਰੇਡ ਅਤੁਲ ਕੁਮਾਰ ਅਨਜਾਨ ਦੇ ਅਕਾਲ ਚਲਾਣੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਪਾਰਟੀ ਉਹਨਾ ਦੇ ਸਮੁੱਚੇ ਪਰਵਾਰ ਨਾਲ ਇਸ ਦੁੱਖ ਦੀ ਘੜੀ ਵਿੱਚ ਸ਼ਾਮਲ ਹੈ।

### ਲੁਧਿਆਣਾ ਦੇ ਕਿਸ਼ੋਰੀ ਲਾਲ...

ਇੰਦਿਰਾ ਨੇ ਰਾਜ ਨਾਰਾਇਣ ਨੂੰ 111810 ਵੋਟਾਂ ਨਾਲ ਹਰਾਇਆ। ਰਾਜ ਨਾਰਾਇਣ ਨੇ ਹੇਰਾਫੇਰੀ ਦਾ ਦੋਸ਼ ਲਾ ਕੇ ਅਲਾਹਾਬਾਦ ਹਾਈ ਕੋਰਟ ਵਿਚ ਪਟੀਸ਼ਨ ਦਾਇਰ ਕਰ ਦਿੱਤੀ। ਹਾਈ ਕੋਰਟ ਨੇ ਇੰਦਿਰਾ ਦੀ ਚੋਣ ਰੱਦ ਕਰ ਦਿੱਤੀ। ਇੰਦਿਰਾ ਨੇ ਅਸਤੀਫਾ ਦੇਣ ਤੋਂ ਇਨਕਾਰ ਕਰਕੇ ਫੈਸਲੇ ਨੂੰ ਸੁਪਰੀਮ ਕੋਰਟ ਵਿਚ ਚੈਲੰਜ ਕੀਤਾ। ਕੁਝ ਚਿਰ ਬਾਅਦ ਐਮਰਜੈਂਸੀ ਲਾ ਦਿੱਤੀ। ਐਮਰਜੈਂਸੀ ਹਟਣ ਤੋਂ ਬਾਅਦ 1977 ਦੀ ਚੋਣ ਵਿਚ ਰਾਏ ਬਰੇਲੀ ਤੋਂ ਰਾਜ ਨਾਰਾਇਣ ਨੇ ਇੰਦਿਰਾ ਨੂੰ 55202 ਵੋਟਾਂ ਨਾਲ ਹਰਾ ਦਿੱਤਾ।

ਇਸ ਦੇ ਬਾਅਦ ਇੰਦਿਰਾ ਕਰਨਾਟਕ ਦੀ ਚਿਕਮੰਗਲੂਰ ਸੀਟ ਦੀ ਉਪ ਚੋਣ ਜਿੱਤ ਕੇ ਲੋਕ ਸਭਾ ਪੁੱਜੀ। 1980 ਵਿਚ ਇੰਦਿਰਾ ਨੇ ਰਾਏ ਬਰੇਲੀ ਵਿਚ ਜਨਤਾ ਪਾਰਟੀ ਦੀ ਵਿਜੇ ਰਾਜੇ ਸਿੰਧੀਆ ਨੂੰ 173654 ਵੋਟਾਂ ਨਾਲ ਹਰਾਇਆ। ਇੰਦਿਰਾ ਨੇ ਰਾਏ ਬਰੇਲੀ ਦੇ ਨਾਲ ਆਂਧਰਾ ਦੀ ਮੇਡਕ ਸੀਟ (ਹੁਣ ਤਿਲੰਗਾਨਾ ਵਿਚ) ਵੀ ਜਿੱਤੀ ਤੇ ਰਾਏ ਬਰੇਲੀ ਸੀਟ ਛੱਡ ਦਿੱਤੀ। ਰਾਏ ਬਰੇਲੀ ਦੀ ਉਪ ਚੋਣ ਵਿਚ ਕਾਂਗਰਸ ਦੇ ਅਰੁਣ ਨਹਿਰੂ ਜਿੱਤੇ। 1984 ਵਿਚ ਫਿਰ ਅਰੁਣ ਨਹਿਰੂ ਜਿੱਤੇ। 1989 ਵਿਚ ਸ਼ੀਲਾ ਕੌਲ ਜਿੱਤੀ, ਉਸ ਨੇ ਜਨਤਾ ਦਲ ਦੇ ਰਵਿੰਦਰ ਪ੍ਰਤਾਪ ਸਿੰਘ ਨੂੰ 83778 ਵੋਟਾਂ ਨਾਲ ਹਰਾਇਆ। 1991 ਵਿਚ ਸ਼ੀਲਾ ਕੌਲ ਜਨਤਾ ਦਲ ਦੇ ਅਸ਼ੋਕ ਕੁਮਾਰ ਨੂੰ ਮਸੀਂ 3917 ਵੋਟਾਂ ਨਾਲ ਹਰਾ ਸਕੀ। ਸ਼ੀਲਾ ਕੌਲ ਦੇ ਪਤੀ ਕਮਲਾ ਨਹਿਰੂ ਦੇ ਭਰਾ ਸਨ। ਯਾਨਿ ਸ਼ੀਲਾ ਕੌਲ ਇੰਦਿਰਾ ਦੀ ਮਾਮੀ ਸੀ। 1996 ਵਿਚ ਰਾਏ ਬਰੇਲੀ ਤੋਂ ਸ਼ੀਲਾ ਕੌਲ ਦੇ ਬੇਟੇ ਵਿਕਰਮ ਕੌਲ ਲੜੇ ਤੇ ਉਨ੍ਹਾ ਦੀ ਜ਼ਮਾਨਤ ਜ਼ਬਤ ਹੋ ਗਈ। ਉਨ੍ਹਾ ਨੂੰ ਸਿਰਫ 25457 ਵੋਟਾਂ ਪਈਆਂ। ਕੁਲ ਵੋਟਾਂ ਦਾ 5.29 ਫੀਸਦੀ। 1996 ਦੀ ਚੋਣ ਭਾਜਪਾ ਦੇ ਅਸ਼ੋਕ ਸਿੰਘ ਪੁੱਤਰ ਦਵਿੰਦਰ ਨਾਥ ਸਿੰਘ ਨੇ ਜਨਤਾ ਦਲ ਦੇ ਅਸ਼ੋਕ ਸਿੰਘ ਪੁੱਤਰ ਰਾਮ ਇਕਬਾਲ ਸਿੰਘ ਨੂੰ 33887 ਵੋਟਾਂ ਨਾਲ ਹਰਾਇਆ। 1998 ਦੀਆਂ ਆਮ ਚੋਣਾਂ ਵਿਚ ਭਾਜਪਾ ਦੇ ਅਸ਼ੋਕ ਸਿੰਘ ਫਿਰ ਜਿੱਤੇ। ਉਨ੍ਹਾ ਸਮਾਜਵਾਦੀ ਪਾਰਟੀ ਦੇ ਸੁਰਿੰਦਰ ਬਹਾਦਰ ਸਿੰਘ ਨੂੰ 40722 ਵੋਟਾਂ ਨਾਲ ਹਰਾਇਆ। ਕਾਂਗਰਸ ਉਮੀਦਵਾਰ ਸ਼ੀਲਾ ਕੌਲ ਦੀ ਬੇਟੀ ਦੀਪਾ ਕੌਲ ਦੀ ਜ਼ਮਾਨਤ ਜ਼ਬਤ ਹੋ ਗਈ। 1999 ਵਿਚ ਕਾਂਗਰਸ ਦੇ ਕੈਪਟਨ ਸਤੀਸ਼ ਸ਼ਰਮਾ ਨੇ ਸਮਾਜਵਾਦੀ ਪਾਰਟੀ ਦੇ ਗਜਾਧਰ ਸਿੰਘ ਨੂੰ 73549 ਵੋਟਾਂ ਨਾਲ ਹਰਾਇਆ।

ਦਿਲਚਸਪ ਗੱਲ ਹੈ ਕਿ ਗਾਂਧੀ ਪਰਵਾਰ ਨਾਲ ਸੰਬੰਧ ਰੱਖਣ ਵਾਲੇ ਅਰੁਣ ਨਹਿਰੂ ਭਾਜਪਾ ਦੀ ਟਿਕਟ 'ਤੇ ਲੜੇ ਸਨ, ਕਿਉਂਕਿ ਰਾਜੀਵ ਨਾਲ ਮਤਭੇਦਾਂ ਕਾਰਨ ਉਨ੍ਹਾ ਕਾਂਗਰਸ ਛੱਡ ਦਿੱਤੀ ਸੀ।

ਰਾਹੁਲ ਨੇ 2004 ਵਿਚ ਚੋਣ ਸਿਆਸਤ ਵਿਚ ਕਦਮ ਰੱਖਿਆ ਤਾਂ ਸੋਨੀਆ ਗਾਂਧੀ ਨੇ ਅਮੇਠੀ ਸੀਟ ਛੱਡ ਦਿੱਤੀ ਤੇ ਰਾਏ ਬਰੇਲੀ ਚਲੇ ਗਈ। ਉਥੋਂ ਸੋਨੀਆ ਨੇ ਸਪਾ ਦੇ ਅਸ਼ੋਕ ਕੁਮਾਰ ਸਿੰਘ ਨੂੰ 249765 ਵੋਟਾਂ ਨਾਲ ਹਰਾਇਆ। 2009 ਵਿਚ ਸੋਨੀਆ ਫਿਰ ਜਿੱਤੀ। ਉਸ ਨੇ ਬਸਪਾ ਦੇ ਆਰ ਐੱਸ ਕੁਸ਼ਵਾਹਾ ਨੂੰ 372165 ਵੋਟਾਂ ਨਾਲ ਹਰਾਇਆ। 2014 ਤੇ 2019 ਵਿਚ ਵੀ ਸੋਨੀਆ ਜਿੱਤੀ।

## ਜਲਦ ਹੀ ਔਰਤਾਂ ਨੂੰ 1000 ਤੇ ਬਜ਼ੁਰਗਾਂ ਨੂੰ 2500 ਰੁਪਏ ਪੈਨਸ਼ਨ ਦੇਣ ਦਾ ਅਮਲ ਸ਼ੁਰੂ ਹੋਵੇਗਾ : ਪਵਨ ਟੀਨੂੰ



**ਜਲੰਧਰ (ਪੱਤਰ ਪ੍ਰੇਰਕ)**-ਅੱਜ ਹਲਕਾ ਸ਼ਾਹਕੋਟ ਵਿੱਚ ਆਮ ਆਦਮੀ ਪਾਰਟੀ ਦੇ ਲੋਕ ਸਭਾ ਹਲਕਾ ਜਲੰਧਰ ਤੋਂ ਮਿਹਨਤੀ ਉਮੀਦਵਾਰ ਪਵਨ ਟੀਨੂੰ ਨੇ ਦੱਸਿਆ ਕਿ ਸਾਡੀ ਪਾਰਟੀ ਦੇ ਆਗੂ ਆਮ ਘਰਾਂ ਵਿੱਚੋਂ ਆਏ ਹੋਣ ਕਾਰਨ ਆਮ ਲੋਕਾਂ ਦੇ ਦੁੱਖਾਂ ਤਕਲੀਫਾਂ ਨੂੰ ਚੰਗੀ ਤਰ੍ਹਾਂ ਸਮਝਦੇ ਹਨ। ਉਨ੍ਹਾਂ ਦੱਸਿਆ ਕਿ ਪੰਜਾਬ ਦੀ ਭਗਵੰਤ ਸਿੰਘ ਮਾਨ ਸਰਕਾਰ ਵੱਲੋਂ ਜਲਦ ਹੀ ਔਰਤਾਂ ਨੂੰ 1000 ਰੁਪਏ ਮਹੀਨਾ ਦੇਣ ਦਾ ਆਪਣਾ ਵਾਅਦਾ ਪੂਰਾ ਕਰਨ ਜਾ ਰਹੀ ਹੈ ਅਤੇ ਬਜ਼ੁਰਗਾਂ ਦੀ ਪੈਨਸ਼ਨ 1000 ਰੁਪਏ ਹੋਰ ਵਧਾ ਕੇ 2500 ਰੁਪਏ ਕਰਨ ਦੀ ਰਣਨੀਤੀ ਤਿਆਰ ਕਰ ਰਹੀ ਹੈ। ਉਨ੍ਹਾਂ ਯਕੀਨ ਦਿਵਾਇਆ ਕਿ ਅਸੀਂ ਆਪਣੀ ਸਰਕਾਰ ਵੱਲੋਂ ਕੀਤੇ ਵਾਅਦੇ ਇੰਨ-ਬਿੰਨ ਪੂਰੇ ਕਰਾਂਗੇ। ਇਹ ਆਮ ਆਦਮੀ ਪਾਰਟੀ ਹੀ ਹੈ ਜਿਸ ਦੇ ਦੌਰ ਵਿੱਚ ਪੰਜਾਬ 'ਚ 43 ਹਜ਼ਾਰ ਤੋਂ ਵਧੇਰੇ ਨੌਕਰੀਆਂ ਬਿਨਾਂ ਕਿਸੇ ਸਿਫਾਰਿਸ਼ ਜਾਂ ਪ੍ਰਭਾਵ ਦੇ ਮੈਰਿਟ ਅਨੁਸਾਰ ਦਿੱਤੀਆਂ ਗਈਆਂ ਸਨ, ਭ੍ਰਿਸ਼ਟਾਚਾਰ ਤੇ ਨਸ਼ਿਆਂ ਦੇ ਖਿਲਾਫ ਸਾਨੂੰ ਸਾਰਿਆਂ ਨੂੰ ਮਿਲ ਕੇ ਲੜਾਈ ਲੜਨੀ ਪਵੇਗੀ। ਪਵਨ ਟੀਨੂੰ ਨੇ ਸੋਹਲ ਖੁਰਦ, ਔਲਖ, ਪੰਡੋਰੀ, ਹਰੀਪੁਰ, ਤੰਦੌਰਾ, ਇਸਮਾਈਲਪੁਰ, ਮਹਿਸਮਪੁਰ, ਅਵਾਣ ਖਾਲਸਾ, ਕੈਮਵਾਲਾ, ਉਮਰੇਵਾਲ, ਬੂਟੇ ਦੀਆਂ ਛੰਨਾ, ਬਘੇਲਾ, ਰਾਏਪੁਰ ਅਰਾਈਆਂ, ਧਰਮੇ ਦੀਆਂ ਛੰਨਾਂ, ਵਰੇਰਾਂ, ਉਮਰੇਵਾਲ ਬਿੱਲੇ, ਦਰੀਆ ਵਾਲਾ ਬਿੱਲੇ, ਰਾਏਪੁਰ ਗੁੱਜਰਾਂ, ਚੋਲੇ ਪਿੰਡ, ਰਾਏਪੁਰ ਮੰਡ ਆਦਿ ਦਾ ਦੌਰਾ ਕਰਦਿਆਂ ਕਿਹਾ ਕਿ ਘੱਟ ਗਿਣਤੀ ਲੋਕਾਂ ਨੂੰ ਬਰਾਬਰ ਦੇ ਹੱਕ ਦੇਣ ਵਾਲੇ ਸੰਵਿਧਾਨ ਨੂੰ ਬਦਲਣ ਦੀ ਤਾਕ ਵਿੱਚ ਬੈਠੇ ਨਰਿੰਦਰ ਮੋਦੀ ਜਾਣਦੇ ਹਨ ਕਿ ਉਨ੍ਹਾਂ ਨੂੰ ਅਗਲੀ ਟਰਮ ਲੈਣ ਵਿੱਚ ਸਭ ਤੋਂ ਜ਼ਬਰਦਸਤ ਲੜਾਈ ਆਮ ਆਦਮੀ ਪਾਰਟੀ ਹੀ ਦੇ ਰਹੀ ਹੈ, ਇਸੇ ਕਰਕੇ ਉਨ੍ਹਾਂ ਵੱਲੋਂ 'ਆਪ' ਦੇ ਸਿਰਮੌਰ ਲੀਡਰਾਂ ਨੂੰ ਜੇਲ੍ਹਾਂ ਵਿੱਚ ਡੱਕਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਅਸੀਂ ਸੰਵਿਧਾਨ ਬਚਾਉਣ ਲਈ ਲੋਕ ਸ਼ਕਤੀ ਦਾ ਆਸਰਾ ਲੈ ਰਹੇ ਹਾਂ ਤੇ ਇਹ ਲੋਕ ਸ਼ਕਤੀ ਹੀ ਹੈ ਜੋ ਕਿਸੇ ਨੂੰ ਗੱਦੀ 'ਤੇ ਬਿਠਾ ਵੀ ਸਕਦੀ ਹੈ ਤੇ ਉਤਾਰ ਵੀ ਸਕਦੀ ਹੈ।

## ਸਹਾਇਕ ਰਿਟਰਨਿੰਗ ਅਫ਼ਸਰ ਵੱਲੋਂ ਪ੍ਰਮਿਸ਼ਨ ਸੰਬੰਧੀ ਮੀਟਿੰਗ



**ਜਲੰਧਰ** : ਅਮਨਪ੍ਰੀਤ ਸਿੰਘ ਸਹਾਇਕ ਰਿਟਰਨਿੰਗ ਅਫ਼ਸਰ ਲੋਕ ਸਭਾ ਚੋਣਾਂ 04-ਜਲੰਧਰ, ਵਿਧਾਨ ਸਭਾ ਹਲਕਾ 037-ਜਲੰਧਰ ਕੈਂਟ ਵੱਲੋਂ ਲੋਕ ਸਭਾ ਚੋਣਾਂ ਦੇ ਨੋਟੀਫਿਕੇਸ਼ਨ ਤੋਂ ਪਹਿਲਾਂ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਆਪਣੇ ਦਫ਼ਤਰ ਵਿਖੇ ਮੀਟਿੰਗ ਕੀਤੀ ਗਈ। ਮੀਟਿੰਗ 'ਚ ਸਿਆਸੀ ਪਾਰਟੀਆਂ ਦੇ ਨੁਮਾਇੰਦੇ ਹਾਜ਼ਰ ਹੋਏ। ਉਨ੍ਹਾ ਵੱਲੋਂ ਇਹ ਵਿਸ਼ਵਾਸ ਜਤਾਇਆ ਗਿਆ ਕਿ ਉਹ ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਣਗੇ ਕਿ ਕੋਈ ਰੈਲੀ/ਮੀਟਿੰਗ/ਨੁੱਕੜ ਮੀਟਿੰਗ ਆਦਿ ਲਈ ਪ੍ਰਮਿਸ਼ਨ ਨਿਸਚਿਤ ਸਮੇਂ ਵਿੱਚ ਅਪਲਾਈ ਕੀਤੀ ਜਾਵੇ।


**Capital Small Finance Bank Ltd.**
MIDAS Corporate Park, 3rd Floor, 37, G.T. Road, Jalandhar-144001, Punjab, India

ਸਕਿਊਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐਂਸਟਸ ਅਤੇ ਇਨਫੋਰਸਮੈਂਟ ਆਫ ਸਕਿਊਰਟੀ ਇੰਟਰੈਸਟ ਐਕਟ, 2002 ਦੇ ਸੈਕਸ਼ਨ 13 (2) ਅਧੀਨ ਨੋਟਿਸ

ਹੇਠਾਂ ਦਰਸਾਏ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਸਕਿਊਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐਸਟਸ ਅਤੇ ਇਨਫੋਰਸਮੈਂਟ ਆਫ ਸਕਿਊਰਟੀ ਇੰਟਰੈਸਟ, 2002 ਦੇ ਸੈਕਸ਼ਨ 13 (2) ਅਧੀਨ ਮਿਤੀ 26-04-2024 ਨੂੰ ਨੋਟਿਸ ਭੇਜਿਆ ਗਿਆ ਸੀ, ਜੋ ਡਾਕ ਵਿਭਾਗ ਵੱਲੋਂ ਵਾਪਸ ਕਰ ਦਿੱਤਾ ਗਿਆ ਸੀ ਅਤੇ ਅਧਿਕਾਰਤ ਅਫਸਰ ਨੂੰ ਯਕੀਨ ਹੋ ਗਿਆ ਹੈ ਕਿ ਕਰਜ਼ਦਾਰ/ਗਰੰਟਰ ਨੋਟਿਸ ਦੀ ਤਾਮੀਲ ਤੋਂ ਕੰਨੀ ਕਤਰਾ ਰਹੇ ਹਨ। ਇਸ ਲਈ ਉਨ੍ਹਾਂ ਨੂੰ ਇਸ ਜਨਤਕ ਨੋਟਿਸ ਰਾਹੀਂ ਉਹੀ ਜਾਣਕਾਰੀ ਦਿੱਤੀ ਜਾ ਰਹੀ ਹੈ।

(1) (ਐੱਚ ਐੱਲ 'ਚ ਕਰਜ਼ਦਾਰ) : ਕਿਰਨਜੀਤ ਕੌਰ ਪਤਨੀ ਹਰਜੀਵਨ ਸਿੰਘ ਵਾਸੀ ਮਕਾਨ ਨੰ. 179, ਕੋਟ ਈਸੇ ਖਾਂ ਰੋਡ, ਜ਼ੀਰਾ, ਫਿਰੋਜ਼ਪੁਰ, ਪੰਜਾਬ-142047
(2) (ਐੱਚ ਐੱਲ 'ਚ ਕਰਜ਼ਦਾਰ) : ਹਰਜੀਵਨ ਸਿੰਘ ਪੁੱਤਰ ਸੀਤਾ ਸਿੰਘ ਵਾਸੀ ਵਾਰਡ ਨੰ. 6, ਕੋਟ ਈਸੇ ਖਾਨ ਰੋਡ, ਜ਼ੀਰਾ, ਫਿਰੋਜ਼ਪੁਰ, ਪੰਜਾਬ-142047
(3) (ਐੱਚ ਐੱਲ 'ਚ ਗਰੰਟਰ) : ਨਿਸ਼ਾਨ ਸਿੰਘ ਪੁੱਤਰ ਜਰਨੈਲ ਸਿੰਘ ਵਾਸੀ ਮਕਾਨ ਨੰ. 77, ਝਤਰਾ ਰੋਡ, ਮਾਡਲ ਟਾਊਨ, ਜ਼ੀਰਾ, ਫਿਰੋਜ਼ਪੁਰ, ਪੰਜਾਬ-142047

| ਮਨਜ਼ੂਰ ਸਹੂਲਤ ਦੀ ਕਿਸਮ/ ਕਰਜ਼ ਨੰਬਰ | ਮਨਜ਼ੂਰ ਰਕਮ | ਡਿਮਾਂਡ ਨੋਟਿਸ ਦੀ ਮਿਤੀ ਨੂੰ ਬਕਾਇਆ ਰਕਮ (01/04/2024 ਤੋਂ ਵਿਆਜ ਰਹਿਤ) |
|---|---|---|
| HL/0128611000012 | ਰੁਪਏ 20,00,000/- | ਰੁਪਏ 19,91,912.37 |

ਪ੍ਰਾਇਮਰੀ ਸਕਿਉਰਿਟੀ : ਅਚੱਲ ਜਾਇਦਾਦ ਦਾ ਉਚਿਤ ਗਿਰਵੀਨਾਮਾ : ਬੈਨਾਮਾ ਦਸਤਾਵੇਜ਼ ਨੰ. 2018-19/117/1/1481 ਮਿਤੀ 24/01/2019 ਅਨੁਸਾਰ ਕਿਰਨਜੀਤ ਕੌਰ ਪਤਨੀ ਹਰਜੀਵਨ ਸਿੰਘ ਦੀ ਮਲਕੀਅਤ ਜਾਇਦਾਦ ਰਕਬਾ 7 ਮਰਲਾ, ਮਨਸੂਰਦੇਵਾ, ਹੱਦਬਸਤ ਨੰ. 328, ਤਹਿਸੀਲ ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ ਵਿਖੇ ਸਥਿਤ ਨਾਲ ਸੰਬੰਧਤ ਸਭ ਕੁਝ। (ਮੌਜੂਦਾ ਪਤਾ : ਅਵਾਣ ਰੋਡ, ਨਿਊ ਐਂਬਰੋਸਿਅਲ ਪਬਲਿਕ ਸਕੂਲ, ਜ਼ੀਰਾ, ਫਿਰੋਜ਼ਪੁਰ)

ਸਕਿਊਰਟਾਈਜੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਊਰਟੀ ਇੰਟਰੈਸਟ ਐਕਟ 2002 ਦੇ ਸੈਕਸ਼ਨ 13 ਤਹਿਤ ਬੈਂਕ ਇਸ ਜਨਤਕ ਨੋਟਿਸ ਰਾਹੀਂ ਤੁਹਾਨੂੰ ਬੈਂਕ ਦੇ ਵਹੀ ਖਾਤਿਆਂ 'ਚ ਤੁਹਾਡੇ ਵਿਰੁੱਧ ਸਾਰੀਆਂ ਬਕਾਇਆ ਰਕਮਾਂ ਇਸ ਦੀ ਬਰਾਂਚ ਜ਼ੀਰਾ 'ਚ, ਸਮੇਤ ਇਸ ਉਪਰ ਭਵਿੱਖੀ ਵਿਆਜ, ਸਮੇਂ-ਸਮੇਂ 'ਤੇ ਬੈਂਕ ਵੱਲੋਂ ਕੀਤੇ ਗਏ ਹੋਰ ਖਰਚਿਆਂ ਅਤੇ ਲਾਗਤਾਂ ਨਾਲ ਸਾਰੀਆਂ ਮੁਕੰਮਲ ਦੇਣਦਾਰੀਆਂ, ਇਸ ਨੋਟਿਸ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਜਮ੍ਹਾਂ ਕਰਵਾਉਣ ਦਾ ਸੱਦਾ ਦਿੰਦਾ ਹੈ, ਅਸਫਲ ਰਹਿਣ 'ਤੇ ਤੁਹਾਡੇ ਜੋਖਮ ਅਤੇ ਲਾਗਤਾਂ 'ਤੇ ਬੈਂਕ ਐਕਟ (ਸੁਪਰਾ) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਏ ਸਾਰੇ ਜਾਂ ਕਿਸੇ ਇੱਕ ਢੰਗ ਨਾਲ ਸਕਿਓਰਡ ਕਰਜ਼ਾ ਵਸੂਲਣ ਲਈ ਕਾਰਵਾਈ ਕਰੇਗਾ: -(ਏ) ਸਕਿਓਰਡ ਐੱਸਟਸ ਦੀ ਵਸੂਲੀ ਲਈ ਵਿਕਰੀ (ਬੀ) ਸਕਿਓਰਡ ਐੱਸਟਸ ਦੇ ਪ੍ਰਬੰਧ ਨੂੰ ਆਪਣੇ ਹੱਥਾਂ ਵਿੱਚ ਲੈਣ ਸਮੇਤ ਸਕਿਓਰਡ ਐੱਸਟਸ ਦਾ ਕਬਜ਼ਾ ਲੈ ਕੇ ਤਬਦੀਲ ਕਰਨ ਦਾ ਅਧਿਕਾਰ ਸਮੇਤ ਸਕਿਓਰਡ ਐੱਸਟਸ ਦੀ ਵਸੂਲੀ ਲਈ ਵਿਕਰੀ ਰਾਹੀਂ ਤਬਦੀਲ ਕਰਨ ਦਾ ਅਧਿਕਾਰ (ਸੀ) ਸਕਿਓਰਡ ਐੱਸਟਸ ਦੇ ਪ੍ਰਬੰਧ ਲਈ ਕਿਸੇ ਵਿਅਕਤੀ ਦੀ ਨਿਯੁਕਤੀ (ਡੀ) ਕਿਸੇ ਸਮੇਂ ਵੀ ਲਿਖਤੀ ਨੋਟਿਸ ਰਾਹੀਂ, ਕਿਸੇ ਵਿਅਕਤੀ ਜਿਸ ਨੇ ਤੁਹਾਡੇ ਕੋਲੋਂ ਕੋਈ ਵੀ ਸਕਿਓਰਡ ਐੱਸਟਸ ਪ੍ਰਾਪਤ ਕੀਤਾ ਹੋਵੇ, ਬੈਂਕ ਨੂੰ ਅਦਾਇਗੀ ਲਈ ਸੱਦਣਾ।

ਅੱਗੇ ਕਿਰਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਜੇਕਰ ਕਰਜ਼ਦਾਰ/ਗਰੰਟਰ ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨਾਂ ਦੇ ਅੰਦਰ ਸਾਰੀਆਂ ਮੁਕੰਮਲ ਦੇਣਦਾਰੀਆਂ ਅਦਾ ਕਰਨ 'ਚ ਅਸਫਲ ਰਹਿੰਦੇ ਹਨ ਅਤੇ ਬੈਂਕ (ਸੁਪਰਾ) ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ 4 ਅਧੀਨ ਕੋਈ ਕਾਰਵਾਈ ਕਰਦਾ ਹੈ ਤਾਂ ਕਰਜ਼ਦਾਰ/ਗਰੰਟਰਾਂ ਨੂੰ ਬੈਂਕ ਵੱਲੋਂ ਸਹਿਣ ਕੀਤੀਆਂ ਜਾਣ ਵਾਲੀਆਂ ਸਾਰੀਆਂ ਲਾਗਤਾਂ, ਚਾਰਜਿਜ਼, ਖਰਚੇ ਅਦਾ ਕਰਨੇ ਪੈਣਗੇ। ਜੇਕਰ ਸਕਿਓਰਡ ਐੱਸਟਸ ਦੀ ਵਿਕਰੀ ਦੀ ਕਾਰਵਾਈ ਨਾਲ ਬੈਂਕ ਦੇ ਸਾਰੇ ਬਕਾਏ ਮੁਕੰਮਲ ਤੌਰ 'ਤੇ ਵਸੂਲ ਨਹੀਂ ਹੁੰਦੇ ਤਾਂ ਬੈਂਕ ਬਕਾਇਆ ਰਕਮ ਤੁਹਾਡੇ ਅਤੇ ਗਰੰਟਰਾਂ ਅਤੇ ਹੋਰ ਜ਼ਿੰਮੇਵਾਰ ਵਿਅਕਤੀਆਂ ਕੋਲੋਂ ਨਿੱਜੀ ਤੌਰ 'ਤੇ ਵਸੂਲੀ ਕਰਨ ਲਈ ਕਾਰਵਾਈ ਕਰੇਗਾ। ਇਹ ਨੋਟਿਸ ਬੈਂਕ ਨੂੰ ਪ੍ਰਾਪਤ ਅਧਿਕਾਰਾਂ, ਉਪਲਬਧ ਹੱਲ ਅਤੇ ਕਾਨੂੰਨੀ ਰੀਕੋਰਸ ਅਨੁਸਾਰ ਬਿਨਾਂ ਕਿਸੇ ਪੱਖਪਾਤ ਦੇ ਹੈ।

ਮਿਤੀ : 02/05/2024 | ਸਥਾਨ : ਜਲੰਧਰ | (ਅਧਿਕਾਰਤ ਅਫਸਰ)



**Capital Small Finance Bank Ltd.**
MIDAS Corporate Park, 3rd Floor, 37, G.T. Road, Jalandhar-144001, Punjab, India

ਸਕਿਊਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਊਰਟੀ ਇੰਟਰੈਸਟ ਐਕਟ, 2002 ਦੇ ਸੈਕਸ਼ਨ 13 (2) ਅਧੀਨ ਨੋਟਿਸ

ਹੇਠਾਂ ਦਰਸਾਏ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਸਕਿਊਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਊਰਟੀ ਇੰਟਰੈਸਟ, 2002 ਦੇ ਸੈਕਸ਼ਨ 13 (2) ਅਧੀਨ ਮਿਤੀ 26-04-2024 ਨੂੰ ਨੋਟਿਸ ਭੇਜਿਆ ਗਿਆ ਸੀ, ਜੋ ਡਾਕ ਵਿਭਾਗ ਵੱਲੋਂ ਵਾਪਸ ਕਰ ਦਿੱਤਾ ਗਿਆ ਸੀ ਅਤੇ ਅਧਿਕਾਰਤ ਅਫਸਰ ਨੂੰ ਯਕੀਨ ਹੋ ਗਿਆ ਹੈ ਕਿ ਕਰਜ਼ਦਾਰ/ਗਰੰਟਰ ਨੋਟਿਸ ਦੀ ਤਾਮੀਲ ਤੋਂ ਕੰਨੀ ਕਤਰਾ ਰਹੇ ਹਨ। ਇਸ ਲਈ ਉਨ੍ਹਾਂ ਨੂੰ ਇਸ ਜਨਤਕ ਨੋਟਿਸ ਰਾਹੀਂ ਉਹੀ ਜਾਣਕਾਰੀ ਦਿੱਤੀ ਜਾ ਰਹੀ ਹੈ।

1. (ਡਬਲਯੂ ਸੀ ਟੀ ਐੱਲ 'ਚ ਕਰਜ਼ਦਾਰ) : ਮੈਸਰਜ਼ ਗੁਰੂ ਕਿਰਪਾ ਸੇਠ ਢਾਬਾ, ਗਗਨਦੀਪ ਕਲੋਨੀ, ਕਾਕੋਵਾਲ, ਗਲੀ ਨੰ. 4, ਲੁਧਿਆਣਾ।
2. (ਨੋਟਿਸੀ ਨੰ. 1 ਦਾ ਮਾਲਕ) : ਸ੍ਰੀ ਨਰੇਸ਼ ਕੁਮਾਰ ਪੁੱਤਰ ਸੁਰਿੰਦਰ ਕੁਮਾਰ ਵਾਸੀ ਬਜਰਾ ਕਲੋਨੀ, ਲੁਧਿਆਣਾ, ਪੰਜਾਬ-141007.
3. (ਡਬਲਯੂ ਸੀ ਟੀ ਐੱਲ 'ਚ ਗਰੰਟਰ) : ਗੁੰਜਨ ਪਤਨੀ ਨਰੇਸ਼ ਕੁਮਾਰ ਵਾਸੀ ਗਲੀ ਨੰ. 1, ਬਜਰਾ ਕਲੋਨੀ, ਬਜਰਾ, ਲੁਧਿਆਣਾ-141007.
4. (ਡਬਲਯੂ ਸੀ ਟੀ ਐੱਲ 'ਚ ਗਰੰਟਰ) : ਬੰਟੀ ਪੁੱਤਰ ਵਿਜੇ ਬਹਾਦਰ ਸਿੰਘ ਵਾਸੀ ਮਕਾਨ ਨੰ. 117, ਗਲੀ ਨੰ. 8, ਗਗਨਦੀਪ ਕਲੋਨੀ, ਕੈਲਾਸ਼ ਨਗਰ ਰੋਡ, ਜੋਧੇਵਾਲ, ਲੁਧਿਆਣਾ, ਪੰਜਾਬ-141007

| ਮਨਜ਼ੂਰ ਸਹੂਲਤ ਦੀ ਕਿਸਮ/ਕਰਜ਼ ਨੰਬਰ | ਮਨਜ਼ੂਰ ਰਕਮ | ਡਿਮਾਂਡ ਨੋਟਿਸ ਦੀ ਮਿਤੀ ਨੂੰ ਬਕਾਇਆ ਰਕਮ (01.04.2024 ਤੋਂ ਵਿਆਜ ਰਹਿਤ) |
|---|---|---|
| WCTL/104612000138 | Rs. 6,00,000/- | Rs. 5,72,835.30 |

ਪ੍ਰਾਇਮਰੀ ਸਕਿਉਰਿਟੀ : ਅਚੱਲ ਜਾਇਦਾਦ ਦਾ ਉੱਚਿਤ ਗਿਰਵੀਨਾਮਾ : ਬੈਨਾਮਾ ਦਸਤਾਵੇਜ਼ ਨੰ. 2021-22/106/1/12821 ਮਿਤੀ 17/12/2021 ਅਨੁਸਾਰ ਗੁੰਜਨ ਪਤਨੀ ਨਰੇਸ਼ ਕੁਮਾਰ ਦੀ ਮਲਕੀਅਤ ਜਾਇਦਾਦ ਰਕਬਾ 80 ਵਰਗ ਗਜ਼, ਪਿੰਡ ਨੂਰਵਾਲਾ, ਹੱਦਬਸਤ ਨੰ. 81, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ ਨਾਲ ਸੰਬੰਧਤ ਸਭ ਕੁਝ।

ਸਕਿਊਰਟਾਈਜੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਊਰਟੀ ਇੰਟਰੈਸਟ ਐਕਟ 2002 ਦੇ ਸੈਕਸ਼ਨ 13 ਤਹਿਤ ਬੈਂਕ ਇਸ ਜਨਤਕ ਨੋਟਿਸ ਰਾਹੀਂ ਤੁਹਾਨੂੰ ਬੈਂਕ ਦੇ ਵਹੀ-ਖਾਤਿਆਂ 'ਚ ਤੁਹਾਡੇ ਵਿਰੁੱਧ ਸਾਰੀਆਂ ਬਕਾਇਆ ਰਕਮਾਂ ਇਸ ਦੀ ਬਰਾਂਚ ਸੁੰਦਰ ਨਗਰ, ਲੁਧਿਆਣਾ, ਸਮੇਂ-ਸਮੇਂ 'ਤੇ ਬੈਂਕ ਵੱਲੋਂ ਕੀਤੇ ਗਏ ਹੋਰ ਖਰਚਿਆਂ ਅਤੇ ਲਾਗਤਾਂ ਨਾਲ ਸਾਰੀਆਂ ਮੁਕੰਮਲ ਦੇਣਦਾਰੀਆਂ, ਇਸ ਨੋਟਿਸ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਜਮ੍ਹਾਂ ਕਰਵਾਉਣ ਦਾ ਸੱਦਾ ਦਿੰਦਾ ਹੈ, ਅਸਫਲ ਰਹਿਣ 'ਤੇ ਤੁਹਾਡੇ ਜੋਖਮ ਅਤੇ ਲਾਗਤਾਂ 'ਤੇ ਬੈਂਕ ਐਕਟ (ਸੁਪਰਾ) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਏ ਸਾਰੇ ਜਾਂ ਕਿਸੇ ਇੱਕ ਢੰਗ ਨਾਲ ਸਕਿਓਰਡ ਕਰਜ਼ਾ ਵਸੂਲਣ ਲਈ ਕਾਰਵਾਈ ਕਰੇਗਾ:-(ਏ) ਸਕਿਓਰਡ ਐੱਸਟਸ ਦੀ ਵਸੂਲੀ ਲਈ ਵਿਕਰੀ (ਬੀ) ਸਕਿਓਰਡ ਐੱਸਟਸ ਦੇ ਪ੍ਰਬੰਧ ਨੂੰ ਆਪਣੇ ਹੱਥਾਂ ਵਿੱਚ ਲੈਣ ਸਮੇਤ ਸਕਿਓਰਡ ਐੱਸਟਸ ਦਾ ਕਬਜ਼ਾ ਲੈ ਕੇ ਤਬਦੀਲ ਕਰਨ ਦਾ ਅਧਿਕਾਰ ਸਮੇਤ ਸਕਿਓਰਡ ਐੱਸਟਸ ਦੀ ਵਸੂਲੀ ਲਈ ਵਿਕਰੀ ਰਾਹੀਂ ਤਬਦੀਲ ਕਰਨ ਦਾ ਅਧਿਕਾਰ (ਸੀ) ਸਕਿਓਰਡ ਐੱਸਟਸ ਦੇ ਪ੍ਰਬੰਧ ਲਈ ਕਿਸੇ ਵਿਅਕਤੀ ਦੀ ਨਿਯੁਕਤੀ (ਡੀ) ਕਿਸੇ ਸਮੇਂ ਵੀ ਲਿਖਤੀ ਨੋਟਿਸ ਰਾਹੀਂ, ਕਿਸੇ ਵਿਅਕਤੀ ਜਿਸ ਨੇ ਤੁਹਾਡੇ ਕੋਲੋਂ ਕੋਈ ਵੀ ਸਕਿਓਰਡ ਐੱਸਟਸ ਪ੍ਰਾਪਤ ਕੀਤਾ ਹੋਵੇ, ਬੈਂਕ ਨੂੰ ਅਦਾਇਗੀ ਲਈ ਸੱਦਣਾ। ਅੱਗੇ ਕਿਰਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਜੇਕਰ ਕਰਜ਼ਦਾਰ/ਗਰੰਟਰ ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨਾਂ ਦੇ ਅੰਦਰ ਸਾਰੀਆਂ ਮੁਕੰਮਲ ਦੇਣਦਾਰੀਆਂ ਅਦਾ ਕਰਨ 'ਚ ਅਸਫਲ ਰਹਿੰਦੇ ਹਨ ਅਤੇ ਬੈਂਕ (ਸੁਪਰਾ) ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ 4 ਅਧੀਨ ਕੋਈ ਕਾਰਵਾਈ ਕਰਦਾ ਹੈ ਤਾਂ ਕਰਜ਼ਦਾਰ/ਗਰੰਟਰਾਂ ਨੂੰ ਬੈਂਕ ਵੱਲੋਂ ਸਹਿਣ ਕੀਤੀਆਂ ਜਾਣ ਵਾਲੀਆਂ ਸਾਰੀਆਂ ਲਾਗਤਾਂ, ਚਾਰਜਿਜ਼, ਖਰਚੇ ਅਦਾ ਕਰਨੇ ਪੈਣਗੇ। ਜੇਕਰ ਸਕਿਓਰਡ ਐੱਸਟਸ ਦੀ ਵਿਕਰੀ ਦੀ ਕਾਰਵਾਈ ਨਾਲ ਬੈਂਕ ਦੇ ਸਾਰੇ ਬਕਾਏ ਮੁਕੰਮਲ ਤੌਰ 'ਤੇ ਵਸੂਲ ਨਹੀਂ ਹੁੰਦੇ ਤਾਂ ਬੈਂਕ ਬਕਾਇਆ ਰਕਮ ਤੁਹਾਡੇ ਅਤੇ ਗਰੰਟਰਾਂ ਅਤੇ ਹੋਰ ਜ਼ਿੰਮੇਵਾਰ ਵਿਅਕਤੀਆਂ ਕੋਲੋਂ ਨਿੱਜੀ ਤੌਰ 'ਤੇ ਵਸੂਲੀ ਕਰਨ ਲਈ ਕਾਰਵਾਈ ਕਰੇਗਾ। ਇਹ ਨੋਟਿਸ ਬੈਂਕ ਨੂੰ ਪ੍ਰਾਪਤ ਅਧਿਕਾਰਾਂ, ਉਪਲੱਬਧ ਹੱਲ ਅਤੇ ਕਾਨੂੰਨੀ ਰੀਕੋਰਸ ਅਨੁਸਾਰ ਬਿਨਾਂ ਕਿਸੇ ਪੱਖਪਾਤ ਦੇ ਹੈ।

ਮਿਤੀ : 02.05.2024 | ਸਥਾਨ : ਜਲੰਧਰ | (ਅਧਿਕਾਰਤ ਅਫਸਰ)



ਆਜ਼ਾਦੀ ਦਾ ਅੰਮ੍ਰਿਤ ਮਹੋਤਸਵ

**ਉੱਤਰ ਰੇਲਵੇ**

**ਈ-ਨਿਵਿਦਾ ਸੂਚਨਾ**

ਸੀਨੀ. ਮੰਡਲ ਬਿਜਲੀ ਇੰਜੀਨੀਅਰ/ਸਾਧਾਰਨ, ਉਤਰ ਰੇਲਵੇ, ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਈ-ਟੈਂਡਰਾਂ (www.ireps.gov.in) ਦੀ ਮੰਗ ਕੀਤੀ ਜਾਂਦੀ ਹੈ। ਟੈਂਡਰਕਾਰਕ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ।

| ਟੈਂਡਰ ਨੰਬਰ | ਕੰਮਾਂ ਦਾ ਵੇਰਵਾ | ਅੰਦਾਜਨ ਲਾਗਤ (ਰੂ.) | ਬਿਆਨਾ ਰਾਸ਼ੀ (ਰੂ.) | ਕੰਮ ਦਾ ਸਮਾਂ | ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ | ਵੈਬਸਾਈਟ |
|---|---|---|---|---|---|---|
| 251-ਬਿਜਲੀ-T-07-2024-25 | ਅੰਮ੍ਰਿਤਸਰ, ਫਿਰੋਜ਼ਪੁਰ, ਲੁਧਿਆਣਾ, ਜਲੰਧਰ, ਪਠਾਨਕੋਟ ਜੋਨ ਦੇ ਸਬਮਰਸੀਬਲ ਪੰਪਾਂ ਨੂੰ ਉਤਾਰਨ ਅਤੇ ਚੁਕਣ ਅਤੇ ਖਰਾਬ ਸਬਮਰਸੀਬਲ ਪੰਪ ਮੋਟਰਾਂ ਦੀ ਰੀਵਾਈਂਡਿੰਗ/ ਮੁਰੰਮਤ ਦੇ ਸਬੰਧ ਵਿਚ ਦੋ ਸਾਲ ਬਿਜਲੀ ਕੰਮ ਦਾ ਪ੍ਰਾਵਧਾਨ ਅਤੇ ਫਿਰੋਜ਼ਪੁਰ ਡਵੀਜਨ ਦੇ ਪੰਪ ਕੰਟਰੋਲ ਪ੍ਰਣਾਲੀ ਦੀ ਸੁਰੱਖਿਆ ਦੇ ਲਈ ਜੀਐਸਐਮ ਆਧਾਰਿਤ ਆਟੋਮੈਟਿਕ ਚਲਣ ਦਾ ਪ੍ਰਾਵਧਾਨ। | 65,98,435.24 | 1,32,000.00 | 24 ਮਹੀਨੇ | 23.05.2024 15:00 ਵਜੇ ਦੇ ਬਾਅਦ | www.ireps.gov.in |

ਨੰ. 251-ਬਿਜਲੀ ਟੈਂਡਰ ਨੋਟਿਸ ਨੰ. 05/ਬਿਜਲੀ-2024-25 ਮਿਤੀ 30.05.2024 | 1339/2024

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Singh @ Chand Fatehpuri**

ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ** : nawanzamana@gmail.com * **Web** : www.nawanzamana.in

CMYK

4-MAY-PAGE-3.qxd 5/3/2024 9:16 PM Page 1



# ਕਾਮਰੇਡ ਬਲਬੀਰ ਸਿੰਘ ਔਲਖ ਨੂੰ ਸੱਚੀ ਸ਼ਰਧਾਂਜਲੀ ਉਨ੍ਹਾਂ ਦੇ ਅਧੂਰੇ ਕਾਰਜਾਂ ਨੂੰ ਪੂਰਾ ਕਰਨਾ: ਮਾੜੀਮੇਘਾ



ਭਿੱਖੀਵਿੰਡ (ਨਜ਼ਸ)

ਕਾਮਰੇਡ ਬਲਬੀਰ ਸਿੰਘ ਔਲਖ ਦੇ ਸ਼ੋਕ ਸਮਾਗਮ ’ਤੇ ਬੋਲਦਿਆਂ ਸੀਪੀਆਈ ਦੇ ਕੌਮੀ ਕੌਂਸਲ ਮੈਂਬਰ ਪਿਰਥੀਪਾਲ ਸਿੰਘ ਮਾੜੀਮੇਘਾ ਤੇ ਖਡੂਰ ਸਾਹਿਬ ਹਲਕੇ ਤੋਂ ਪਾਰਲੀਮੈਂਟ ਦੇ ਉਮੀਦਵਾਰ ਗੁਰਦਿਆਲ ਸਿੰਘ ਖਡੂਰ ਸਾਹਿਬ ਨੇ ਆਪਣੇ ਵੱਡੇ ਭਰਾ ਨੂੰ ਸ਼ਰਧਾਂਜਲੀ ਅਰਪਿਤ ਕਰਦਿਆਂ ਕਿਹਾ ਕਿ ਭਾਉ ਬਲਬੀਰ ਸਿੰਘ ਨੇ ਆਪਣਾ ਸਾਰਾ ਪ੍ਰਵਾਰ ਕਮਿਊਨਿਸਟ ਪਾਰਟੀ ਦੇ ਨਾਲ ਤੋਰਿਆ, ਪ੍ਰਵਾਰ ਦੇ ਸਾਰੇ ਜੀਅ ਪਾਰਟੀ ਦੇ ਮੈਂਬਰ ਹਨ।ਹਰਜਿੰਦਰ ਕੌਰ ਇਸਤਰੀ ਸਭਾ ਦੀ ਭਿੱਖੀਵਿੰਡ ਬਲਾਕ ਦੀ ਸਕੱਤਰ ਅਤੇ ਸੀਪੀਆਈ ਦੀ ਜ਼ਿਲ੍ਹਾ ਕੌਂਸਲ ਮੈਂਬਰ ਹੈ।ਨਰਿੰਦਰ ਸਿੰਘ ਅਲਗੋਂ ਸੀਪੀਆਈ ਭਿੱਖੀਵਿੰਡ ਬਲਾਕ ਦਾ ਸਕੱਤਰ ਅਤੇ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਏਟਕ ਦਾ ਜ਼ਿਲ੍ਹਾ ਪ੍ਰਧਾਨ ਹੈ।ਇਹ ਪ੍ਰਵਾਰ ਫਿਰਕੂ ਦੌਰ ਵਿੱਚ ਅੱਤਵਾਦ ਵਿਰੁੱਧ ਵੀ ਡਟਿਆ ਸੀ ਤੇ ਹੁਣ ਵੀ ਸਰਕਾਰ ਦੀਆਂ ਧੱਕੇਸ਼ਾਹੀਆਂ ਵਿਰੁੱਧ ਸੰਘਰਸ਼ੀਲ ਰਹਿੰਦਾ ਹੈ।ਪੁਲਸ ਦੀਆਂ ਮਨਮਾਨੀਆਂ ਤੋਂ ਆਪਣੇ ਸਾਥੀਆਂ ਨੂੰ ਨਿਆਂ ਦਿਵਾਉਂਦਾ ਹੈ।ਨਰਿੰਦਰ ਸਿੰਘ ਨਰੇਗਾ ਕਾਮਿਆਂ ਦੇ ਰੁਜ਼ਗਾਰ ਲਈ ਹਮੇਸ਼ਾ ਹੀ ਤਤਪਰ ਰਹਿੰਦਾ ਹੈ।ਮਰਹੂਮ ਕਾਮਰੇਡ ਪਵਨ ਕੁਮਾਰ ਭਿੱਖੀਵਿੰਡ ਅਤੇ ਨਰਿੰਦਰ ਸਿੰਘ ਅਲਗੋਂ ਦੀ ਬਦੌਲਤ ਭਿੱਖੀਵਿੰਡ ਬਲਾਕ ਆਪਣੀ ਜਥੇਬੰਦੀ ’ਚੋਂ ਕੰਮ ਲੈਣ ਵਿੱਚ ਦੇਸ਼ ਭਰ ’ਚੋਂ ਪਹਿਲੇ ਨੰਬਰ ਤੇ ਹੈ।ਆਗੂਆਂ ਨੇ ਕਿਹਾ ਕਿ ਕਾਮਰੇਡ ਬਲਬੀਰ ਸਿੰਘ ਔਲਖ ਨੂੰ ਸੱਚੀ ਸ਼ਰਧਾਂਜਲੀ ਇਹੋ ਹੀ ਹੈ ਕਿ ਉਨ੍ਹਾਂ ਦੇ ਅਧੂਰੇ ਕਾਰਜ ਪੂਰਿਆਂ ਕਰਨ ਲਈ ਅਸੀਂ ਵਚਨਬੱਧ ਹਾਂ ਤੇ ਆਸ ਹੈ ਕਿ ਉਨ੍ਹਾਂ ਦਾ ਪ੍ਰਵਾਰ ਝੰਡੇ ਦੀ ਸ਼ਾਨ ਨੂੰ ਉੱਚਾ ਰੱਖੇਗਾ।ਸ਼ਰਧਾਂਜਲੀ ਅਰਪਿਤ ਕਰਨ ਵਾਲਿਆਂ ਵਿੱਚ ਪੰਜਾਬ ਖੇਤ ਮਜ਼ਦੂਰ ਸਭਾ ਦੀ ਸੂਬਾਈ ਜਨਰਲ ਸਕੱਤਰ ਦੇਵੀ ਕੁਮਾਰੀ, ਪੰਜਾਬ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਪੂਰਨ ਸਿੰਘ ਮਾੜੀਮੇਘਾ, ਪੰਜਾਬ ਇਸਤਰੀ ਸਭਾ ਦੀ ਸੂਬਾਈ ਸੀਨੀਅਰ ਮੀਤ ਪ੍ਰਧਾਨ ਰੁਪਿੰਦਰ ਕੌਰ ਮਾੜੀਮੇਘਾ, ਕਿਰਨਜੀਤ ਕੌਰ ਵਲਟੋਹਾ ਤੇ ਬੀਬੀ ਸਰੋਜ਼ ਮਲਹੋਤਰਾ, ਸੁਖਦੇਵ ਸਿੰਘ ਕੋਟ ਧਰਮ ਚੰਦ, ਨਰੇਗਾ ਦੇ ਆਗੂ ਟਹਿਲ ਸਿੰਘ ਲੱਧੂ, ਰਣਜੀਤ ਸਿੰਘ ਬਹਾਦਰ ਨਗਰ, ਕੁਲਬੀਰ ਸਿੰਘ ਕਸੇਲ, ਰਛਪਾਲ ਸਿੰਘ ਘੁਰਕਵਿੰਡ ਸਨ।ਸਟੇਜ ਸਕੱਤਰ ਦੇ ਫਰਜ਼ ਏਟਕ ਦੇ ਆਗੂ ਬਲਦੇਵ ਰਾਜ ਭਿੱਖੀਵਿੰਡ ਨੇ ਨਿਭਾਏ।ਨਰਿੰਦਰ ਸਿੰਘ ਅਲਗੋਂ ਨੇ ਸਾਰੀ ਸੰਗਤ ਦਾ ਧੰਨਵਾਦ ਕੀਤਾ।ਸ਼ਰਧਾਂਜਲੀ ਸਮਾਗਮ ਤੋਂ ਬਾਅਦ ਉਮੀਦਵਾਰ ਗੁਰਦਿਆਲ ਸਿੰਘ ਖਡੂਰ ਸਾਹਿਬ ਦੀ ਅਗਵਾਈ ਹੇਠ ਬਾਜ਼ਾਰ ਵਿੱਚ ਮਾਰਚ ਕਰਕੇ ਲੋਕਾਂ ਨੂੰ ਦਾਤਰੀ ਸਿੱਟੇ ਵਾਲਾ ਬਟਨ ਦਬਾ ਕੇ ਕਾਮਯਾਬ ਕਰਨ ਦੀ ਅਪੀਲ ਕੀਤੀ ਗਈ।

# ਗੁਰੂ ਗੋਬਿੰਦ ਸਿੰਘ ਮਾਡਰਨ ਸਕੂਲ ਬਖਤਪੁਰ ਦਾ ਅੱਠਵੀਂ ਦਾ ਨਤੀਜਾ ਸੌਫੀਸਦੀ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**

ਗੁਰੂ ਗੋਬਿੰਦ ਸਿੰਘ ਮਾਡਰਨ ਸਕੂਲ ਬਖਤਪੁਰ ਦਾ ਅੱਠਵੀਂ ਜਮਾਤ ਦਾ ਨਤੀਜਾ 100 % ਰਿਹਾ ਹੈ। ਇਸ ਬਾਬਤ ਸਕੂਲ ਦੇ ਪ੍ਰਿੰ. ਮੇਜਰ ਸਿੰਘ ਚਾਹਲ ਨੇ ਦੱਸਿਆ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ ਅੱਠਵੀਂ ਜਮਾਤ ਦੇ ਨਤੀਜਿਆਂ ਵਿੱਚ ਗੁਰੂ ਗੋਬਿੰਦ ਸਿੰਘ ਮਾਡਰਨ ਸਕੂਲ ਬਖਤਪੁਰ ਦੀ ਵਿਦਿਆਰਥਣ ਭੂਮਿਕਾ ਨੇ 95.5% ਅੰਕ ਲੈ ਕੇ ਸਕੂਲ ਵਿੱਚੋਂ ਪਹਿਲਾ ਸਥਾਨ, ਸੁਮਨਪ੍ਰੀਤ ਕੌਰ ਨੇ 95.3% ਅੰਕਾਂ ਨਾਲ ਦੂਜਾ ਸਥਾਨ, ਸੁਖਮਨਪ੍ਰੀਤ ਕੌਰ ਨੇ 95% ਅੰਕਾਂ ਨਾਲ ਤੀਜਾ ਸਥਾਨ ਅਤੇ ਪਲਕ ਰਾਏ ਨੇ 94 % ਅੰਕਾਂ ਨਾਲ ਚੌਥਾ ਸਥਾਨ ਪ੍ਰਾਪਤ ਕੀਤਾ ਹੈ, ਜਦਕਿ ਸੁਖਮਨਜਪਜੀਤ ਕੌਰ ਤੇ ਗੁਰਕਵਲਜੀਤ ਸਿੰਘ ਨੇ 91.5%, ਕਰਨਬੀਰ ਸਿੰਘ ਨੇ 90.5%,ਸਿਮਰਨਜੀਤ ਕੌਰ ਨੇ 90%, ਜਤਿਨਦੀਪ ਸਿੰਘ ਨੇ 88.5% ਅੰਕ ਪ੍ਰਾਪਤ ਕੀਤੇ ਹਨ ਅਤੇ ਬਾਕੀ ਸਾਰੇ ਬੱਚਿਆਂ ਨੇ ਵੀ 80% ਤੋਂ ਉਪਰ ਅੰਕ ਪ੍ਰਾਪਤ ਕਰਕੇ ਆਪਣੇ ਮਾਤਾ ਪਿਤਾ ਅਤੇ ਸਕੂਲ ਅਧਿਆਪਕਾਂ ਦਾ ਨਾਮ ਰੌਸ਼ਨ ਕੀਤਾ ਹੈ। ਇਸ ਮੌਕੇ ਸਕੂਲ ਡਾਇਰੈਕਟਰ ਡਾਕਟਰ ਮਹਿੰਦਰਪਾਲ ਸਿੰਘ ਕਲੇਰ, ਪ੍ਰਧਾਨ ਮੈਡਮ ਰਣਜੀਤ ਕੌਰ ਅਤੇ ਸਮੂਹ ਸਟਾਫ ਵੱਲੋਂ ਇਹਨਾਂ ਬੱਚਿਆਂ ਨੂੰ ਸ਼ਾਨਦਾਰ ਸਫਲਤਾ ਪ੍ਰਾਪਤ ਕਰਨ ਲਈ ਮੁਬਾਰਕਬਾਦ ਦਿੱਤੀ। ਇਸ ਮੌਕੇ ਸਕੂਲ ਅਧਿਆਪਕ ਅਜਮੇਰ ਸਿੰਘ, ਮੈਡਮ ਸੁਖਮੀਤ ਕੌਰ, ਮੈਡਮ ਸੁਖਵੰਤ ਕੌਰ, ਮੈਡਮ ਕੁਲਦੀਪ ਕੌਰ, ਮੈਡਮ ਪਰਮਿੰਦਰ ਕੌਰ, ਮੈਡਮ ਲਵਲੀਨ, ਮੈਡਮ ਸਵੀਟੀ, ਮੈਡਮ ਮਨਪ੍ਰੀਤ ਕੌਰ, ਮੈਡਮ ਪਵਨਪ੍ਰੀਤ ਕੌਰ, ਮੈਡਮ ਕਿਰਨ, ਮੈਡਮ ਕੁਲਜਿੰਦਰ ਕੌਰ, ਮੈਡਮ ਰਮਨਦੀਪ ਕੌਰ, ਮੈਡਮ ਸ਼ਿਲਪੀ, ਮੈਡਮ ਰੇਨੂ ਬਾਲਾ, ਮੈਡਮ ਰੇਖਾ ਰਾਣੀ ਆਦਿ ਹਾਜ਼ਰ ਸਨ।

## ਡਾ. ਚੀਮਾ ਦੇ ਹੱਕ ’ਚ ਜਥੇਦਾਰ ਬਾੜਾ ਵੱਲੋਂ ਆਰੀਆ ਨਗਰ ’ਚ ਚੋਣ ਮੀਟਿੰਗ

**ਦੀਨਾਨਗਰ, (ਬਲਵਿੰਦਰ ਸਿੰਘ ਬਿੱਲਾ)**-ਲੋਕ ਸਭਾ ਹਲਕਾ ਗੁਰਦਾਸਪੁਰ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਡਾ. ਦਲਜੀਤ ਸਿੰਘ ਚੀਮਾ ਦੇ ਹੱਕ ਵਿਚ ਟਕਸਾਲੀ ਅਕਾਲੀ ਆਗੂ ਜਥੇਦਾਰ ਨਰਿੰਦਰ ਸਿੰਘ ਬਾੜਾ ਦੀ ਅਗਵਾਈ ਵਿਚ ਦੀਨਾਨਗਰ ਦੇ ਆਰੀਆ ਨਗਰ ਵਿਚ ਚੋਣ ਮੀਟਿੰਗ ਕੀਤੀ ਗਈ। ਇਸ ਮੌਕੇ ਜਥੇਦਾਰ ਬਾੜਾ ਨੇ ਕਿਹਾ ਕਿ ਕਿਸਾਨਾਂ ਦੀ ਕੀਤੀ ਦੁਰਗਤੀ ਕਾਰਨ ਭਾਜਪਾ ਦੇ ਉਮੀਦਵਾਰਾਂ ਨੂੰ ਲੋਕ ਪਿੰਡਾਂ ਵਿਚ ਨਹੀਂ ਵੜਨ ਦੇ ਰਹੇ। ਕਾਂਗਰਸ ਹਾਰੀ ਹੋਈ ਲੜਾਈ ਲੜ ਰਹੀ ਹੈ ਅਤੇ ਆਮ ਆਦਮੀ ਪਾਰਟੀ ਕੋਲ ਕੋਈ ਚੋਣ ਏਜੰਡਾ ਹੀ ਨਹੀਂ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਪੰਜਾਬ ਦੀ ਅਮਨ-ਸ਼ਾਂਤੀ, ਭਾਈਚਾਰਕ ਏਕਤਾ ਅਤੇ ਸਰਬਪੱਖੀ ਵਿਕਾਸ ਦੀ ਮੁਦਈ ਪਾਰਟੀ ਹੈ। ਉਨ੍ਹਾਂ ਕਿਹਾ ਕਿ ਲੋਕ ਸਭਾ ਹਲਕਾ ਗੁਰਦਾਸਪੁਰ ਦੇ ਸਰਬਪੱਖੀ ਵਿਕਾਸ ਲਈ ਡਾ. ਦਲਜੀਤ ਸਿੰਘ ਚੀਮਾ ਨੂੰ ਜਿਤਾ ਕੇ ਪਾਰਲੀਮੈਂਟ ਵਿਚ ਭੇਜਣਾ ਬਹੁਤ ਜ਼ਰੂਰੀ ਹੈ। ਇਸ ਮੌਕੇ ਕਰਨਬੀਰ ਸਿੰਘ ਜਕੜੀਆ , ਤਰਸੇਮ ਸਿੰਘ, ਸੁੱਚਾ ਸਿੰਘ, ਜਰਨੈਲ ਸਿੰਘ, ਲਖਵਿੰਦਰ ਸਿੰਘ, ਜਸਵਿੰਦਰ ਸਿੰਘ, ਕੈਪਟਨ ਅਜੀਤ ਸਿੰਘ, ਕਿਰਪਾਲ ਸਿੰਘ, ਹਰਭਜਨ ਸਿੰਘ, ਲਖਵਿੰਦਰ ਸਿੰਘ, ਰਜਿੰਦਰ ਸਿੰਘ, ਬਲਕਾਰ ਸਿੰਘ, ਕ੍ਰਿਪਾਲ ਸਿੰਘ, ਮਨਜੀਤ ਸਿੰਘ ਏ.ਐਸ.ਆਈ., ਬੀਬੀ ਗੁਰਦੀਪ ਕੌਰ, ਮਨਜੀਤ ਕੌਰ ਅਤੇ ਕੰਵਲਜੀਤ ਕੌਰ ਆਦਿ ਹਾਜ਼ਰ ਸਨ।



## ਸ਼ਹੀਦ ਹਰਜਿੰਦਰ ਸਿੰਘ ਸਕੂਲ ਦੇ ਵਿਦਿਆਰਥੀਆਂ ਦੀ ਅੱਠਵੀਂ ਤੇ ਬਾਰ੍ਹਵੀਂ ਪ੍ਰੀਖਿਆਵਾਂ ’ਚ ਸ਼ਾਨਦਾਰ ਕਾਰਗੁਜ਼ਾਰੀ



**ਸਰਾਏ ਅਮਾਨਤ ਖਾਂ (ਮੱਖਣ ਮਨੋਜ)**-ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਅਧਿਆਪਕ ਬਹੁਤ ਹੀ ਲਗਨ ਨਾਲ ਪੜ੍ਹਾ ਰਹੇ ਹਨ। ਇਸ ਦਾ ਸ਼ਾਨਦਾਰ ਨਤੀਜਾ ਉਦੋਂ ਦੇਖਣ ਨੂੰ ਮਿਲਿਆ ਜਦ ਸਰਕਾਰੀ ਸੀਨੀਅਰ ਸੈਕੰਡਰੀ ਸੋਹਲ ਦੇ ਵਿਦਿਆਰਥੀਆਂ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਅੱਠਵੀਂ ਤੇ ਬਾਰ੍ਹਵੀਂ ਦੇ ਐਲਾਨੇ ਗਏ ਨਤੀਜੇ ਵਿੱਚ ਸ਼ਾਨਦਾਰ ਅੰਕ ਪ੍ਰਾਪਤ ਕਰਕੇ ਆਪਣੇ ਮਾਤਾ ਪਿਤਾ ਅਤੇ ਸਕੂਲ ਦਾ ਨਾਂ ਰੌਸ਼ਨ ਕੀਤਾ। ਸਕੂਲ ਮੁਖੀ ਸਿਮਰਨਜੀਤ ਸਿੰਘ ਢਿੱਲੋਂ ਨੇ ਦੱਸਿਆ ਕਿ ਬੋਰਡ ਵੱਲੋਂ ਐਲਾਨੇ ਗਏ ਅੱਠਵੀਂ ਦੇ ਨਤੀਜੇ ਵਿੱਚ ਖੁਸ਼ਬੀਰ ਕੌਰ ਨੇ 92 ਪ੍ਰਤੀਸ਼ਤ, ਮਹਿਕਪ੍ਰੀਤ ਕੌਰ ਅਤੇ ਹਰਮਨ ਸਿੰਘ ਨੇ 91 ਪ੍ਰਤੀਸ਼ਤ ਪਹਿਲਾ, ਦੂਸਰਾ ਤੇ ਤੀਸਰਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਹੀ ਬਾਰ੍ਹਵੀਂ ਜਮਾਤ ਦੇ ਨਤੀਜੇ ਵਿੱਚ ਹਰਪ੍ਰੀਤ ਸਿੰਘ ਨੇ 89.2 ਪ੍ਰਤੀਸ਼ਤ, ਰਮਨਦੀਪ ਕੌਰ 89 ਪ੍ਰਤੀਸ਼ਤ ਅਤੇ ਸੁਨੇਹਾਦੀਪ ਕੌਰ ਤੇ ਪ੍ਰਭਜੋਤ ਨੇ 88 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਕ੍ਰਮਵਾਰ ਪਹਿਲਾ, ਦੂਸਰਾ ਤੇ ਤੀਜਾ ਸਥਾਨ ਪ੍ਰਾਪਤ ਕਰਕੇ ਸਕੂਲ ਦਾ ਨਾਂ ਪੂਰੇ ਇਲਾਕੇ ਵਿੱਚ ਰੌਸ਼ਨ ਕੀਤਾ। ਇਸ ਮੌਕੇ ਸਕੂਲ ਮੁਖੀ ਤੇ ਸਮੂਹ ਅਧਿਆਪਕਾਂ ਨੇ ਪਾਸ ਹੋਣ ਵਾਲੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਤੇ ਵਿਦਿਆਰਥੀਆਂ ਦੇ ਚੰਗੇ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੱਤੀਆਂ ।

# ਕਲਾਸਵਾਲਾ ਖਾਲਸਾ ਸਕੂਲ ਦਾ ਬਾਰ੍ਹਵੀਂ ਦਾ ਨਤੀਜਾ ਹਰ ਸਾਲ ਵਾਂਗ 100 ਫੀਸਦੀ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ ਬਾਰਵੀਂ ਜਮਾਤ ਦੇ ਨਤੀਜਿਆਂ ਚ ਕਲਾਸਵਾਲਾ ਖਾਲਸਾ ਸੀਨੀਅਰ ਸੈਕੈਂਡਰੀ ਸਕੂਲ ਦੇ ਵਿਦਿਆਰਥੀਆਂ ਦਾ ਨਤੀਜਾ 100 ਫੀਸਦੀ ਰਿਹਾ। ਹਰੇਕ ਵਿਦਿਆਰਥੀ ਨੇ ਸਾਰੇ ਵਿਸ਼ਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਅਤੇ ਸਾਰੇ ਵਿਦਿਆਰਥੀ ਫਸਟ ਡਿਵੀਜ਼ਨ ਵਿੱਚ ਪਾਸ ਹੋਏ। ਸਕੂਲ ਪ੍ਰਿੰ. ਡਾ. ਸ਼ਾਲਿਨੀ ਦੱਤਾ ਜੀ ਦੀ ਰਹਿਨੁਮਾਈ ਹੇਠ ਸਾਇੰਸ ਗਰੁੱਪ ਵਿੱਚੋਂ ਸੁਖਮਨਪ੍ਰੀਤ ਕੌਰ ਸਪੁੱਤਰੀ ਸਵਰਨ ਸਿੰਘ 93% ਅੰਕ ਲੈ ਕੇ ਪਹਿਲੇ ਸਥਾਨ ਤੇ ਰਹੀ, ਮਹਿਕ ਸੋਹਲ ਸਪੁੱਤਰੀ ਲਖਵਿੰਦਰ ਸਿੰਘ 92.4% ਅੰਕ ਲੈ ਕੇ ਦੂਸਰੇ ਸਥਾਨ ਤੇ, ਕੇਜ਼ੀਆ ਗਿੱਲ ਸਪੁੱਤਰੀ ਲਖਵਿੰਦਰ ਮਸੀਹ ਅਤੇ ਮਨਮੋਹਿਤ ਸਿੰਘ ਸਪੁੱਤਰ ਸੁਖਦੀਪ ਸਿੰਘ 92% ਨੰਬਰ ਲੈ ਕੇ ਤੀਸਰੇ ਸਥਾਨ ਤੇ ਰਹੇ ।ਕਾਮਰਸ ਗਰੁੱਪ ਵਿੱਚੋਂ ਨਵਜੀਤ ਸਿੰਘ ਸਪੁੱਤਰ ਗੁਰਮੁੱਖ ਸਿੰਘ ਨੇ 94% ਅੰਕ ਲੈ ਕੇ ਪਹਿਲਾ ਸਥਾਨ ਹਾਸਿਲ ਕੀਤਾ, ਇੰਦਰਜੀਤ ਕੌਰ ਸਪੁੱਤਰੀ ਰਣਜੀਤ ਸਿੰਘ ਨੇ 93% ਅੰਕ ਲੈ ਕੇ ਦੂਸਰਾ ਸਥਾਨ, ਜਸ਼ਨਪ੍ਰੀਤ ਕੌਰ ਸਪੁੱਤਰੀ ਜਗਮੋਹਨ ਸਿੰਘ ਅਤੇ ਰਿਪਨਜੋਤ ਕੌਰ ਸਪੁੱਤਰੀ ਜਗਦੀਸ਼ ਸਿੰਘ ਨੇ 92% ਅੰਕ ਲੈ ਕੇ ਤੀਸਰਾ ਸਥਾਨ ਹਾਸਿਲ ਕੀਤਾ।ਆਰਟਸ ਗਰੁੱਪ ਵਿੱਚ ਨਵਨੀਤ ਕੌਰ ਸਪੁੱਤਰੀ ਜਸਵੰਤ ਸਿੰਘ ਨੇ 88% ਅੰਕ ਲੈ ਕੇ ਪਹਿਲੇ ਸਥਾਨ ਤੇ ਅਰਸ਼ਦੀਪ ਕੌਰ ਸਪੁੱਤਰੀ ਬਲਜਿੰਦਰ ਸਿੰਘ 83% ਅੰਕ ਲੈ ਕੇ ਦੂਸਰੇ ਸਥਾਨ ਤੇ ਅਤੇ ਸੁਰਖਾਬ ਸਿੰਘ ਸਪੁੱਤਰ ਬਲਬੀਰ ਸਿੰਘ 81% ਅੰਕ ਲੈ ਕੇ ਤੀਸਰੇ ਸਥਾਨ ਤੇ ਰਿਹਾ ।ਇਸ ਮੌਕੇ ਤੇ ਸਕੂਲ ਪ੍ਰਿੰ. ਡਾ. ਸ਼ਾਲਿਨੀ ਦੱਤਾ ਜੀ ਨੇ ਇਹਨਾਂ ਵਿਦਿਆਰਥੀਆਂ ਅਤੇ ਉਨਾਂ ਦੇ ਮਾਤਾ-ਪਿਤਾ ਨੂੰ ਵਧਾਈ ਦਿੱਤੀ ਅਤੇ ਸਮੂਹ ਸਟਾਫ ਦਾ ਧੰਨਵਾਦ ਕਰਦਿਆਂ ਹੋਇਆਂ ਅੱਗੇ ਤੋਂ ਵੀ ਉਹਨਾਂ ਨੂੰ ਇਸੇ ਤਰ੍ਹਾਂ ਹੀ ਮਿਹਨਤ ਕਰਕੇ ਆਪਣਾ ਫਰਜ਼ ਨਿਭਾਉਣ ਲਈ ਪ੍ਰੋਤਸਾਹਿਤ ਕੀਤਾ।ਇਸ ਮੌਕੇ ਤੇ ਸਕੂਲ ਉੱਪ ਪ੍ਰਿੰ. ਪਰਮਿੰਦਰ ਕੌਰ, ਹੈਡਮਾਸਟਰ ਪਰਮਜੀਤ ਸਿੰਘ, ਸ਼ਰਨਬੀਰ ਕੌਰ, ਸ: ਹਰਦੀਪ ਸਿੰਘ, ਧਿਆਨ ਸਿੰਘ ਅਤੇ ਸਮੂਹ ਸਕੂਲ ਸਟਾਫ ਹਾਜ਼ਰ ਸਨ।

# ਕੁਲਬੀਰ ਸਿੰਘ ਜ਼ੀਰਾ ਦਾ ਗੰਡੀਵਿੰਡ ਪੁੱਜਣ ’ਤੇ ਵਿਸ਼ੇਸ਼ ਸਨਮਾਨ

**ਝਬਾਲ,(ਹਰਜਿੰਦਰ ਸਿੰਘ ਸੋਨੀ)**-ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਕਾਂਗਰਸ ਪਾਰਟੀ ਉਮੀਦਵਾਰ ਕੁਲਬੀਰ ਸਿੰਘ ਜ਼ੀਰਾ ਟਿਕਟ ਮਿਲ਼ਣ ਤੋਂ ਬਾਅਦ ਵਿਧਾਨ ਸਭਾ ਹਲਕਾ ਤਰਨਤਾਰਨ ਦੇ ਧੜੱਲੇਦਾਰ ਆਗੂ ਚੈਅਰਮੈਨ ਰਣਜੀਤ ਸਿੰਘ ਰਾਣਾ ਗੰਡੀਵਿੰਡ ਦੇ ਗ੍ਰਹਿ ਪਿੰਡ ਗੰਡੀਵਿੰਡ ਵਿਖੇ ਪੁੱਜਣ ਤੇ ਚੇਅਰਮੈਨ ਰਣਜੀਤ ਸਿੰਘ ਰਾਣਾ ਗੰਡੀਵਿੰਡ ਵੱਲੋਂ ਕੁਲਬੀਰ ਸਿੰਘ ਜ਼ੀਰਾ ਨੂੰ ਜੀ ਆਇਆਂ ਆਖਦਿਆਂ ਵਿਸ਼ੇਸ਼ ਤੌਰ ਤੇ ਸਿਰੋਪਾਉ ਤੇ ਕਿਰਪਾਨ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਉਨ੍ਹਾਂ ਨੇ ਹਲਕਾ ਤਰਨ ਤਾਰਨ ਵਿੱਚ ਆਉਣ ਵਾਲੇ ਦਿਨਾਂ ਵਿੱਚ ਕਾਂਗਰਸ ਪਾਰਟੀ ਦੇ ਵੱਖ-ਵੱਖ ਪ੍ਰੋਗਰਾਮ ਕਰਨ ਸਬੰਧੀ ਵਿਚਾਰ ਚਰਚਾ ਕੀਤੀ ਜਦਕਿ ਇਸ ਮੌਕੇ ਉਨ੍ਹਾਂ ਨਾਲ ਸਪੋਕਸਮੈਨ ਕਾਂਗਰਸ ਐਡਵੋਕੇਟ ਜਗਮੀਤ ਸਿੰਘ ਢਿੱਲੋਂ ਗੰਡੀਵਿੰਡ ਤੇ ਨਰਿੰਦਰ ਸਿੰਘ ਸੰਧੂ, ਪੀਏ ਅਕਾਸ਼ਦੀਪ ਸਿੰਘ ਰੂਬਲ, ਚੇਅਰਮੈਨ ਹਰਿਆਵਲ ਫਾਊਂਡੇਸ਼ਨ ਪ੍ਰਮਜੀਤ ਸਿੰਘ ਢਿੱਲੋਂ ਗੰਡੀਵਿੰਡ, ਵਿੱਕੀ ਢਿੱਲੋਂ ਝਬਾਲ ਖੁਰਦ, ਪ੍ਰੋਫੈਸਰ ਇੰਦਰਜੀਤ ਸਿੰਘ ਕਸੇਲ, ਉਪਕਾਰ ਸਿੰਘ ਭੁੱਚਰ, ਪ੍ਰਭਜੀਤ ਸਿੰਘ ਢਿੱਲੋਂ ਗੰਡੀਵਿੰਡ ਸਮੇਤ ਕਾਂਗਰਸ ਪਾਰਟੀ ਦੇ ਆਗੂ ਤੇ ਵਰਕਰ ਵੀ ਹਾਜ਼ਰ ਸਨ।

# ਕਾਰਪੋਰੇਟ ਘਰਾਣਿਆਂ ਨੇ ਮਿਹਨਤਕਸ਼ ਲੋਕਾਂ ਦੀ ਦੌਲਤ ’ਤੇ ਕਬਜ਼ਾ ਕੀਤੈ : ਚੀਮਾ



**ਝਬਾਲ (ਹਰਜਿੰਦਰ ਸਿੰਘ ਸੋਨੀ)**-ਮਜ਼ਦੂਰ ਦਿਵਸ ਮੌਕੇ ਰਕੇਸ਼ ਕੁਮਾਰ ਤੁਲੀ ਸੂਬਾ ਪ੍ਰਧਾਨ ਮਜ਼ਦੂਰ ਯੂਨੀਅਨ ਦੇ ਆਦੇਸ਼ਾਂ ਤੇ ਅਨਾਜ ਮੰਡੀ ਝਬਾਲ ਵਿਖੇ ਪ੍ਰਧਾਨ ਜੋਗਾ ਸਿੰਘ ਚੀਮਾ ਦੀ ਅਗਵਾਈ ਹੇਠ ਮਜ਼ਦੂਰਾਂ ਵੱਲੋਂ ਮਜ਼ਦੂਰ ਦਿਵਸ ਮਨਾਇਆ ਗਿਆ।ਇਸ ਮੌਕੇ ਜਿੱਥੇ ਮੰਡੀ ਵਿੱਚ ਝੰਡਾ ਲਹਿਰਾਇਆ ਗਿਆ ਉਥੇ ਹੀ ਇਕੱਤਰ ਮਜ਼ਦੂਰਾਂ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਜੋਗਾ ਸਿੰਘ ਚੀਮਾ ਨੇ ਕਿਹਾ ਕਿ ਸਭ ਮਿਹਨਤਕਸ਼ ਲੋਕਾਂ ਨੂੰ ਉੱਚੀ ਆਵਾਜ਼ ਵਿੱਚ ਬੋਲਣਾ ਚਾਹੀਦਾ ਹੈ ਕਿ ਇਸ ਧਰਤੀ ’ਤੇ ਜਿਹੜੇ ਦੌਲਤ ਦੇ ਢੇਰ ਲੱਗੇ ਹਨ ਉਸਦੇ ਅਸਲੀ ਮਾਲਕ ਮਜ਼ਦੂਰ ਕਿਸਾਨ ਤੇ ਮਿਹਨਤਕਸ਼ ਲੋਕ ਹਨ ਪਰ ਪੂੰਜੀਵਾਦੀ ਰਾਜ ਪ੍ਰਬੰਧ ਹੋਣ ਕਾਰਨ ਮਿਹਨਤਕਸ਼ਾਂ ਦੀ ਦੌਲਤ ’ਤੇ ਕਾਰਪੋਰੇਟਾਂ ਨੇ ਕਬਜ਼ਾ ਕੀਤਾ ਹੋਇਆ ਹੈ।ਅੱਜ ਮਿਹਨਤ ਕਰਨ ਵਾਲਾ ਜ਼ਿੰਦਗੀ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਤਰਸ ਰਿਹਾ ਹੈ।ਇਸ ਮੌਕੇ ਮੀਤ ਪ੍ਰਧਾਨ ਬਾਬਾ ਦਰਸ਼ਨ ਸਿੰਘ ਪੰਜਵੜ, ਸੀਨੀਅਰ ਮੀਤ ਪ੍ਰਧਾਨ ਸੀਤਲ ਸਿੰਘ, ਰੋਸ਼ਨ ਸਿੰਘ, ਜਰਨੈਲ ਸਿੰਘ, ਅਮਰੀਕ ਸਿੰਘ ਛਾਪਾਂ, ਨਿੱਕੂ ਨੰਦਾ ਝਬਾਲ, ਗੁਰਵੈਲ ਸਿੰਘ ਦਾਨਾ, ਮਲਕੀਤ ਸਿੰਘ ਮੱਝੂਪੁਰ ਸਮੇਤ ਵੱਡੀ ਗਿਣਤੀ ’ਚ ਮੰਡੀ ਮਜ਼ਦੂਰ ਵੀ ਹਾਜ਼ਰ ਸਨ।

## ਜੀ ਆਰ ਡੀ ਕਾਨਵੈਂਟ ਸਕੂਲ ਦੀ ਅੱਠਵੀਂ ਜਮਾਤ ਦਾ ਨਤੀਜਾ ਸ਼ਾਨਦਾਰ

**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**- ਜੀ .ਆਰ.ਡੀ .ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਦਾ ਅੱਠਵੀਂ ਜਮਾਤ ਦਾ ਨਤੀਜਾ 100% ਰਿਹਾ । ਅੱਠਵੀਂ ਜਮਾਤ ਦੀ ਗੁਰਵੀਰ ਕੌਰ ਨੇ 98% ਨੰਬਰ ਲੈ ਕੇ ਇਲਾਕੇ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ। ਏਕਮਜੀਤ ਕੌਰ ਨੇ 97% ਅੰਕ ਪ੍ਰਾਪਤ ਕਰਕੇ ਸਕੂਲ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ। ਸਾਹਿਬ ਪ੍ਰੀਤ ਸਿੰਘ, ਦਲੇਰ ਸਿੰਘ, ਮੁਸਕਾਨ ਕੁਮਾਰੀ, ਗਗਨਦੀਪ ਕੌਰ, ਜਸਪ੍ਰੀਤ ਸਿੰਘ ਨੇ 96% ਨੰਬਰ ਪ੍ਰਾਪਤ ਕਰਕੇ ਦੂਜਾ ਸਥਾਨ ਹਾਸਲ ਕੀਤਾ ਹੈ। ਆਂਚਲ, ਪ੍ਰਭਨੂਰ ਕੌਰ, ਵਰਸ਼ਾ, ਮਹਿਕ ਕਪੂਰ, ਰਵਨੀਤ ਕੌਰ ਨੇ 95% ਨੰਬਰ ਲੈ ਕੇ ਤੀਜਾ ਸਥਾਨ ਹਾਸਲ ਕੀਤਾ ਹੈ। ਬਾਕੀ ਰਹਿੰਦੇ ਵੀ ਵਿਦਿਆਰਥੀਆਂ ਨੇ 90% ਤੋਂ ਉੱਪਰ ਨੰਬਰ ਪ੍ਰਾਪਤ ਕੀਤੇ ਹਨ। ਸਾਇੰਸ ਵਿਸ਼ੇ ਵਿੱਚੋਂ ਗੁਰਵੀਰ ਕੌਰ, ਵਰਸ਼ਾ, ਮਹਿਕ ਕਪੂਰ, ਜਸਪ੍ਰੀਤ ਸਿੰਘ, ਦਲੇਰ ਸਿੰਘ, ਏਕਮਜੀਤ ਕੌਰ ਤੇ ਰਵਨੀਤ ਕੌਰ ਨੇ 100 ਵਿੱਚੋਂ 100 ਅੰਕ ਪ੍ਰਾਪਤ ਕੀਤੇ ।ਪੰਜਾਬੀ ਵਿਸ਼ੇ ਵਿੱਚੋਂ ਗੁਰਵੀਰ ਕੌਰ, ਸਾਹਿਬ ਪ੍ਰੀਤ ਸਿੰਘ ਨੇ 100 ਵਿੱਚੋਂ 100 ਅੰਕ ਪ੍ਰਾਪਤ ਕੀਤੇ ਹਨ। ਗਣਿਤ ਵਿਸ਼ੇ ਵਿੱਚੋਂ ਗੁਰਵੀਰ ਕੌਰ, ਗੁਰ ਏਕਮ ਜੋਤ, ਗਗਨਦੀਪ ਕੌਰ ਤੇ ਸਾਹਿਬਪ੍ਰੀਤ ਸਿੰਘ ਨੇ 100 ਵਿੱਚੋਂ 99 ਨੰਬਰ ਪ੍ਰਾਪਤ ਕੀਤੇ ਹਨ ।ਅੰਗਰੇਜ਼ੀ ਵਿਸ਼ੇ ਵਿੱਚੋਂ ਸਾਹਿਬਪ੍ਰੀਤ ਸਿੰਘ ਤੇ ਮੁਸਕਾਨ ਕੁਮਾਰੀ ਨੇ ਵੀ 100 ਵਿੱਚੋਂ 99 ਨੰਬਰ ਪ੍ਰਾਪਤ ਕੀਤੇ ਹਨ। ਪ੍ਰਿੰਸੀਪਲ ਗੁਰਦਰਸ਼ਨ ਬਜਾਜ ਨੇ ਅੱਠਵੀਂ ਜਮਾਤ ਦਾ ਨਤੀਜਾ ਵਧੀਆ ਆਉਣ ’ਤੇ ਸਾਰੇ ਬੱਚਿਆਂ, ਉਨ੍ਹਾਂ ਦੇ ਮਾਪਿਆਂ ਤੇ ਅਧਿਆਪਕਾਂ ਨੂੰ ਵਧਾਈ ਦਿੱਤੀ ਅਤੇ ਬੱਚਿਆਂ ਦਾ ਮੂੰਹ ਵੀ ਮਿੱਠਾ ਕਰਵਾਇਆ ।ਪ੍ਰਿੰਸੀਪਲ ਗੁਰਦਰਸ਼ਨ ਬਜਾਜ ਨੇ ਕਿਹਾ ਕਿ ਇਹ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਮਿਹਨਤ ਦਾ ਨਤੀਜਾ ਹੈ ।



# ਓਵੀਐੱਨ ਸਕੂਲ ਤਰਸਿੱਕਾ ਦਾ 8ਵੀਂ/12ਵੀਂ ਸਕੂਲ ਦਾ ਨਤੀਜਾ ਰਿਹਾ ਸ਼ਾਨਦਾਰ



**ਮੱਤੇਵਾਲ( ਦਵਿੰਦਰ ਸਿੰਘ ਤਰਸਿੱਕਾ)**-ਚੇਅਰਪਰਸਨ ਆਨੰਦਵਾਨੀ ਨੰਦਾ ਦੀ ਯੋਗ ਅਗਵਾਈ ਹੇਠ ਚੱਲ ਰਹੀ ਵਿਦਿਅਕ ਸੰਸਥਾ ਓਵੀਐੱਨ ਖਾਲਸਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਤਰਸਿਕਾ ਦੇ ਵਿਦਿਆਰਥੀਆਂ ਵੱਲੋਂ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਅੱਠਵੀਂ ਅਤੇ ਬਾਰ੍ਹਵੀਂ ਦੇ ਸਲਾਨਾ ਐਲਾਨੇ ਨਤੀਜਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਗਿਆ ਜਿਸ ਵਿੱਚ ਅੱਠਵੀਂ ਦੀ ਅਮਨਦੀਪ ਕੌਰ 580/600 ਲੈ ਕੇ ਪਹਿਲਾ ਸਥਾਨ, ਸੁਮਨਪ੍ਰੀਤ ਕੌਰ 568/600 ਦੂਜਾ ਸਥਾਨ, ਮਹਿਕਪ੍ਰੀਤ ਕੌਰ566/600 ਤੀਜਾ ਸਥਾਨ ਪ੍ਰਾਪਤ ਕੀਤਾ ਅਤੇ ਇਸੇ ਤਰ੍ਹਾਂ ਬਾਹਰਵੀਂ ਸ਼੍ਰੇਣੀ ਵਿੱਚੋਂ ਅਰਸ਼ਦੀਪ ਸਿੰਘ 391/500 ਅੰਕ ਲੈ ਕੇ ਪਹਿਲੇ ਸਥਾਨ ਤੇ ਰਿਹਾ, ਮੁਸਕਾਨਦੀਪ ਕੌਰ 426/500 ਦੂਸਰਾ ਸਥਾਨ, ਅਰਸ਼ਦੀਪ ਸਿੰਘ 391/500 ਲੈ ਕੇ ਤੀਸਰੇ ਸਥਾਨ ’ਤੇ ਰਿਹਾ। ਇਸ ਮੌਕੇ ਚੇਅਰਪਰਸਨ ਅਨੰਦਵਾਨੀ ਨੰਦਾ ਅਤੇ ਓਮ ਪ੍ਰਕਾਸ਼ ਨੰਦਾ, ਪ੍ਰਿੰ. ਰਾਜਬੀਰ ਸਿੰਘ ਵਚਿੱਤਰ ਸਿੰਘ ਨੇ ਵਿਦਿਆਰਥੀਆਂ ਅਤੇ ਮਾਪਿਆਂ ਨੂੰ ਵਧਾਈ ਦਿੱਤੀ ਅਤੇ ਭਵਿੱਖ ਵਿੱਚ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।

## ਭਾਈ ਲੱਧਾ ਜੀ ਖਾਲਸਾ ਅਕੈਡਮੀ ਨੂਰਪੁਰ ਦੇ ਨਤੀਜੇ ਸ਼ਾਨਾਮੱਤੇ

**ਸਰਾਏ ਅਮਾਨਤ ਖਾਂ (ਮੱਖਣ ਮਨੋਜ)**- ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਹਾਲ ਹੀ ਵਿਚ ਐਲਾਨੇ ਗਏ ਬਾਰ੍ਹਵੀਂ ਜਮਾਤ ਦੇ ਨਤੀਜਿਆਂ ਚ ਭਾਈ ਲੱਧਾ ਜੀ ਖਾਲਸਾ ਅਕੈਡਮੀ ਨੂਰਪੁਰ ਦੇ ਵਿਦਿਆਰਥੀਆਂ ਨੇ ਇਲਾਕੇ ਭਰ ਦੇ ਸਕੂਲਾਂ ਚੋਂ ਬਾਜ਼ੀ ਮਾਰੀ ਹੈ।ਸਕੂਲ ਦੇ ਡਾਇਰੈਕਟਰ ਨਰਪਿੰਦਰ ਸਿੰਘ ਅਤੇ ਪ੍ਰਿੰ, ਗੁਰਚਰਨ ਸਿੰਘ ਨੇ ਦੱਸਿਆ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਬਾਰ੍ਹਵੀਂ ਜਮਾਤ ਦੇ ਨਤੀਜਿਆਂ ’ਚ ਵਿਦਿਆਰਥੀਆਂ ਦੇ ਸ਼ਾਨਦਾਰ ਪ੍ਰਦਰਸ਼ਨ ਸਦਕਾ ਸਕੂਲ ਦਾ ਨਤੀਜਾ ਸੌ ਫੀਸਦੀ ਰਿਹਾ ਹੈ ਜਿਸ ਵਿਚ ਸਾਇੰਸ ਗਰੁੱਪ ਦੇ ਏਕਮਜੋਤ ਸਿੰਘ ਪੁੱਤਰ ਗੁਰਪ੍ਰੀਤ ਸਿੰਘ ਨੇ 94 ਫੀਸਦੀ ਅੰਕਾਂ ਨਾਲ ਪਹਿਲਾ, ਅਜੈਪਾਲ ਸਿੰਘ ਪੁੱਤਰ ਦਿਲਬਾਗ ਸਿੰਘ ਨੇ 93.2 ਫੀਸਦੀ ਅੰਕਾਂ ਨਾਲ ਦੂਸਰਾ ਤੇ ਤੇਜਪ੍ਰੀਤ ਸਿੰਘ ਪੁੱਤਰ ਅਮਰਵੀਰ ਸਿੰਘ ਨੇ 93 ਫੀਸਦੀ ਅੰਕ ਪ੍ਰਾਪਤ ਕਰਕੇ ਤੀਸਰਾ ਸਥਾਨ ਹਾਸਿਲ ਕੀਤਾ ਹੈ।ਇਸਦੇ ਨਾਲ ਹੀ ਮਨਵੀਰ ਸਿੰਘ ਸਰਾਂ ਪੁੱਤਰ ਰੁਪਿੰਦਰ ਸਿੰਘ ਨੇ 92.6 ਫੀਸਦੀ, ਅਰਸ਼ਨੂਰ ਕੌਰ ਪੁੱਤਰੀ ਨੌਨਿਹਾਲ ਸਿੰਘ ਨੇ 92.4 ਫੀਸਦੀ, ਸਮਰੀਨ ਸੰਧੂ ਪੁੱਤਰੀ ਰਾਜਪਾਲ ਸਿੰਘ ਨੇ 91 ਫੀਸਦੀ, ਸੁਖਮਨਦੀਪ ਕੌਰ ਪੁੱਤਰੀ ਸੁਖਵਿੰਦਰ ਸਿੰਘ ਨੇ 90.8 ਫੀਸਦੀ ਤੇ ਕੋਮਲਪ੍ਰੀਤ ਕੌਰ ਪੁੱਤਰੀ ਪ੍ਰਿਤਪਾਲ ਸਿੰਘ ਨੇ 90.4 ਫੀਸਦੀ ਅੰਕ ਪ੍ਰਾਪਤ ਕਰਕੇ ਪਹਿਲੀਆਂ ਪੁਜ਼ੀਸ਼ਨਾਂ ਹਾਸਿਲ ਕੀਤੀਆਂ ਹਨ।ਇਸ ਤੋਂ ਇਲਾਵਾ ਸਾਇੰਸ ਗਰੁੱਪ ਦੇ ਬਾਕੀ ਵਿਦਿਆਰਥੀਆਂ ਨੇ ਵੀ ਵਧੀਆ ਅੰਕ ਪ੍ਰਾਪਤ ਕੀਤੇ ਹਨ।ਡਾਇਰੈਕਟਰ ਨਰਪਿੰਦਰ ਸਿੰਘ ਤੇ ਪ੍ਰਿੰ. ਗੁਰਚਰਨ ਸਿੰਘ ਨੇ ਅੱਵਲ ਆਉਣ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਉਜਵੱਲ ਭਵਿੱਖ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ।



## ਵਿਦਿਆਰਥੀਆਂ ਦੇ ਪੇਪਰ ਰੀਡਿੰਗ ਮੁਕਾਬਲੇ ਕਰਵਾਏ

**ਅੰਮ੍ਰਿਤਸਰ, (ਜਗਦੀਸ਼ ਕਮਲੇਸ਼)**- ਰੋਟਰੀ ਕਲੱਬ ਅੰਮ੍ਰਿਤਸਰ ਕੈਂਟ ਵੱਲੋਂ ਸ੍ਰੀ ਗੁਰੂ ਹਰਕ੍ਰਿਸ਼ਨ ਇੰਟਰਨੈਸ਼ਨਲ ਸਕੂਲ ਦੇ ਸਹਿਯੋਗ ਨਾਲ 2 ਮਈ ਨੂੰ ਧਰਤੀ ਦਿਵਸ ਅਤੇ ਮਜ਼ਦੂਰ ਦਿਵਸ ਮਨਾਉਣ ਸਬੰਧੀ ਸਮਾਗਮ ਦਾ ਆਯੋਜਨ ਕੀਤਾ ਗਿਆ।5ਵੀਂ ਅਤੇ 6ਵੀਂ ਜਮਾਤ ਦੇ ਵਿਦਿਆਰਥੀਆਂ ਦੇ ਪੇਪਰ ਰੀਡਿੰਗ ਮੁਕਾਬਲੇ ਕਰਵਾਏ ਗਏ । ਹੋਣਹਾਰ ਵਿਦਿਆਰਥੀਆਂ ਨੂੰ ਇਨਾਮ ਵੰਡੇ ਗਏ। ਐਡਵ ਅੰਕੁਰ ਗੁਪਤਾ ਨੇ ਲੇਬਰ ਡੇਅ ਦੇ ਇਤਿਹਾਸ ਅਤੇ ਕਿਰਤ ਕਾਨੂੰਨਾਂ ’ਤੇ ਭਾਸ਼ਣ ਦਿੱਤਾ ਜੋ ਮੈਂਬਰਾਂ ਅਤੇ ਵਿਦਿਆਰਥੀਆਂ ਦੋਵਾਂ ਲਈ ਕਾਫ਼ੀ ਜਾਣਕਾਰੀ ਭਰਪੂਰ ਸੀ।ਮਜ਼ਦੂਰ ਦਿਵਸ ਮਨਾਉਣ ਲਈ ਸਕੂਲ ਦੇ 10 ਕਾਰਜਕਾਰੀ ਮੈਂਬਰਾਂ ਅਤੇ ਯੋਗ ਹੈਲਪਰ ਸਟਾਫ਼ ਨੂੰ ਤੋਹਫ਼ੇ ਦਿੱਤੇ ਗਏ।ਆਰਸੀਐਸਆਰ ਕੈਂਟ ਦੀ ਪ੍ਰਧਾਨ ਕਮ ਪ੍ਰਿੰਸੀਪਲ ਰਿਪੂ ਦਮਨ ਕੌਰ ਮਲਹੋਤਰਾ ਨੇ ਇਨ੍ਹਾਂ ਦੋ ਦਿਨਾਂ ਦੀ ਮਹੱਤਤਾ ਬਾਰੇ ਦੱਸਿਆ।ਵਿਦਿਆਰਥੀਆਂ ਵੱਲੋਂ ਇੱਕ ਰੈਲੀ ਕੱਢੀ ਗਈ। ਧਰਤੀ ਮਾਂ ਨੂੰ ਪ੍ਰਦੂਸ਼ਣ ਤੋਂ ਬਚਾਉਣ ਦੇ ਨਾਅਰੇ ਲਾਏ।ਸਕੱਤਰ ਆਰਟੀਐਨ ਡਾ. ਏ. ਐੱਸ. ਸਚਦੇਵਾ ਨੇ ਧੰਨਵਾਦ ਦਾ ਮਤਾ ਪੇਸ਼ ਕੀਤਾ।ਆਰਟੀਐੱਨ ਵੀ. ਪੀ. ਪ੍ਰਭਜੋਤ ਕੌਰ ਐਮਓਸੀ. ਕਮ ਪ੍ਰੋਜੈਕਟ ਚੇਅਰਪਰਸਨ ਸਨ।ਆਰਟੀਐਨ. ਜ਼ਿਲ੍ਹਾ ਸਕੱਤਰ ਪੀ. ਪੀ. ਉਪਕਾਰ ਸਿੰਘ।ਪੀਪੀ ਆਰਟੀਐੱਨ ਐਸੈਸ ਤੁਲੀ, ਪੀਪੀ ਰੁਪਿੰਦਰ ਕਟਾਰੀਆ, ਆਰਟੀਐੱਨ ਟੀਐੱਸ ਸੋਖੀ, ਆਰਟੀਐਨ ਜਗਜੀਤ ਸਿੰਘ, ਆਰਟੀਐੱਨ ਇੰਜੀ ਪੀਐੱਸ ਸਿੱਧੂ, ਐੱਮਆਈਐੱਚਪੀਐੱਸ ਚੁੱਘ, ਡਾਕਟਰ ਐੱਸਐੱਸ ਬਸਰਾ, ਗੌਰਵ ਅਤੇ ਪਵਨ ਕਪੂਰ ਵੀ ਮੌਜੂਦ ਸਨ।



## ਚੋਰੀ ਦੇ ਦੋਸ਼ਾਂ ਹੇਠ ਇਕ ਵਿਅਕਤੀ ਖ਼ਿਲਾਫ਼ ਮਾਮਲਾ ਦਰਜ

**ਗੁਰਦਾਸਪੁਰ, (ਜਨਕ ਮਹਾਜਨ)**-ਥਾਣਾ ਧਾਰੀਵਾਲ ਪੁਲਿਸ ਚੋਰੀ ਦੇ ਦੋਸ਼ਾਂ ਹੇਠ ਇਕ ਵਿਅਕਤੀ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਰਵੀ ਸਾਹੀ ਪੁੱਤਰ ਜੰਗ ਬਹਾਦਰ ਵਾਸੀ ਧਾਰੀਵਾਲ ਨੇ ਦੱਸਿਆ ਕਿ ਮੈਂ ਵੂਲਨ ਮਿੱਲ ਧਾਰੀਵਾਲ ਵਿੱਚ ਕਰੀਬ 23 ਸਾਲਾਂ ਤੋਂ ਸਕਿਓਰਟੀ ਗਾਰਡ ਡਿਊਟੀ ਕਰ ਰਿਹਾ ਹੈ। 2 ਮਈ ਨੂੰ ਮੈਂ ਅਤੇ ਉਸ ਦਾ ਸਾਥੀ ਮਿਤਜਨ ਮਿਸ਼ਰਾ ਪੁੱਤਰ ਕੈਲਾਸ਼ ਮਿਸ਼ਰਾ ਵਾਸੀ ਮਿੱਲ ਕੁਆਰਟਰ ਧਾਰੀਵਲ ਮਿੱਲ ਦੇ ਅੰਦਰ ਸਕਿਓਰਟੀ ਡਿਊਟੀ ਕਰ ਰਹੇ ਸੀ ਕਿ ਸਵੇਰੇ 11 ਵਜੇ ਜਦ ਉਹ ਗੋਰਖਾ ਕਲੱਬ ਨਜਦੀਕ ਪੁੱਜੇ ਤਾਂ ਵੇਖਿਆ ਕਿ ਇਕ ਨੌਜਵਾਨ ਵਿਕਾਸ ਪੁੱਤਰ ਫੰਨਟੂਸ ਚੌਧਰੀ ਵਾਸੀ ਰਜੀਵ ਕਲੋਨੀ ਧਾਰੀਵਾਲ ਪਲਾਸਟਿਕ ਦੀ ਪੱਲੀ ਵਿੱਚ 7 ਲੋਹੇ ਦੀਆਂ ਪਾਈਪਾਂ ਬੰਨ੍ਹ ਕੇ ਮਿੱਲ ਦੀ ਕੰਧ ਟੱਪ ਰਿਹਾ ਸੀ ਜਿਸ ਨੂੰ ਪੁਲਸ ਪਾਰਟੀ ਨੇ ਮੌਕੇ ’ਤੇ ਪੁੱਜ ਕੇ ਕਾਬੂ ਕਰਕੇ ਮਾਮਲਾ ਦਰਜ ਕੀਤਾ ਹੈ।

## ਸ਼ਹੀਦ ਸੁਖਦੇਵ ਸਿੰਘ ਉਮਰਾ ਨੰਗਲ ਦੀ ਬਰਸੀ 8 ਨੂੰ

**ਬਾਬਾ ਬਕਾਲਾ ਸਾਹਿਬ (ਜਸਪਾਲ ਸਿੰਘ)**-ਸਾਬਕਾ ਮਾਲ ਮੰਤਰੀ ਪੰਜਾਬ ਅਤੇ ਮਾਝੇ ਦੇ ਸੀਨੀਅਰ ਅਕਾਲੀ ਆਗੂ ਸਵਰਗੀ ਜਥੇਦਾਰ ਜੀਵਨ ਸਿੰਘ ਉਮਰਾ ਨੰਗਲ ਦੇ ਸਪੁੱਤਰ ਅਤੇ ਪਰਮਰਾਜ ਸਿੰਘ ਉਮਰਾ ਨੰਗਲ ਆਈਜੀ ਪੰਜਾਬ ਪੁਲਸ ਦੇ ਪੂਜਨੀਕ ਪਿਤਾ ਸ਼ਹੀਦ ਸੁਖਦੇਵ ਸਿੰਘ ਉਮਰਾ ਨੰਗਲ ਦੀ ਸਾਲਾਨਾ ਬਰਸੀ 08 ਮਈ ਬੁੱਧਵਾਰ ਨੂੰ ਉਨ੍ਹਾਂ ਦੇ ਗ੍ਰਹਿ ਪਿੰਡ ਉਮਰਾ ਨੰਗਲ ਵਿਖੇ ਮਨਾਈ ਜਾ ਰਹੀ ਹੈ। ਸ: ਅਵਤਾਰ ਸਿੰਘ ਉਮਰਾ ਨੰਗਲ ਸਾਬਕਾ ਚੀਫ ਇੰਜੀ: ਅਤੇ ਸ: ਪਰਮਰਾਜ ਸਿੰਘ ਉਮਰਾ ਨੰਗਲ ਦੀ ਸੂਚਨਾ ਅਨੁਸਾਰ ਸਵੇਰੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪ੍ਰੰਤ ਕਥਾ -ਕੀਰਤਨ, ਅਰਦਾਸ ਉਪ੍ਰੰਤ ਵੱਖ-ਵੱਖ ਸਿਆਸੀ ਆਗੂ ਸ਼ਰਧਾ ਦੇ ਫੁੱਲ ਭੇਟ ਕਰਨਗੇ।

# ਇੰਜੀ : ਸੁਖਵਿੰਦਰ ਸਿੰਘ ਜੇ ਈ ਨੂੰ ਸੇਵਾ ਮੁਕਤ ਹੋਣ ’ਤੇ ਕੀਤਾ ਸਨਮਾਨਤ

**ਤਰਨ ਤਾਰਨ (ਨਵਾਂ ਜ਼ਮਾਨਾ ਸਰਵਿਸ)**

ਪਾਵਰਕਾਮ ਵਿਭਾਗ ਦੀ ਹਰੀਕੇ ਸਬ ਡਵੀਜ਼ਨ ਵਿੱਚ ਬਤੌਰ ਜੇ ਈ ਸੇਵਾਵਾਂ ਨਿਭਾਉਣ ਉਪਰੰਤ 30 ਅਪ੍ਰੈਲ ਨੂੰ ਸੇਵਾ ਮੁਕਤ ਹੋਏ ਇੰਜੀ: ਸੁਖਵਿੰਦਰ ਸਿੰਘ ਨੂੰ ਪਾਵਰਕਾਮ ਵਿਭਾਗ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਤੋਂ ਇਲਾਵਾ ਮੁਲਾਜ਼ਮ ਜਥੇਬੰਦੀਆਂ ਨੇ ਯਾਦਗਾਰੀ ਤੋਹਫੇ ਦੇ ਕੇ ਸਨਮਾਨਤ ਕੀਤਾ । ਇਸ ਸਬੰਧੀ ਕਸਬੇ ਦੇ ਸਤਲੁਜ ਭੋਜਨ ਭੰਡਾਰ ਵਿੱਚ ਹੋਏ ਵਿਦਾਇਗੀ ਸਮਾਰੋਹ ਵਿੱਚ ਪਾਵਰਕਾਮ ਵਿਭਾਗ ਦੀ ਪੱਟੀ ਡਵੀਜ਼ਨ ਦੇ ਵਧੀਕ ਨਿਗਰਾਨ ਇੰਜੀਨੀਅਰ ਵਿਜੇਪਾਲ ਸਿੰਘ, ਉਪ ਮੰਡਲ ਅਫਸਰ ਸਟੋਰ ਪੱਟੀ ਇੰਜੀ: ਅਮਰਜੀਤ ਸਿੰਘ, ਉਪ ਮੰਡਲ ਅਫਸਰ ਹਰੀਕੇ ਇੰਜੀ : ਜਸਵੰਤ ਸਿੰਘ ਤੋਂ ਇਲਾਵਾ ਵੱਖ - ਵੱਖ ਮੁਲਾਜ਼ਮ ਜਥੇਬੰਦੀਆਂ ਦੇ ਆਗੂਆਂ ਇੰਪਲਾਈਜ਼ ਫੈਡਰੇਸ਼ਨ ਚਾਹਲ ਦੇ ਸਰਕਲ ਆਗੂ ਇੰਜੀ: ਰਾਜਬੀਰ ਸਿੰਘ ਢਿੱਲੋਂ, ਫੈਡਰੇਸ਼ਨ ਏਟਕ ਦੇ ਡਵੀਜ਼ਨ ਪ੍ਰਧਾਨ ਬਲਕਾਰ ਸਿੰਘ ਜੰਡੋਕੇ, ਡਵੀਜ਼ਨ ਆਗੂ ਸਰਬਜੀਤ ਸਿੰਘ ਜਵੰਦਾ, ਸਰਕਲ ਆਗੂ ਸਰਵਰਿੰਦਰ ਸਿੰਘ, ਸਬ ਸਟੇਸ਼ਨ ਯੂਨੀਅਨ ਦੇ ਆਗੂ ਇੰਜੀ. ਸ਼ਮਸ਼ੇਰ ਸਿੰਘ ਸਮੇਤ ਪਾਵਰਕਾਮ ਟਰਾਂਸਕੋ ਪੈਨਸ਼ਨ ਯੂਨੀਅਨ ਦੇ ਸਰਕਲ ਪ੍ਰਧਾਨ ਪੂਰਨ ਸਿੰਘ ਮਾੜੀਮੇਘਾ, ਡਵੀਜ਼ਨ ਸਕੱਤਰ ਰਾਜਿੰਦਰ ਕੁਮਾਰ ਜੋਸ਼ੀ ਨੇ ਇੰਜੀ : ਸੁਖਵਿੰਦਰ ਸਿੰਘ ਵੱਲੋਂ ਮਹਿਕਮੇ ਵਿੱਚ ਨਿਭਾਈਆਂ ਸ਼ਾਨਦਾਰ ਸੇਵਾਵਾਂ ਦੀ ਪ੍ਰਸੰਸਾ ਕੀਤੀ। ਇਸ ਮੌਕੇ ਏਟਕ ਜਥੇਬੰਦੀ ਦੇ ਸੂਬਾ ਪ੍ਰਧਾਨ ਅਤੇ ਏਕਤਾ ਮੰਚ ਦੇ ਸੂਬਾਈ ਕਨਵੀਨਰ ਗੁਰਪ੍ਰੀਤ ਸਿੰਘ ਗੰਡੀਵਿੰਡ ਨੇ ਇੰਜੀ: ਸੁਖਵਿੰਦਰ ਸਿੰਘ ਵੱਲੋਂ ਵਿਭਾਗ ਦੇ ਕੰਮ ਨੂੰ ਪੂਰੀ ਲਗਨ ਨਾਲ ਕਰਦੇ ਹੋਏ ਖਪਤਕਾਰਾਂ ਦੀ ਸੇਵਾ ਕਰਨ ਦੇ ਨਾਲ ਨਾਲ ਏਟਕ ਜਥੇਬੰਦੀ ਨਾਲ ਸਾਰੀ ਸੇਵਾ ਦੌਰਾਨ ਪੱਕੇ ਤੌਰ ’ਤੇ ਜੁੜੇ ਰਹਿਣ ਦੀ ਸ਼ਲਾਘਾ ਕਰਦੇ ਹੋਏ ਇਸ ਖੁਸ਼ੀ ਦੇ ਮੌਕੇ ਤੇ ਪਰਵਾਰ ਨੂੰ ਮੁਬਾਰਕਬਾਦ ਪੇਸ਼ ਕਰਦਿਆਂ ਪਾਵਰ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਕੋਲੋਂ ਮੰਗ ਕੀਤੀ ਕਿ ਪਾਵਰਕਾਮ ਅਤੇ ਟਰਾਂਸਕੋ ਵਿਭਾਗ ਵਿੱਚੋਂ ਲਗਾਤਾਰ ਹਰੇਕ ਮਹੀਨੇ ਵੱਡੇ ਪੱਧਰ ’ਤੇ ਕਰਮਚਾਰੀਆਂ ਦੀ ਹੋ ਰਹੀ ਸੇਵਾ ਮੁਕਤੀ ਕਾਰਨ ਖਾਲੀ ਹੋ ਰਹੀਆਂ ਹਜ਼ਾਰਾਂ ਅਸਾਮੀਆਂ ’ਤੇ ਤੁਰੰਤ ਰੈਗੂਲਰ ਭਰਤੀ ਪੂਰੇ ਸਕੇਲ ਵਿੱਚ ਕਰਨ ਸਮੇਤ ਸੇਵਾ ਮੁਕਤ ਹੋਣ ਵਾਲੇ ਹਰੇਕ ਕਰਮਚਾਰੀ ਨੂੰ ਸਾਰੇ ਸੇਵਾ ਲਾਭ ਸਮੇਂ ਸਿਰ ਦਿੱਤੇ ਜਾਣ । ਮੁਲਾਜ਼ਮ ਆਗੂ ਨੇ ਕਿਹਾ ਕਿ ਪਾਵਰ ਮੈਨੇਜਮੈਂਟ ਸੇਵਾ ਮੁਕਤ ਹੋ ਰਹੇ ਕਰਮਚਾਰੀਆਂ ਨੂੰ ਬਣਦੇ ਸੇਵਾ ਲਾਭ ਸਮੇਂ ਸਿਰ ਜਾਰੀ ਨਹੀਂ ਕਰ ਰਹੀ।ਇਸ ਮੌਕੇ ਗੁਰਸੇਵਕ ਸਿੰਘ ਆਰ ਏ ਇੰਪਲਾਈਜ਼ ਫੈਡਰੇਸ਼ਨ ਦੇ ਪ੍ਰਧਾਨ ਜਸਬੀਰ ਸਿੰਘ, ਟੈਕਨੀਕਲ ਸਰਵਿਸ ਯੂਨੀਅਨ ਦੇ ਪ੍ਰਧਾਨ ਸਾਹਿਬ ਸਿੰਘ, ਮਲਕੀਤ ਰਾਮ ਜੇ ਈ, ਯੋਗਰਾਜ ਕਲਰਕ, ਲਖਬੀਰ ਸਿੰਘ ਐਸ ਐਸ ਏ, ਸਲਵੰਤ ਸਿੰਘ ਲ ਮ, ਸੰਜੀਵ ਸ਼ਰਮਾ ਲ ਮ ਸਮੇਤ ਵੱਡੀ ਗਿਣਤੀ ਮੁਲਾਜ਼ਮਾਂ ਅਤੇ ਇਲਾਕੇ ਦੇ ਮੋਹਤਬਰ ਵਿਅਕਤੀਆਂ ਨੇ ਹਿੱਸਾ ਲਿਆ।



# ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਦੀਆਂ ਦਾ 8ਵੀਂ ਤੇ ਬਾਰ੍ਹਵੀਂ ਜਮਾਤ ਦਾ ਨਤੀਜਾ 100 ਫੀਸਦੀ ਰਿਹਾ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਬਾਰ੍ਹਵੀਂ ਜਮਾਤ ਦੇ ਸਲਾਨਾ ਨਤੀਜੇ ਅਨੁਸਾਰ ਸ.ਸ.ਸ.ਸ ਕਾਦੀਆਂ ਦੇ ਸਾਇੰਸ ਗਰੁੱਪ ਦੇ ਸਾਰੇ ਵਿਦਿਆਰਥੀ 70% ਤੋਂ ਵੱਧ ਅੰਕ ਪ੍ਰਾਪਤ ਕਰਕੇ ਸਫਲ ਰਹੇ। ਸਾਇੰਸ ਮੈਡੀਕਲ/ ਨਾਨ ਮੈਡੀਕਲ ਵਿੱਚ ਪਰਵੀਨ ਅਖਤਰ 436 (87%) ਅੰਕ ਪ੍ਰਾਪਤ ਕਰਕੇ ਪਹਿਲੇ ਸਥਾਨ ’ਤੇ, ਅਮਨਦੀਪ (86.6%) 435 ਅੰਕਾਂ ਨਾਲ ਦੂਸਰੇ ਅਤੇ ਜਸ਼ਨਪ੍ਰੀਤ ਕੌਰ ਅਤੇ ਭੁਪਿੰਦਰਪਾਲ ਸਿੰਘ 431 (86.2%) ਅੰਕ ਪ੍ਰਾਪਤ ਕਰਕੇ ਤੀਸਰੇ ਸਥਾਨ ’ਤੇ ਰਹੇ। ਆਰਟਸ ਗਰੁਪ ਦਾ ਨਤੀਜਾ ਵੀ 100% ਰਿਹਾ ਜਿਸ ਵਿੱਚ ਸਾਰੇ ਵਿਦਿਆਰਥੀ ਡਵੀਜ਼ਨ ਵਿੱਚ ਪਾਸ ਰਹੇ। ਆਰਟਸ ਗਰੁੱਪ ਵਿੱਚ ਪਹਿਲਾ ਸਥਾਨ ਪਰਨੀਤ ਕੌਰ 83% ਅੰਕਾਂ ਨਾਲ ਪਹਿਲੇ ਸਥਾਨ ’ਤੇ ਰਹੀ, ਸੁਨੇਹਾ ਅਤੇ ਆਰਤੀ 408 ਅਤੇ 406 ਅੰਕ ਪ੍ਰਾਪਤ ਕਰਕੇ ਦੂਸਰੇ ਅਤੇ ਤੀਸਰੇ ਸਥਾਨ ’ਤੇ ਰਹੇ। ਇਸੇ ਤਰਾਂ 8ਵੀਂ ਜਮਾਤ ਦਾ ਨਤੀਜਾ ਵੀ 100% ਰਿਹਾ । 17 ਵਿਦਿਆਰਥੀਆਂ ਨੇ 80% ਤੋਂ ਵੱਧ ਅੰਕ ਪ੍ਰਾਪਤ ਕਰਕੇ ਸਕੂਲ ਅਤੇ ਮਾਤਾ ਪਿਤਾ ਦਾ ਨਾਂ ਰੌਸ਼ਨ ਕੀਤਾ।ਜਿਸ ਵਿੱਚ ਬੌਬੀ ਨੇ 88% ਅੰਕ ਪ੍ਰਾਪਤ ਕਰਕੇ ਪਹਿਲਾ, ਚਾਂਦ ਮਸੀਹ ਨੇ 87% ਅੰਕਾਂ ਨਾਲ ਦੂਸਰਾ ਅਤੇ ਅਸ਼ੋਕ ਕੁਮਾਰ ਨੇ 85% ਅੰਕਾਂ ਨਾਲ ਤੀਸਰਾ ਸਥਾਨ ਹਾਸਲ ਕੀਤਾ। ਸਕੂਲ ਪ੍ਰਿੰਸੀਪਲ ਡਾ. ਸੁਨੀਤਾ ਕੌਸ਼ਲ ਨੇ ਸਮੂਹ ਸਟਾਫ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ।ਡਾ.ਕੌਸ਼ਲ ਨੇ ਮਾਤਾ ਪਿਤਾ ਨੂੰ ਵਧਾਈ ਦਿੰਦੇ ਹੋਏ ਬੱਚਿਆਂ ਦੇ ਚੰਗੇ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੱਤੀਆਂ । ਪ੍ਰਿੰਸੀਪਲ ਵੱਲੋਂ ਸ਼ਹਿਰ ਨਿਵਾਸੀਆਂ ਨੂੰ ਬੇਨਤੀ ਕੀਤੀ ਹੈ ਕਿ ਉਹ ਆਪਣੇ ਬੱਚੇ ਸਰਕਾਰੀ ਸਕੂਲ ਵਿਖੇ ਦਾਖਲ ਕਰਵਾਉਣ ਅਤੇ ਸਾਰੀਆਂ ਸਰਕਾਰੀ ਸਹੂਲਤਾਂ ਨੂੰ ਪ੍ਰਾਪਤ ਕਰਨ। ਸਕੂਲ ਵਿੱਚ ਮੈਡੀਕਲ-ਨਾਨਮੈਡੀਕਲ ਸਟਰੀਮ ਚਲ ਰਹੀਆਂ ਹਨ। ਨੌਵੀਂ ਜਮਾਤ ਤੋਂ ਬਾਰ੍ਹਵੀਂ ਜਮਾਤ ਤੱਕ ਟੈਲੀਕਾਮ ਕੋਰਸ ਚਲ ਰਿਹਾ ਹੈ। ਵਿਦਿਆਰਥੀਆਂ ਦੀ ਸੁਰੱਖਿਆ ਲਈ ਸਕੂਲ ਵਿਖੇ ਸੁਰੱਖਿਆ ਕਰਮਚਾਰੀ ਹਨ। ਕੈਂਪਸ ਮੈਨੇਜਰ ਹੈ।



## ਦਿਲਾਵਰ ਸਿੰਘ ਨੂੰ ਵਿਧਾਨ ਸਭਾ ਹਲਕਾ ਰਾਜਾਸਾਂਸੀ ਦਾ ਪ੍ਰਧਾਨ ਥਾਪਿਆ



**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**-ਸਥਾਨਕ ਸ਼ਹਿਰ ਅਜਨਾਲਾ ਵਿਖੇ ਸਰਬੱਤ ਦਾ ਭਲਾ ਸਾਂਝਾ ਮੰਚ ਜਥੇਬੰਦੀ ਦੇ ਆਗੂਆਂ ਵਰਕਰਾਂ ਵੱਲੋਂ ਜ਼ਿਲ੍ਹਾ ਅੰਮ੍ਰਿਤਸਰ ਦੇ ਚੇਅਰਮੈਨ ਕਵਲਜੀਤ ਸਿੰਘ ਸਰਾਂ ਦੀ ਅਗਵਾਈ ’ਚ ਮੰਚ ਦੇ ਜ਼ਿਲ੍ਹਾ ਜਥੇਬੰਦਕ ਢਾਂਚੇ ਨੂੰ ਵਿਸਥਾਰ ਕਨ ਦੇ ਮੱਦੇ ਨਜ਼ ਮੀਟਿੰਗ ਕੀਤੀ ਗਈ।ਇਸ ਮੌਕੇ ਜ਼ਿਲਾ ਚੇਅਰਮੈਨ ਕਵਲਜੀਤ ਸਿੰਘ ਸਰਾਂ ਨੇ ਦਿਲਾਵਰ ਸਿੰਘ ਨੂੰ ਵਿਧਾਨ ਸਭਾ ਹਲਕਾ ਰਜਾਸਾਂਸੀ ਦਾ ਪ੍ਰਧਾਨ ਥਾਪਣ ਤੋਂ ਇਲਾਵਾ ਬਸੰਤ ਸਿੰਘ ਨੂੰ ਹਲਕਾ ਮੀਤ ਪ੍ਰਧਾਨ ਬਲਵਿੰਦਰ ਸਿੰਘ ਨੂੰ ਜਨਰਲ ਸਕੱਤਰ, ਆਕਾਸ਼ ਮਸੀਹ ਨੂੰ ਸਕੱਤਰ, ਸਤਿੰਦਰ ਸਿੰਘ ਨੂੰ ਜ਼ਿਲ੍ਹਾ ਯੂਥ ਮੈਂਬਰ ਵਜੋਂ ਨਿਯੁਕਤ ਕੀਤਾ ਗਿਆ ਹੈ।

## ਚੋਰੀ ਦੇ ਦੋਸ਼ਾਂ ਹੇਠ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਮਾਮਲਾ

**ਗੁਰਦਾਸਪੁਰ, (ਜਨਕ ਮਹਾਜਨ)**-ਥਾਣਾ ਸਦਰ ਗੁਰਦਾਸਪੁਰ ਪੁਲਿਸ ਨੇ ਚੋਰੀ ਦੇ ਦੋਸ਼ਾਂ ਹੇਠ ਨਾ-ਮਾਲੂਮ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਗੁਰਦਿਆਲ ਸਿੰਘ ਪੁੱਤਰ ਹਜਾਰਾ ਸਿੰਘ ਵਾਸੀ ਹਯਾਤ ਨਗਰ ਨੇ ਦੱਸਿਆ ਕਿ 30 ਅਪ੍ਰੈਲ ਨੂੰ ਮੈਂ ਅਤੇ ਮੇਰੀ ਪਤਨੀ ਆਪਣੇ ਘਰ ਨੂੰ ਤਾਲੇ ਲਗਾ ਕੇ ਆਪਣੀ ਦਵਾਈ ਲੈਣ ਗਏ ਸਨ। ਕਰੀਬ ਦੋ ਘੰਟੇ ਬਾਅਦ ਜਦ ਘਰ ਵਾਪਿਸ ਆਏ ਅਤੇ ਮੇਨ ਗੇਟ ਦਾ ਤਾਲਾ ਖੋਲ੍ਹ ਕੇ ਜਦ ਅੰਦਰ ਗਏ ਤਾਂ ਦੇਖਿਆ ਕਿ ਕਮਰਿਆ ਦੇ ਦਰਵਾਜ਼ਿਆਂ ਦੇ ਤਾਲੇ ਟੁੱਟੇ ਹੋਏ ਸਨ ਅਤੇ ਕਮਰੇ ਵਿੱਚ ਰੱਖੀ ਅਲਮਾਰੀ ਲੋਹਾ ਵਿੱਚੋਂ ਕਰੀਬ 48 ਹਜ਼ਾਰ ਰੁਪਏ ਕੋਈ ਨਾ-ਮਾਲੂਮ ਵਿਅਕਤੀ ਚੋਰੀ ਕਰਕੇ ਲੈ ਗਿਆ ਹੈ। ਪੁਲਸ ਨੇ ਪੀੜਤ ਦੇ ਬਿਆਨਾਂ ’ਤੇ ਕਾਰਵਾਈ ਕਰਦਿਆਂ ਨਾ-ਮਾਲੂਮ ਵਿਅਕਤੀਆਂ ਖ਼ਿਲਾਫ਼ ਜ਼ੇਰੇ ਧਾਰਾ 454 ਅਤੇ 380 ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

## ਸਰਬੱਤ ਦਾ ਭਲਾ ਟਰੱਸਟ ਵੱਲੋਂ ਲੈਬ ਤੇ ਡਾਇਗਨੋਸਟਿਕ ਸੈਂਟਰ ਦਾ ਉਦਘਾਟਨ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੁਖੀ ਡਾ. ਐੱਸ. ਪੀ. ਸਿੰਘ ਓਬਰਾਏ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 400 ਸਾਲਾ ਆਗਮਨ ਪੁਰਬ ਨੂੰ ਸਮਰਪਿਤ ‘ਸੰਨੀ ਓਬਰਾਏ ਕਲੀਨੀਕਲ ਲੈਬ ਅਤੇ ਡਾਇਗਨੋਸਟਿਕ ਸੈਂਟਰ’ ਦਾ ਉਦਘਾਟਨ ਅੰਮ੍ਰਿਤਸਰ ਦੇ ਸਰਹੱਦੀ ਪਿੰਡ ਚੀਚਾ ਦੇ ‘ਗੁਰੂ ਨਾਨਕ ਸਿੱਖਿਆ ਤੇ ਸੇਵਾ ਕੇਂਦਰ’ ਵਿਖੇ ਕੀਤਾ ਗਿਆ। ਸਮਾਗਮ ’ਚ ਟਰੱਸਟੀ ਡਾ. ਸਤਨਾਮ ਸਿੰਘ ਨਿੱਜਰ ਨੇ ਵੀ ਬਤੌਰ ਵਿਸ਼ੇਸ਼ ਮਹਿਮਾਨ ਸ਼ਿਰਕਤ ਕੀਤੀ। ਭਕਨਾ-ਚੀਚਾ ਰੋਡ ’ਤੇ ‘ਲੰਗਰੁ ਚਲੈ ਗੁਰ ਸਬਦਿ ਸੰਸਥਾ’ ਵੱਲੋਂ ਚਲਾਏ ਜਾ ਰਹੇ ਗੁਰੂ ਨਾਨਕ ਸਿੱਖਿਆ ਤੇ ਸੇਵਾ ਕੇਂਦਰ ਵਿਖੇ ਖੋਲ੍ਹੀ ਗਈ ਇਸ ਲੈਬਾਰਟਰੀ ਦੇ ਉਦਘਾਟਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡਾ. ਓਬਰਾਏ ਨੇ ਪੰਜਾਬ ਸਮੇਤ ਹੋਰਨਾਂ ਸੂਬਿਆਂ ’ਚ ਸਰਬੱਤ ਦਾ ਭਲਾ ਟਰੱਸਟ ਵੱਲੋਂ ਨਿਭਾਈਆਂ ਜਾ ਰਹੀਆਂ ਸੇਵਾਵਾਂ ਦੀ ਜਾਣਕਾਰੀ ਦਿੱਤੀ ਅਤੇ ਕਿਹਾ ਕਿ ਟਰੱਸਟ ਵੱਲੋਂ ਸਥਾਪਤ ਕੀਤੀ ਗਈ ਬਹੁਤ ਹੀ ਘੱਟ ਖ਼ਰਚੇ ਵਾਲੀ ਇਸ ਲੈਬਾਰਟਰੀ ਨਾਲ ਅੰਮ੍ਰਿਤਸਰ ਜ਼ਿਲ੍ਹੇ ਦੇ ਸਰਹੱਦੀ ਪਿੰਡਾਂ ਨੂੰ ਬਹੁਤ ਵੱਡੀ ਸਹੂਲਤ ਮਿਲੇਗੀ। ਉਨ੍ਹਾਂ ਦੱਸਿਆ ਕਿ ਟਰੱਸਟ ਵੱਲੋਂ ਹੁਣ ਤੱਕ ਪੰਜਾਬ ਤੇ ਹਰਿਆਣਾ ਸਮੇਤ ਹੋਰਨਾਂ ਸੂਬਿਆਂ ’ਚ 95 ਤੋਂ ਵੱਧ ਲੈਬਾਰਟਰੀਆਂ ਖੋਲ੍ਹੀਆਂ ਜਾ ਚੁੱਕੀਆਂ ਹਨ, ਜਿਨ੍ਹਾਂ ਅੰਦਰ ਹਰ ਸਾਲ ਲਗਭਗ 12 ਲੱਖ ਦੇ ਕਰੀਬ ਲੋਕ ਕੇਵਲ ਲਾਗਤ ਦਰਾਂ ’ਤੇ ਆਪਣੇ ਟੈਸਟ ਕਰਵਾ ਰਹੇ ਹਨ। ਉਨ੍ਹਾਂ ਲੰਗਰੁ ਚਲੈ ਗੁਰ ਸਬਦਿ ਸੰਸਥਾ ਵੱਲੋਂ ਚਲਾਏ ਜਾ ਰਹੇ ਗੁਰੂ ਨਾਨਕ ਸਿੱਖਿਆ ਤੇ ਸੇਵਾ ਕੇਂਦਰ ਦੀ ਵੀ ਸ਼ਲਾਘਾ ਕੀਤੀ।

# ਸ਼ੈਲਿੰਦਰਜੀਤ ਸਿੰਘ ਰਾਜਨ ਦਾ ਗੁਰਦਿਆਲ ਸਿੰਘ ਫੁੱਲ ਯਾਦਗਾਰੀ ਐਵਾਰਡ ਨਾਲ ਸਨਮਾਨ



**ਬੁਤਾਲਾ, ਬਾਬਾ ਬਕਾਲਾ (ਨਿਰਮਲ ਸਿੰਘ ਸੰਘਾ/ਜਸਪਾਲ ਸਿੰਘ)**

ਜਸਪਾਲ ਹੰਜਰਾਅ ਸਾਹਿਤਕ ਮੰਚ ਫਤਿਹਗੜ੍ਹ ਚੂੜੀਆਂ ਵੱਲੋਂ ਮਈ ਦਿਵਸ ਨੂੰ ਸਮਰਪਿਤ, ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਹਿਯੋਗ ਨਾਲ ਪੁਸਤਕ ਲੋਕ ਅਰਪਣ ਸਮਾਗਮ ਅਤੇ ਸਨਮਾਨ ਸਮਾਰੋਹ ਸੰਤ ਬਾਬਾ ਜਗਤ ਸਿੰਘ ਸੀਨੀ. ਸੈਕੰ. ਸਕੂਲ ਹਰਸ਼ਾ ਛੀਨਾ ਵਿਖੇ ਕਰਵਾਇਆ ਗਿਆ। ਇਸ ਮੌਕੇ ਆਸਟ੍ਰੇਲੀਆ ਵਾਸੀ ਰੁਬਿੰਦਰ ਕੌਰ ਦਾ ਕਾਵਿ ਸੰਗ੍ਰਹਿ ‘ਚੇਤਨਾ ਦੀ ਲੋਅ’ ਅਤੇ ਲਵਲੀਨ ਕੌਰ ਛੀਨਾ ਦੀ ਸੰਪਾਦਿਤ ਪੁਸਤਕ ‘ਸ਼ਗਨਾਂ ਦੇ ਗੀਤ’ (ਮਾਂ-ਧੀ ਦੀਆਂ ਪੁਸਤਕਾਂ) ਲੋਕ ਅਰਪਨ ਕੀਤੀਆਂ ਗਈਆਂ। ਇਸ ਮੌਕੇ ਮੁੱਖ ਮਹਿਮਾਨ ਵਜੋਂ ਬਾਬਾ ਹਰਭਜਨ ਸਿੰਘ, ਕੇਂਦਰੀ ਪੰਜਾਬੀ ਲੇਖਕ ਸਭਾ ਦੇ ਮੀਤ ਪ੍ਰਧਾਨ ਸ਼ੈਲਿੰਦਰਜੀਤ ਸਿੰਘ ਰਾਜਨ, ਸਕੱਤਰ ਦੀਪ ਦੇਵਿੰਦਰ ਸਿੰਘ, ਅਮਨਦੀਪ ਸਿੰਘ ਛੀਨਾ, ਹਰਜੀਤ ਸਿੰਘ ਸੰਧੂ ਅਤੇ ਹਰਪਾਲ ਸਿੰਘ ਨਾਗਰਾ ਹਾਜ਼ਰ ਸਨ।ਇਸ ਮੌਕੇ ਡਾ. ਸੁਖਵਿੰਦਰ ਸਿੰਘ ਨੇ ਦੋਵਾਂ ਕਿਤਾਬਾਂ ’ਤੇ ਪੇਪਰ ਪੜ੍ਹਦਿਆਂ ਕਿਹਾ ਕਿ ਜਿੱਥੇ ਅਜੋਕੇ ਸਮਾਜ ਨੂੰ ਚੇਤਨਾ ਦੀ ਲੋਅ ਵਰਗੀਆਂ ਲੋਕ-ਪੱਖੀ ਕਿਤਾਬਾਂ ਦੀ ਲੋੜ ਹੈ, ਉੱਥੇ ਲੋਕ ਮਨਾਂ ’ਚੋਂ ਵਿਸਰ ਰਹੇ ਸ਼ਗਨਾਂ ਦੇ ਗੀਤ ਵਰਗੇ ਵਿਰਾਸਤੀ ਤੇ ਸੱਭਿਆਚਾਰਕ ਗੀਤਾਂ ਦੀ ਬੇਹੱਦ ਜ਼ਰੂਰਤ ਹੈ।

## ਰਾਜਪੁਰਾ ਨੂੰ ਸਨਅਤੀ ਹੱਬ ਬਣਾਉਣ ਲਈ ਜ਼ਮੀਨ ਐਕਵਾਇਰ ਕਰਨ ਦਾ ਕੰਮ ਮੁਕੰਮਲ

**ਰਾਜਪੁਰਾ:** ਰਾਜਪੁਰਾ ਨੂੰ ਇੱਕ ਪ੍ਰਮੁੱਖ ਉਦਯੋਗਿਕ ਹੱਬ ਬਣਾਉਣ ਲਈ ਆਪਣੇ ਰਣਨੀਤਕ ਕਦਮਾਂ ਨੂੰ ਅੱਗੇ ਵਧਾਉਂਦੇ ਹੋਏ ਪੰਜਾਬ ਸਰਕਾਰ ਨੇ ਖੇਤਰ ਦੇ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਅਹਿਮ ਪਹਿਲਕਦਮੀਆਂ ਕੀਤੀਆਂ ਹਨ।ਇਸ ਉਪਰਾਲੇ ਦਾ ਤਾਜ਼ਾ ਮੀਲ ਪੱਥਰ 150 ਫੁੱਟ ਚੌੜੀ ਸੜਕ ਦੇ ਨਿਰਮਾਣ ਲਈ ਪਿੰਡ ਕਾਈ, ਮੰਡਵਾਲ, ਖਾਨਪੁਰ ਖੁਰਦ, ਕੰਵਰਪੁਰ ਅਤੇ ਪਾਬੜਾ ਵਿੱਚ ਜ਼ਮੀਨ ਐਕਵਾਇਰ ਦਾ ਮੁਕੰਮਲ ਹੋਣਾ ਹੈ।ਇਹ ਸੜਕ ਇੰਟੈਗਰੇਟਿਡ ਮੈਨੂਫੈਕਚਰਿੰਗ ਕਲੱਸਟਰ ਨੂੰ ਸਿੱਧੇ ਐੱਸਏਐੱਸ ਨਗਰ ਹਵਾਈ ਅੱਡੇ ਨਾਲ ਜੋੜ ਦੇਵੇਗੀ, ਜੋ ਨਿਰਵਿਘਨ ਸੰਪਰਕ ਦੇ ਨਾਲ-ਨਾਲ ਵਸਤੂਆਂ ਅਤੇ ਸੇਵਾਵਾਂ ਦੀ ਕੁਸ਼ਲ ਆਵਾਜਾਈ ਦੀ ਸਹੂਲਤ ਦੇਵੇਗੀ। ਪੰਜਾਬ ਸਰਕਾਰ ਦਾ ਇਹ ਰਣਨੀਤਕ ਕਦਮ ਆਰਥਿਕ ਖੁਸ਼ਹਾਲੀ ਨੂੰ ਹੁਲਾਰਾ ਦੇਣ ਅਤੇ ਰਾਜਪੁਰਾ ਅਤੇ ਆਸ-ਪਾਸ ਦੇ ਖੇਤਰਾਂ ਦੇ ਲੋਕਾਂ ਲਈ ਟਿਕਾਊ ਮੌਕੇ ਪੈਦਾ ਕਰਨ ਦੀ ਆਪਣੀ ਵਚਨਬੱਧਤਾ ਨੂੰ ਦਰਸਾਉਂਦਾ ਹੈ।

# ਸਿਆਸੀ ਲੀਡਰਾਂ ਦੇ ਦੋਗਲੇ ਚਿਹਰੇ ਨੰਗੇ ਕਰਨ ਸੰਬੰਧੀ ਪਸਨਾਵਾਲ ’ਚ ਫਲੈਕਸ ਬੋਰਡ ਲਗਾ ਕੇ ਲੋਕਾਂ ਨੂੰ ਜਾਗਰੂਕ ਕੀਤਾ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**

ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਗੁਰਦਾਸਪੁਰ ਜ਼ੋਨ ਬੁਰਜ ਸਾਹਿਬ ਧਾਰੀਵਾਲ ਦੇ ਸਕੱਤਰ ਸਤਨਾਮ ਸਿੰਘ ਖਾਨਮਲੱਕ ਦੀ ਅਗਵਾਈ ਵਿੱਚ ਜਥੇਬੰਦੀ ਦੇ ਆਗੂਆਂ ਵਲੋਂ ਵਿਧਾਨ ਸਭਾ ਹਲਕਾ ਕਾਦੀਆਂ ਵਿੱਚ ਪੈਂਦੇ ਪਿੰਡ ਪਸਨਾਵਾਲ ਵਿਖੇ ਲੋਕ ਸਭਾ ਚੋਣਾਂ ਦੌਰਾਨ ਸਿਆਸੀ ਲੀਡਰਾਂ ਤੋਂ ਪੁੱਛੇ ਜਾਣ ਸਵਾਲਾਂ ਦੀਆਂ ਤਿਆਰੀਆਂ ਲਈ ਲੋਕਾਂ ਨੂੰ ਜਾਗਰੂਕ ਕਰਨ ਸਬੰਧੀ ਫਲੈਕਸ ਬੋਰਡ ਲਗਾਏ ਅਤੇ ਇਸ ਤੋਂ ਇਲਾਵਾ ਭਾਜਪਾ ਪੱਖੀ ਕੰਧਾਂ ’ਤੇ ਪੇਂਟ ਨਾਲ ਛਾਪੇ ਹੋਏ ਬੋਰਡਾਂ ਉਪਰ ਲਿਖਿਆ ਭਾਜਪਾ, ਇਸ ਵਾਰ ਫਿਰ ਮੋਦੀ ਸਰਕਾਰ, ਭਾਜਪਾ ਨੂੰ ਵੋਟ ਪਾਓ ਅਤੇ ਫੁੱਲ ਦੇ ਨਿਸ਼ਾਨ ਉਪਰ ਕਾਲਾ ਰੰਗ ਮਲ ਕੇ ਬੋਰਡ ਉਪਰੋਂ ਭਾਜਪਾ ਦਾ ਨਾਮੋ ਨਿਸ਼ਾਨ ਮਿਟਾਇਆ। ਜਥੇਬੰਦੀ ਦੇ ਆਗੂਆਂ ਦੱਸਿਆ ਜ਼ੋਨ ਬੁਰਜ ਸਾਹਿਬ ਦੇ ਹਰੇਕ ਪਿੰਡ ਵਿੱਚ ਸਿਆਸੀ ਲੀਡਰਾਂ ਤੋਂ ਪੁੱਛੇ ਜਾਣ ਸਵਾਲਾਂ ਦੀਆਂ ਤਿਆਰੀਆਂ ਲਈ ਜਾਗਰੂਕਤਾ ਫਲੈਕਸ ਬੋਰਡ ਲਗਾਏ ਜਾ ਰਹੇ ਹਨ ਅਤੇ ਜਿਹੜੇ ਪਿੰਡ ਵਿੱਚ ਭਾਜਪਾ ਪੱਖੀ ਕੋਈ ਅਜਿਹਾ ਬੋਰਡ ਹੋਵੇਗਾ ਉਸ ਉਪਰ ਇਸੇ ਤਰ੍ਹਾਂ ਕਾਲਾ ਰੰਗ ਫੇਰ ਕੇ ਭਾਜਪਾ ਦਾ ਨਾਮੋ ਨਿਸ਼ਾਨ ਬੋਰਡਾਂ ਤੋਂ ਮਿਟਾ ਦਿੱਤਾ ਜਾਵੇਗਾ। ਕਿਸਾਨ ਆਗੂਆਂ ਕਿਹਾ ਕਿ ਚੋਣਾਂ ਦੌਰਾਨ ਆਉਣ ਵਾਲੇ ਹਰੇਕ ਪਾਰਟੀ ਦੇ ਸਿਆਸੀ ਲੀਡਰਾਂ ਤੋਂ ਸਵਾਲਾਂ ਦੇ ਜਵਾਬ ਮੰਗੇ ਜਾਣਗੇ ਅਤੇ ਜੇ ਉਹ ਸਵਾਲਾਂ ਦੇ ਜਵਾਬ ਨਹੀਂ ਦਿੰਦੇ ਤਾਂ ਕਾਲੀਆਂ ਝੰਡੀਆਂ ਨਾਲ ਨਾਅਰੇਬਾਜ਼ੀ ਕਰਕੇ ਵਿਰੋਧ ਕੀਤਾ ਜਾਵੇਗਾ। ਇਸ ਤੋਂ ਇਲਾਵਾ ਭਾਜਪਾ ਉਮੀਦਵਾਰ ਦਾ ਪਿੰਡਾਂ ਵਿੱਚ ਆਉਣ ਤੇ ਕਾਲੀਆਂ ਝੰਡੀਆਂ ਨਾਲ ਵਿਰੋਧ ਕੀਤਾ ਜਾਵੇਗਾ। ਜਦੋਂ ਤੱਕ ਸਰਕਾਰਾਂ ਕਿਸਾਨਾਂ ਦੇ ਮੰਗਾਂ ਮਸਲਿਆਂ ਦਾ ਹੱਲ ਨਹੀਂ ਕਰਦੀਆਂ ਉਦੋਂ ਤੱਕ ਸ਼ੰਭੂ ਬਾਰਡਰ ’ਤੇ ਧਰਨਾ ਤੇ ਸੰਘਰਸ਼ ਜਾਰੀ ਰਹੇਗਾ। ਕਿਸਾਨ ਮਜ਼ਦੂਰਾਂ ਨੂੰ ਵਾਰੀ ਸਿਰ ਸ਼ੰਭੂ ਬਾਡਰ ਧਰਨੇ ਵਿੱਚ ਜਾਣ ਦੀਆਂ ਤਿਆਰੀਆਂ ਵੀ ਕਰਵਾਈਆਂ ਗਈਆਂ ਹਨ। ਇਸ ਮੌਕੇ ਜਥੇਬੰਦੀ ਦੇ ਜ਼ੋਨ ਬੁਰਜ ਸਾਹਿਬ ਦੇ ਸਕੱਤਰ ਸਤਨਾਮ ਸਿੰਘ ਖਾਨਮਲੱਕ, ਅਜੀਤ ਸਿੰਘ ਗਿੱਲਮੰਝ, ਹਰਭਾਲ ਸਿੰਘ ਤਲਵੰਡੀ, ਹਰਵਿੰਦਰ ਸਿੰਘ ਤਲਵੰਡੀ ਬਖ਼ੂਨਗੜ, ਗੁਰਪਿੰਦਰ ਸਿੰਘ,ਪਸਨਾਵਾਲ ਇਕਾਈ ਦੇ ਪ੍ਰਧਾਨ ਨਵਜੋਤ ਸਿੰਘ, ਸਾਬਕਾ ਸਰਪੰਚ ਗੁਰਨਾਮ ਸਿੰਘ ਪਸਨਾਵਾਲ, ਪ੍ਰਕਾਸ਼ ਸਿੰਘ ਰੰਧਾਵਾ, ਪਲਵਿੰਦਰ ਸਿੰਘ, ਰਾਣਾ ਪਸਨਾਵਾਲ ਆਦਿ ਕਿਸਾਨ ਆਗੂਆਂ ਤੋਂ ਇਲਾਵਾ ਹੋਰ ਪਿੰਡ ਵਾਸੀ ਵੀ ਮੌਜੂਦ ਸਨ।

ਨਵਾਂ ਜ਼ਮਾਨਾ
ਸ਼ਨੀਵਾਰ, 4 ਮਈ 2024

# ਭਾਜਪਾ ਦਾ ਨਾਰੀ ਸਤਿਕਾਰ

ਭਾਜਪਾ ਨੇ ਯੂ ਪੀ ਦੇ ਕੈਸਰਗੰਜ ਲੋਕ ਸਭਾ ਹਲਕੇ ਤੋਂ ਕਰਨ ਭੂਸ਼ਣ ਸਿੰਘ ਨੂੰ ਵੀਰਵਾਰ ਆਪਣਾ ਉਮੀਦਵਾਰ ਐਲਾਨਿਆ। ਕਰਨ ਮੌਜੂਦਾ ਭਾਜਪਾ ਸਾਂਸਦ ਬ੍ਰਿਜ ਭੂਸ਼ਣ ਸ਼ਰਣ ਸਿੰਘ ਦਾ ਛੋਟਾ ਬੇਟਾ ਹੈ। ਭਾਜਪਾ ਨੂੰ ਬ੍ਰਿਜ ਭੂਸ਼ਣ ਦੀ ਟਿਕਟ ਇਸ ਕਰਕੇ ਕੱਟਣੀ ਪਈ, ਕਿਉਂਕਿ ਉਸ 'ਤੇ ਮਹਿਲਾ ਭਲਵਾਨਾਂ ਦੇ ਜਿਨਸੀ ਸ਼ੋਸ਼ਣ ਦਾ ਦੋਸ਼ ਹੈ। ਉਸ ਵਿਰੁੱਧ ਭਲਵਾਨਾਂ ਨੇ ਤਕੜਾ ਅੰਦੋਲਨ ਵੀ ਚਲਾਇਆ। ਜਿਨ੍ਹਾਂ ਮਹਿਲਾ ਭਲਵਾਨਾਂ ਨੂੰ ਜਿਨਸੀ ਸ਼ੋਸ਼ਣ ਦਾ ਸਾਹਮਣਾ ਕਰਨਾ ਪਿਆ, ਉਨ੍ਹਾਂ ਵਿੱਚੋਂ ਬਹੁਤੀਆਂ ਹਰਿਆਣਾ ਦੀਆਂ ਹਨ, ਜਿੱਥੋਂ ਦੀਆਂ 10 ਲੋਕ ਸਭਾ ਸੀਟਾਂ ਲਈ ਅਜੇ ਵੋਟਾਂ ਪੈਣੀਆਂ ਹਨ। ਭਾਜਪਾ ਨੇ ਕਰਨ ਨੂੰ ਟਿਕਟ ਦੇਣ ਦਾ ਫੈਸਲਾ ਐਨ ਅੰਤਲੇ ਛਿਣਾਂ ਵਿਚ ਕੀਤਾ। ਕੈਸਰਗੰਜ ਵਿਚ ਵੋਟਾਂ ਪੰਜਵੇਂ ਗੇੜ ਵਿਚ 20 ਮਈ ਨੂੰ ਪੈਣੀਆਂ ਹਨ। ਹਾਲਾਂਕਿ ਪ੍ਰਧਾਨ ਮੰਤਰੀ ਨਾਰੀ ਸ਼ਕਤੀ ਦੇ ਸਨਮਾਨ ਦੀਆਂ ਬਹੁਤ ਡੀਂਗਾਂ ਮਾਰਦੇ ਹਨ, ਪਰ ਸੱਤਾ ਨਾਲ ਚਿੰਬੜ ਰਹਿਣ ਖਾਤਰ ਉਨ੍ਹਾ ਦੀ ਪਾਰਟੀ ਨੇ ਟਿਕਟ ਬ੍ਰਿਜ ਭੂਸ਼ਣ ਦੇ ਪਰਵਾਰ ਦੀ ਥਾਂ ਕਿਸੇ ਹੋਰ ਨੂੰ ਨਹੀਂ ਦਿੱਤੀ। ਛੇ ਵਾਰ ਤੋਂ ਸਾਂਸਦ ਬ੍ਰਿਜ ਭੂਸ਼ਣ ਦਬੰਗ ਨੇਤਾ ਮੰਨਿਆ ਜਾਂਦਾ ਹੈ ਤੇ ਉਸ ਦਾ ਪੂਰਬੀ ਯੂ ਪੀ ਦੀਆਂ ਘੱਟੋ-ਘੱਟ 6 ਸੀਟਾਂ 'ਤੇ ਦਬਦਬਾ ਮੰਨਿਆ ਜਾਂਦਾ ਹੈ। ਇਸੇ ਕਰਕੇ ਭਾਜਪਾ ਨੇ ਉਸ ਦੇ ਬੇਟੇ ਨੂੰ ਟਿਕਟ ਦੇ ਕੇ ਉਸ ਦਾ 'ਮਾਣ' ਰੱਖਿਆ ਹੈ।

ਬ੍ਰਿਜ ਭੂਸ਼ਣ ਵਿਰੁੱਧ ਮਹਿਲਾ ਭਲਵਾਨਾਂ ਨਾਲ ਰਲ ਕੇ ਅੰਦੋਲਨ ਚਲਾਉਣ ਵਾਲੇ ਨਾਮੀ ਭਲਵਾਨ ਬਜਰੰਗ ਪੂਨੀਆ ਨੇ ਕਿਹਾ ਹੈ ਕਿ ਭਾਜਪਾ ਨੇ ਕਰਨ ਨੂੰ ਟਿਕਟ ਦੇ ਕੇ ਸਾਬਤ ਕਰ ਦਿੱਤਾ ਹੈ ਕਿ ਉਸ ਨੂੰ ਮਹਿਲਾਵਾਂ ਦੀ ਸੁਰੱਖਿਆ ਦੀ ਕੋਈ ਪ੍ਰਵਾਹ ਨਹੀਂ ਅਤੇ ਪਰਵਾਰਵਾਦ ਦਾ ਉਸ ਵਿਚ ਵੀ ਬੋਲਬਾਲਾ ਹੈ। ਕਿੰਨੀ ਸ਼ਰਮ ਦੀ ਗੱਲ ਹੈ ਕਿ ਭਾਜਪਾ ਉਸ ਵਿਅਕਤੀ ਦੀ ਪਿੱਠ 'ਤੇ ਹੈ, ਜਿਸ ਨੇ ਦੇਸ਼ ਦੀਆਂ ਧੀਆਂ-ਭੈਣਾਂ ਦੀ ਇੱਜ਼ਤ ਨੂੰ ਹੱਥ ਪਾਇਆ। ਬੇਟੇ ਨੂੰ ਟਿਕਟ ਦੇਣਾ ਪਿਓ ਨੂੰ ਟਿਕਟ ਦੇਣ ਦੇ ਬਰਾਬਰ ਹੈ। ਤਾਕਤ ਪਿਓ ਕੋਲ ਹੀ ਰਹੇਗੀ, ਬੇਟਾ ਤਾਂ ਡੰਮੀ ਹੈ। ਮਹਿਲਾ ਭਲਵਾਨਾਂ ਦਾ ਸ਼ੋਸ਼ਣ ਜਾਰੀ ਰਹੇਗਾ। ਇਹੀ ਭਾਜਪਾ ਦਾ 'ਬੇਟੀ ਬਚਾਓ-ਬੇਟੀ ਪੜ੍ਹਾਓ' ਦਾ ਨਾਅਰਾ ਹੈ। ਜੇ ਸਰਕਾਰ ਬ੍ਰਿਜ ਭੂਸ਼ਣ ਦੀ ਲਗਾਤਾਰ ਹਮਾਇਤ ਜਾਰੀ ਰੱਖੇਗੀ ਤਾਂ ਉਸ ਨੂੰ ਕੌਣ ਹਰਾ ਸਕਦਾ ਹੈ।

ਇਹ ਪਹਿਲੀ ਵਾਰ ਨਹੀਂ ਕਿ ਕਰਨ ਨੇ ਪਿਓ ਦੀ ਥਾਂ ਲਈ ਹੈ। ਇਸ ਸਾਲ ਫਰਵਰੀ ਵਿਚ ਉਹ ਯੂ ਪੀ ਕੁਸ਼ਤੀ ਐਸੋਸੀਏਸ਼ਨ ਦਾ ਪ੍ਰਧਾਨ ਬਣਿਆ। ਦੋਸ਼ ਲੱਗਣ ਤੋਂ ਪਹਿਲਾਂ ਬ੍ਰਿਜ ਭੂਸ਼ਣ ਇਸ ਅਹੁਦੇ 'ਤੇ 12 ਸਾਲ ਤੋਂ ਕਾਬਜ਼ ਸੀ। ਪਿੱਛੇ ਜਿਹੇ ਭਾਰਤੀ ਕੁਸ਼ਤੀ ਫੈਡਰੇਸ਼ਨ ਦੀਆਂ ਚੋਣਾਂ ਵਿਚ ਭਾਜਪਾ ਨੇ ਬ੍ਰਿਜ ਭੂਸ਼ਣ ਨੂੰ ਸ਼ਰਮ ਦੇ ਮਾਰੇ ਚੋਣ ਨਾ ਲੜਨ ਲਈ ਮਨਾਇਆ, ਪਰ ਜਿਹੜਾ ਨਵਾਂ ਪ੍ਰਧਾਨ ਸੰਜੇ ਸਿੰਘ ਬਣਿਆ, ਉਹ ਉਸ ਦਾ ਹੀ ਬੰਦਾ ਹੈ।

# ਪਾਠਕ-ਸੱਥ

## ਕੋਰੋਨਾ ਵੈਕਸੀਨ ਦੇ ਪ੍ਰਭਾਵ

ਐਸਟਰਾਜੈਨੇਕਾ ਦੀ ਕੋਰੋਨਾ ਵੈਕਸੀਨ ਨਾਲ ਦਿਲ ਦੇ ਦੌਰਿਆਂ ਵਿੱਚ ਵਾਧੇ ਹੋਣ ਦੇ ਚਰਚਿਆਂ ਨੇ ਇਕ ਵਾਰ ਫ਼ਿਰ ਕਰੋਨਾ ਵੈਕਸੀਨ ਦੀ ਸੁਰੱਖਿਆ 'ਤੇ ਸਵਾਲ ਖੜ੍ਹੇ ਕਰ ਦਿੱਤੇ ਹਨ।ਕਰੋਨਾ ਤੋਂ ਬਚਣ ਲਈ ਸਾਰਿਆਂ ਲਈ ਟੀਕਾਕਰਨ ਜ਼ਰੂਰੀ ਹੋ ਚੁੱਕਿਆ ਸੀ।ਪੂਰੇ ਭਾਰਤ ਵਿੱਚ ਤਾਲਾਬੰਦੀ ਸੀ। ਜਿਹੜੇ ਸਿਹਤ ਅਤੇ ਜ਼ਰੂਰੀ ਵਸਤਾਂ ਨਾਲ਼ ਸਬੰਧਤ ਕਰਮਚਾਰੀ ਕੰਮ ਕਰ ਰਹੇ ਸਨ ਉਹਨਾਂ ਨੂੰ ਹਰ ਰੋਜ਼ ਨਵੀਆਂ ਤੋਂ ਨਵੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ।ਸਰਕਾਰੀ ਅਤੇ ਗੈਰਸਰਕਾਰੀ ਮੁਲਾਜ਼ਮਾਂ ਨੂੰ ਕਰੋਨਾ ਵੈਕਸੀਨ ਦੇ ਸਰਟੀਫਿਕੇਟ ਤੋਂ ਬਿਨਾਂ ਤਨਖ਼ਾਹ ਨਹੀਂ ਦਿੱਤੀ ਜਾਂਦੀ ਸੀ ।ਕਰੋਨਾ ਦੀ ਜਦੋਂ ਵੈਕਸੀਨ ਲੱਗਣੀ ਸ਼ੁਰੂ ਹੋਈ ਤਾਂ ਉਸ ਸਮੇਂ ਤੋਂ ਹੀ ਇਸਦੀ ਸੁਰੱਖਿਆ ਬਾਰੇ ਗੱਲਾਂ ਹੋਣੀਆਂ ਸ਼ੁਰੂ ਹੋ ਗਈਆਂ ਸਨ ਪਰੰਤੂ ਉਦੋਂ ਸਿਹਤ ਕਰਮਚਾਰੀਆਂ ਅਤੇ ਸਰਕਾਰ ਨੇ ਇਸ ਨੂੰ ਅਫਵਾਹ ਦੱਸ ਕੇ ਬੁੱਤਾ ਸਾਰ ਦਿੱਤਾ, ਪ੍ਰੰਤੂ ਹੁਣ ਤਾਂ ਖ਼ੁਦ ਕੰਪਨੀ ਨੇ ਮੰਨਿਆ ਹੈ ਕਿ ਵੈਕਸੀਨ ਕਰਕੇ ਖ਼ੂਨ ਦੇ ਥੱਕੇ ਬਣਨ ਵਿੱਚ ਵਾਧਾ ਹੋਇਆ ਹੈ ਜਿਸ ਕਰਕੇ ਦਿਲ ਦੀਆਂ ਬਿਮਾਰੀਆਂ ਅਤੇ ਦਿਲ ਦੇ ਦੌਰਿਆਂ ਵਿੱਚ ਵਾਧਾ ਦਰਜ ਕੀਤਾ ਗਿਆ ਹੈ। ਭਵਿੱਖ ਵਿੱਚ ਜੇਕਰ ਕਰੋਨਾ ਦੇ ਕੇਸ ਦਰਜ ਹੁੰਦੇ ਹਨ ਤਾਂ ਉਸ ਸਮੇਂ ਵਿੱਚ ਵਰਤੀਆਂ ਜਾਣ ਵਾਲੀਆਂ ਵੈਕਸੀਨਾਂ ਦੀ ਸਰੁੱਖਿਆ ਤੇ ਪ੍ਰਸ਼ਨ ਚਿੰਨ੍ਹ ਲੱਗਣਾ ਸੁਭਾਵਿਕ ਹੈ।ਵੈਕਸੀਨ ਅਜਿਹੀ ਹੋਵੇ ਜਿਸਦੇ ਮਾੜੇ ਪ੍ਰਭਾਵ ਨਾ ਹੋਣ ।ਅਜੋਕੇ ਸਮੇਂ ਵਿੱਚ ਵਿਗਿਆਪਨਾਂ ਦੀ ਮਦਦ ਨਾਲ ਸੱਚਾਈ ਨੂੰ ਲੋਕਾਂ ਤੋਂ ਦੂਰ ਸੁਰੱਖਿਆ ਜਾਂਦਾ ਹੈ ।ਪਤੰਜਲੀ ਦੀ ਸੁਪਰੀਮ ਕੋਰਟ ਵੱਲੋਂ ਕੀਤੀ ਹੋਈ ਖਿਚਾਈ ਵੀ ਸ਼ਲਾਘਾਯੋਗ ਹੈ । ਸਿਹਤ ਖੇਤਰ ਵਿੱਚ ਅਜੇ ਹੋਰ ਬਹੁਤ ਸੁਧਾਰ ਕੀਤਾ ਜਾਣਾ ਬਾਕੀ ਹੈ ਫਿਰ ਹੀ ਸਵੱਛ ਭਾਰਤ ਸਵੱਸਥ ਭਾਰਤ ਦਾ ਸੁਪਨਾ ਹਕੀਕੀ ਰੂਪ ਲੈ ਸਕੇਗਾ ।

-ਰਜਵਿੰਦਰ ਪਾਲ ਸ਼ਰਮਾ, 70873-67969

## ਪਦਾਰਥਵਾਦ ਬਨਾਮ ਰਿਸ਼ਤੇ

ਅੱਜ ਦਾ ਮਨੁੱਖ ਕਿਵੇਂ ਸਾਦਗੀ ਤੋਂ ਤੜਕ-ਭੜਕ ਵੱਲ ਖਿੱਚਿਆ ਜਾ ਰਿਹਾ ਹੈ। ਕਿਵੇਂ ਪਦਾਰਥਵਾਦ ਨੇ ਇਸ ਦੀ ਜ਼ਿੰਦਗੀ ਨੂੰ, ਇਸ ਦੇ ਸੁਭਾਅ ਨੂੰ ਬਦਲ ਕੇ ਰੱਖ ਦਿੱਤਾ। ਭਾਵੁਕਤਾ, ਸੰਵੇਦਨਸ਼ੀਲਤਾ ਦੀ ਥਾਂ ਪਦਾਰਥਵਾਦ ਭਾਰੂ ਹੋ ਗਿਆ ਹੈ। ਇਨਸਾਨ ਵੱਧ ਤੋਂ ਵੱਧ ਪਦਾਰਥਕ ਵਸਤਾਂ ਹਾਸਲ ਕਰਨ ਦੀ ਦੌੜ ਵਿੱਚ ਆਪਣੇ ਰਿਸ਼ਤਿਆਂ ਨੂੰ ਭੁੱਲ ਗਿਆ। ਅੱਜ ਖ਼ੂਨ ਦੇ ਰਿਸ਼ਤਿਆਂ ਵਿੱਚ ਤਰੇੜਾਂ ਆ ਗਈਆਂ ਹਨ। ਭਾਈ-ਭਾਈ ਦਾ ਦੁਸ਼ਮਣ ਬਣਦਾ ਜਾ ਰਿਹਾ ਹੈ। ਜ਼ਮੀਨ-ਜਾਇਦਾਦ ਦੇ ਛੋਟੇ-ਛੋਟੇ ਟੁਕੜਿਆਂ ਪਿੱਛੇ ਬੇਸ਼ਕੀਮਤੀ ਰਿਸ਼ਤਿਆਂ ਨੂੰ ਸਦਾ ਲਈ ਦਫ਼ਨ ਕੀਤਾ ਜਾ ਰਿਹਾ ਹੈ। ਜੇਕਰ ਕੋਈ ਸ਼ਰਮ ਕਾਰਨ ਚੁੱਪ ਕਰਦਾ ਹੈ ਤਾਂ ਉਸ ਨੂੰ ਹੋਰ ਦਬਾਇਆ ਜਾਂਦਾ ਹੈ।ਕਦੇ ਛੋਟੀ ਜਿਹੀ ਤਕਲੀਫ਼ 'ਤੇ ਸਾਰਾ ਟੱਬਰ ਇਕਦਮ ਇਕੱਠਾ ਹੋ ਜਾਂਦਾ ਸੀ, ਤਕਲੀਫ਼ ਪਲਾਂ ਵਿੱਚ ਛੂਮੰਤਰ ਹੋ ਜਾਂਦੀ ਸੀ, ਪਰ ਅੱਜ ਪੈਸੇ ਦੀ ਦੌੜ ਨੇ ਪਰਵਾਰਾਂ ਵਿੱਚ ਏਨੇ ਫ਼ਾਸਲੇ ਪੈਦਾ ਕਰ ਦਿੱਤੇ ਜਿਨ੍ਹਾਂ ਨੂੰ ਘੱਟ ਕਰਨਾ ਕਈ ਵਾਰ ਅਸੰਭਵ ਹੋ ਜਾਂਦਾ ਹੈ। ਲੋੜ ਹੈ ਥੋੜ੍ਹਾ ਸੋਚਣ ਦੀ ਕਿ ਇੱਕਠੇ ਇਤਫ਼ਾਕ ਨਾਲ਼ ਬੈਠ ਕੇ ਵਿਗੜੇ ਮਸਲਿਆਂ ਨੂੰ ਹੋਰ ਵੱਡੇ ਹੋਣ ਤੋਂ ਪਹਿਲਾਂ ਹੀ ਘਾਟਾ-ਵਾਧਾ ਜ਼ਰ ਕੇ ਨਿਪਟਾ ਲਿਆ ਜਾਵੇ, ਤਾਂ ਕਿ ਨਵੀਂ ਪੀੜ੍ਹੀ ਨੂੰ ਵੀ ਇਸ ਤੋਂ ਕੁਝ ਸੇਧ ਮਿਲ ਸਕੇ।

-ਲਾਭ ਸਿੰਘ ਸ਼ੇਰਗਿੱਲ (ਸੰਗਰੂਰ)

# ਸਮਾਜਿਕ ਬੁਰਾਈਆਂ ਦੀ ਜੜ੍ਹ ਆਮਦਨ ਨਾਬਰਾਬਰੀ



ਨਰਿੰਦਰ ਸਿੰਘ

ਦੇਸ਼ ਵਿੱਚ ਆਰਥਿਕ ਸੁਧਾਰਾਂ ਦੇ ਨਾਂਅ 'ਤੇ ਚਲਾਈਆਂ ਜਾ ਰਹੀਆਂ ਆਰਥਿਕ ਨੀਤੀਆਂ ਕਾਰਨ ਆਮਦਨ ਵਿੱਚ ਸਮਾਨਤਾ ਸਿਖਰਾਂ 'ਤੇ ਪਹੁੰਚ ਗਈ ਹੈ । ਅਮੀਰ ਤੇ ਗਰੀਬ ਤਬਕੇ ਦਰਮਿਆਨ ਆਰਥਿਕ ਪਾੜਾ ਬਹੁਤ ਵਧ ਗਿਆ ਹੈ , ਜਿਸ ਨਾਲ ਗਰੀਬੀ ਹੋਰ ਭਿਆਨਕ ਬਣੀ ਹੈ । ਭਾਰਤ ਵਿੱਚ ਆਰਥਿਕ ਨਾਬਰਾਬਰੀ ਦੀ ਸਮੱਸਿਆ ਪਿਛਲੇ ਦਹਾਕੇ ਤੋਂ ਹੋਰ ਵਿਕਰਾਲ ਹੋਈ ਹੈ , ਪਰ ਆਰਥਿਕ ਨੀਤੀਆਂ ਵਿੱਚ ਤਬਦੀਲੀਆਂ ਨਾ ਹੋਣ ਕਾਰਨ ਸਰਕਾਰ ਇਸ ਸਮੱਸਿਆ ਦਾ ਹੱਲ ਨਹੀਂ ਕਰ ਸਕੀ, ਜਿਸ ਦੇ ਨਤੀਜੇ ਵਜੋਂ ਭਾਰਤ ਵਿੱਚ ਆਰਥਿਕ ਨਾਬਰਾਬਰੀ ਏਨੀ ਵਧ ਗਈ ਹੈ, ਜੋ ਵਿਸ਼ਵ ਵਿੱਚ ਵੱਖਰੀ ਮਿਸਾਲ ਪੈਦਾ ਕਰ ਰਹੀ ਹੈ । ਵਧ ਰਹੀ ਆਰਥਿਕ ਨਾਬਰਾਬਰੀ ਕਾਰਨ ਹੀ ਭਾਰਤ ਵਿੱਚ ਮੰਦਹਾਲੀ, ਗਰੀਬੀ, ਭੁੱਖਮਰੀ ਤੇ ਬੇਰੁਜ਼ਗਾਰੀ ਵਧਦੀ ਜਾ ਰਹੀ ਹੈ । ਭਾਵੇਂ ਭਾਰਤ ਹੁਣ ਵਿਸ਼ਵ ਦੀ ਪੰਜਵੀਂ ਵੱਡੀ ਅਰਥ ਵਿਵਸਥਾ ਬਣ ਚੁੱਕਿਆ ਹੈ । ਮੁਲਕ ਦੀ ਜੀ.ਡੀ.ਪੀ. ਉਪਰ ਜਾ ਰਹੀ ਹੈ, ਪਰ ਆਮ ਲੋਕਾਂ ਵਿੱਚ ਨਿਰਾਸ਼ਾ ਪਾਈ ਜਾ ਰਹੀ ਹੈ । ਜੇਬ ਖਾਲੀ ਹੋ ਰਹੀ ਹੈ । ਸਮੁੱਚੇ ਦੇਸ਼ ਦੀ ਆਰਥਿਕਤਾ ਵਿੱਚ ਵਾਧਾ ਹੋ ਰਿਹਾ ਹੈ । ਪਰੰਤੂ ਇਸ ਵਧਦੀ ਹੋਈ ਆਰਥਿਕਤਾਂ ਦਾ ਲਾਭ ਉਪਰਲੇ ਕੁਝ ਹੱਥਾਂ ਵਿੱਚ ਹੀ ਰਹਿ ਜਾਂਦਾ ਹੈ । ਇਹ ਲਾਭ ਸਧਾਰਨ ਲੋਕਾਂ ਤੱਕ ਨਹੀਂ ਪਹੁੰਚਦਾ ।

ਮੁਲਕ ਸਿਰ ਵਧਦੇ ਕਰਜ਼ੇ ਤੋਂ ਵੀ ਇਹ ਹੀ ਸੰਕੇਤ ਮਿਲਦਾ ਹੈ ਕਿ ਵਧਦੀ ਆਰਥਿਕਤਾ ਦਾ ਦੇਸ਼ ਦੇ ਆਮ ਲੋਕਾਂ ਨੂੰ ਕੋਈ ਵਧੇਰੇ ਲਾਭ ਨਹੀਂ ਮਿਲ ਰਿਹਾ । ਭਾਰਤ ਸਾਲਾਨਾ ਪ੍ਰਤੀ ਜੀਅ ਆਮਦਨ ਦੇ ਹਿਸਾਬ ਨਾਲ ਵੀ ਬਰਤਾਨੀਆ ਤੋਂ 18 ਗੁਣਾਂ, ਜਰਮਨੀ ਤੋਂ 20 ਗੁਣਾਂ ਅਤੇ ਜਾਪਾਨ ਤੋਂ 13 ਗੁਣਾਂ ਘੱਟ ਹੈ । ਸਾਲ 2022-23 ਵਿੱਚ ਬਰਤਾਨੀਆ, ਜਰਮਨੀ ਅਤੇ ਭਾਰਤ ਦੀ ਕ੍ਰਮਵਾਰ 47468, 52000, 2650 ਅਮਰੀਕੀ ਡਾਲਰ ਪ੍ਰਤੀ ਜੀਅ ਸਾਲਾਨਾ ਆਮਦਨ ਸੀ । ਵਰਲਡ ਇਨਇਕੁਐਟਿਲੀ ਲੈਬ ਦੁਆਰਾ ਸਾਲ 1922 ਤੋਂ 2023 ਤੱਕ ਕੀਤੇ ਅਧਿਐਨ ਅਨੁਸਾਰ ਭਾਰਤ ਵਿੱਚ ਸਭ ਤੋਂ ਅਮੀਰ ਇੱਕ ਫ਼ੀਸਦੀ ਲੋਕ ਕੌਮੀ ਆਮਦਨ ਵਿੱਚ 22.6 ਫ਼ੀਸਦੀ ਹਿੱਸਾ ਰੱਖਦੇ ਹਨ, ਜੋ ਕਿ ਪਿਛਲੇ ਸੌ ਸਾਲਾਂ ਵਿੱਚ ਪਹਿਲੀ ਵਾਰ ਵਾਪਰਿਆ ਹੈ, ਜਦਕਿ ਹੇਠਲੇ 50 ਫ਼ੀਸਦੀ ਲੋਕਾਂ ਦਾ 2022 ਵਿੱਚ ਕੌਮੀ ਆਮਦਨ ਵਿੱਚ ਮਾਤਰ 15 ਫ਼ੀਸਦੀ ਹੀ ਹਿੱਸਾ ਬਣਿਆ ਹੈ । 1951 ਵਿੱਚ ਸਭ ਤੋਂ ਉਪਰਲੇ ਇੱਕ ਫ਼ੀਸਦੀ ਦਾ ਕੌਮੀ ਆਮਦਨ ਵਿੱਚ ਹਿੱਸਾ ਸਿਰਫ 11.5 ਫ਼ੀਸਦੀ ਸੀ, ਜਦਕਿ ਉਦਾਰਵਾਦੀ ਨੀਤੀਆਂ ਸ਼ੁਰੂ ਕਰਨ ਤੋਂ ਪਹਿਲਾਂ ਇਹ ਸਿਰਫ਼ 6 ਫ਼ੀਸਦੀ ਸੀ । ਉਪਰਲੇ 10 ਫ਼ੀਸਦੀ ਅਮੀਰ ਭਾਰਤੀਆਂ ਦਾ ਕੌਮੀ ਆਮਦਨ ਵਿੱਚ ਹਿੱਸਾ ਵੀ ਬਹੁਤ ਵਧਿਆ ਹੈ । ਇਹ 1951 ਵਿੱਚ 36.7 ਫ਼ੀਸਦੀ ਸੀ, ਜੋ ਕਿ ਸਾਲ 2022 ਵਿੱਚ ਵਧ ਕੇ 57.7 ਫ਼ੀਸਦੀ ਹੋ ਗਿਆ । ਇਸੇ ਕਰਕੇ ਅਧਿਐਨ ਨੇ ਭਾਰਤ ਵਿੱਚ ਦੌਲਤ ਦੀ ਨਾਬਰਾਬਰੀ ਨੂੰ ਇਤਿਹਾਸਕ ਉਚਾਈਆਂ 'ਤੇ ਪਹੁੰਚਿਆ ਦੱਸਿਆ ਹੈ । ਰਿਪੋਰਟ ਅਨੁਸਾਰ 2022-23 ਤੱਕ ਦੇਸ਼ ਦੀ ਸਭ ਤੋਂ ਅਮੀਰ ਇਕ ਫ਼ੀਸਦੀ ਆਬਾਦੀ ਦੀ ਆਮਦਨ ਅਤੇ ਦੌਲਤ ਹਿੱਸੇਦਾਰੀ ਅਮਰੀਕਾ ਅਤੇ ਬਰਤਾਨੀਆ ਜਿਹੇ ਵਿਕਸਿਤ ਦੇਸ਼ਾਂ ਦੇ ਮੁਕਾਬਲੇ ਵੀ ਜ਼ਿਆਦਾ ਹੈ । ਸਭ ਤੋਂ ਉਪਰਲਾ ਇਕ ਫ਼ੀਸਦੀ ਹਿੱਸਾ ਔਸਤਨ ਸਾਲਾਨਾ 53 ਲੱਖ ਸਾਲਾਨਾ ਕਮਾਉਂਦਾ ਹੈ, ਜੋ ਕਿ ਭਾਰਤੀਆਂ ਦੀ ਔਸਤ ਕਮਾਈ ਤੋਂ 23 ਗੁਣਾਂ ਜ਼ਿਆਦਾ ਹੈ । ਆਮ ਭਾਰਤੀ ਦੀ ਔਸਤ ਕਮਾਈ 2 ਲੱਖ 30 ਹਜ਼ਾਰ ਰੁਪਏ ਸਾਲਾਨਾ ਬਣਦੀ ਹੈ । 2022-23 ਦੇ ਇਸੇ ਸਮੇਂ ਦੌਰਾਨ ਹੇਠਲੇ 50 ਫ਼ੀਸਦੀ ਭਾਰਤੀਆਂ ਦੀ ਕਮਾਈ ਸਾਲਾਨਾ 71 ਹਜ਼ਾਰ ਰੁਪਏ ਰਹੀ, ਜਦੋਂ ਕਿ ਮੱਧ-ਵਰਗੀ ਸਾਲਾਨਾ ਔਸਤ 1 ਲੱਖ 65 ਹਜ਼ਾਰ ਰੁਪਏ ਸੀ । ਅਰਬਪਤੀਆਂ ਦੇ ਇਸ ਰਾਜ ਨੇ ਮਹਿੰਗਾਈ ਵੀ ਵਧਾਈ ਹੈ, ਜਿਸ ਨਾਲ ਆਮਦਨ ਨੂੰ ਸਿੱਧਾ ਖੋਰਾ ਲੱਗ ਰਿਹਾ ਹੈ । ਵਰਤਮਾਨ ਸਥਿਤੀ ਵਿੱਚ ਨਾਬਰਾਬਰੀ ਹੋਰ ਵਧਦੀ ਜਾ ਰਹੀ ਹੈ । ਜਿਸ ਦਾ ਸਭ ਤੋਂ ਵੱਡਾ ਕਾਰਨ ਘੱਟ ਉਤਪਾਦਨ ਅਤੇ ਘੱਟ ਰੁਜ਼ਗਾਰ ਹੈ । ਨਵੀਆਂ ਆਰਥਿਕ ਨੀਤੀਆਂ ਕਰਕੇ ਦਿੱਤੀਆਂ ਖੁੱਲ੍ਹਾਂ ਵੀ ਭਾਰਤ ਦੀ ਨਾਬਰਾਬਰੀ ਅਤੇ ਬੇਰੁਜ਼ਗਾਰੀ ਨੂੰ ਪ੍ਰਭਾਵਿਤ ਕਰ ਰਹੀਆਂ ਹਨ । ਬੇਰੁਜ਼ਗਾਰੀ ਇਸ ਵੇਲੇ ਪਿਛਲੇ ਦੋ ਸਾਲਾਂ ਦੇ ਵੀ ਰਿਕਾਰਡ ਤੋੜ ਕੇ 10.09 ਫ਼ੀਸਦੀ 'ਤੇ ਪਹੁੰਚ ਚੁੱਕੀ ਹੈ । ਇਸ ਵੇਲੇ ਪਿਛਲੇ ਸਾਲਾਂ ਵਿੱਚ ਪੇਂਡੂ ਬੇਰੁਜ਼ਗਾਰੀ ਦੀ ਦਰ 6.2 ਫ਼ੀਸਦੀ 'ਤੇ ਸੀ, ਉਹ ਹੁਣ ਵਧਕੇ 10.82 ਫ਼ੀਸਦੀ ਤੇ ਪਹੁੰਚ ਗਈ ਹੈ । ਅੱਜ ਤਕਰੀਬਨ ਦਸ ਲੱਖ ਸਰਕਾਰੀ ਨੌਕਰੀਆਂ ਕੇਂਦਰ ਕੋਲ ਖਾਲੀ ਪਈਆਂ ਹਨ । ਦੂਸਰੇ ਪਾਸੇ ਕੇਂਦਰ ਸਰਕਾਰ ਦਾਅਵਾ ਕਰ ਰਹੀ ਹੈ ਕਿ ਅਸੀਂ ਨੌਕਰੀਆਂ ਦੀ ਭਰਮਾਰ ਲਾ ਰੱਖੀ ਹੈ । ਬੇਰੁਜ਼ਗਾਰੀ ਇਕ ਇਸ ਤਰ੍ਹਾਂ ਦੀ ਸਮਾਜਿਕ ਬੁਰਾਈ ਹੈ, ਜਿਸਦੇ ਪੈਦਾ ਹੋਣ ਦਾ ਕਾਰਨ ਅਤੇ ਸਿੱਟਾ ਆਰਥਿਕ ਨਾਬਰਾਬਰੀ ਹੈ । ਦੁਨੀਆ ਦੇ ਜਿਨ੍ਹਾਂ ਦੇਸ਼ਾਂ ਵਿੱਚ ਆਰਥਿਕ ਬਰਾਬਰੀ ਹੈ, ਉੱਥੇ ਬੇਰੁਜ਼ਗਾਰੀ ਜਾਂ ਤਾਂ ਹੈ ਹੀ ਨਹੀਂ, ਜੇ ਹੈ ਤਾਂ ਥੋੜ੍ਹੇ ਸਮੇਂ ਲਈ ਹੁੰਦੀ ਹੈ, ਪਰ ਇਸ ਦੇ ਉਲਟ ਆਰਥਿਕ ਨਾਬਰਾਬਰੀ ਵਾਲੇ ਦੇਸ਼ਾਂ ਵਿੱਚ ਬੇਰੁਜ਼ਗਾਰੀ ਬਹੁਤ ਵੱਡੀ ਸਮੱਸਿਆ ਹੈ, ਜਿਨ੍ਹਾਂ ਵਿੱਚ ਭਾਰਤ ਬਹੁਤ ਉਪਰ ਆਉਂਦਾ ਹੈ । ਭਾਰਤ ਵਿੱਚ ਤਿੰਨ ਕਰੋੜ ਬੱਚੇ ਇਸ ਕਰਕੇ ਕਿਰਤ ਕਰਦੇ ਹਨ, ਕਿਉਂਕਿ ਉਨ੍ਹਾਂ ਦੇ ਮਾਂ-ਬਾਪ ਕੋਲ ਰੁਜ਼ਗਾਰ ਨਹੀਂ। ਇਕ ਹੋਰ ਰਿਪੋਰਟ ਅਨੁਸਾਰ ਕੋਈ 4.3 ਕਰੋੜ ਬੱਚੇ 8ਵੀਂ ਜਮਾਤ ਤੋਂ ਪਹਿਲਾਂ ਸਕੂਲ ਵਿਚਾਲੇ ਹੀ ਛੱਡ ਜਾਂਦੇ ਹਨ, ਭਾਵੇਂ ਕਿ ਵਿੱਦਿਆ ਲਾਜ਼ਮੀ ਅਤੇ ਮੁਫਤ ਵੀ ਹੈ । ਫਿਰ ਵੀ ਜੇ 3 ਕਰੋੜ ਬੱਚੇ ਕਿਰਤ ਕਰਦੇ ਹਨ ਤਾਂ ਬਾਕੀ 1.3 ਕਰੋੜ ਬੱਚੇ ਕੀ ਕਰਦੇ ਹਨ। ਉਹ ਸੜਕਾਂ 'ਤੇ ਭੀਖ ਮੰਗਦੇ ਵੇਖੇ ਜਾ ਸਕਦੇ ਹਨ । ਭੀਖ ਮੰਗਣ ਦਾ ਕਾਰਨ ਵੀ ਆਰਥਿਕ ਨਾਬਰਾਬਰੀ ਹੈ । ਬੇਰੁਜ਼ਗਾਰੀ ਕਾਰਨ ਹੀ ਭ੍ਰਿਸ਼ਟਾਚਾਰ ਵਧਿਆ ਹੈ । ਸਰਕਾਰ ਦੀਆਂ ਬਣਾਈਆਂ ਗਈਆਂ ਯੋਜਨਾਵਾਂ ਦਾ ਲਾਭ ਆਮ ਨਾਗਰਿਕਾਂ ਤੱਕ ਭ੍ਰਿਸ਼ਟਾਚਾਰ ਕਾਰਨ ਪਹੁੰਚ ਨਹੀਂ ਰਿਹਾ । ਅੱਜ ਹਾਲਾਤ ਇਹ ਬਣ ਗਏ ਹਨ ਕਿ ਗਰੀਬ ਦਿਨੋ-ਦਿਨ ਗਰੀਬ ਅਤੇ ਅਮੀਰ ਦਿਨੋ-ਦਿਨ ਅਮੀਰ ਬਣਦਾ ਜਾ ਰਿਹਾ ਹੈ। ਭ੍ਰਿਸ਼ਟਾਚਾਰ, ਭਾਈ-ਭਤੀਜਾਵਾਦ ਅਤੇ ਬੇਈਮਾਨੀ ਨੇ ਸਾਡੇ ਸਮਾਜਿਕ ਜੀਵਨ ਨੂੰ ਤਬਾਹ ਕਰ ਦਿੱਤਾ ਹੈ। ਭ੍ਰਿਸ਼ਟਾਚਾਰ ਬਦਕਿਸਮਤੀ ਨਾਲ ਸਾਡੇ ਦੇਸ਼ ਵਿੱਚ ਜ਼ਿੰਦਗੀ ਦਾ ਹਿੱਸਾ ਬਣ ਗਿਆ ਹੈ । ਮੁਲਕ ਵਿੱਚ ਭ੍ਰਿਸ਼ਟਾਚਾਰ ਦੀਆਂ ਜੜ੍ਹਾਂ ਏਨੀਆਂ ਵਧ ਗਈਆਂ ਹਨ ਕਿ ਮੁਸ਼ਕਿਲ ਨਾਲ ਅਜਿਹਾ ਕੋਈ ਖੇਤਰ ਬਚਿਆ ਹੋਵੇ, ਜਿੱਥੇ ਅੱਜ ਭ੍ਰਿਸ਼ਟਾਚਾਰ ਨਾ ਹੁੰਦਾ ਹੋਵੇ । ਸਾਡਾ ਭ੍ਰਿਸ਼ਟਾਚਾਰ ਵਿਰੋਧੀ ਮਹਿਕਮਾ ਖੁਦ ਹੀ ਭ੍ਰਿਸ਼ਟਾਚਾਰ ਦਾ ਸ਼ਿਕਾਰ ਹੋ ਰਿਹਾ ਹੈ । ਵੱਡੇ-ਵੱਡੇ ਸਿਆਸਤਦਾਨਾਂ ਅਤੇ ਪ੍ਰਸ਼ਾਸਕਕ ਅਧਿਕਾਰੀਆਂ ਨਾਲ ਜੁੜੇ ਕਈ ਵੱਡੇ ਘੁਟਾਲੇ ਸਾਹਮਣੇ ਆਏ ਹਨ। ਇਹ ਹਜ਼ਾਰਾਂ ਕਰੋੜਾਂ ਰੁਪਏ ਦੇ ਘੁਟਾਲੇ ਜੋ ਆਮ ਜਨਤਾਂ ਦੀ ਖੂਨ-ਪਸੀਨੇ ਦੀ ਕੀਤੀ ਕਮਾਈ ਤੋਂ ਵਸੂਲੇ ਟੈਕਸ ਦੇ ਪੈਸੇ ਤੋਂ ਕੀਤੇ ਜਾਂਦੇ ਹਨ । ਭ੍ਰਿਸ਼ਟਾਚਾਰ ਇੱਕ ਅਜਿਹਾ ਕੈਂਸਰ ਹੈ, ਜਿਹੜਾ ਕਿ ਨਾਗਰਿਕਾਂ ਦੇ ਜਮਹੂਰੀਅਤ ਵਿੱਚ ਵਿਸ਼ਵਾਸ ਨੂੰ ਖਾ ਜਾਂਦਾ ਹੈ । ਭਾਰਤ ਵਸੋਂ ਦੇ ਹਿਸਾਬ ਨਾਲ ਹੁਣ ਦੁਨੀਆ ਦਾ ਪਹਿਲੇ ਨੰਬਰ ਦਾ ਦੇਸ਼ ਹੈ, ਪਰ ਫਿਰ ਵੀ ਮੰਗ ਘੱਟ ਹੈ। ਮੰਗ ਨਾ ਹੋਣ ਦਾ ਕਾਰਨ ਨਿਵੇਸ਼ਕਾਂ ਨੂੰ ਬਹੁਤ ਸਾਰੀਆਂ ਸਹੂਲਤਾਂ ਦੇਣ ਦੇ ਬਾਵਜੂਦ ਨਿਵੇਸ਼ ਨਹੀਂ ਹੋ ਰਿਹਾ ਹੈ, ਕਿਉਂਕਿ ਉਨ੍ਹਾਂ ਨਿਵੇਸ਼ਕਾਂ ਦੀਆਂ ਬਣਨ ਵਾਲੀਆਂ ਵਸਤੂਆਂ ਦੀ ਵਿਕਰੀ ਨਹੀਂ ਹੁੰਦੀ, ਪਰ ਭਾਰਤ ਵਿੱਚ ਸਮੁੱਚੀ ਮੰਗ ਵਿੱਚ ਵਾਧਾ ਕਰਨ ਲਈ ਕਦੇ ਇਸ ਦੀ ਜੜ੍ਹ ਅਤੇ ਮੁੱਖ ਰੁਕਾਵਟ ਆਮਦਨ ਨਾਬਰਾਬਰੀ ਘੱਟ ਕਰਨ ਬਾਰੇ ਸੋਚਿਆ ਤੱਕ ਨਹੀਂ ਗਿਆ । ਸਰਕਾਰ ਨੂੰ ਚਾਹੀਦਾ ਹੈ ਕਿ ਮੰਗ ਵਧਾਉਣ ਲਈ ਲੋਕਾਂ ਨੂੰ ਕਰਜ਼ਾ ਦੇਵੇ । ਆਸਾਨ ਕਿਸ਼ਤਾਂ 'ਤੇ ਵਸਤੂਆਂ ਨੂੰ ਵੇਚਿਆ ਜਾਵੇ ਅਤੇ ਆਪ ਕੰਮ ਸ਼ੁਰੂ ਕਰਕੇ ਲੋਕਾਂ ਨੂੰ ਰੁਜ਼ਗਾਰ ਦਿੱਤਾ ਜਾਵੇ, ਜਿਸ ਨਾਲ ਮੰਗ ਵਿੱਚ ਵਾਧਾ ਹੋਵੇ ।

ਦੇਸ਼ ਦੀ ਆਰਥਿਕਤਾ ਭਾਵੇਂ ਵਧਦੀ ਜਾ ਰਹੀ ਹੈ ਪਰ ਵਧਦੀ ਹੋਈ ਆਰਥਿਕਤਾ ਦਾ ਆਮ ਲੋਕਾਂ ਨੂੰ ਕੀ ਭਾਅ ਹੈ । ਦੇਸ਼ ਸਿਰ ਕਰਜ਼ਾ ਵਧਦਾ ਜਾ ਰਿਹਾ ਹੈ । ਹਰ ਭਾਰਤੀ ਨਾਗਰਿਕ ਸਿਰ 1.10 ਲੱਖ ਦਾ ਕਰਜ਼ਾ ਹੈ। ਦੂਜੇ ਪਾਸੇ ਸਰਕਾਰ ਧਨਾਢਾਂ ਨੂੰ ਬੈਂਕਾਂ ਦਾ ਦਿੱਤਾ ਕਰਜ਼ਾ ਮੁਆਫ ਕਰ ਰਹੀ ਹੈ । ਪਿਛਲੇ ਸਾਲਾਂ ਵਿੱਚ ਸਰਕਾਰੀ ਅਤੇ ਪ੍ਰਾਈਵੇਟ ਬੈਂਕਾਂ ਨੇ ਧਨਾਢ ਲੋਕਾਂ ਦਾ 24.95 ਲੱਖ ਕਰੋੜ ਰੁਪਏ ਦਾ ਕਰਜ਼ਾ ਮੁਆਫ ਕੀਤਾ ਹੈ । ਜੇ ਇਸ ਵਿੱਚੋਂ ਅੱਧਾ ਵੀ ਉਗਰਾਹ ਲਿਆ ਜਾਂਦਾ ਤਾਂ ਦੇਸ਼ ਦੇ ਕਿੰਨੇ ਕੰਮ ਸੰਵਾਰੇ ਜਾ ਸਕਦੇ ਸਨ। ਦੂਸਰੇ ਪਾਸੇ ਦੇਸ਼ ਵਿੱਚ ਕਿਸਾਨਾਂ ਸਿਰ 18 ਲੱਖ ਕਰੋੜ ਦੇ ਕਰੀਬ ਕਰਜ਼ਾ ਹੈ, ਜਿਸ ਨੂੰ ਸਰਕਾਰ ਮੁਆਫ ਕਰਨ ਲਈ ਤਿਆਰ ਨਹੀਂ, ਸਗੋਂ ਤਰਕ ਦਿੱਤਾ ਜਾ ਰਿਹਾ ਹੈ ਕਿ ਇਸ ਨਾਲ ਦੇਸ਼ ਦੀ ਅਰਥ ਵਿਵਸਥਾ ਵਿਗੜ ਜਾਵੇਗੀ । ਕਿਸਾਨ ਤੇ ਮਜ਼ਦੂਰ ਕਰਜ਼ੇ ਦੇ ਬੋਝ ਕਾਰਨ ਖੁਦਕੁਸ਼ੀ ਕਰ ਰਹੇ ਹਨ । ਕਿਸਾਨਾਂ ਤੇ ਮਜ਼ਦੂਰਾਂ ਵੱਲੋਂ ਕਰਜ਼ਾ ਮੁਆਫੀ ਤੇ ਹੋਰ ਮੰਗਾਂ ਸੰਬੰਧੀ ਸੰਘਰਸ਼ ਵੀ ਕੀਤਾ ਜਾ ਰਿਹਾ ਹੈ ।

ਭੁੱਖਮਰੀ ਵੀ ਗੰਭੀਰ ਸਮੱਸਿਆ ਹੈ । ਲੋਕ ਭੁੱਖੇ ਪੇਟ ਸੌਣ ਲਈ ਮਜਬੂਰ ਹਨ । ਅੱਜ ਵੀ ਵਿਸ਼ਵ ਦੀ ਆਬਾਦੀ ਦਾ ਦਸਵਾਂ ਹਿੱਸਾ ਭੁੱਖਮਰੀ ਦਾ ਸ਼ਿਕਾਰ ਹੈ । ਇਸ ਦਸਵੇਂ ਹਿੱਸੇ ਵਿੱਚੋਂ ਚੌਥਾ ਹਿੱਸਾ ਆਬਾਦੀ ਭਾਰਤ ਵਿੱਚ ਹੈ । ਹੰਗਰ ਇੰਡੈਕਸ ਦੇ ਲਿਹਾਜ਼ ਨਾਲ 122 ਦੇਸ਼ਾਂ ਵਿੱਚੋਂ ਭਾਰਤ 107 ਵੇਂ ਸਥਾਨ 'ਤੇ ਆਉਂਦਾ ਹੈ । ਕੇਂਦਰ ਸਰਕਾਰ ਨੇ ਨਵੰਬਰ 2023 ਵਿੱਚ ਕੈਬਨਿਟ ਮੀਟਿੰਗ ਦੌਰਾਨ 80 ਕਰੋੜ ਤੋਂ ਵੱਧ ਲੋਕਾਂ ਨੂੰ ਮੁਫਤ ਰਾਸ਼ਨ ਅਗਲੇ ਪੰਜ ਸਾਲਾਂ ਤੱਕ ਦੇਣ ਦਾ ਫੈਸਲਾ ਕੀਤਾ ਹੈ । ਜਿਸ ਦੇਸ਼ ਦੀ 60 ਫ਼ੀਸਦੀ ਤੋਂ ਵੱਧ ਆਬਾਦੀ ਮੁਫਤ ਰਾਸ਼ਨ 'ਤੇ ਪਲ ਰਹੀ ਹੋਵੇ ਤੇ ਕੁਪੋਸ਼ਣ ਦਾ ਸ਼ਿਕਾਰ ਹੋਵੇ, ਉਸ ਮੁਲਕ ਨੂੰ ਕਿਵੇਂ ਵਿਕਸਿਤ ਦੇਸ਼ ਗਿਣਿਆ ਜਾਵੇ । ਵਿਕਸਿਤ ਦੇਸ਼ਾਂ ਵਿੱਚ ਧਨ ਦੀ ਵੱਡੀ ਨਾਬਰਾਬਰੀ ਹੈ, ਪਰ ਆਮਦਨ ਨਾਬਰਾਬਰੀ ਨਹੀਂ ਹੈ । ਵਿਕਸਿਤ ਦੇਸ਼ਾਂ ਵਿੱਚ ਟੈਕਸ ਦੀਆਂ ਸਲੈਬਾਂ ਵਿੱਚ ਹੀ ਸਭ ਤੋਂ ਉਪਰਲੀ ਆਮਦਨ ਕਮਾਉਣ ਵਾਲਿਆਂ ਨੂੰ ਆਮਦਨ ਵਿੱਚ ਸਿਰਫ ਤਿੰਨ ਫ਼ੀਸਦੀ ਹੀ ਮਿਲਦਾ ਹੈ, ਜਦਕਿ 97ਵੇਂ ਫ਼ੀਸਦੀ ਟੈਕਸ ਲੱਗ ਜਾਂਦਾ ਹੈ, ਪਰੰਤੂ ਭਾਰਤ ਵਿੱਚ ਉਪਰਲੇ ਕਾਰਪੋਰੇਟ ਘਰਾਣੇ ਜਿਹੜੇ ਸਾਲਾਨਾ ਸੈਂਕੜੇ-ਕਰੋੜਾਂ ਰੁਪਏ ਕਮਾਉਂਦੇ ਹਨ। ਉਨ੍ਹਾਂ ਕਾਰਪੋਰੇਸ਼ਨਾਂ 'ਤੇ ਪਹਿਲਾਂ 36 ਫ਼ੀਸਦੀ ਟੈਕਸ ਲਗਾਇਆ ਜਾਂਦਾ ਸੀ, ਜਿਹੜਾ ਬਾਅਦ ਵਿੱਚ 25 ਫ਼ੀਸਦੀ ਕਰ ਦਿੱਤਾ ਗਿਆ ਸੀ ਤੇ ਹੁਣ ਸ਼ਾਇਦ ਹੋਰ ਵੀ ਘਟਾਇਆ ਗਿਆ ਹੈ । ਜਿੰਨੀ ਵੀ ਭਾਰਤ ਵਿੱਚ ਆਰਥਿਕ ਨਾਬਰਾਬਰੀ ਵਧੇਗੀ, ਓਨੀ ਹੀ ਦੇਸ਼ ਵਿੱਚ ਭੁੱਖਮਰੀ, ਗਰੀਬੀ, ਬੇਰੁਜ਼ਗਾਰੀ, ਮਹਿੰਗਾਈ ਤੇ ਭ੍ਰਿਸ਼ਟਾਚਾਰ ਵਿੱਚ ਹੋਰ ਵਾਧਾ ਹੋਵੇਗਾ । ਆਰਥਿਕ ਨਾਬਰਾਬਰੀ ਸਮਾਜਿਕ ਬੁਰਾਈਆਂ ਦੀ ਜੜ੍ਹ ਹੈ । ਜਿਸ ਨੇ ਸਮਾਜਿਕ ਜੀਵਨ ਨੂੰ ਤਬਾਹ ਕਰ ਦਿੱਤਾ ਹੈ।

ਦੇਸ਼ ਵਿੱਚ ਜਿੰਨੀ ਆਰਥਿਕ ਬਰਾਬਰੀ ਹੋਵੇਗੀ ਅਤੇ ਆਰਥਿਕਤਾ ਨਿਯਮਾਂ 'ਤੇ ਆਧਾਰਿਤ ਹੋਵੇਗੀ, ਓਨੀ ਹੀ ਦੇਸ਼ ਵਿੱਚ ਖੁਸ਼ਹਾਲੀ ਹੋਵੇਗੀ । ਭਾਰਤੀ ਆਮ ਅਤੇ ਮੱਧ ਵਰਗ ਦੇ ਲੋਕਾਂ ਲਈ ਪਰੇਸ਼ਾਨੀ ਪੈਦਾ ਕਰਨ ਵਾਲੀ ਇਹ ਸਥਿਤੀ ਚਲਾਈਆਂ ਜਾ ਰਹੀਆਂ ਕਾਰਪੋਰੇਟ ਪੱਖੀ ਆਰਥਿਕ ਨੀਤੀਆਂ ਦਾ ਸਿੱਟਾ ਹੈ । ਆਰਥਿਕ ਨੀਤੀਆਂ ਬਦਲ ਕੇ ਹੀ ਭਾਰਤ ਦੀ ਜਨਤਾ ਨੂੰ ਰਾਹਤ ਪ੍ਰਦਾਨ ਕੀਤੀ ਜਾ ਸਕਦੀ ਹੈ । ਸਮੱਸਿਆਵਾਂ ਤੋਂ ਨਜ਼ਰ ਫੇਰਨ ਨਾਲ ਉਹ ਘਟਦੀਆਂ ਨਹੀਂ, ਸਗੋਂ ਹੋਰ ਵਿਕਰਾਲ ਹੋ ਜਾਂਦੀਆਂ ਹਨ । ਸਰਕਾਰ ਨੂੰ ਆਮ ਲੋਕਾਂ ਦੀ ਭਲਾਈ ਲਈ ਕੋਈ ਸਾਰਥਿਕ ਯੋਜਨਾਬੰਦੀ ਤਿਆਰ ਕਰਨੀ ਚਾਹੀਦੀ ਹੈ । ਕਾਰਪੋਰੇਟ ਖੇਤਰ ਉਪਰ ਸਰਕਾਰ ਨੂੰ ਨਿਗਰਾਨੀ ਰੱਖਣੀ ਚਾਹੀਦੀ ਹੈ । ਕਾਰਪੋਰੇਟ ਘਰਾਣਿਆਂ ਉਪਰ ਉਨ੍ਹਾਂ ਦੀ ਆਮਦਨ ਮੁਤਾਬਿਕ ਸੰਮਤੀ ਤੇ ਹੋਰ ਟੈਕਸ ਲਗਾ ਕੇ ਕਿਰਤੀ ਵਰਗ ਦੇ ਲੋਕਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਵਰਤਿਆ ਜਾਣਾ ਯਕੀਨੀ ਬਣਾਉਣਾ ਜ਼ਰੂਰੀ ਹੈ । ਆਰਥਿਕ ਸੁਰੱਖਿਆ ਤੇ ਆਤਮ-ਨਿਰਭਰਤਾ ਵਿਅਕਤੀ ਲਈ ਬਹੁਤ ਜ਼ਰੂਰੀ ਹਨ । ਲੋਕਾਂ ਦਾ ਖਿਆਲ ਰੱਖਣਾ ਅਤੇ ਚਿੰਤਾ ਕਰਨੀ ਇਕ ਚੰਗੀ ਸਰਕਾਰ ਦਾ ਮੁੱਢਲਾ ਸਿਧਾਂਤ ਹੈ । ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਉਨ੍ਹਾਂ ਦੀਆਂ ਮੁਢਲੀਆਂ ਲੋੜਾਂ ਦੀ ਪੂਰਤੀ ਕਰਨਾ ਤੇ ਸਹੂਲਤਾਂ ਮੁਹੱਈਆ ਕਰਵਾਉਣਾ ਹਰ ਸਰਕਾਰ ਦੀ ਜ਼ਿੰਮੇਵਾਰੀ ਹੈ । ਕਿਸੇ ਵੀ ਦੇਸ਼ ਦੀ ਖੁਸ਼ਹਾਲੀ ਉੱਥੋਂ ਦੇ ਨਾਗਰਿਕਾਂ ਦੁਆਰਾ ਹੰਢਾਏ ਜਾ ਰਹੇ ਜੀਵਨ ਪੱਧਰ 'ਤੇ ਨਿਰਭਰ ਕਰਦੀ ਹੈ ।

# ਸੰਪਰਕ : 98146-62260

# ਰਾਜਨੀਤੀ ਸੇਵਾ ਨਹੀਂ, ਸਗੋਂ ਇੱਕ ਧੰਦਾ ਬਣ ਚੁੱਕੀ

ਕਸ਼ਮੀਰ ਸੰਧੂ ਕਾਦੀਆਂ

ਅਜੋਕੇ ਸਮੇਂ ਲਗਭਗ ਸਾਰੀਆਂ ਹੀ ਪਾਰਟੀਆਂ ਦੇ ਆਗੂ ਜਿਸ ਕਦਰ ਨਿਵਾਣਾਂ ਨੂੰ ਛੂਹ ਰਹੇ ਹਨ, ਉਸ ਤੋਂ ਸਾਫ ਹੋ ਜਾਂਦਾ ਹੈ ਕਿ ਅੱਜਕੱਲ੍ਹ ਰਾਜਨੀਤੀ ਸੇਵਾ ਨਹੀਂ, ਸਗੋਂ ਇੱਕ ਤਰ੍ਹਾਂ ਨਾਲ ਧੰਦਾ ਹੀ ਬਣ ਚੁੱਕੀ ਹੈ। ਜਿਸ ਢੀਠਤਾਈ ਨਾਲ ਰਾਜਨੀਤਕ ਛੜੱਪਿਆਂ ਦਾ ਮੁਕਾਬਲਾ ਚੱਲ ਰਿਹਾ ਹੈ, ਉਸ ਤੋਂ ਜਾਪਦਾ ਹੈ ਕਿ ਸ਼ਰਮ ਅਤੇ ਆਤਮ ਸਨਮਾਨ ਵਰਗੇ ਸ਼ਬਦਾਂ ਦੀ ਕੋਈ ਹੋਂਦ ਹੀ ਨਹੀਂ ਰਹੀ। ਚੁਣਾਵੀ ਮੈਦਾਨ ਵਿੱਚ ਬਕਾਇਦਾ ਉਤਾਰੇ ਜਾਣ ਦੇ ਬਾਵਜੂਦ ਅਤੇ ਵਿਧਾਇਕੀਆਂ ਤੋਂ ਅਸਤੀਫਿਆਂ ਵਰਗੀ ਪੈਂਤੜੇਬਾਜ਼ੀ ਕੀ ਸੰਕੇਤ ਕਰ ਰਹੀ ਹੈ, ਸਮਝੋਂ ਬਾਹਰੀ ਗੱਲ ਹੈ ?

ਆਜ਼ਾਦੀ ਦੇ 77 ਸਾਲਾਂ ਬਾਅਦ ਵੀ ਕੁਰਸੀ ਨੂੰ ਜੱਫ਼ਾ ਮਾਰਨ ਲਈ ਇੱਕ ਪਾਰਟੀ ਤੋਂ ਦੂਸਰੀ ਪਾਰਟੀ ਵਿੱਚ ਡੱਡੂ-ਛੜੱਪੇ ਦੀ ਲੱਗੀ ਦੌੜ ਹਾਲੇ ਰੁਕਣ ਦਾ ਨਾਂਅ ਨਹੀਂ ਲੈਂਦੀ ਜਾਪਦੀ ਅਤੇ ਲੋਕ ਇਹ ਸਭ ਦੇਖਦੇ ਹੋਏ ਵੀ ਖਾਮੋਸ਼ ਹਨ। ਦੇਸ਼ ਦੇ ਹਿੱਤਾਂ ਜਾਂ ਸੂਬੇ ਦੇ ਹਿੱਤਾਂ ਲਈ ਨਹੀਂ, ਬਲਕਿ ਆਪਣੇ ਨਿੱਜੀ ਹਿੱਤਾਂ ਦੀ ਪੂਰਤੀ ਲਈ ਜਿਹੜੇ ਲੋਕ ਪਾਰਟੀ ਨੂੰ ਆਪਣੀ ਮਾਂ ਪਾਰਟੀ ਲੰਮਾ ਸਮਾਂ ਕਹਿੰਦੇ ਨੇ, ਉਸ ਤੋਂ ਬਾਅਦ ਆਪਣੀ ਮਾਂ ਨਾਲ ਦਗਾ ਕਰਕੇ ਦੂਸਰੀਆਂ ਪਾਰਟੀਆਂ ਦਾ ਲੜ ਫੜਦੇ ਮਿੰਟ ਨਹੀਂ ਲਗਾਉਂਦੇ, ਪਰ ਦੂਜੇ ਪਾਸੇ ਲੋਕ ਮੁੱਦੇ ਤਾਂ ਉਵੇਂ ਦੇ ਉਵੇਂ ਮੂੰਹ ਅੱਡੀ ਖ਼ੜੇ ਨੇ, ਜਦੋਂ ਕਿ ਲੀਡਰ ਇੱਕ-ਦੂਜੇ ਉੱਤੇ ਦੂਸ਼ਣਬਾਜ਼ੀ ਵਿੱਚ ਮਸਰੂਫ ਹੋਏ ਲੋਕਾਂ ਦੇ ਅੱਖੀਂ ਘੱਟਾ ਪਾਉਣ ਦੀਆਂ ਵਿਉਂਤਾਂ ਬਣਾਉਂਦੇ ਹੋਏ ਹਮੇਸ਼ਾ ਦੀ ਤਰ੍ਹਾਂ ਲੋਕਾਂ ਨੂੰ ਆਪਣੀਆਂ ਲੂੰਬੜ ਚਾਲਾਂ ਵਿੱਚ ਉਲਝਾ ਕੇ ਲੋਕ ਮੁੱਦਿਆਂ ਨੂੰ ਦਰਕਿਨਾਰ ਕਰਦਿਆਂ ਹੋਇਆਂ ਹਰ ਵਾਰ ਵੋਟਾਂ ਵੇਲੇ ਲੋਕ ਹਮਦਰਦੀ ਹਾਸਲ ਕਰਨ ਲਈ ਕਿਵੇਂ ਦੇਸ਼ ਦੀ ਜਨਤਾ ਨੂੰ ਮੂਰਖ਼ ਬਣਾਉਣ ਦੇ ਨਵੇਂ-ਨਵੇਂ ਢੰਗ ਤਰੀਕੇ ਖੋਜਣ ਵਿੱਚ ਹਮੇਸ਼ਾ ਇੱਕ-ਦੂਜੇ ਤੋਂ ਅੱਗੇ ਵਧ ਕੇ ਅੱਡੀ-ਚੋਟੀ ਦਾ ਜ਼ੋਰ ਲਗਾਉਂਦੇ ਹੋਏ ਦਿਨ-ਰਾਤ ਇੱਕ ਕਰ ਦਿੰਦੇ ਹਨ ।ਆਜ਼ਾਦੀ ਦੀ ਪੌਣੀ ਸਦੀ ਬੀਤ ਜਾਣ ਤੋਂ ਬਾਅਦ ਵੀ ਲੋਕ ਜਿਥੇ ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਰਿਸ਼ਵਤਖੋਰੀ ਅਤੇ ਨਸ਼ਿਆਂ ਵਰਗੀਆਂ ਅਲਾਮਤਾਂ, ਸਿਹਤ ਅਤੇ ਸਿਖਿਆ ਵਰਗੀਆਂ ਨਿਗੂਣੀਆਂ ਸਹੂਲਤਾਂ ਦੇਸ਼ ਦੇ ਲੋਕਾਂ ਦਾ ਰਾਹ ਰੋਕੀਂ ਖੜੀਆਂ ਹਨ, ਉਥੇ ਹੀ ਦੇਸ਼ ਦਾ ਢਿੱਡ ਭਰਨ ਵਾਲ਼ਾ ਅੰਨਦਾਤਾ ਵੀ ਬਾਕੀ ਲੋਕਾਂ ਦੀ ਤਰ੍ਹਾਂ ਆਪਣੇ ਹੀ ਦੇਸ਼ ਦੀਆਂ ਸਰਕਾਰਾਂ ਕੋਲੋਂ ਆਪਣੇ ਹੱਕ ਮੰਗਣ ਲਈ ਧਰਨੇ-ਮੁਜ਼ਾਹਰੇ ਕਰਨ ਲਈ ਮਜਬੂਰ ਹੋਇਆ ਪਿਆ ਹੈ,ਪਰ ਸਰਕਾਰਾਂ ਤਾਂ ਸਰਮਾਏਦਾਰਾਂ ਦੀਆਂ ਰਖੇਲ ਬਣੀਆ ਹੋਈਆ ਹਨ। ਮੈਨੂੰ ਲੋਕ ਕਵੀ ਸੰਤ ਰਾਮ ਉਦਾਸੀ ਦੀ ਕਵਿਤਾ ਦੀਆਂ ਲਾਈਨਾਂ ਯਾਦ ਆ ਗਈਆਂ:

*ਲੋਕੋ ਬਾਜ਼ ਆ ਜਾਓ ਝੂਠੇ ਲੀਡਰਾਂ ਤੋਂ,*
*ਇਹਨਾਂ ਦੇਸ਼ ਨੂੰ ਬਿਲੇ ਲਗਾ ਛੱਡਣੈਂ।*
*ਇਹਨਾਂ ਦੇਸ਼ ਦਾ ਕੁਝ ਵੀ ਛੱਡਿਆ ਨ੍ਹੀਂ,*
*ਇਹਨਾਂ ਥੋਨੂੰ ਵੀ ਵੇਚ ਕੇ ਖਾ ਛੱਡਣੈਂ।*

ਇਸ ਕਵਿਤਾ ਦੇ ਬੋਲ ਵੀ ਸਾਡੇ ਦੇਸ਼ ਦੇ ਉਨ੍ਹਾਂ ਲੀਡਰਾਂ 'ਤੇ ਪੂਰੀ ਤਰ੍ਹਾਂ ਫਿੱਟ ਬੈਠਦੇ ਹਨ, ਜਿਹੜੇ ਦਿਨ-ਰਾਤ ਸਿਰਫ਼ ਤੇ ਸਿਰਫ਼ ਲੋਕਾਂ ਦੀਆਂ ਅੱਖਾਂ ਵਿੱਚ ਘੱਟਾ ਪਾਉਣ ਵਿੱਚ ਮਸਰੂਫ ਹਨ, ਜਿਸ ਦਾ ਅੰਦਾਜ਼ਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ। ਕੋਈ ਸਮਾਂ ਸੀ, ਜਦੋਂ ਲੀਡਰ ਲੋਕ ਹਿੱਤਾਂ ਦੀ ਖਾਤਰ ਆਪਣਾ ਸਭ ਕੁਝ ਨਿਛਾਵਰ ਕਰ ਦਿੰਦੇ ਸਨ, ਪਰ ਅੱਜ ਦੇ ਨੇਤਾਵਾਂ ਦੀ ਜ਼ਮੀਰ ਏਥੋਂ ਤੱਕ ਗਿਰ ਗਈ ਹੈ ਕਿ ਪਾਰਟੀ ਨੂੰ ਮਾਂ ਕਹਿਣ ਵਾਲੇ ਸਵਾਰਥੀ ਲੀਡਰ ਆਪਣੇ ਸਵਾਰਥਾਂ ਦੀ ਖਾਤਰ ਕਦੋਂ ਮਾਂ ਪਾਰਟੀ ਨੂੰ ਬਦਲ ਲੈਣ, ਕਿਸੇ ਨੂੰ ਪਤਾ ਵੀ ਨਹੀਂ ਲਗਦਾ ਤੇ ਅਸੀਂ ਆਮ ਲੋਕ ਇਹਨਾਂ ਲੀਡਰਾਂ ਦੀ ਸੋਚ 'ਤੇ ਪਹਿਰਾ ਦਿਆਂਗੇ ਠੋਕ ਕੇ ਦੇ ਸੰਘ ਪਾੜਵੇਂ ਨਾਅਰੇ ਲਗਾਉਂਦੇ ਹੋਏ ਕਦੋਂ ਆਪਣੇ ਮਾਂ ਜਾਇਆਂ ਤੋਂ ਦੂਰ ਹੋ ਜਾਂਦੇ ਹਾਂ, ਪਤਾ ਵੀ ਨਹੀਂ ਚਲਦਾ ।

ਕਹਿਣ ਨੂੰ ਇਸ ਦੇਸ਼ ਦੀ ਪਾਰਲੀਮੈਂਟ ਭਾਰਤ ਦੇ ਲੋਕਤੰਤਰ ਲਈ ਸਭ ਤੋਂ ਵੱਡਾ ਮੰਦਰ ਹੈ, ਪਰ ਸਿਰਫ ਕਹਿਣ ਲਈ ਹੈ, ਅਸਲ ਵਿੱਚ ਪੁਰਾਣੇ ਮਹਾਰਾਜਿਆਂ ਵਾਂਗ ਇਹ ਹਕੂਮਤੀ ਜਲੌਅ ਦੀ ਇੱਦਾਂ ਦੀ ਤਾਕਤ ਹੈ, ਜਿਸ ਦੇ ਕਬਜ਼ੇ ਦੀ ਜੰਗ ਸਿਰਫ ਕਹਿਣ ਨੂੰ ਚੋਣ-ਜੰਗ ਹੈ, ਅਮਲ ਵਿੱਚ ਹਕੀਕੀ ਜੰਗਾਂ ਤੋਂ ਵੱਧ ਬੇਹੂਦਾ ਤੇ ਉਸ ਤੋਂ ਵੱਧ ਬੇਰਹਿਮ ਜੰਗ ਬਣ ਕੇ ਲੜੀ ਜਾਂਦੀ ਹੈ।

ਅੱਜ ਲੋੜ ਹੈ ਦੇਸ਼ ਦੇ ਲੋਕਾਂ ਨੂੰ ਜਾਗਣ ਦੀ, ਤਾਂ ਜੋ ਇਸ ਤਰ੍ਹਾਂ ਦੇ ਦਲ-ਬਦਲੂ ਲੀਡਰਾਂ (ਚਮਗਿੱਦੜਾਂ) ਨੂੰ ਪਛਾਣ ਕੇ ਇਹਨਾਂ ਦਾ ਅਸਲੀ ਚਿਹਰਾ ਲੋਕਾਂ ਸਾਹਮਣੇ ਨੰਗਾ ਕੀਤਾ ਜਾਵੇ, ਤਾਂ ਜੋ ਹਰ ਵਾਰ ਇਹਨਾਂ ਨੂੰ ਰਾਜ ਗੱਦੀਆਂ 'ਤੇ ਬਿਠਾ ਕੇ ਪੰਜ ਸਾਲ ਲਈ ਦੇਸ਼ ਦੀ ਵਾਗਡੋਰ ਇਹਨਾਂ ਦੇ ਹੱਥ ਫੜਾ ਦਿੱਤੀ ਜਾਂਦੀ ਹੈ, ਤਾਂ ਕਿ ਇਹ ਨੇਤਾ ਦੇਸ਼ ਦੇ ਲੋਕ ਹਿੱਤਾਂ ਲਈ ਸੁਚੱਜੇ ਢੰਗ ਨਾਲ ਕੰਮ ਕਰਨ, ਤਾਂ ਕਿ ਦੇਸ਼ ਤਰੱਕੀ ਦੀਆਂ ਪੌੜੀਆਂ ਚੜ੍ਹਦਾ ਅੱਗੇ ਵਧਦਾ ਹੋਇਆ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਕੰਮ ਕਰੇ, ਨਾ ਕਿ ਦੇਸ਼ ਦੇ ਦੁਸ਼ਮਣਾਂ ਨਾਲ ਰਲ ਕੇ ਜਾਇਜ਼-ਨਾਜਾਇਜ਼ ਤਰੀਕਿਆਂ ਨਾਲ ਚੰਦ ਰੁਪਈਆਂ ਦੀ ਖਾਤਰ ਵਤਨ ਨੂੰ ਵੇਚਣ ਲਈ ਦਲਾਲੀ ਕਰਦੇ ਹੋਏ ਆਪਣੀਆਂ ਤਜੌਰੀਆਂ ਭਰ ਕੇ ਚਲਦੇ ਬਣਨ । ਸੋ ਅੱਜ ਲੋੜ ਹੈ ਸਾਨੂੰ ਇਹਨਾਂ ਬਹਿਰੂਪੀਆਂ ਨੂੰ ਪਹਿਚਾਨਣ ਦੀ, ਤਾਂ ਕਿ ਦੇਸ਼ ਨੂੰ ਬਚਾਇਆ ਜਾ ਸਕੇ। ਦੇਸ਼ ਨੂੰ ਇਸ ਲਾਲਚੀ ਤੇ ਗੰਦੀ ਸਿਆਸਤ ਨੂੰ ਬਦਲਣ ਲਈ ਬੁੱਧੀਜੀਵੀਆਂ , ਕਿਸਾਨਾਂ, ਮਜ਼ਦੂਰਾਂ, ਪੱਤਰਕਾਰਾਂ, ਤੋਂ ਇਲਾਵਾ ਆਮ ਲੋਕਾਂ ਨੂੰ ਵੀ ਅੱਗੇ ਆਉਣਾ ਪਵੇਗਾ, ਤਾਂ ਹੀ ਅਸੀਂ ਇਹਨਾਂ ਭ੍ਰਿਸ਼ਟਾਚਾਰੀ, ਅਪਰਾਧਿਕ ਪਿਛੋਕੜ ਵਾਲੇ ਲੀਡਰਾਂ ਤੋਂ ਦੇਸ਼ ਦੀ ਵਾਗਡੋਰ ਖੋਹ ਕੇ ਚੰਗੀ ਸੋਚ ਵਾਲੀ ਲੀਡਰਸ਼ਿਪ ਦੇ ਹੱਥਾਂ ਵਿੱਚ ਫ਼ੜਾ ਕੇ ਦੇਸ਼ ਦੇ ਦੁਸ਼ਮਣਾਂ ਨੂੰ ਬਾਹਰ ਦਾ ਰਸਤਾ ਦਿਖਾ ਸਕਾਂਗੇ।

# ਸੰਪਰਕ : 78379-17054

# ਵਿਨਾਸ਼ ਨਹੀਂ, ਇਹ ਵਿਕਾਸ ਦਾ ਯੁੱਗ ਹੈ



ਸੁਰਜੀਤ ਸਿੰਘ ਫਲੌਰਾ

ਇਜ਼ਰਾਈਲ ਅਤੇ ਹਮਾਸ ਵਿਚਕਾਰ ਛੇ ਮਹੀਨੇ ਪਹਿਲਾਂ ਸ਼ੁਰੂ ਹੋਈ ਜੰਗ ਹੁਣ ਪੱਛਮੀ ਏਸ਼ੀਆ ਦੇ ਹੋਰ ਦੇਸ਼ਾਂ ਨੂੰ ਘੇਰ ਰਹੀ ਹੈ । ਖ਼ਾਸ ਤੌਰ 'ਤੇ ਇਸ ਮੁੱਦੇ 'ਤੇ ਈਰਾਨ ਅਤੇ ਇਜ਼ਰਾਈਲ ਵਿਚਾਲੇ ਸਿੱਧਾ ਟਕਰਾਅ ਰਿਹਾ ਹੈ । ਈਰਾਨ ਨੇ ਬੀਤੇ ਐਤਵਾਰ ਰਾਤ ਨੂੰ ਇਜ਼ਰਾਈਲ ਦੁਆਰਾ ਆਪਣੇ ਦੂਤਘਰ 'ਤੇ ਹਮਲਾ ਕਰਨ ਅਤੇ ਇਕ ਜਨਰਲ ਅਤੇ ਹੋਰ ਫ਼ੌਜੀਆਂ ਦੀ ਹੱਤਿਆ ਕਰਨ ਦਾ ਜਵਾਬ ਦਿੱਤਾ। ਵੱਖ-ਵੱਖ ਸਾਈਟਾਂ 'ਤੇ 200 ਡਰੋਨਾਂ ਅਤੇ 20-30 ਬੈਲਿਸਟਿਕ ਮਿਜ਼ਾਈਲਾਂ ਦੀ ਵਰਤੋਂ ਨਾਲ ਹਮਲਾ ਕੀਤਾ ਸੀ ।

ਅਮਰੀਕਾ, ਬ੍ਰਿਟੇਨ, ਫਰਾਂਸ ਅਤੇ ਹੋਰ ਦੇਸ਼ਾਂ ਦੀ ਮਦਦ ਨਾਲ ਇਜ਼ਰਾਈਲ ਨੇ ਇਸ ਹਮਲੇ ਨੂੰ 99 ਫ਼ੀਸਦੀ ਤੱਕ ਅਸਫਲ ਕਰਨ ਦਾ ਦਾਅਵਾ ਕੀਤਾ ਹੈ । ਬ੍ਰਿਟੇਨ ਦੇ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੇ ਵੀ ਮੰਨਿਆ ਹੈ ਕਿ ਉਨ੍ਹਾ ਦੇ ਜਹਾਜ਼ਾਂ ਨੇ ਈਰਾਨੀ ਹਮਲੇ ਨੂੰ ਨਾਕਾਮ ਕਰਨ 'ਚ ਭੂਮਿਕਾ ਨਿਭਾਈ ਹੈ ।

ਈਰਾਨ ਨੇ 200 ਡਰੋਨ ਦਾਗੇ, ਜਿਨ੍ਹਾਂ ਨੂੰ ਇਜ਼ਰਾਈਲ ਤੱਕ ਪਹੁੰਚਣ ਵਿਚ 7-8 ਘੰਟੇ ਲੱਗ ਗਏ, ਜਿਸ ਨਾਲ ਇਜ਼ਰਾਈਲ ਅਤੇ ਉਸ ਦੇ ਸਹਿਯੋਗੀਆਂ ਨੂੰ ਉਨ੍ਹਾਂ ਨੂੰ ਆਕਾਸ਼ ਵਿਚ ਹੀ ਨਸ਼ਟ ਕਰਨ ਲਈ ਕਾਫ਼ੀ ਸਮਾਂ ਮਿਲਿਆ। ਇਜ਼ਰਾਈਲ ਦੀ ਸੁਰੱਖਿਆ ਲਈ ਅਮਰੀਕਾ, ਬ੍ਰਿਟੇਨ, ਫਰਾਂਸ ਅਤੇ ਜਾਰਡਨ ਨੇ ਇਨ੍ਹਾਂ ਡਰੋਨਾਂ ਨੂੰ ਸੁੱਟ ਲਿਆ । ਰੂਸ ਇਨ੍ਹਾਂ ਡਰੋਨਾਂ ਦੀ ਵਰਤੋਂ ਬੈਲਿਸਟਿਕ ਮਿਜ਼ਾਈਲਾਂ ਦੀ ਸੁਰੱਖਿਆ ਲਈ ਹਵਾਈ ਸੁਰੱਖਿਆ ਲਈ ਕਰ ਰਿਹਾ ਹੈ ਤੇ ਈਰਾਨ ਦਾ ਇਰਾਦਾ ਪ੍ਰਤੀਤ ਹੁੰਦਾ ਹੈ ਕਿ ਨਾਗਰਿਕ ਬੁਨਿਆਦੀ ਢਾਂਚੇ ਦੇ ਨੁਕਸਾਨ ਨੂੰ ਰੋਕਿਆ ਜਾਵੇ ।

ਇਜ਼ਰਾਈਲ ਤੇ ਉਸ ਦੇ ਵਫ਼ਾਦਾਰ ਸਹਿਯੋਗੀਆਂ ਨੇ ਇਕ ਰਾਤ ਵਿਚ ਇਨ੍ਹਾਂ ਡਰੋਨਾਂ ਨੂੰ ਨਸ਼ਟ ਕਰਕੇ 1 ਬਿਲੀਅਨ ਡਾਲਰ ਦਾ ਨੁਕਸਾਨ ਕੀਤਾ। ਈਰਾਨ ਨੇ ਲੋਕਾਂ ਨੂੰ ਨੁਕਸਾਨ ਨਾ ਪਹੁੰਚਾਉਣ ਲਈ ਜਾਣਬੁੱਝ ਕੇ ਇਜ਼ਰਾਈਲ ਦੇ ਸਾਬਕਾ ਏਅਰਬੇਸ ਨੂੰ ਨਿਸ਼ਾਨਾ ਬਣਾਇਆ, ਜੋ ਕਾਮਯਾਬ ਸਾਬਿਤ ਹੋਇਆ ਹੈ । ਇਹ ਇਜ਼ਰਾਈਲ ਅਤੇ ਦੁਨੀਆ ਨੂੰ ਇਕ ਸਖ਼ਤ ਸੰਦੇਸ਼ ਭੇਜਦਾ ਹੈ । ਇਹ ਕਹਿੰਦਾ ਹੈ ਕਿ ਇਜ਼ਰਾਈਲ ਈਰਾਨੀ ਫ਼ੌਜੀ ਕਰਮਚਾਰੀਆਂ ਅਤੇ ਦੂਤਾਵਾਸਾਂ 'ਤੇ ਹਮਲਾ ਕਰ ਕੇ ਅੰਤਰਰਾਸ਼ਟਰੀ ਕਾਨੂੰਨਾਂ ਦੀ ਉਲੰਘਣਾ ਕਰ ਰਿਹਾ ਹੈ । ਕੌਮਾਂਤਰੀ ਪ੍ਰਕਿਰਿਆਵਾਂ ਨੇ ਇਜ਼ਰਾਈਲ ਦੇ ਅੰਤਰਰਾਸ਼ਟਰੀ ਕਾਨੂੰਨਾਂ ਦੇ ਪੁਰਾਣੇ ਉਲੰਘਣਾਵਾਂ ਦੇ ਮਾਮਲਿਆਂ 'ਚ ਕੁਝ ਵੀ ਨਹੀਂ ਕੀਤਾ ਤੇ ਯੂ ਐੱਨ ਓ ਅਮਰੀਕਾ, ਯੂ ਕੇ ਅਤੇ ਫਰਾਂਸ ਦੇ ਵੀਟੋ ਕਾਰਨ ਅਪਾਹਜ ਹੈ । ਈਰਾਨ ਨੂੰ ਸਵੈ-ਰੱਖਿਆ ਵਿਚ ਧਾਰਾ 51 ਦੀ ਵਰਤੋਂ ਕਰਨੀ ਪਈ ।

ਈਰਾਨ ਨੇ ਦਿਖਾਇਆ ਕਿ ਉਹ ਆਸਾਨੀ ਨਾਲ ਇਜ਼ਰਾਈਲ ਦੀ ਹਵਾਈ ਰੱਖਿਆ ਨੂੰ ਪਾਰ ਕਰ ਸਕਦਾ ਹੈ ਅਤੇ ਟੀਚਿਆਂ ਨੂੰ ਢੂੰਡ ਸਕਦਾ ਹੈ, ਜੋ ਉਨ੍ਹਾਂ ਲਈ ਇਕ ਵੱਡਾ ਸੰਦੇਸ਼ ਹੈ । ਈਰਾਨ ਨੇ ਅਮਰੀਕਾ ਨੂੰ ਚਿਤਾਵਨੀ ਦਿੰਦੇ ਹੋਏ ਇਕ ਦਿਨ ਪਹਿਲਾਂ ਹੋਰਮੁਜ਼ ਜਲ ਡਮਰੂ ਵਿਚ ਇਕ ਇਜ਼ਰਾਈਲੀ ਜਹਾਜ਼ ਨੂੰ ਜ਼ਬਤ ਕਰ ਲਿਆ ਤੇ ਅਮਲੇ ਨੂੰ ਹਿਰਾਸਤ ਵਿਚ ਲੈ ਲਿਆ। ਉਸ ਨੇ ਕਿਹਾ ਕਿ ਜੇ ਉਸ ਨੂੰ ਬਦਨਾਮ ਕੀਤਾ ਗਿਆ ਤਾਂ ਅਸੀਂ ਹੋਰਮੁਜ਼ ਸਟਰੇਟ ਨੂੰ ਸੀਲ ਕਰ ਦੇਵਾਂਗੇ।

ਖਾੜੀ ਦੇਸ਼ਾਂ ਦੀਆਂ ਸਰਕਾਰਾਂ ਵੱਲੋਂ ਈਰਾਨ 'ਤੇ ਹਮਲਾ ਕਰਨ ਲਈ ਆਪਣੀ ਧਰਤੀ 'ਤੇ ਅਮਰੀਕੀ ਟਿਕਾਣਿਆਂ ਦੀ ਵਰਤੋਂ ਕਰਨ ਤੋਂ ਸਪੱਸ਼ਟ ਇਨਕਾਰ ਕਰ ਦਿੱਤਾ ਗਿਆ । ਇਹ ਮਹੱਤਵਪੂਰਨ ਹੈ ਕਿਉਂਕਿ ਅਮਰੀਕਾ ਅਤੇ ਇਨ੍ਹਾਂ ਦੇਸ਼ਾਂ ਨੇ 1970 ਦੇ ਦਹਾਕੇ ਦੇ ਅਖ਼ੀਰ ਵਿਚ ਯੂ ਐੱਸ ਐੱਸ ਆਰ ਦੀ ਆਰਥਿਕਤਾ ਦਾ ਗਲਾ ਘੁੱਟ ਦਿੱਤਾ ਸੀ । ਚੀਨੀ ਮੀਡੀਆ ਨੇ ਕਿਹਾ ਕਿ ਈਰਾਨ ਨੇ ਇਜ਼ਰਾਈਲ ਵੱਲੋਂ ਉਸ ਦੇ ਦੂਤਘਰ 'ਤੇ ਹਮਲੇ ਦਾ ਚੁੱਪਚਾਪ ਜਵਾਬ ਦਿੱਤਾ ਹੈ ।

ਚੀਨੀ ਸਰਕਾਰ ਨੇ ਖੇਤਰੀ ਤਣਾਅ ਵਾਧੇ 'ਤੇ ਚਿੰਤਾ ਜ਼ਾਹਰ ਕੀਤੀ, ਪਰ ਇਸ ਘਟਨਾ ਦਾ ਵਿਰੋਧ ਨਹੀਂ ਕੀਤਾ, ਜੋ ਇਜ਼ਰਾਈਲ, ਅਮਰੀਕਾ ਅਤੇ ਉਸ ਦੇ ਸਹਿਯੋਗੀਆਂ ਲਈ ਇਕ ਗੁਪਤ ਚਿਤਾਵਨੀ ਜਾਪਦੀ ਹੈ । ਚੀਨ ਵਾਂਗ ਭਾਰਤ ਨੇ ਵੀ ਈਰਾਨੀ ਹਮਲੇ ਦੀ ਨਿੰਦਾ ਕੀਤੇ ਬਿਨਾਂ ਇਜ਼ਰਾਈਲ ਤੇ ਉਸ ਦੇ ਹਮਾਇਤੀਆਂ ਨੂੰ ਇਹੀ ਸੰਦੇਸ਼ ਦਿੰਦੇ ਹੋਏ ਖੇਤਰੀ ਤਣਾਅ ਬਾਰੇ ਚਿੰਤਾ ਜ਼ਾਹਰ ਕੀਤੀ ਹੈ ।

ਇਜ਼ਰਾਈਲ ਦੇ ਕੱਟੜਪੰਥੀ ਇਕ ਚੌਰਾਹੇ 'ਤੇ ਹਨ । ਉਨ੍ਹਾਂ ਦੀ ਆਰਥਿਕਤਾ ਅਪਾਹਜ ਹੈ, ਉਨ੍ਹਾਂ ਨੇ ਇਕ ਟੀਚਾ ਪ੍ਰਾਪਤ ਕੀਤੇ ਬਿਨਾਂ ਗਾਜ਼ਾ ਯੁੱਧ ਵਿਚ 6000 ਬੱਚਿਆਂ ਦਾ ਕਤਲ ਕਰ ਦਿੱਤਾ । ਦੁਨੀਆ ਦੇ 80 ਫੀਸਦੀ ਦੇਸ਼ ਇਜ਼ਰਾਈਲ ਨੂੰ ਨਸਲਕੁਸ਼ੀ ਕਰਨ ਵਾਲਾ ਮੁਲਕ ਮੰਨਦੇ ਹਨ । ਇਸ ਮੌਕੇ ਵੱਖ-ਵੱਖ ਆਧਾਰਾਂ 'ਤੇ ਜਿੱਤ ਦਾ ਐਲਾਨ ਕਰਨਾ ਅਤੇ ਪਿੱਛੇ ਹਟਣਾ ਇਜ਼ਰਾਈਲ ਦਾ ਸਭ ਤੋਂ ਵਧੀਆ ਵਿਕਲਪ ਹੈ।

ਉਹ ਈਰਾਨੀ ਹਮਲੇ 'ਤੇ ਜਿੱਤ ਦਾ ਦਾਅਵਾ ਕਰ ਸਕਦੇ ਹਨ ਅਤੇ ਲੜਾਈ ਬੰਦ ਕਰ ਸਕਦੇ ਹਨ । ਗਾਜ਼ਾ ਬਾਰੇ ਸਿਰਫ਼ ਦਾਅਵਾ ਕਰ ਸਕਦਾ ਹੈ ਕਿ ਉਨ੍ਹਾਂ ਦੀ ਕਾਰਵਾਈ ਨੇ ਹਮਾਸ ਨੂੰ ਨੁਕਸਾਨ ਪਹੁੰਚਾਇਆ ਅਤੇ ਗਾਜ਼ਾ ਛੱਡ ਦਿੱਤਾ । ਬਾਇਡਨ ਪ੍ਰਸ਼ਾਸਨ ਵੀ ਫਸਿਆ ਹੋਇਆ ਹੈ । ਤਾਇਵਾਨ ਯੁੱਧ ਤੋਂ ਪਹਿਲਾਂ ਉਨ੍ਹਾਂ ਦਾ ਮੰਨਿਆ ਗਿਆ ਸਹਿਯੋਗੀ ਇਕ ਤੀਜਾ ਮੋਰਚਾ ਖੋਲ੍ਹਣ ਦੀ ਕੋਸ਼ਿਸ਼ ਕਰ ਰਿਹਾ ਹੈ, ਜੋ ਬਾਇਡਨ ਪ੍ਰਸ਼ਾਸਨ ਦੀਆਂ ਯੋਜਨਾਵਾਂ ਨੂੰ ਖ਼ਤਰੇ ਵਿਚ ਪਾ ਕੇ ਉਨ੍ਹਾਂ ਦੀਆਂ ਮੁਸ਼ਕਲਾਂ ਨੂੰ ਹੋਰ ਵੀ ਵਧਾ ਦੇਵੇਗਾ । ਚੋਣਾਂ ਵਾਲੇ ਸਾਲ ਵਿਚ ਬਾਇਡਨ ਪ੍ਰਸ਼ਾਸਨ ਨੂੰ ਮਹਿੰਗਾਈ ਸੇਕ ਪਹੁੰਚਾ ਰਹੀ ਹੈ ।

ਮਹਿੰਗਾਈ ਵਧਣ ਨਾਲ ਅਮਰੀਕੀ ਆਰਥਿਕਤਾ ਸੰਕਟ ਵਿਚ ਹੈ। ਰੂਸ ਵਿਰੁੱਧ ਪਾਬੰਦੀਆਂ ਨੇ ਚੀਨ, ਰੂਸ, ਭਾਰਤ ਅਤੇ ਗਲੋਬਲ ਸਾਊਥ ਵੱਲ ਵਿਸ਼ਵ ਅਰਥ ਵਿਵਸਥਾ ਨੂੰ ਪੁਨਰਗਠਿਤ ਕਰਨ ਤੋਂ ਬਾਅਦ ਜੈਨੇਟ ਯੇਲੇਨ ਚੀਨ ਜਾ ਕੇ ਉਨ੍ਹਾਂ ਨੂੰ ਅਮਰੀਕੀ ਕਰਜ਼ੇ ਨੂੰ ਫਲੋਟ ਕਰਨ ਲਈ ਯੂ ਐੱਸ ਬਾਂਡ ਖ਼ਰੀਦਣ ਤੇ ਚੀਨੀ ਨਿਰਮਾਤਾਵਾਂ ਦੇ ਕਾਨੂੰਨੀ ਤੌਰ 'ਤੇ ਬਾਹਰ ਨਿਕਲਣ ਦੇ ਰੂਪ ਵਿਚ ਈਵੀ ਉਤਪਾਦਨ ਵਿਚ ਕਟੌਤੀ ਕਰਨ ਲਈ ਬੇਨਤੀ ਕਰਨ ਲਈ ਲਗਾਤਾਰ ਚੀਨ ਜਾ ਰਹੀ ਹੈ ।

ਅਮਰੀਕਾ ਦੁਆਰਾ ਨਿਯੰਤਰਿਤ ਪੱਛਮ ਦੀ ਭੂ-ਰਾਜਨੀਤਕ ਅਤੇ ਨਾ ਹੀ ਫ਼ੌਜੀ ਮਸ਼ੀਨ ਅਜਿੱਤ ਹੈ । ਸਸਤੇ ਡਰੋਨਾਂ ਦਾ ਇਕ ਝੁੰਡ ਉਸ ਫ਼ੌਜ ਨੂੰ ਹਾਵੀ ਕਰ ਸਕਦਾ ਹੈ । ਸਸਤੇ ਡਰੋਨਾਂ ਨੂੰ ਸ਼ੂਟ ਕਰਨਾ ਪੱਛਮ ਦੀ ਆਰਥਿਕਤਾ ਨੂੰ ਬੁਨਿਆਦੀ ਢਾਂਚੇ ਜਾਂ ਫ਼ੌਜੀ ਨੁਕਸਾਨ ਤੋਂ ਬਿਨਾਂ ਅਪਾਹਜ ਕਰ ਸਕਦਾ ਹੈ । ਏਅਰਬੇਸ ਅਤੇ ਏਅਰ ਡਿਫੈਂਸ ਸਿਸਟਮ ਪੂਰੀ ਸਮਰੱਥਾ ਨਾਲ ਕੰਮ ਕਰ ਰਹੇ ਹਨ ਤਾਂ ਜੋ ਉਹ ਸਸਤੇ ਡ੍ਰੋਨਾਂ ਨੂੰ ਮਾਰਨ ਲਈ ਮਹਿੰਗੀਆਂ ਮਿਜ਼ਾਈਲਾਂ ਖ਼ਰਚ ਕਰਦੇ ਰਹਿਣ। ਚੀਨ, ਰੂਸ ਅਤੇ ਭਾਰਤ ਵਰਗੇ ਸਹਿਯੋਗੀਆਂ ਨੇ ਆਪਣੀ ਵਫ਼ਾਦਾਰੀ ਦਿਖਾਈ ਹੈ ।

ਸੰਸਾਰ ਪਰਿਵਰਤਨ ਦੇ ਦੌਰ ਵਿੱਚੋਂ ਲੰਘ ਰਿਹਾ ਹੈ । ਜਿਹੜੇ ਲੋਕ ਬਹੁ-ਧਰੁਵੀ ਸੰਸਾਰ ਦੀ ਰੇਲ ਗੱਡੀ 'ਤੇ ਨਹੀਂ ਚੜ੍ਹਦੇ, ਉਹ ਪਿੱਛੇ ਰਹਿ ਜਾਣਗੇ, ਜੋ ਉਨ੍ਹਾਂ ਦੀ ਖ਼ੁਸ਼ਹਾਲੀ ਤੇ ਵਿਕਾਸ ਲਈ ਵਿਨਾਸ਼ਕਾਰੀ ਹੋਵੇਗਾ । ਨਵੇਂ ਯੁੱਗ ਦੇ ਮੁੱਖ ਸ਼ਬਦ ਸ਼ਾਂਤੀ, ਸਮਾਨਤਾਵਾਦ ਅਤੇ ਸਹਿਯੋਗ ਹਨ ।

ਇਜ਼ਰਾਈਲ ਪਿਛਲੇ ਕਈ ਸਾਲਾਂ ਤੋਂ ਈਰਾਨ ਦੀਆਂ ਫ਼ੌਜੀ ਸੰਪਤੀਆਂ ਤੇ ਸੀਰੀਆ, ਲੈਬਨਾਨ, ਇਰਾਕ ਤੇ ਕੁਝ ਹੋਰਨਾਂ ਦੇਸ਼ਾਂ 'ਚ ਵਸਦੇ ਬਾਗ਼ੀਆਂ ਨੂੰ ਨਿਸ਼ਾਨਾ ਬਣਾਉਂਦਾ ਆਇਆ ਹੈ।ਇਜ਼ਰਾਇਲੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਉਹ ਤਾਂ ਸ਼ੁਰੂ ਤੋਂ ਹੀ ਅੱਤਵਾਦੀ ਸੰਗਠਨਾਂ 'ਤੇ ਹਮਲੇ ਕਰਦੇ ਆਏ ਹਨ ਤੇ ਈਰਾਨ ਦਾ ਤਾਜ਼ਾ ਡਰੋਨ ਤੇ ਮਿਜ਼ਾਈਲ ਹਮਲਾ ਪੂਰੀ ਤਰ੍ਹਾਂ ਜਵਾਬੀ ਕਾਰਵਾਈ ਸੀ। ਉਨ੍ਹਾਂ ਦਾਅਵਾ ਕੀਤਾ ਕਿ ਈਰਾਨ ਦੇ ਹਿੰਸਕ ਹਮਲੇ ਦੇ ਬਾਵਜੂਦ ਇਜ਼ਰਾਈਲ ਆਪਣੀਆਂ ਕਾਰਵਾਈਆਂ ਪਹਿਲਾਂ ਵਾਂਗ ਜਾਰੀ ਰੱਖੇਗਾ। ਅਜਿਹੇ ਹਾਲਾਤ ਦੇ ਆਧਾਰ 'ਤੇ ਕੌਮਾਂਤਰੀ ਸਿਆਸੀ ਘਟਨਾਕ੍ਰਮਾਂ ਦੇ ਮਾਹਰਾਂ ਦਾ ਵਿਚਾਰ ਹੈ ਕਿ ਇੰਜ ਇਜ਼ਰਾਈਲ ਤੇ ਮੱਧ-ਪੂਰਬੀ ਇਸਲਾਮਿਕ ਦੇਸ਼ਾਂ ਵਿਚਾਲੇ ਟਕਰਾਅ ਹੋਰ ਵੀ ਵਧ ਸਕਦਾ ਹੈ। ਸੰਯੁਕਤ ਰਾਸ਼ਟਰ ਨੂੰ ਜੰਗੀ ਪੱਧਰ 'ਤੇ ਆਪਣੀ ਵਿਚੋਲਗੀ ਦੀ ਭੂਮਿਕਾ ਨਿਭਾਉਂਦੇ ਹੋਏ ਇਸ ਸਾਰੇ ਮਾਮਲੇ ਨੂੰ ਸ਼ਾਂਤ ਕਰਵਾਉਣਾ ਚਾਹੀਦਾ ਹੈ।

# ਸੰਪਰਕ : 647-829-9397

4-MAY-PAGE-5.qxd 5/3/2024 9:10 PM Page 1



# ਡੀ ਐੱਮ ਐੱਫ ਦੇ ਸੱਦੇ 'ਤੇ ਵਰਕਰਾਂ ਵੱਲੋਂ ਐੱਸ ਡੀ ਐੱਮ ਦਫਤਰ ਵਿਖੇ ਧਰਨਾ

## ਪੰਜਾਬ ਸਰਕਾਰ ਬੇਰੁਜ਼ਗਾਰੀ ਭੱਤੇ ਦੇ ਨਿਯਮ ਬਣਾ ਕੇ ਫੰਡ ਕਾਇਮ ਕਰੇ





**ਨਾਭਾ (ਵਰਿੰਦਰ ਵਰਮਾ)**-ਡੈਮੋਕ੍ਰੇਟਿਕ ਮਨਰੇਗਾ ਫਰੰਟ ਬਲਾਕ ਕਮੇਟੀ ਦੇ ਸੱਦੇ 'ਤੇ ਹਜ਼ਾਰਾਂ ਵਰਕਰਾਂ ਨੇ ਐੱਸ ਡੀ ਐੱਮ ਦਫਤਰ ਨਾਭਾ ਵਿਖੇ ਵਿਸ਼ਾਲ ਧਰਨਾ ਦਿੱਤਾ, ਜਿਸ ਵਿੱਚ ਵੱਡੀ ਗਿਣਤੀ ਔਰਤਾਂ ਨੇ ਸ਼ਮੂਲੀਅਤ ਕੀਤੀ। ਧਰਨਾਕਾਰੀਆਂ ਤੋਂ ਤਹਿਸੀਲਦਾਰ ਨੇ ਧਰਨੇ ਵਿੱਚ ਆ ਕੇ ਮੰਗ ਪੱਤਰ ਪ੍ਰਾਪਤ ਕੀਤਾ।ਧਰਨੇ ਨੂੰ ਸੰਬੋਧਨ ਕਰਦਿਆਂ ਫਰੰਟ ਦੇ ਸੂਬਾ ਪ੍ਰਧਾਨ ਰਾਜ ਕੁਮਾਰ ਸਿੰਘ ਕਨਸੂਹਾ, ਸੂਬਾ ਸਕੱਤਰ ਹਰਦੀਪ ਕੌਰ ਪਾਲੀਆ, ਸਨੀਤਾ ਰਾਣੀ ਕੈਦੂਪੁਰ, ਰਾਜ ਕੌਰ ਬੂਹੀ, ਹਰਪਾਲ ਕੌਰ ਲੁਬਾਣਾ ਨੇ ਕਿਹਾ ਕਿ ਪੰਜਾਬ ਸਰਕਾਰ ਕਹਿਣ ਨੂੰ ਪਿੰਡਾਂ ਵਿੱਚੋਂ ਚੱਲਦੀ ਹੈ, ਪ੍ਰੰਤੂ ਪਿੰਡਾਂ ਪ੍ਰਤੀ ਰਵੱਈਆ ਕੁਝ ਹੋਰ ਹੀ ਦਿਖਾਈ ਦਿੰਦਾ ਹੈ, ਕਿਉਂਕਿ ਪਿਛਲੇ ਸਾਲ ਮਨਰੇਗਾ ਮਜ਼ਦੂਰਾਂ ਨੂੰ 100 ਦਿਨ ਸੰਵਿਧਾਨਕ ਗਰੰਟੀ ਹੋਣ ਦੇ ਬਾਵਜੂਦ ਪੰਜਾਬ ਭਰ ਵਿੱਚ ਲਗਭਗ 35 ਦਿਨ ਕੰਮ ਦਿੱਤਾ ਗਿਆ।ਉਨ੍ਹਾਂ ਕਿਹਾ ਕਿ ਵਿਕਾਸ ਦੀ ਦੌੜ ਵਿੱਚ ਪਿੰਡਾਂ ਦੀ ਹੋ ਰਹੀ ਦੁਰਗਤ ਦਾ ਸਭ ਤੋਂ ਵੱਧ ਬੋਝ ਪਿੰਡ ਦਾ ਕਿਰਤੀ ਵਰਗ ਢੋਹ ਰਿਹਾ ਹੈ, ਜਿਸ ਲਈ ਰੁਜ਼ਗਾਰ ਦੇ ਤਕਰੀਬਨ ਸਾਰੇ ਵਸੀਲੇ ਸੁੰਗੜਦੇ ਜਾ ਰਹੇ ਹਨ।ਆਪਣਾ ਆਪ ਵੇਚਣ ਦੇ ਕੰਢੇ ਆਏ ਪੇਂਡੂ ਮਜ਼ਦੂਰ ਤੇ ਛੋਟੀ ਕਿਸਾਨੀ ਨੂੰ ਮਗਨਰੇਗਾ ਨੇ ਡੁੱਬਦੇ ਨੂੰ ਤਿਣਕੇ ਦਾ ਸਹਾਰਾ ਦੇਣ ਦਾ ਕੰਮ ਕਰਨਾ ਸੀ, ਪਰ ਸਰਕਾਰਾਂ ਦੇ ਵਿਕਾਸ ਦੇ ਨਕਸ਼ੇ ਵਿੱਚ ਆਬਾਦੀ ਦਾ ਇਹ ਵੱਡਾ ਹਿੱਸਾ ਆਉਂਦਾ ਹੀ ਨਹੀਂ। ਕਿਰਤੀ ਉਨ੍ਹਾਂ ਦੇ ਜ਼ਿਕਰ ਦਾ ਵੀ ਹਿੱਸਾ ਨਹੀਂ, ਨੀਤੀ ਤਾਂ ਦੂਰ ਦੀ ਗੱਲ ਹੈ।ਇਹੀ ਕਾਰਨ ਹੈ ਕਿ ਸੂਬਾ ਸਰਕਾਰ ਮਗਨਰੇਗਾ ਤਹਿਤ ਬੇਰੁਜ਼ਗਾਰੀ ਭੱਤੇ ਦੇ ਨਿਯਮ ਤੱਕ ਬਣਾਉਣ ਤੋਂ ਇਨਕਾਰੀ ਹੈ, ਜਦਕਿ ਇਸ ਬਾਬਤ ਸਾਰੀ ਪਾਲਿਸੀ ਤਿਆਰ ਹੈ, ਪੇਂਡੂ ਵਿਭਾਗ ਨੇ ਇਸ ਲਈ ਸਿਰਫ 10 ਲੱਖ ਰੁਪਏ ਦੇ ਬਜਟ ਦੀ ਮੰਗ ਕੀਤੀ।ਦੂਜੇ ਪਾਸੇ ਇਸ਼ਤਿਹਾਰਾਂ 'ਤੇ ਸਰਕਾਰ ਸੈਂਕੜੇ ਕਰੋੜ ਖਰਚ ਕਰ ਰਹੀ ਹੈ, ਪਰ ਲੋਕਾਂ ਨੂੰ ਰਾਹਤ ਦੇਣ ਲਈ 10 ਲੱਖ ਰੁਪਈਆ ਮਨਜ਼ੂਰ ਕਰਨ ਤੋਂ ਇਨਕਾਰੀ ਹੈ।ਇਨ੍ਹਾਂ ਨਿਯਮਾਂ ਦੀ ਅਣਹੋਂਦ ਵਿੱਚ ਨਾ ਕਿਸੇ ਨੂੰ ਸਹੀ ਮਾਇਨੇ ਵਿੱਚ ਮਗਨਰੇਗਾ ਤਹਿਤ ਰੁਜ਼ਗਾਰ ਮਿਲਦਾ ਹੈ, ਨਾ ਸਮੇਂ ਸਿਰ ਪੂਰੇ ਪੈਸੇ ਮਿਲਦੇ ਹਨ ਤੇ ਨਾ ਹੀ ਕੰਮ ਨਾ ਮਿਲਣ 'ਤੇ ਬੇਰੁਜ਼ਗਾਰੀ ਭੱਤਾ, ਉੱਪਰੋਂ ਨਜਾਇਜ਼ ਤਰੀਕਿਆਂ ਨਾਲ ਸ਼ੋਸ਼ਣ ਹੀ ਹੁੰਦਾ ਹੈ ਤੇ ਸਰਕਾਰੀ ਪੈਸੇ ਦੀ ਲੁੱਟ ਲਈ ਰਾਹ ਪੱਧਰਾ ਰੱਖਿਆ ਹੋਇਆ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਬੇਰੁਜ਼ਗਾਰੀ ਭੱਤੇ ਦੇ ਨਿਯਮ ਬਣਾ ਕੇ ਬੇਰੁਜ਼ਗਾਰੀ ਭੱਤੇ ਦੇ ਫੰਡ ਕਾਇਮ ਕਰੇ ਤੇ ਨਰੇਗਾ ਵਰਕਰਾਂ ਵੱਲੋਂ ਕੰਮ ਮੰਗਣ ਤੇ ਕੰਮ ਨਾ ਦੇਣ ਦੀ ਸੂਰਤ ਵਿੱਚ ਬੇਰੁਜ਼ਗਾਰੀ ਭੱਤਾ ਦੇ ਕੇ ਕਾਨੂੰਨ ਨੂੰ ਅਮਲ ਵਿੱਚ ਲਾਗੂ ਕਰੇ।ਉਨ੍ਹਾਂ ਕਿਹਾ ਕਿ ਕਿਰਤੀ ਵਰਗ ਸਦੀਆਂ ਤੋਂ ਹੋ ਰਹੀ ਬੇਇਨਸਾਫੀ ਖਿਲਾਫ ਇੱਕ ਝੰਡੇ ਥੱਲੇ ਇਕੱਠੇ ਹੋਣ ਤੇ ਆਪਣੇ ਹੱਕਾਂ ਨੂੰ ਪ੍ਰਾਪਤ ਕਰਨ ਦੇ ਲਈ ਜੱਦੋ ਜਹਿਦ ਕਰਨ ਦਾ ਰਾਹ ਅਖਤਿਆਰ ਕਰਨ।

ਧਰਨੇ ਨੂੰ ਸੰਬੋਧਨ ਕਰਦਿਆਂ ਆਈਡੀਪੀ ਦੇ ਸੂਬਾ ਪ੍ਰਧਾਨ ਦਰਸ਼ਨ ਸਿੰਘ ਧਨੇਠਾ, ਕਰਨੈਲ ਸਿੰਘ ਜਖੇਪਲ, ਗੁਰਮੀਤ ਸਿੰਘ ਬੂਹੀ, ਚਮਕੌਰ ਸਿੰਘ ਅਗੇਤੀ ਨੇ ਕਿਹਾ ਕਿ ਜੇਕਰ ਪੰਜਾਬ ਸਰਕਾਰ ਪਿੰਡਾਂ ਪ੍ਰਤੀ ਸੰਵੇਦਨਸ਼ੀਲ ਹੈ ਤਾਂ ਲਗਭਗ 31 ਸਾਲ ਪਹਿਲਾਂ ਬਣੇ ਪੰਚਾਇਤੀ ਰਾਜ ਐਕਟ ਮੁਤਾਬਿਕ 29 ਮਹਿਕਮਿਆਂ ਦੇ ਵਿੱਤੀ ਤੇ ਪ੍ਰਸ਼ਾਸਨਕ ਅਧਿਕਾਰ ਪਿੰਡਾਂ ਦੇ ਹਵਾਲੇ ਕਰੇ।ਧਰਨੇ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਪ੍ਰਧਾਨ ਕੁਲਵਿੰਦਰ ਕੌਰ ਰਾਮਗੜ੍ਹ, ਰਮਨਜੋਤ ਕੌਰ ਬਾਬਰਪੁਰ, ਕੁਲਵੰਤ ਕੌਰ ਬੂਹੀ, ਸੁਖਵਿੰਦਰ ਕੌਰ ਨੌਹਰਾ, ਜਸਪ੍ਰੀਤ ਕੌਰ ਲੋਪੇ, ਜਗਦੇਵ ਸਿੰਘ ਭੋੜੇ ਨੇ ਕਿਹਾ ਕਿ ਜੇਕਰ ਪੰਜਾਬ ਸਰਕਾਰ ਕਾਨੂੰਨ ਨੂੰ ਸਹੀ ਢੰਗ ਨਾਲ ਲਾਗੂ ਨਹੀਂ ਕਰੇਗੀ ਤਾਂ ਅਗਲੇ ਸਮੇਂ ਦੌਰਾਨ ਜ਼ਿਲ੍ਹਾ ਪੱਧਰੀ ਤਿੱਖਾ ਸੰਘਰਸ਼ ਉਲੀਕਣ ਲਈ ਮਜਬੂਰ ਹੋਵਾਂਗੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਜੀਤ ਸਿੰਘ ਕੱਲੇਮਾਜਰਾ, ਭਿੰਦਰ ਕੌਰ ਗੁਜਰਹੇੜੀ, ਮਨਦੀਪ ਕੌਰ ਦਰਗਾਪੁਰ, ਕੇਵਲ ਸਿੰਘ ਕੋਟ, ਹਰਬੰਸ ਕੌਰ ਮਲੇਵਾਲ, ਬਲਜਿੰਦਰ ਕੌਰ ਫੈਜਗੜ੍ਹ, ਸੁਖਵਿੰਦਰ ਕੌਰ ਨਰਮਾਣਾ, ਕਿਰਨਜੀਤ ਕੌਰ ਧਾਰੋਕੀ, ਸਿਮਰਜੀਤ ਕੌਰ ਕੋਟ ਕਲਾਂ ਆਦਿ ਨੇ ਸੰਬੋਧਨ ਕੀਤਾ।

# ਬਿਜਲੀ ਮੁਲਾਜ਼ਮ ਜਥੇਬੰਦੀਆਂ ਨੇ ਮਈ ਦਿਵਸ ਮੌਕੇ ਗੇਟਾਂ 'ਤੇ ਝੰਡੇ ਲਹਿਰਾਏ



**ਦੋਰਾਹਾ (ਹਰਮਿੰਦਰ ਸੇਠ)**-ਬਿਜਲੀ ਮੁਲਾਜ਼ਮ ਜਥੇਬੰਦੀਆਂ ਟੈਕਨੀਕਲ ਸਰਵਿਸ ਯੂਨੀਅਨ, ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ, ਪਾਵਰਕਾਮ ਐਂਡ ਟ੍ਰਾਂਸਕੋ ਠੇਕਾ ਮੁਲਾਜ਼ਮ ਯੂਨੀਅਨ ਨੇ ਡਵੀਜ਼ਨ ਦੋਰਾਹਾ ਵਿਖੇ ਮਈ ਦਿਵਸ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦੇ ਕੇ ਸਬ ਡਵੀਜ਼ਨ ਸ਼ਹਿਰੀ ਦੋਰਾਹਾ ਤੇ ਡਵੀਜ਼ਨ ਦਫ਼ਤਰ ਦੇ ਗੇਟ 'ਤੇ ਸਾਂਝੇ ਤੌਰ 'ਤੇ ਇਕੱਠੇ ਹੋ ਕੇ ਜਥੇਬੰਦੀਆਂ ਦੇ ਝੰਡੇ ਚੜ੍ਹਾਏ।ਪ੍ਰੈੱਸ ਨੂੰ ਸਾਂਝੇ ਤੌਰ 'ਤੇ ਜਾਣਕਾਰੀ ਦਿੰਦਿਆਂ ਬਲਵੀਰ ਸਿੰਘ, ਜਗਦੀਸ਼ ਸਿੰਘ, ਜਸਵਿੰਦਰ ਸਿੰਘ, ਅਮਰੀਕ ਸਿੰਘ, ਭਰਭੂਰ ਸਿੰਘ, ਲਖਵੀਰ ਸਿੰਘ ਨੇ ਕਿਹਾ ਕਿ 1886 ਵਿੱਚ ਸਾਡੇ ਪੁਰਖਿਆਂ ਵੱਲੋਂ ਜਿਨ੍ਹਾਂ ਕਿਰਤੀ ਲੋਕਾਂ ਦੇ ਵਿਰੋਧੀ ਨੀਤੀਆਂ ਖ਼ਿਲਾਫ਼ ਲੜਦਿਆਂ ਸ਼ਹਾਦਤਾਂ ਦਿੱਤੀਆਂ ਸਨ ਅਤੇ ਸਾਮਰਾਜੀ ਹਾਕਮਾਂ ਨੂੰ ਮੋੜਾ ਕੱਟਣ ਲਈ ਮਜਬੂਰ ਕੀਤਾ ਸੀ ਅੱਜ ਦੇ ਹਾਕਮਾਂ ਵੱਲੋਂ ਇਨ੍ਹਾਂ ਨੂੰ ਧੜੱਲੇ ਨਾਲ ਲਾਗੂ ਕੀਤਾ ਜਾ ਰਿਹਾ ਹੈ। ਰੁਜ਼ਗਾਰ ਦਾ ਪ੍ਰਬੰਧ ਕਰਨ ਦੀ ਬਜਾਏ ਪਹਿਲਾਂ ਮਿਲਿਆ ਰੁਜ਼ਗਾਰ ਛਾਂਗਿਆ ਜਾ ਰਿਹਾ ਹੈ, ਪੱਕਾ ਰੁਜ਼ਗਾਰ ਦੇਣ ਦੀ ਬਜਾਏ ਠੇਕੇਦਾਰੀ ਸਿਸਟਮ ਲਾਗੂ ਕੀਤਾ ਜਾ ਰਿਹਾ ਹੈ, ਸ਼ਿਕਾਗੋ ਦੇ ਸ਼ਹੀਦਾਂ ਵੱਲੋਂ ਕੁਰਬਾਨੀਆਂ ਦੇ ਕੇ ਮਜ਼ਦੂਰਾਂ ਨੂੰ ਗੁਲਾਮੀ ਦੀ ਜ਼ਿੰਦਗੀ ਵਿੱਚੋਂ ਕੱਢਣ ਲਈ ਲੈ ਕੇ ਦਿੱਤੀ 8 ਘੰਟੇ ਕੰਮ ਦਿਹਾੜੀ ਨੂੰ ਲੇਬਰ ਕਾਨੂੰਨ ਤੋੜ ਕੇ 12 ਘੰਟੇ ਕੀਤਾ ਜਾ ਰਿਹਾ ਹੈ, ਪਬਲਿਕ ਸੈਕਟਰ ਦੇ ਅਦਾਰਿਆਂ ਨੂੰ ਵੇਚਿਆ ਜਾ ਰਿਹਾ ਹੈ, ਨੀਤੀਆਂ ਕਾਰਨ ਕਿਸਾਨਾਂ ਤੋਂ ਜ਼ਮੀਨ ਖੋਹੀ ਜਾ ਰਹੀ ਹੈ, ਸਿੱਖਿਆ ਦਾ ਨਿੱਜੀਕਰਨ ਕਰਕੇ ਕਿਰਤੀਆਂ ਦੇ ਬੱਚਿਆਂ ਦੇ ਹੱਥੋਂ ਵਿੱਦਿਆ ਦੇ ਅਦਾਰੇ ਖੋਹੇ ਜਾ ਰਹੇ ਹਨ, ਬੁਢਾਪੇ ਦਾ ਸਹਾਰਾ ਪੈਨਸ਼ਨ ਸਕੀਮ ਬੰਦ ਕੀਤੀ ਗਈ ਹੈ, ਸੋ ਇਨ੍ਹਾਂ ਨੀਤੀਆਂ ਕਾਰਨ ਹਰ ਤਬਕੇ ਦਾ ਕੰਚੂਬਰ ਕੱਢਿਆ ਜਾ ਰਿਹਾ ਹੈ ਤਾਂ ਸ਼ਿਕਾਗੋ ਦੇ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਇਹੋ ਹੋਵੇਗੀ ਕਿ ਕੁੱਲ ਦੁਨੀਆ ਦੇ ਕਿਰਤੀਆਂ ਦੀ ਲਹਿਰ ਉਸਾਰ ਕੇ ਸਮੂਹ ਲੋਕਾਂ ਨੂੰ ਨਾਲ ਲੈ ਕੇ ਸਾਮਰਾਜੀ ਨੀਤੀਆਂ ਦੇ ਵਿਰੁੱਧ ਤਿੱਖੇ ਅਤੇ ਵਿਸ਼ਾਲ ਸੰਘਰਸ਼ ਵਿੱਢੇ ਜਾਣ।ਅੱਜ ਦੇ ਸ਼ਰਧਾਂਜਲੀ ਸਮਾਗਮ ਵਾਲੇ ਦਿਨ ਸਾਂਝੇ ਤੌਰ 'ਤੇ ਝੰਡੇ ਚੜ੍ਹਾ ਕੇ ਲੋਕ ਸੰਘਰਸ਼ ਕਮੇਟੀ ਖੰਨਾ ਵੱਲੋਂ ਸਿਟੀ 1 ਦਫ਼ਤਰ ਖੰਨਾ ਅੱਗੇ ਮਈ ਦਿਵਸ ਮਨਾਉਣ ਲਈ ਪ੍ਰੋਗਰਾਮ ਵਿੱਚ ਸ਼ਮੂਲੀਅਤ ਕੀਤੀ।ਆਗੂਆਂ ਨੇ ਕਿਹਾ ਠੇਕਾ ਸੰਘਰਸ਼ ਮੋਰਚੇ ਵੱਲੋਂ ਦਿੱਤੇ ਸੰਘਰਸ਼ ਪ੍ਰੋਗਰਾਮ ਨੂੰ ਲਾਗੂ ਕਰਦੇ ਠੇਕਾ ਕਾਮਿਆਂ ਵੱਲੋਂ ਐੱਮ ਐੱਲ ਏ ਤੇ ਮੰਤਰੀਆਂ ਦੇ ਇਲਾਕੇ ਵਿੱਚ ਆਉਣ 'ਤੇ ਰੋਸ ਵਿਖਾਵੇ ਕੀਤੇ ਜਾ ਰਹੇ ਹਨ।ਠੇਕਾ ਮੁਲਾਜ਼ਮ ਆਗੂ ਭੁਪਿੰਦਰ ਸਿੰਘ ਕੁਤਬੇਵਾਲ ਦੇ ਪਰਿਵਾਰ ਦੇ ਮੈਂਬਰਾਂ ਨੂੰ ਪੰਜਾਬ ਸਰਕਾਰ ਦੇ ਹੁਕਮਾਂ ਤਹਿਤ ਪੁਲਸ ਵੱਲੋਂ ਗ੍ਰਿਫ਼ਤਾਰ ਕੀਤਾ ਗਿਆ ਹੈ।ਜਥੇਬੰਦੀਆਂ ਨੇ ਪੰਜਾਬ ਸਰਕਾਰ ਦੀ ਪੁਰਜ਼ੋਰ ਨਿਖੇਧੀ ਕੀਤੀ।ਉਨ੍ਹਾਂ ਮੰਗ ਕੀਤੀ ਕਿ ਠੇਕਾ ਕਾਮਿਆਂ ਦੇ ਪਰਿਵਾਰਕ ਮੈਂਬਰਾਂ ਨੂੰ ਪ੍ਰੇਸ਼ਾਨ ਕਰਨਾ ਬੰਦ ਕੀਤਾ ਜਾਵੇ ਤੇ ਉਨ੍ਹਾਂ ਦੀਆਂ ਮੰਗਾਂ ਦਾ ਹੱਲ ਕੀਤਾ ਜਾਵੇ।

# ਬੇਟੀ ਨੇ ਮਾਂ ਪ੍ਰਨੀਤ ਕੌਰ ਲਈ ਵੋਟਾਂ ਮੰਗੀਆਂ



**ਰਾਜਪੁਰਾ (ਰਮੇਸ਼ ਕਟਾਰੀਆ)**-ਪੰਜਾਬ ਸਰਕਾਰ ਵੱਲੋਂ ਮਹਿਲਾਵਾਂ ਨੂੰ ਪ੍ਰਤੀ ਮਹੀਨਾ ਇੱਕ ਹਜ਼ਾਰ ਰੁਪਏ ਦੇਣ ਦਾ ਵਾਅਦਾ ਕਰਨ ਵਾਲੇ ਸਟੇਟ ਪੁਲਸ ਨੂੰ ਤਨਖਾਹ ਤਾਂ ਦੇ ਨਹੀਂ ਸਕਦੇ, ਉਹ ਆਮ ਲੋਕਾਂ ਦਾ ਕੀ ਭਲਾ ਕਰਨਗੇ।ਇਸ ਗੱਲ ਦਾ ਪ੍ਰਗਟਾਵਾ ਪੰਜਾਬ ਭਾਜਪਾ ਮਹਿਲਾ ਮੋਰਚਾ ਦੀ ਪ੍ਰਧਾਨ ਬੀਬੀ ਜੈ ਇੰਦਰ ਕੌਰ ਨੇ ਕਰਦਿਆਂ ਆਪਣੀ ਮਾਂ ਭਾਜਪਾ ਉਮੀਦਵਾਰ ਬੀਬੀ ਪ੍ਰਨੀਤ ਕੌਰ ਲਈ ਵੋਟਾਂ ਮੰਗੀਆਂ।ਇਸ ਮੌਕੇ ਉਨ੍ਹਾਂ ਹਜ਼ਾਰਾਂ ਦੀ ਗਿਣਤੀ ਵਿੱਚ ਆਈਆਂ ਮਹਿਲਾਵਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜੋ ਕਣਕ ਦਿੱਤੀ ਜਾ ਰਹੀ ਸੀ, ਉਹ ਬੰਦ ਕਰ ਦਿੱਤੀ ਹੈ ਤੇ ਮੋਦੀ ਸਰਕਾਰ ਵਾਲੇ ਰਾਸ਼ਨ 'ਤੇ ਮੁੱਖ ਮੰਤਰੀ ਜੀ ਆਪਣੀ ਫੋਟੋ ਲਗਵਾ ਕੇ ਪੰਜਾਬ ਦੀ ਜਨਤਾ ਨੂੰ ਖੁਸ਼ ਕਰ ਰਹੇ ਹਨ। ਇਸ ਮੌਕੇ ਰਾਜਪੁਰਾ ਹਲਕਾ ਇੰਚਾਰਜ ਜਗਦੀਸ਼ ਜੱਗਾ ਨੇ ਮਹਿਲਾਵਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਬੀਬੀ ਪ੍ਰਨੀਤ ਕੌਰ ਨੂੰ ਵੱਧ ਤੋਂ ਵੱਧ ਵੋਟਾਂ ਨਾਲ ਜਿਤਵਾਉ।ਇਸ ਮੌਕੇ ਪਾਰਟੀ ਸਕੱਤਰ ਰੁਪਿੰਦਰ ਸਿੰਘ ਰੂਪੀ ਨੂੰ ਜਨਮ ਦਿਨ ਦੀਆਂ ਮੁਬਾਰਕਾਂ/ਅਸ਼ੀਰਵਾਦ ਦਿੱਤਾ।ਇਸ ਮੌਕੇ ਭਾਰਤੀ ਜਨਤਾ ਪਾਰਟੀ ਦੇ ਆਗੂ ਡਾਕਟਰ ਨੰਦ ਲਾਲ, ਯਸ਼ ਟੰਡਨ, ਪਰਦੀਪ ਨੰਦਾ, ਵਿਪੁਲ ਬੱਬਰ, ਰੰਜਨ ਹੰਸ ਆਸ਼ਾ ਸਹਿਜੜਾ, ਗੀਤਾ ਸੇਤੀਆ ਤੇ ਸਮੁੱਚੀ ਲੀਡਰਸ਼ਿਪ ਮੌਜੂਦ ਸੀ।

# ਹੰਸ ਰਾਜ ਦੇ ਹੱਕ 'ਚ ਘਰ-ਘਰ ਜਾ ਕੇ ਕੀਤਾ ਚੋਣ ਪ੍ਰਚਾਰ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਲੋਕ ਸਭਾ ਹਲਕਾ ਫਰੀਦਕੋਟ ਤੋਂ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਉਮੀਦਵਾਰ ਪਦਮਸ਼੍ਰੀ ਹੰਸ ਰਾਜ ਹੰਸ ਦੇ ਹੱਕ ਵਿੱਚ ਸਾਬਕਾ ਜ਼ਿਲ੍ਹਾ ਪ੍ਰਧਾਨ ਮੱਖਣ ਜਿੰਦਲ ਤੇ ਸੀਨੀਅਰ ਆਗੂ ਭਾਰਤ ਭੂਸ਼ਣ ਗਰਗ ਦੀ ਅਗਵਾਈ ਵਿੱਚ ਘਰ-ਘਰ ਜਾ ਕੇ ਚੋਣ ਪ੍ਰਚਾਰ ਸ਼ੁਰੂ ਕਰ ਦਿੱਤਾ ਹੈ।ਇਸ ਚੋਣ ਪ੍ਰਚਾਰ ਦਾ ਅਰੰਭ ਸਥਾਨਕ ਸ਼ਹੀਦ ਭਗਤ ਸਿੰਘ ਕਲੋਨੀ ਤੋਂ ਸ਼ੁਰੂ ਕੀਤਾ ਗਿਆ।ਉਨ੍ਹਾਂ ਕਿਹਾ ਭਾਜਪਾ ਦੇ ਉਮੀਦਵਾਰ ਨੂੰ ਜਿਤਾਉਣ ਲਈ ਉਹ ਆਪਣੀ ਪੂਰੀ ਵਾਹ ਲਾ ਦੇਣਗੇ।ਇਸ ਚੋਣ ਪ੍ਰਚਾਰ ਵਿੱਚ ਸਾਬਕਾ ਮੰਡਲ ਪ੍ਰਧਾਨ ਸੰਜੀਵ ਗਰਗ, ਸਾਬਕਾ ਮੀਤ ਪ੍ਰਧਾਨ ਨਗਰ ਕੌਂਸਲ ਸੰਜੇ ਤੰਵਰ, ਸੋਸ਼ਲ ਮੀਡੀਆ ਸੂਬਾ ਸਹਿ-ਸੰਯੋਜਕ ਅਤੁਲ ਗੋਇਲ, ਤਿਲਕ ਮੁਰਾਰੀ ਸਿੰਗਲਾ, ਮਹੇਸ਼ ਗਰਗ, ਸਤ ਭੂਸ਼ਣ ਆਦਿ ਸ਼ਾਮਲ ਹੋਏ।

# ਵਿਵੇਕਾਨੰਦ ਬਾਲ ਸੰਸਕਾਰ ਕੇਂਦਰ 'ਚ ਬੱਚਿਆਂ ਨੂੰ ਸਟੇਸ਼ਨਰੀ ਵੰਡੀ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਸਿੰਘ ਭੱਟੀ)**-ਭਾਰਤ ਵਿਕਾਸ ਪ੍ਰੀਸ਼ਦ (ਐੱਸ ਯੂ ਐੱਸ) ਵੱਲੋਂ ਰਾਮ ਨਗਰ ਇੰਦਰਾ ਬਸਤੀ ਵਿੱਚ ਇੱਕ ਸਥਾਈ ਪ੍ਰੋਜੈਕਟ ਵਜੋਂ ਚਲਾਏ ਜਾ ਰਹੇ ਵਿਵੇਕਾਨੰਦ ਬਾਲ ਸੰਸਕਾਰ ਕੇਂਦਰ ਵਿੱਚ ਸਟੇਸ਼ਨਰੀ ਵੰਡਣ ਦਾ ਪ੍ਰੋਗਰਾਮ ਕਰਵਾਇਆ ਗਿਆ ਤੇ 29 ਬੱਚਿਆਂ ਨੂੰ ਸਟੇਸ਼ਨਰੀ ਵੰਡੀ ਗਈ।ਇਸ ਪ੍ਰੋਗਰਾਮ ਵਿੱਚ ਪ੍ਰਿੰਸੀਪਲ ਅਮਿਤ ਡੋਗਰਾ, ਡਾ: ਮਨੋਜ ਸਿੰਗਲਾ ਤੇ ਲੀਲ ਕੁਮਾਰ ਨੇ ਪ੍ਰੋਜੈਕਟ ਚੇਅਰਮੈਨ ਵਜੋਂ ਅਹਿਮ ਭੂਮਿਕਾ ਨਿਭਾਈ।ਪ੍ਰੋਗਰਾਮ ਵਿੱਚ ਬੋਲਦਿਆਂ ਪ੍ਰਧਾਨ ਅਨਿਲ ਜੈਨ ਨੇ ਕਿਹਾ ਕਿ ਇਹ ਬੱਚੇ ਦੇਸ਼ ਦਾ ਭਵਿੱਖ ਹਨ ਤੇ ਭਾਰਤ ਵਿਕਾਸ ਪ੍ਰੀਸ਼ਦ ਦਾ ਅਸਲ ਮਨੋਰਥ ਕਿਸੇ ਵੀ ਰੂਪ ਵਿੱਚ ਇਨ੍ਹਾਂ ਦੇ ਵਿਕਾਸ ਵਿੱਚ ਯੋਗਦਾਨ ਪਾਉਣਾ ਹੈ।ਭਾਰਤ ਵਿਕਾਸ ਪ੍ਰੀਸ਼ਦ ਦੇ ਸੂਬਾ ਸਲਾਹਕਾਰ ਗੋਪਾਲ ਸ਼ਰਮਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਇਸ ਮੌਕੇ ਹੋਰਨਾਂ ਤੋਂ ਇਲਾਵਾ ਦਿਨੇਸ਼ ਗੁਪਤਾ, ਪੁਨੀਤ ਬਾਂਸਲ, ਭੂਸ਼ਨ ਕਾਂਸਲ, ਪ੍ਰੇਮ ਚੰਦ, ਬਲਵਿੰਦਰ ਭਾਰਦਵਾਜ, ਹਰੀਸ਼ ਗੱਖੜ, ਮਨਦੀਪ ਗੋਇਲ, ਧੀਰਜ ਗਰਗ, ਸੰਜੀਵ ਜਿੰਦਲ, ਸੰਸਕਾਰ ਕੇਂਦਰ ਦੇ ਅਧਿਆਪਕ ਕੋਆਰਡੀਨੇਟਰ ਗੁਰੂ ਪ੍ਰੇਮ, ਮੈਡਮ ਪਰਮਜੀਤ ਕੌਰ ਤੇ ਸੰਸਕਾਰ ਕੇਂਦਰ ਕਮੇਟੀ ਦੇ ਪ੍ਰਧਾਨ ਹਨੀ ਪ੍ਰੋਗਰਾਮ ਵਿੱਚ ਹਾਜ਼ਰ ਸਨ।

# ਟਰੇਡ ਯੂਨੀਅਨ ਕੌਂਸਲ ਨੇ ਜ਼ੀਰਾ 'ਚ ਮਨਾਇਆ ਮਜ਼ਦੂਰ ਦਿਵਸ

## ਮੰਡੀ ਮੁੱਲਾਂਪੁਰ ਦੀ ਟੀਮ ਦੇ ਨਾਟਕਾਂ ਨੇ ਦਰਸ਼ਕਾਂ ਨੂੰ ਕੀਤਾ ਭਾਵੁਕ



**ਜ਼ੀਰਾ ਮਈ (ਨਰਿੰਦਰ ਅਨੇਜਾ)**-ਸ਼ਿਕਾਗੋ ਦੇ ਮਜ਼ਦੂਰਾਂ ਦੀਆਂ ਸ਼ਹਾਦਤਾਂ ਨੂੰ ਯਾਦ ਕਰਦਿਆਂ ਟਰੇਡ ਯੂਨੀਅਨ ਕੌਂਸਲ ਜ਼ੀਰਾ ਵੱਲੋਂ ਬੱਸ ਅੱਡਾ ਜ਼ੀਰਾ ਵਿਖੇ ਪ੍ਰਧਾਨ ਤਰਸੇਮ ਸਿੰਘ ਬਰਾੜ ਹਰਾਜ ਦੀ ਪ੍ਰਧਾਨਗੀ ਹੇਠ ਮਜ਼ਦੂਰ ਦਿਵਸ ਬੜੇ ਉਤਸ਼ਾਹ ਨਾਲ ਮਨਾਇਆ ਗਿਆ।ਇਸ ਦੌਰਾਨ ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਨੇ ਹਰਕੇਸ਼ ਚੌਧਰੀ ਦੀ ਨਿਰਦੇਸ਼ਨਾਂ ਹੇਠ ਮਜ਼ਦੂਰ ਤੇ ਮੁਲਾਜ਼ਮ ਵਰਗ ਦੀ ਜ਼ਿੰਦਗੀ ਨਾਲ ਸਬੰਧਤ ਨਾਟਕ ਸ਼ਹਿਰ ਤੇਰੇ ਵਿੱਚ ਤੇ ਕੋਰੀਓਗ੍ਰਾਫੀ ਦੁੱਖ ਪੰਜਾਬ ਦਾ ਪੇਸ਼ ਕਰਕੇ ਹਾਜ਼ਰ ਇਕੱਠ ਨੂੰ ਭਾਵੁਕ ਕਰ ਦਿੱਤਾ।ਇਸ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਪ੍ਰਸਿੱਧ ਸਾਹਿਤਕਾਰ ਗੁਰਚਰਨ ਸਿੰਘ ਨੂਰਪੁਰ, ਐਡਵੋਕੇਟ ਹਰਦੀਪ ਸਿੰਘ ਸ਼ੇਰਗਿੱਲ, ਐਡਵੋਕੇਟ ਜੋਬਨਜੀਤ ਸਿੰਘ, ਕਾਮਰੇਡ ਕਸ਼ਮੀਰ ਸਿੰਘ, ਮਾਸਟਰ ਬਚਿੱਤਰ ਸਿੰਘ ਕੈਨੇਡੀਅਨ, ਨਰਿੰਦਰ ਕੌਰ ਸੋਹਲ ਤੇ ਸੂਬਾ ਸਕੱਤਰ ਆਦਿ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਮਜ਼ਦੂਰ ਦਿਵਸ ਦੇ ਇਤਿਹਾਸ, ਮਜ਼ਦੂਰਾਂ ਦੇ ਹੱਕਾਂ 'ਤੇ ਚਾਨਣਾ ਪਾਉਂਦਿਆਂ ਸਰਮਾਏਦਾਰਾਂ ਹੱਥੋਂ ਮਿਹਨਤੀ ਲੋਕਾਂ ਦੀ ਹੁੰਦੀ ਲੁੱਟ ਬਾਰੇ ਵੀ ਵਿਸਥਾਰ ਸਾਹਿਤ ਚਾਨਣਾ ਪਾਇਆ।ਉਨ੍ਹਾਂ ਸ਼ਿਕਾਗੋ ਦੇ ਸ਼ਹੀਦਾਂ ਦੀ ਬਦੌਲਤ ਕਿਰਤੀਆਂ ਨੂੰ ਮਿਲੇ ਹੱਕਾਂ ਬਾਰੇ ਵੀ ਜਾਣਕਾਰੀ ਦਿੱਤੀ। ਬੁਲਾਰਿਆਂ ਨੇ ਕਿਹਾ ਕਿ ਇਨ੍ਹਾਂ ਮਜ਼ਦੂਰਾਂ ਦੀਆਂ ਕੁਰਬਾਨੀਆਂ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ।ਉਨ੍ਹਾਂ ਅਜੋਕੇ ਸਮੇਂ 'ਚ ਕਿਰਤੀ ਲੋਕਾਂ ਵੱਲੋਂ ਤਾਨਾਸ਼ਾਹੀ ਤੇ ਸਰਮਾਏਦਾਰੀ ਖ਼ਿਲਾਫ਼ ਇੱਕਜੁੱਟ ਹੋ ਕੇ ਸੰਘਰਸ਼ ਕਰਨ ਲਈ ਜ਼ੋਰ ਦਿੱਤਾ।

ਇਸ ਮੌਕੇ ਨਾਇਬ ਤਹਿਸੀਲਦਾਰ ਗੁਰਤੇਜ ਸਿੰਘ ਗਿੱਲ, ਸਰਪ੍ਰਸਤ ਨਛੱਤਰ ਸਿੰਘ, ਖਜ਼ਾਨਚੀ ਹਰਨੇਕ ਸਿੰਘ, ਜਨਰਲ ਸਕੱਤਰ ਬਲਦੇਵ ਰਾਜ, ਕਾਮਰੇਡ ਕੁਲਵੰਤ ਸਿੰਘ, ਪਿਆਰ ਕੌਰ, ਅਮਰਜੀਤ ਸਿੰਘ ਸਨ੍ਹੇਰਵੀ, ਅੰਗਰੇਜ਼ ਸਿੰਘ, ਹਿੰਮਤ ਸਿੰਘ ਜੇ ਈ, ਤਰਸੇਮ ਸਿੰਘ ਨਹਿਰੀ ਵਿਭਾਗ, ਬਲਵੀਰ ਸਿੰਘ ਅਲੀਪੁਰ, ਜਗਸੀਰ ਸਿੰਘ, ਮੁਖਤਿਆਰ ਸਿੰਘ, ਬਲਵੀਰ ਸਿੰਘ, ਐਡਵੋਕੇਟ ਨਵਦੀਪ ਸਿੰਘ ਕਰੀਰ, ਮਲਕੀਤ ਸਿੰਘ, ਰੋਮਨ ਬਰਾੜ, ਸਰਪੰਚ ਗੁਰਮੇਲ ਸਿੰਘ, ਅਮਰਜੀਤ ਕੌਰ ਛਾਬੜਾ ਪ੍ਰਧਾਨ ਸਰਬੱਤ ਦਾ ਭਲਾ ਟਰੱਸਟ, ਨਵਜੋਤ ਨੀਲੇਵਾਲਾ, ਨਸੀਬ ਕੌਰ, ਤ੍ਰਿਪਤ ਕਾਲੀਆ, ਪਿਆਰ ਕੌਰ, ਤਰਸੇਮ ਸਿੰਘ ਨਹਿਰੀ ਵਿਭਾਗ, ਅੰਗਰੇਜ ਸਿੰਘ ਬਰਾੜ, ਹਰਮੇਸ਼ਪਾਲ ਨੀਲੇਵਾਲਾ, ਐੱਸ ਪੀ ਰਾਮ ਪ੍ਰਕਾਸ਼, ਮਾਸਟਰ ਮੇਜਰ ਸਿੰਘ, ਹਰਬੰਸ ਸਿੰਘ ਸੇਖਾ ਆਦਿ ਹਾਜ਼ਰ ਸਨ।

# ਠੇਕਾ ਮੁਲਾਜ਼ਮਾਂ ਵੱਲੋਂ ਡੀ ਸੀ ਦਫਤਰ ਦੇ ਗੇਟ ਅੱਗੇ ਧਰਨਾ

## ਕੈਬਨਿਟ ਮੰਤਰੀ ਖੁੱਡੀਆਂ ਦੇ ਦਬਾਅ ਹੇਠ ਜਲ ਸਪਲਾਈ ਮੈਨੇਜਮੈਂਟ ਵੱਲੋਂ ਮ੍ਰਿਤਕ ਸੁਰਿੰਦਰ ਦੇ ਪਰਿਵਾਰ ਦਾ ਹੱਕ ਦੱਬਿਆ ਜਾ ਰਿਹਾ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਮਲੋਟ ਵਿਖੇ ਕੰਮ ਕਰਦੇ ਠੇਕਾ ਅਧਾਰਤ ਮੁਲਾਜ਼ਮ ਦੀ ਮੌਤ ਹੋ ਜਾਣ ਉਪਰੰਤ ਉਸ ਦੀ ਪਤਨੀ ਨੂੰ ਨੌਕਰੀ ਨਾ ਦਿੱਤੇ ਜਾਣ ਦੇ ਵਿਰੋਧ ਵਿੱਚ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਦੇ ਬੈਨਰ ਹੇਠ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ ਕਾਰਜਕਾਰੀ ਇੰਜੀਨੀਅਰ ਮੰਡਲ ਮਲੋਟ ਖਿਲਾਫ ਧਰਨਾ ਪਿਛਲੀ 26 ਮਾਰਚ ਤੋਂ ਚੱਲ ਰਿਹਾ ਹੈ।ਇਸ ਮੌਕੇ ਆਗੂ ਗੁਰਵਿੰਦਰ ਸਿੰਘ ਪੰਨੂ, ਜਗਸੀਰ ਸਿੰਘ ਭੰਗੂ, ਵਰਿੰਦਰਪਾਲ ਸਿੰਘ, ਸੁਰਜੀਤ ਸਿੰਘ ਤੱਖੀ, ਅਮਨਦੀਪ ਸਿੰਘ ਵੇਰਕਾ ਬਠਿੰਡਾ, ਰਮਜ਼ਾਨ ਖਾਨ ਲਹਿਰਾਂ ਥਰਮਲ, ਬਿਕਰਮਜੀਤ ਸਿੰਘ ਕਪੂਰ, ਮਨਜਿੰਦਰ ਸਿੰਘ, ਕਰਮਜੀਤ ਸਿੰਘ ਦਿਉਣ ਨੇ ਸਾਂਝਾ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਵਿੱਚ ਪਿਛਲੇ ਲੰਮੇ ਸਮੇਂ ਤੋਂ ਕੰਮ ਕਰਦੇ ਆ ਰਹੇ ਇੱਕ ਠੇਕਾ ਅਧਾਰਤ ਮੁਲਾਜ਼ਮ ਸੁਰਿੰਦਰ ਸਿੰਘ ਮਲੋਟ ਦੀ ਮੌਤ ਹੋ ਜਾਣ ਉਪਰੰਤ ਉਸ ਦੀ ਪਤਨੀ ਕਿਰਨਜੀਤ ਕੌਰ ਨੂੰ ਬਣਦੀ ਉਸ ਦੀ ਨੌਕਰੀ ਨਹੀਂ ਦਿੱਤੀ ਜਾ ਰਹੀ, ਸਗੋਂ ਕਈ ਮਹੀਨੇ ਬੀਤ ਜਾਣ ਦੇ ਬਾਵਜੂਦ ਵਿਭਾਗ ਵੱਲੋਂ ਗੱਲਾਂ ਕਰਕੇ ਆਪਣਾ ਸਮਾਂ ਲੰਘਾਇਆ ਜਾ ਰਿਹਾ ਹੈ ਤੇ ਇਸ ਸਬੰਧੀ ਵਿੱਚ ਪਹਿਲਾਂ ਜਦੋਂ ਕਾਰਜਕਾਰੀ ਇੰਜੀਨੀਅਰ ਮਲੋਟ ਨੂੰ ਜਥੇਬੰਦੀ ਵੱਲੋਂ ਮਿਲਿਆ ਗਿਆ ਸੀ ਤਾਂ ਕਾਰਜਕਾਰੀ ਇੰਜੀਨੀਅਰ ਮੰਡਲ ਮਲੋਟ ਵੱਲੋਂ ਕਿਹਾ ਕਿ ਮੇਰੇ ਤੇ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਦਾ ਦਬਾਅ ਹੈ, ਉਹ ਆਪਣੇ ਬੰਦੇ ਨੂੰ ਨੌਕਰੀ ਤੇ ਰਖਵਾਉਣਾ ਚਾਹੁੰਦਾ ਹੈ, ਉਸ ਦੇ ਕਹਿਣ ਤੋਂ ਬਿਨਾਂ ਕਿਸੇ ਨੂੰ ਨੌਕਰੀ 'ਤੇ ਨਹੀਂ ਰੱਖ ਸਕਦਾ ਤੇ ਦੂਸਰੇ ਤਰਫ ਉਸ ਦੇ ਪਰਿਵਾਰ ਦੇ ਘਰ ਦਾ ਗੁਜ਼ਾਰਾ ਵੀ ਮੁਸ਼ਕਲ ਹੋ ਗਿਆ ਹੈ, ਜਿਸ ਕਰਕੇ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਨੇ ਪਹਿਲਾਂ ਵੀ ਕਾਰਜਕਾਰੀ ਇੰਜੀਨੀਅਰ ਮੰਡਲ ਮਲੋਟ ਨੂੰ ਲਿਖਤੀ ਰੂਪ ਵਿੱਚ ਨੋਟਿਸ ਦਿੱਤਾ ਗਿਆ ਸੀ ਅਤੇ ਸੰਕੇਤਕ ਧਰਨਾ ਵੀ ਦਿੱਤਾ ਗਿਆ ਸੀ, ਪਰ ਫਿਰ ਵੀ ਕਾਰਜਕਾਰੀ ਇੰਜੀਨੀਅਰ ਵੱਲੋਂ ਕੋਈ ਵੀ ਕਾਰਵਾਈ ਨਹੀਂ ਕੀਤੀ ਗਈ, ਜਿਸ ਦੇ ਰੋਸ ਵਜੋਂ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਵੱਲੋਂ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਮੰਡਲ ਮਲੋਟ ਖਿਲਾਫ ਮੇਨ ਵਾਟਰ ਵਰਕਸ ਕੋਟ ਕਪੂਰਾ ਰੋਡ ਸ੍ਰੀ ਮੁਕਤਸਰ ਸਾਹਿਬ ਵਿਖੇ ਧਰਨਾ ਪਿਛਲੀ 26 ਮਾਰਚ ਤੋਂ ਦਿੱਤਾ ਜਾ ਰਿਹਾ ਹੈ, ਪਰ ਕਾਰਜਕਾਰੀ ਇੰਜੀਨੀਅਰ ਪਿਛਲੇ ਕਈ ਦਿਨਾਂ ਤੋਂ ਆਪਣੇ ਦਫਤਰ ਨਹੀਂ ਆ ਰਿਹਾ ਤੇ ਨਾ ਹੀ ਜਥੇਬੰਦੀ ਨਾਲ ਗੱਲਬਾਤ ਕਰ ਰਿਹਾ ਹੈ, ਜਿਸ ਕਰਕੇ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਵੱਲੋਂ ਅੱਜ ਵੱਡਾ ਇਕੱਠ ਕਰਕੇ ਸ੍ਰੀ ਮੁਕਤਸਰ ਸਾਹਿਬ ਦੇ ਸ਼ਹਿਰ ਵਿੱਚ ਰੋਸ ਮਾਰਚ ਕਰਕੇ ਡਿਪਟੀ ਕਮਿਸ਼ਨਰ ਸ੍ਰੀ ਮੁਕਤਸਰ ਸਾਹਿਬ ਦੇ ਗੇਟ ਉਪਰ ਧਰਨਾ ਦਿੱਤਾ ਗਿਆ। ਇਸ ਮੌਕੇ ਤਹਿਸੀਲਦਾਰ ਸਾਹਿਬ ਵੱਲੋਂ ਭਰੋਸਾ ਦਿੱਤਾ ਗਿਆ ਕਿ ਕਾਰਜਕਾਰੀ ਇੰਜੀਨੀਅਰ ਮੰਡਲ ਮਲੋਟ ਨਾਲ 8 ਮਈ ਨੂੰ ਮੀਟਿੰਗ ਕਰਵਾਈ ਜਾਵੇਗੀ, ਜਿਸ ਉਪਰੰਤ ਮੋਰਚੇ ਵੱਲੋਂ ਧਰਨਾ ਸਮਾਪਤ ਕੀਤਾ ਗਿਆ ਤੇ ਇਹ ਐਲਾਨ ਵੀ ਕੀਤਾ ਗਿਆ ਕਿ ਜੇਕਰ 8 ਮਈ ਨੂੰ ਮੀਟਿੰਗ ਵਿੱਚ ਮ੍ਰਿਤਕ ਦੇ ਪਰਿਵਾਰ ਨੂੰ ਨੌਕਰੀ ਨਹੀਂ ਦਿੱਤੀ ਜਾਂਦੀ ਤਾਂ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਦੇ ਬੈਨਰ ਹੇਠ ਵੱਡਾ ਸੰਘਰਸ਼ ਉਲੀਕਿਆ ਜਾਵੇਗਾ।

# ਮੈਕਸ ਆਰਥਰ ਮੈਕਾਲਿਫ਼ ਪਬਲਿਕ ਸਕੂਲ 'ਚ ਮਨਾਇਆ ਮਜ਼ਦੂਰ ਦਿਵਸ



**ਸਮਰਾਲਾ (ਸੁਰਜੀਤ ਸਿੰਘ)**-ਸਥਾਨਕ ਮੈਕਸ ਆਰਥਰ ਮੈਕਾਲਿਫ਼ ਪਬਲਿਕ ਸਕੂਲ ਵਿੱਚ ਮਜ਼ਦੂਰ ਦਿਵਸ ਮਨਾਇਆ ਗਿਆ।ਸਵੇਰ ਦੀ ਪ੍ਰਾਰਥਨਾ ਸਭਾ ਵਿੱਚ ਦਸਵੀਂ ਜਮਾਤ ਦੇ ਵਿਦਿਆਰਥੀਆਂ ਵੱਲੋਂ ਮਜ਼ਦੂਰ ਦਿਵਸ ਨਾਲ ਸੰਬੰਧਤ ਕਵਿਤਾਵਾਂ ਤੇ ਭਾਸ਼ਣ ਦਾ ਉਚਾਰਨ ਕੀਤਾ ਗਿਆ।ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਡਾ. ਮੋਨਿਕਾ ਮਲਹੋਤਰਾ ਨੇ ਕਿਹਾ ਕਿ ਮਜ਼ਦੂਰ ਦੇਸ਼ ਦੀ ਅਰਥ ਵਿਵਸਥਾ ਦੇ ਵਿਕਾਸ ਵਿੱਚ ਅਹਿਮ ਯੋਗਦਾਨ ਪਾਉਂਦੇ ਹਨ ਤੇ ਹਰ ਸਾਲ ਭਾਰਤ ਵਿੱਚ 1 ਮਈ ਦਾ ਦਿਨ ਮਜ਼ਦੂਰ ਦਿਵਸ ਵਜੋਂ ਮਨਾਇਆ ਜਾਂਦਾ ਹੈ।ਇਸ ਦਿਨ ਸਕੂਲ 'ਚ ਕੰਮ ਕਰਨ ਵਾਲੇ ਦਰਜਾ ਚਾਰ ਕਰਮਚਾਰੀਆਂ ਨੂੰ ਵਰਦੀਆਂ ਦੇ ਕੇ ਸਨਮਾਨਤ ਵੀ ਕੀਤਾ ਗਿਆ।ਸਕੂਲ ਮੈਨੇਜਮੈਂਟ ਕਮੇਟੀ ਤੇ ਪ੍ਰਿੰਸੀਪਲ ਡਾ. ਮੋਨਿਕਾ ਮਲਹੋਤਰਾ ਨੇ ਸਾਰੇ ਸਮਾਜ ਨੂੰ ਮਜ਼ਦੂਰ ਦਿਵਸ ਦੀਆਂ ਸ਼ੁੱਭ-ਕਾਮਨਾਵਾਂ ਦਿੱਤੀਆਂ।

# ਯੂਨਾਇਟਡ ਬਰੇਵਰੀ ਦੇ ਕਾਮਿਆਂ ਮਈ ਦਿਵਸ 'ਤੇ ਝੁਲਾਇਆ ਲਾਲ ਝੰਡਾ




**ਲੁਧਿਆਣਾ (ਐੱਮ ਐੱਸ ਭਾਟੀਆ)**-ਇੱਥੇ ਯੂਨਾਇਟਡ ਬਰੇਵਰੀ ਲਿਮਿਟਡ (ਬੀਅਰ ਫੈਕਟਰੀ ਫੋਕਲ ਪੁਆਇੰਟ) ਦੇ ਗੇਟ 'ਤੇ ਕਾਮਿਆਂ ਨੇ ਲਾਲ ਝੰਡਾ ਝੁਲਾ ਕੇ ਮਈ ਦਿਵਸ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ। ਫੈਕਟਰੀ ਦੀ ਯੂਨੀਅਨ ਦੇ ਪ੍ਰਧਾਨ ਕਾਮਰੇਡ ਸੁਖਵੰਤ ਸਿੰਘ ਨੇ ਮੌਕੇ 'ਤੇ ਮਈ ਦਿਵਸ ਦੀ ਮਹੱਤਤਾ 'ਤੇ ਜਾਣਕਾਰੀ ਦਿੱਤੀ।ਇਸ ਮੌਕੇ ਬੋਲਦਿਆਂ ਲੁਧਿਆਣਾ ਏਟਕ ਦੇ ਸਲਾਹਕਾਰ ਕਾਮਰੇਡ ਰਮੇਸ਼ ਰਤਨ ਨੇ ਭਾਰਤ ਵਿੱਚ ਮਜ਼ਦੂਰ ਲਹਿਰ ਦੇ ਇਤਿਹਾਸ 'ਤੇ ਚਾਨਣ ਪਾਇਆ।ਉਨ੍ਹਾਂ ਕਿਹਾ ਕਿ ਉੱਘੇ ਦਾਰਸ਼ਨਿਕ ਕਾਰਲ ਮਾਰਕਸ ਨੇ ਮਜ਼ਦੂਰਾਂ ਨੂੰ ਇੱਕ ਮੁੱਠ ਹੋ ਕੇ ਲੁੱਟ ਖਸੁੱਟ ਦੇ ਪ੍ਰਬੰਧ ਵਿਰੁੱਧ ਆਵਾਜ਼ ਚੁੱਕਣ ਦਾ ਤੇ ਕਾਮਿਆਂ ਦੀ ਸੱਤਾ ਬਣਾਉਣ ਦੀ ਪ੍ਰੇਰਨਾ ਦਿੱਤੀ।ਉਨ੍ਹਾਂ ਕਿਹਾ ਕਿ ਭਾਰਤ ਦੀ ਆਜ਼ਾਦੀ ਦੇ ਸੰਗਰਾਮ ਵਿੱਚ ਕਾਮਿਆਂ ਦੀ ਬਹੁਤ ਵੱਡੀ ਭੂਮਿਕਾ ਰਹੀ ਹੈ।ਡਾਕਟਰ ਅਰੁਣ ਮਿੱਤਰਾ ਨੇ ਕਿਹਾ ਕਿ ਮੌਜੂਦਾ ਸਰਕਾਰ ਕਾਮਿਆਂ ਦੇ ਹੱਕਾਂ 'ਤੇ ਲਗਾਤਾਰ ਸੱਟ ਮਾਰ ਰਹੀ ਹੈ।44 ਬਿੱਲਾਂ ਨੂੰ ਚਾਰ ਕੋਡ ਬਿੱਲਾਂ ਵਿੱਚ ਬਦਲ ਦਿੱਤਾ ਗਿਆ ਹੈ।ਮਜ਼ਦੂਰਾਂ ਦੇ ਯੂਨੀਅਨ ਬਣਾਉਣ ਤੇ ਹੋਰ ਹੱਕ ਕਮਜ਼ੋਰ ਕੀਤੇ ਜਾ ਰਹੇ ਹਨ, ਇਥੋਂ ਤੱਕ ਕਿ ਈਐੱਸਆਈ ਨੂੰ ਵੀ ਕਮਜ਼ੋਰ ਕੀਤਾ ਜਾ ਰਿਹਾ ਹੈ।ਹੁਣ ਆਪਣੀਆਂ ਸਫਲਤਾਵਾਂ ਨੂੰ ਦੇਖ ਕੇ ਲੋਕਾਂ ਵਿੱਚ ਜੋ ਰੋਸ ਵਧ ਰਿਹਾ ਹੈ, ਉਸ ਤੋਂ ਘਬਰਾ ਕੇ ਫਿਰਕੂ ਤੌਰ 'ਤੇ ਸਮਾਜ ਵਿੱਚ ਵੰਡੀਆਂ ਪਾਉਣ ਦੀ ਪੂਰੀ ਸਾਜ਼ਿਸ਼ ਚੱਲ ਰਹੀ ਹੈ।ਮੋਦੀ ਸਰਕਾਰ ਦੀ ਖੇਡ ਫਿਰਕੂ ਦੰਗੇ ਕਰਵਾ ਕੇ ਵੋਟਾਂ ਬਟੋਰਨ ਦੀ ਹੈ, ਜੋ ਕਿ ਇਕ ਬਹੁਤ ਹੀ ਘਾਤਕ ਕਦਮ ਹੈ।ਕਾਮਿਆਂ ਦੇ ਹੱਕਾਂ ਦੀ ਰਾਖੀ ਇੱਕਮੁੱਠ ਸਮਾਜ ਵਿੱਚ ਹੀ ਹੋ ਸਕਦੀ ਹੈ। ਏਟਕ ਦੇ ਜ਼ਿਲ੍ਹਾ ਜਨਰਲ ਸਕੱਤਰ ਕਾਮਰੇਡ ਐੱਮ ਐੱਸ ਭਾਟੀਆ ਨੇ ਕਿਹਾ ਕਿ ਆਉਣ ਵਾਲਾ ਸਮਾਂ ਬੜੇ ਸੰਘਰਸ਼ ਦਾ ਸਮਾਂ ਹੈ ਤੇ ਇਸ ਲਈ ਏਟਕ ਪੂਰੇ ਜ਼ੋਰ ਨਾਲ ਭਾਜਪਾ ਨੂੰ ਗੱਦੀ ਤੋਂ ਹਟਾਉਣ ਦਾ ਸਮਰਥਨ ਕਰੇਗੀ।ਸਾਡਾ ਅੱਜ ਦਾ ਨਾਅਰਾ ਵੀ ਭਾਜਪਾ ਹਟਾਓ-ਦੇਸ਼ ਬਚਾਓ-ਲੋਕ ਬਚਾਓ ਹੈ।ਭਾਜਪਾ ਸਰਕਾਰ ਨਿਰੀਪੁਰੀ ਕਾਰਪੋਰੇਟ ਖੇਤਰ ਦੇ ਹੱਕ ਵਿੱਚ ਹੈ ਤੇ ਦੇਸ਼ ਦੀ ਸਾਰੀ ਸੰਪਤੀ ਚੰਦ ਘਰਾਣਿਆਂ ਨੂੰ ਸੌਂਪ ਰਹੀ ਹੈ। ਪ੍ਰੋਗਰਾਮ ਦੇ ਅਖੀਰ 'ਚ ਯੂਨੀਅਨ ਦੇ ਜਨਰਲ ਸਕੱਤਰ ਕਾਮਰੇਡ ਅਰੁਣ ਕੁਮਾਰ ਨੇ ਸਾਰੇ ਆਏ ਹੋਏ ਸਾਥੀਆਂ ਦਾ ਧੰਨਵਾਦ ਕੀਤਾ।

# ਕਾਂਗਰਸ ਨਾ ਤਾਂ ਫਿਰਕੂ ਰਾਜਨੀਤੀ ਕਰਦੀ ਹੈ ਤੇ ਨਾ ਹੀ ਖੇਤਰੀ : ਰਾਜਾ ਵੜਿੰਗ

## ਰੋਡ ਸ਼ੋਅ 'ਚ ਰਾਜਾ ਵੜਿੰਗ ਦਾ ਸ਼ਹਿਰ ਵਾਸੀਆਂ ਵੱਲੋਂ ਨਿੱਘਾ ਸਵਾਗਤ



**ਲੁਧਿਆਣਾ (ਐੱਮ ਐੱਸ ਭਾਟੀਆ, ਰੈਕਟਰ ਕਥੂਰੀਆ, ਪ੍ਰਦੀਪ ਸ਼ਰਮਾ)**-ਲੁਧਿਆਣਾ ਵਿੱਚ ਪੰਜਾਬ ਕਾਂਗਰਸ ਦੇ ਪ੍ਰਧਾਨ ਤੇ ਲੁਧਿਆਣਾ ਲੋਕ ਸਭਾ ਹਲਕੇ ਤੋਂ ਪਾਰਟੀ ਦੇ ਉਮੀਦਵਾਰ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲੋਂ ਸ਼ਹਿਰ 'ਚ ਰੋਡ ਸ਼ੋਅ ਕੀਤਾ ਗਿਆ, ਜਿਸ ਦਾ ਅੱਜ ਇੱਥੇ ਹਜ਼ਾਰਾਂ ਕਾਂਗਰਸੀ ਵਰਕਰਾਂ ਨੇ ਰੈੱਡ ਕਾਰਪੇਟ 'ਤੇ ਸਵਾਗਤ ਕੀਤਾ।ਲੁਧਿਆਣਾ ਸ਼ਹਿਰ ਵਿੱਚ ਦਾਖਲ ਹੁੰਦੇ ਹੀ ਉਨ੍ਹਾਂ ਦਾ ਸਵਾਗਤ ਪਾਰਟੀ ਦੇ ਸੀਨੀਅਰ ਆਗੂਆਂ ਭਾਰਤ ਭੂਸ਼ਣ ਆਸ਼ੂ, ਰਾਕੇਸ਼ ਪਾਂਡੇ, ਕੈਪਟਨ ਸੰਦੀਪ ਸੰਧੂ, ਸੁਰਿੰਦਰ ਡਾਵਰ, ਸੰਜੇ ਤਲਵਾੜ, ਕੁਲਦੀਪ ਸਿੰਘ ਵੈਦ, ਈਸ਼ਵਰਜੋਤ ਸਿੰਘ ਚੀਮਾ ਆਦਿ ਨੇ ਕੀਤਾ।

ਲੁਧਿਆਣਾ ਤੋਂ ਪਾਰਟੀ ਦਾ ਉਮੀਦਵਾਰ ਐਲਾਨੇ ਜਾਣ ਤੋਂ ਬਾਅਦ ਪਹਿਲੀ ਵਾਰ ਸ਼ਹਿਰ ਵਿੱਚ ਵੜਿੰਗ ਦੇ ਸਵਾਗਤ ਲਈ ਪਾਰਟੀ ਦੇ ਝੰਡੇ ਤੇ ਬੈਨਰ ਲੈ ਕੇ ਆਏ ਕਾਂਗਰਸੀ ਵਰਕਰਾਂ ਵਿੱਚ ਬੇਮਿਸਾਲ ਜੋਸ਼ ਤੇ ਉਤਸ਼ਾਹ ਦੇਖਣ ਨੂੰ ਮਿਲਿਆ।ਵਫ਼ਾਦਾਰ ਵਰਕਰਾਂ ਨੇ ਕਿਹਾ ਕਿ ਭਾਜਪਾ ਵਿੱਚ ਸ਼ਾਮਲ ਹੋ ਕੇ ਪਾਰਟੀ ਨਾਲ ਧੋਖਾ ਕਰਨ ਵਾਲੇ ਰਵਨੀਤ ਬਿੱਟੂ ਵਿਰੁੱਧ ਚੋਣ ਲੜਨ ਲਈ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਨੂੰ ਲੁਧਿਆਣਾ ਤੋਂ ਪਾਰਟੀ ਦਾ ਉਮੀਦਵਾਰ ਬਣਾਉਣਾ ਮਾਣ ਵਾਲੀ ਗੱਲ ਹੈ।ਉਨ੍ਹਾਂ ਕਿਹਾ ਕਿ ਨਾ ਸਿਰਫ ਬਿੱਟੂ ਨੇ ਪਾਰਟੀ ਨਾਲ ਧੋਖਾ ਕੀਤਾ ਹੈ, ਸਗੋਂ ਪਾਰਟੀ ਦੇ ਲੱਖਾਂ ਵਰਕਰਾਂ ਨਾਲ ਵੀ ਵਿਸ਼ਵਾਸਘਾਤ ਕੀਤਾ ਹੈ, ਜਿਨ੍ਹਾਂ ਨੇ ਉਸ ਨੂੰ ਵੋਟਾਂ ਪਾਈਆਂ ਤੇ 2014 ਅਤੇ 2019 ਦੀਆਂ ਦੋਵੇਂ ਚੋਣਾਂ ਵਿੱਚ ਲਗਾਤਾਰ ਸਾਥ ਦਿੱਤਾ ਹੈ।ਇਸ ਮੌਕੇ ਵੜਿੰਗ ਨੇ ਕਿਹਾ ਕਿ ਉਹ ਲੁਧਿਆਣਾ ਵਿੱਚ ਆਪਣੇ ਪਹਿਲੇ ਦਿਨ ਪਾਰਟੀ ਵਰਕਰਾਂ ਵੱਲੋਂ ਦਿਖਾਏ ਗਏ ਪਿਆਰ ਤੇ ਸਨੇਹ ਤੋਂ ਬਹੁਤ ਪ੍ਰਭਾਵਿਤ ਹੋਏ ਹਨ।ਖੁਸ਼ ਦਿੱਖ ਰਹੇ ਵੜਿੰਗ ਨੇ ਵਰਕਰਾਂ ਨੂੰ ਕਿਹਾ ਕਿ ਤੁਸੀਂ ਮੇਰੇ ਉਤੇ ਜਿਹੜਾ ਪਿਆਰ ਵਰ੍ਹਾਇਆ ਹੈ, ਉਸ ਲਈ ਮੈਂ ਬਹੁਤ ਸ਼ੁਕਰਗੁਜ਼ਾਰ ਤੇ ਅਹਿਸਾਨ ਮਹਿਸੂਸ ਕਰਦਾ ਹਾਂ।ਉਨ੍ਹਾ ਨੇ ਕਿਹਾ ਕਿ ਚੰਗੀ ਸ਼ੁਰੂਆਤ ਦਾ ਮਤਲੱਬ ਅੱਧੀ ਲੜਾਈ ਘੱਟ ਜਾਂਦੀ ਹੈ।ਉਨ੍ਹਾ ਭਰੋਸਾ ਜਤਾਇਆ ਕਿ ਪਾਰਟੀ ਵਰਕਰ ਇਸ ਲੜਾਈ ਨੂੰ ਪੂਰੇ ਅੰਜਾਮ ਤੱਕ ਲੈ ਕੇ ਜਾਣਗੇ।

ਉਨ੍ਹਾ ਕਿਹਾ ਕਿ ਪੰਜਾਬ 'ਚ ਕੋਈ ਵੀ ਪਾਰਟੀ ਕਾਂਗਰਸ ਪਾਰਟੀ ਜਿੰਨੀ ਹਰਮਨ ਪਿਆਰੀ ਨਹੀਂ ਹੈ। ਉਨ੍ਹ ਕਿਹਾ ਕਿ ਕਾਂਗਰਸ ਨਾ ਤਾਂ ਫਿਰਕੂ ਰਾਜਨੀਤੀ ਕਰਦੀ ਹੈ ਤੇ ਨਾ ਹੀ ਭਾਜਪਾ, ਅਕਾਲੀ ਜਾਂ ਆਮ ਆਦਮੀ ਪਾਰਟੀ ਦੀ ਤਰ੍ਹਾਂ ਖੇਤਰੀ ਰਾਜਨੀਤੀ ਕਰਦੀ ਹੈ। ਉਨ੍ਹਾ ਕਿਹਾਕਿ ਅਸੀਂ ਸਾਰਿਆਂ ਨੂੰ ਨਾਲ ਲੈ ਕੇ ਚੱਲਦੇ ਹਾਂ ਤੇ ਹਰ ਕੋਈ ਸਾਡਾ ਸਮਰਥਨ ਕਰਦਾ ਹੈ।

ਜ਼ਿਕਰਯੋਗ ਹੈ ਕਿ ਭਾਰਤੀ ਕਮਿਊਨਿਸਟ ਪਾਰਟੀ ਨੇ ਲੋਕ ਸਭਾ ਚੋਣਾਂ 'ਚ ਕਾਂਗਰਸ ਪਾਰਟੀ ਦੀ ਹਮਾਇਤ ਕੀਤੀ ਹੋਈ ਹੈ ਅਤੇ ਪਾਰਟੀ ਵਰਕਰ ਪੂਰੀ ਸਰਗਰਮੀ ਨਾਲ ਲੁਧਿਆਣਾ ਵਿੱਚ ਵੀ ਕਾਂਗਰਸ ਪਾਰਟੀ ਦੇ ਉਮੀਦਵਾਰ ਰਾਜਾ ਵੜਿੰਗ ਦਾ ਸਾਥ ਦੇ ਰਹੇ ਹਨ।

# ਦਾਣਾ ਮੰਡੀ 'ਚ ਕਣਕ ਦੀਆਂ ਬੋਰੀਆਂ ਹੇਠ ਆਉਣ ਨਾਲ ਮਜ਼ਦੂਰ ਦੀ ਮੌਤ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਮੁੱਦਕੀ ਦੀ ਅਨਾਜ ਮੰਡੀ ਵਿੱਚ ਕੰਮ ਕਰਦੇ ਨੌਜਵਾਨ ਮਜ਼ਦੂਰ ਨਾਲ ਦਰਦਨਾਕ ਹਾਦਸਾ ਵਾਪਰ ਗਿਆ।ਜਾਣਕਾਰੀ ਅਨੁਸਾਰ ਕਣਕ ਦੀਆਂ ਬੋਰੀਆਂ ਹੇਠ ਆਉਣ ਨਾਲ ਮਜ਼ਦੂਰ ਦੀ ਮੌਤ ਹੋ ਗਈ।ਮ੍ਰਿਤਕ ਦੀ ਪਛਾਣ ਹਰਫੂਲ ਸਿੰਘ (ਉਮਰ 37) ਪੁੱਤਰ ਗੁਰਮੇਲ ਸਿੰਘ ਵਾਸੀ ਪਿੰਡ ਮਹੇਸਰੀ, ਜ਼ਿਲ੍ਹਾ ਮੋਗਾ ਵਜੋਂ ਹੋਈ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਚੰਦੜ ਰੋਡ ਸਥਿਤ ਸਥਾਨਕ ਏਜੰਟ ਲਕਸ਼ਮੀ ਗ੍ਰੇਨ ਟਰੇਡਰਜ਼ ਦੇ ਚੌਧਰੀ ਤੇ ਐੱਮ ਸੀ ਦੇ ਪਤੀ ਸੁਰਿੰਦਰ ਸਿੰਘ ਨੇ ਦੱਸਿਆ ਕਿ ਦੁਪਹਿਰ ਸਮੇਂ ਮੰਡੀ ਦੇ ਸਬ ਯਾਰਡ ਵਿੱਚ ਮਜ਼ਦੂਰ ਚਾਹ-ਪਾਣੀ ਪੀ ਰਹੇ ਸਨ, ਜਦੋਂ ਮਜ਼ਦੂਰ ਨਾਲ ਕੰਮ ਕਰਦੇ ਹਰਫੂਲ ਸਿੰਘ ਇੱਕ ਦਰੱਖਤ ਦੀ ਛਾਂ ਹੇਠ ਬੋਰੀਆਂ ਕੋਲ ਚਾਹ ਪੀਣ ਬੈਠ ਗਿਆ ਤਾਂ ਅਚਾਨਕ ਕਣਕ ਨਾਲ ਭਰੀਆਂ ਬੋਰੀਆਂ ਉਸ 'ਤੇ ਡਿੱਗ ਪਈਆਂ।

ਉਸ ਨੂੰ ਤੁਰੰਤ ਇਲਾਜ ਲਈ ਮੈਡੀਕਲ ਕਾਲਜ ਫਰੀਦਕੋਟ ਭੇਜਿਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ।

# ਕੌਮੀ ਪੱਧਰ 'ਤੇ ਗੋਲਡ ਮੈਡਲ ਜੇਤੂ ਖਿਡਾਰੀ ਦਾ ਖਹਿਰਾ ਵੱਲੋਂ ਸਨਮਾਨ



**ਸੰਗਰੂਰ (ਪ੍ਰਵੀਨ ਸਿੰਘ)**-ਹਰਿਆਣਾ ਦੇ ਪਾਨੀਪਤ ਵਿਖੇ ਹੋਈ ਨੈਸ਼ਨਲ ਸਪੋਰਟਸ ਚੈਂਪੀਅਨਸ਼ਿਪ 2024 ਦੌਰਾਨ ਅੰਡਰ-19 ਬਾਕਸਿੰਗ ਵਿੱਚ ਸੰਗਰੂਰ ਦੇ ਦਲਿਤ ਪਰਿਵਾਰ ਨਾਲ ਸਬੰਧਤ ਡਾ. ਅੰਬੇਡਕਰ ਨਗਰ ਵਿੱਚ ਰਹਿੰਦੇ 17 ਸਾਲਾ ਖਿਡਾਰੀ ਅਰਮਾਨ ਕਾਂਗੜਾ ਨੇ ਆਪਣੇ ਵਿਰੋਧੀ ਖਿਡਾਰੀਆਂ ਨੂੰ ਪਛਾੜਦਿਆਂ ਸੋਨੇ ਦਾ ਤਮਗਾ (ਗੋਲਡ ਮੈਡਲ) ਹਾਸਲ ਕੀਤਾ।ਜੇਤੂ ਖਿਡਾਰੀ ਦਾ ਕਾਂਗਰਸੀ ਉਮੀਦਵਾਰ ਸੁਖਪਾਲ ਸਿੰਘ ਖਹਿਰਾ ਵਿਧਾਇਕ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ।ਇਸ ਮੌਕੇ ਸੀਨੀਅਰ ਦਲਿਤ ਲੀਡਰ ਦਰਸ਼ਨ ਸਿੰਘ ਕਾਂਗੜਾ ਵੀ ਹਾਜ਼ਰ ਸਨ।ਇਸ ਮੌਕੇ ਖਿਡਾਰੀ ਅਰਮਾਨ ਕਾਂਗੜਾ ਨੇ ਸੁਖਪਾਲ ਖਹਿਰਾ ਨੂੰ ਦੱਸਿਆ ਕਿ ਹਰਿਆਣਾ ਦੇ ਪਾਨੀਪਤ ਵਿਖੇ 26 ਤੋਂ 28 ਅਪ੍ਰੈਲ ਤੱਕ ਹੋਈ ਨੈਸ਼ਨਲ ਸਪੋਰਟਸ ਚੈਂਪੀਅਨਸ਼ਿਪ ਵਿੱਚ 51 ਕਿਲੋਗ੍ਰਾਮ ਵਿੱਚ ਖੇਡਦਿਆਂ ਗੋਲਡ ਮੈਡਲ ਆਪਣੇ ਨਾਮ ਕੀਤਾ ਹੈ।ਉਨ੍ਹਾ ਕਿਹਾ ਕਿ ਇਸ ਤੋਂ ਪਹਿਲਾਂ ਵੀ ਉਨ੍ਹਾਂ ਦਰਜਨਾਂ ਵੱਖ-ਵੱਖ ਖੇਡ ਮੁਕਾਬਲਿਆਂ ਵਿੱਚ ਆਪਣੇ ਵਿਰੋਧੀ ਖਿਡਾਰੀਆਂ ਨੂੰ ਪਛਾੜਦਿਆਂ ਗੋਲਡ ਮੈਡਲ, ਸਿਲਵਰ ਮੈਡਲ ਤੇ ਬਰਾਊਨ ਮੈਡਲ ਹਾਸਲ ਕੀਤੇ ਹਨ।ਇਸ ਮੌਕੇ ਸੁਖਪਾਲ ਖਹਿਰਾ ਨੇ ਕਿਹਾ ਕਿ ਬੇਟੇ ਅਰਮਾਨ ਕਾਂਗੜਾ ਨੇ ਨੈਸ਼ਨਲ ਸਪੋਰਟਸ ਚੈਂਪੀਅਨਸ਼ਿਪ ਵਿੱਚ ਗੋਲਡ ਮੈਡਲ ਹਾਸਲ ਕਰਕੇ ਪੰਜਾਬ ਤੇ ਸ਼ਹਿਰ ਦਾ ਨਾਮ ਰੌਸ਼ਨ ਕੀਤਾ ਹੈ।ਅਜਿਹੇ ਬੱਚਿਆਂ 'ਤੇ ਅਸੀਂ ਮਾਣ ਮਹਿਸੂਸ ਕਰਦੇ ਹਾਂ।ਇਸ ਮੌਕੇ ਅਰਮਾਨ ਕਾਂਗੜਾ ਦੇ ਪਰਿਵਾਰਕ ਮੈਂਬਰਾਂ ਤੋਂ ਇਲਾਵਾ ਅਨਿਲ ਕੁਮਾਰ ਘੀਚਾ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ, ਭੁਪਿੰਦਰ ਸਿੰਘ ਜੱਸੀ, ਰਣਜੀਤ ਸਿੰਘ ਹੈਪੀ ਲਿੱਧੜਾਂ, ਪ੍ਰਦੀਪ ਸਿੰਘ, ਜਗਸੀਰ ਸਿੰਘ ਜੱਗਾ, ਸ਼ਕਤੀਜੀਤ ਸਿੰਘ, ਜੱਸੀ ਸੈਣੀ, ਸਾਜਨ ਕਾਂਗੜਾ ਪ੍ਰਧਾਨ, ਸ਼ਸ਼ੀ ਚਾਵਰੀਆ, ਰਾਜੇਸ਼ ਲੋਟ, ਰੂਪ ਸਿੰਘ ਧਾਲੀਵਾਲ, ਸੁਖਵਿੰਦਰ ਸਿੰਘ ਸੁੱਖੀ ਆਦਿ ਹਾਜ਼ਰ ਸਨ।

# ਸਰਕਾਰੀ ਸਮਾਰਟ ਸਕੂਲ ਉਦੇਕਰਨ ਦਾ ਨਤੀਜਾ ਸ਼ਾਨਦਾਰ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਪਿੰਡ ਉਦੇਕਰਨ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਦਾ ਨਤੀਜਾ ਸੌ ਫੀਸਦੀ ਰਿਹਾ।ਜਾਣਕਾਰੀ ਦਿੰਦੇ ਹੋਏ ਸਕੂਲ ਦੇ ਪ੍ਰਿੰਸੀਪਲ ਸ੍ਰ. ਇਕਬਾਲ ਸਿੰਘ ਨੇ ਦੱਸਿਆ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਐੱਸ.ਏ.ਐੱਸ. ਨਗਰ ਵੱਲੋਂ ਐਲਾਨੇ ਗਏ ਨਤੀਜਿਆਂ ਵਿੱਚ ਬਾਰਵੀਂ ਜਮਾਤ ਦੀ ਵਿਦਿਆਰਥਣ ਕਿਰਨਵੀਰ ਕੌਰ ਨੇ 96.5 ਪ੍ਰਤੀਸ਼ਤ ਅੰਕ ਲੈ ਕੇ ਸਕੂਲ 'ਚੋਂ ਪਹਿਲਾ, ਰਜਨੀ ਨੇ 95.2 ਪ੍ਰਤੀਸ਼ਤ ਦੂਸਰਾ ਤੇ ਖੁਸ਼ਪ੍ਰੀਤ ਨੇ 95 ਪ੍ਰਤੀਸ਼ਤ ਅੰਕ ਲੈ ਕੇ ਤੀਸਰਾ ਸਥਾਨ ਹਾਸਲ ਕੀਤਾ।ਸਕੂਲ ਦੇ 11 ਵਿਦਿਆਰਥੀਆਂ ਨੇ 90 ਪ੍ਰਤੀਸ਼ਤ ਤੋਂ ਵੱਧ ਅੰਕ ਹਾਸਲ ਕਰਕੇ ਸਕੂਲ ਦਾ ਮਾਣ ਵਧਾਇਆ ਹੈ, ਜਦਕਿ ਖੁਸ਼ਪ੍ਰੀਤ ਨੇ ਅਰਥ ਸ਼ਾਸਤਰ ਵਿੱਚੋਂ 100 'ਚੋਂ 100 ਪ੍ਰਤੀਸ਼ਤ ਅੰਕ ਹਾਸਲ ਕੀਤੇ।ਦਸਵੀਂ ਜਮਾਤ ਦੇ ਨਤੀਜੇ 'ਤੇ ਚਾਨਣਾ ਪਾਉਂਦਿਆਂ ਪ੍ਰਿੰਸੀਪਲ ਸ੍ਰ. ਇਕਬਾਲ ਸਿੰਘ ਨੇ ਦੱਸਿਆ ਕਿ ਅਮਨਦੀਪ ਕੌਰ ਨੇ 95 ਪ੍ਰਤੀਸ਼ਤ ਅੰਕ ਲੈ ਕੇ ਸਕੂਲ 'ਚੋਂ ਪਹਿਲਾ, ਅਵੰਤਿਕਾ 90.30 ਪ੍ਰਤੀਸ਼ਤ ਅੰਕ ਲੈ ਕੇ ਦੂਸਰਾ ਤੇ ਹਰਮਨਦੀਪ ਕੌਰ ਨੇ 90 ਪ੍ਰਤੀਸ਼ਤ ਅੰਕ ਲੈ ਕੇ ਤੀਸਰਾ ਸਥਾਨ ਪ੍ਰਾਪਤ ਕੀਤਾ। ਅੱਠਵੀਂ ਜਮਾਤ ਦੇ ਨਤੀਜੇ ਵਿੱਚ ਭਾਰਤ ਭੂਸ਼ਣ ਨੇ 94 ਪ੍ਰਤੀਸ਼ਤ ਅੰਕ ਲੈ ਕੇ ਸਕੂਲ 'ਚੋਂ ਪਹਿਲਾ, ਦਿਵਜੋਤ ਕੁਮਾਰ ਨੇ 93 ਪ੍ਰਤੀਸ਼ਤ ਅੰਕ ਲੈ ਕੇ ਦੂਸਰਾ ਤੇ ਨਵਪ੍ਰੀਤ ਕੌਰ ਨੇ 92.8 ਪ੍ਰਤੀਸ਼ਤ ਅੰਕ ਲੈ ਕੇ ਤੀਸਰਾ ਸਥਾਨ ਪ੍ਰਾਪਤ ਕਰਕੇ ਸਕੂਲ ਦੀ ਸ਼ਾਨ ਵਧਾਈ।

# ਰਾਜਾ ਵੜਿੰਗ ਦਾ ਜਗਰਾਉਂ 'ਚ ਭਰਵਾਂ ਸਵਾਗਤ

## ਭਰਵੇਂ ਇਕੱਠ ਤੇ ਕਾਂਗਰਸ ਦੀ ਇਕਜੁਟਤਾ ਨੇ ਵੜਿੰਗ ਦੀ ਜਿੱਤ ਦਾ ਕੀਤਾ ਪ੍ਰਗਟਾਵਾ



**ਜਗਰਾਉਂ (ਸੰਜੀਵ ਅਰੋੜਾ, ਅਮਿਤ ਖੰਨਾ)**-ਲੋਕ ਸਭਾ ਹਲਕਾ ਲੁਧਿਆਣਾ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਅਮਰਿੰਦਰ ਸਿੰਘ ਰਾਜਾ ਵੜਿੰਗਾ ਦਾ ਵਿਧਾਨ ਸਭਾ ਹਲਕਾ ਜਗਰਾਉਂ 'ਚ ਪਹੁੰਚਣ 'ਤੇ ਕਾਂਗਰਸੀ ਵਰਕਰਾਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ। ਸਥਾਨਕ ਜੀ. ਟੀ. ਰੋਡ ਵਿਖੇ ਹਲਕਾ ਇੰਚਾਰਜ ਜਗਤਾਰ ਸਿੰਘ ਜੱਗਾ ਹਿੱਸੋਵਾਲ, ਜ਼ਿਲ੍ਹਾ (ਦਿਹਾਤੀ) ਪ੍ਰਧਾਨ ਮੇਜਰ ਸਿੰਘ ਮੁੱਲਾਂਪੁਰ, ਸਾਬਕਾ ਪ੍ਰਧਾਨ ਸੋਨੀ ਗਾਲਿਬ ਤੇ ਸਾਬਕਾ ਚੇਅਰਮੈਨ ਸਤਿੰਦਰਪਾਲ ਸਿੰਘ ਕਾਕਾ ਗਰੇਵਾਲ ਦੀ ਅਗਵਾਈ 'ਚ ਹੋਏ ਭਰਵੇਂ ਇਕੱਠ ਨੇ ਰਾਜਾ ਵੜਿੰਗ ਦੀ ਜਿੱਤ ਦਾ ਪ੍ਰਗਟਾਵਾ ਕੀਤਾ। ਇਸ ਤੋਂ ਬਾਅਦ ਰਾਜਾ ਵੜਿੰਗ ਗੁਰਦੁਆਰਾ ਨਾਨਕਸਰ ਵਿਖੇ ਨਤਮਸਤਕ ਹੋਏ। ਉਪਰੰਤ ਪਹਿਲਵਾਲ ਢਾਂਬੇ 'ਤੇ ਪ੍ਰੈੱਸ ਕਾਨਫਰੰਸ ਕੀਤੀ, ਜਿਸ 'ਚ ਉਨ੍ਹਾਂ ਭਾਜਪਾ ਉਮੀਦਵਾਰ ਰਵਨੀਤ ਸਿੰਘ ਬਿੱਟੂ 'ਤੇ ਭੜਾਸ ਕੱਢੀ, ਆਖਿਆ ਕਿ ਬਿੱਟੂ ਪਰਿਵਾਰ ਨੂੰ ਕਾਂਗਰਸ ਨੇ ਬਹੁਤ ਕੁਝ ਦਿੱਤਾ, ਪਰ ਅੱਜ ਉਹ ਆਪਣੀ ਹਾਰ ਦੇ ਡਰ ਤੋਂ ਮਾਰੇ ਭਾਜਪਾ 'ਚ ਚਲਾ ਗਿਆ। ਉਨ੍ਹਾ ਆਮ ਆਦਮੀ ਪਾਰਟੀ ਵਿਰੁੱਧ ਬੋਲਦਿਆਂ ਆਖਿਆ ਕਿ ਲੋਕ ਆਪ ਦੀਆਂ ਲੋਕ ਮਾਰੂ ਨੀਤੀਆਂ ਤੋਂ ਜਾਣੂ ਹੋ ਚੁੱਕੇ ਹਨ ਤੇ ਇਸ ਵਾਰ ਉਨ੍ਹਾਂ ਦੇ ਪੱਲੇ ਕੁਝ ਨਹੀਂ ਆਉਣ ਵਾਲਾ। ਉਨ੍ਹਾ ਆਖਿਆ ਕਿ ਲੋਕ ਸਭਾ ਹਲਕਾ ਲੁਧਿਆਣਾ ਦੇ ਲੋਕ ਬਹੁਤ ਹੀ ਸਮਝਦਾਰ ਹਨ ਤੇ ਆਪਣੀ ਵੋਟ ਦਾ ਸਹੀ ਇਸਤੇਮਾਲ ਕਰਨਾ ਜਾਣਦੇ ਹਨ। ਇਸ ਮੌਕੇ ਬਲਾਕ ਕਾਂਗਰਸ ਸ਼ਹਿਰੀ ਪ੍ਰਧਾਨ ਹਰਪ੍ਰੀਤ ਸਿੰਘ ਧਾਲੀਵਾਲ, ਦਿਹਾਤੀ ਪ੍ਰਧਾਨ ਨਵਦੀਪ ਸਿੰਘ ਗਰੇਵਾਲ, ਕੌਂਸਲਰ ਅਮਨ ਕਪੂਰ ਬੌਬੀ, ਸਰਪੰਚ ਸਰਬਜੀਤ ਸਿੰਘ ਸ਼ੇਰਪੁਰ ਕਲਾਂ, ਯੂਥ ਪ੍ਰਧਾਨ ਮਨੀ ਗਰਗ, ਅਮਰਜੀਤ ਸਿੰਘ ਗਾਲਿਬ ਖੁਰਦ ਬਲਾਕ ਸੰਮਤੀ ਮੈਂਬਰ, ਸਰਪੰਚ ਦਰਸ਼ਨ ਸਿੰਘ ਡਾਂਗੀਆਂ, ਸਰਪੰਚ ਜਗਜੀਤ ਸਿੰਘ ਕਾਉਂਕੇ, ਸਾਬਕਾ ਸਰਪੰਚ ਗੁਰਬਿੰਦਰ ਸਿੰਘ ਪੋਨਾ, ਸਰਪੰਚ ਲਾਲੀ ਅਲੀਗੜ੍ਹ, ਸਰਪੰਚ ਸੁਰਜੀਤ ਸਿੰਘ ਅਖਾੜਾ, ਪ੍ਰੀਤਮ ਸਿੰਘ ਅਖਾੜਾ, ਅਜੀਤ ਸਿੰਘ ਠੁਕਰਾਲ, ਹਰਮੀਤ ਸਿੰਘ ਬਜਾਜ, ਜੇ. ਐਸ. ਚਾਵਲਾ, ਕੌਂਸਲਰ ਸਤਿੰਦਰਜੀਤ ਸਿੰਘ ਤਤਲਾ, ਕੌਂਸਲਰ ਵਿਕਰਮ ਜੱਸੀ, ਕੌਂਸਲਰ ਡਾ: ਇਕਬਾਲ ਸਿੰਘ ਧਾਲੀਵਾਲ, ਕੌਂਸਲਰ ਹਿਮਾਂਸ਼ੂ ਮਲਿਕ, ਕੁਲਦੀਪ ਸਿੰਘ ਬੋਦਲਵਾਲਾ, ਕੁਲਵੰਤ ਸਿੰਘ, ਸਿਮਰਨ ਮੱਲ੍ਹਾ, ਦਰਸ਼ ਗਾਲਿਬ ਤੇ ਭਵਨਜੀਤ ਸਿੰਘ ਕਮਾਲਪੁਰਾ ਆਦਿ ਹਾਜ਼ਰ ਸਨ।

# ਲੋਕਾਂ ਵੱਲੋਂ ਭਰਵਾਂ ਸਮਰਥਨ ਮੇਰੀ ਤਾਕਤ ਬਣ ਰਿਹੈ : ਅਮਰਜੀਤ ਕੌਰ ਸਾਹੋਕੇ

## ਜਗਸੀਰ ਕਾਲੇਕੇ ਦੀ ਅਗਵਾਈ 'ਚ ਬੀਬੀ ਸਾਹੋਕੇ ਦੇ ਹੱਕ 'ਚ ਰੈਲੀ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਲੋਕ ਸਭਾ ਹਲਕਾ ਫ਼ਰੀਦਕੋਟ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਬੀਬੀ ਅਮਰਜੀਤ ਕੌਰ ਸਾਹੋਕੇ ਦੇ ਹੱਕ ਵਿੱਚ ਸਥਾਨਕ ਸ਼ਹਿਰ ਦੇ ਕੋਟਕਪੂਰਾ ਰੋਡ ਉਪਰ ਸਥਿਤ ਮਿੱਤਲ ਪੈਲੇਸ ਵਿੱਚ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਤੇ ਸਾਬਕਾ ਚੇਅਰਮੈਨ ਜਗਸੀਰ ਸਿੰਘ ਕਾਲੇਕੇ ਦੀ ਅਗਵਾਈ ਵਿੱਚ ਮਹਾਰੈਲੀ ਹੋਈ, ਜਿਸ ਵਿੱਚ ਕਾਂਗਰਸ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਤੇ ਹਲਕਾ ਧਰਮਕੋਟ ਤੋਂ ਸਾਬਕਾ ਵਿਧਾਇਕ ਸੁਖਜੀਤ ਸਿੰਘ ਕਾਕਾ ਲੋਹਗੜ੍ਹ, ਹਰੀ ਸਿੰਘ ਖਾਈ, ਭੁਪਿੰਦਰ ਸਿੰਘ ਸਾਹੋਕੇ ਹਲਕਾ ਇੰਚਾਰਜ ਨਿਹਾਲ ਸਿੰਘ ਵਾਲਾ, ਗੁਰਬਚਰਨ ਸਿੰਘ ਬਰਾੜ, ਸੀਨੀਅਰ ਕਾਂਗਰਸੀ ਆਗੂ ਬਿੱਟੂ ਮਿੱਤਲ ਦੇ ਇਲਾਵਾ ਹੋਰ ਜ਼ਿਲ੍ਹਾ ਦੀ ਸੀਨੀਅਰ ਲੀਡਰਸ਼ਿਪ ਨੇ ਇਸ ਮੀਟਿੰਗ ਵਿੱਚ ਸ਼ਮੂਲੀਅਤ ਕੀਤੀ।ਇਸ ਮੌਕੇ ਬੁਲਾਰਿਆਂ ਨੇ ਦਾਅਵਾ ਕੀਤਾ ਕਿ ਅਮਰਜੀਤ ਕੌਰ ਸਾਹੋਕ ਬੇਦਾਗ ਆਗੂ ਹਨ ਤੇ ਉਹ ਭਾਰੀ ਬਹੁਮਤ ਨਾਲ ਜਿੱਤ ਪ੍ਰਾਪਤ ਕਰਨਗੇ।ਉਨ੍ਹਾਂ ਕਿਹਾ ਕਿ ਦੇਸ਼ ਦੀ ਕੌਮੀ ਸੱਤਾ ਵੀ ਕਾਂਗਰਸ ਪਾਰਟੀ ਦੇ ਹੱਥ 'ਚ ਆਏਗੀ।

ਬੀਬੀ ਅਮਰਜੀਤ ਕੌਰ ਸਾਹੋਕੇ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਉਹ ਇਸ ਹਲਕੇ ਦੇ ਜੰਮੇ ਪਲੇ ਹਨ ਤੇ ਇੱਥੋਂ ਦੇ ਲੋਕਾਂ ਦੀਆਂ ਮੁਸ਼ਕਲਾਂ ਸਬੰਧੀ ਉਹ ਭਲੀਭਾਂਤ ਜਾਣੂੰ ਹਨ।ਉਨ੍ਹਾ ਕਿਹਾ ਕਿ ਮੇਰਾ ਪੇਕਾ ਘਰ ਫਰੀਦਕੋਟ ਤੇ ਸਹੁਰਾ ਇਸੇ ਹਲਕੇ ਦੇ ਮੋਗਾ ਸ਼ਹਿਰ ਵਿੱਚ ਹੈ ਅਤੇ ਸਾਡਾ ਸਮੁੱਚਾ ਪਰਿਵਾਰ ਪਿਛਲੇ 25 ਵਰ੍ਹਿਆਂ ਤੋਂ ਲੋਕ ਸੇਵਾ ਨੂੰ ਸਮਰਪਤ ਹੈ।ਉਨ੍ਹਾ ਕਿਹਾ ਕਿ ਹਲਕੇ ਦੇ ਲੋਕਾਂ ਦੀ ਅਵਾਜ਼ ਬਣ ਕੇ ਉਹ ਕੰਮ ਕਰਨਗੇ।ਉਨ੍ਹਾਂ ਕਿਹਾ ਕਿ ਸਿਹਤ ਤੇ ਸਿੱਖਿਆ ਦੇ ਖ਼ੇਤਰ ਵਿੱਚ ਹਲਕਾ ਕਾਫ਼ੀ ਪਛੜਿਆ ਹੈ ਇਨ੍ਹਾਂ ਸਮੱਸਿਆਵਾਂ ਦਾ ਹੱਲ ਕਰਵਾਉਣ ਦੇ ਨਾਲ ਨਾਲ ਉਹ ਸਭ ਦੀ ਸਹਿਮਤੀ ਨਾਲ ਤਰਜੀਹੀ ਤੌਰ 'ਤੇ ਹਲਕੇ ਦਾ ਸਰਬਪੱਖੀ ਵਿਕਾਸ ਕਰਵਾ ਕੇ ਇਸ ਨੂੰ ਬੁਨਿਆਦੀ ਸਹੂਲਤਾਂ ਨਾਲ ਲੈਸ ਕਰਨਗੇ।ਉਨ੍ਹਾ ਕਿਹਾ ਕਿ ਲੋਕਾਂ ਵੱਲੋਂ ਦਿੱਤਾ ਜਾ ਰਿਹਾ ਭਰਵਾਂ ਸਮਰਥਨ ਮੇਰੀ ਤਾਕਤ ਬਣ ਰਿਹਾ ਹੈ, ਜਿਸ ਕਰਕੇ ਹਲਕਾ ਨਿਵਾਸੀਆਂ ਦਾ ਮੈਂ ਦਿਲੋਂ ਧੰਨਵਾਦ ਕਰਦੀ ਹਾਂ।

ਇਸ ਮੌਕੇ ਸਾਬਕਾ ਚੇਅਰਮੈਨ ਜਗਸੀਰ ਸਿੰਘ ਕਾਲੇਕੇ ਨੇ ਕਿਹਾ ਕਿ ਹਲਕਾ ਬਾਘਾ ਪੁਰਾਣਾ ਤੋਂ ਅਮਰਜੀਤ ਕੌਰ ਸਾਹੋਕੇ ਨੂੰ ਵੱਡੀ ਲੀਡ ਦਿਵਾਈ ਜਾਵੇਗੀ।ਇਸ ਮੌਕੇ ਉਨ੍ਹਾਂ ਦਾਅਵਾ ਕੀਤਾ ਕਿ ਬੀਬੀ ਅਮਰਜੀਤ ਕੌਰ ਸਾਹੋਕੇ ਵੱਡੀ ਲੀਡ ਨਾਲ ਫਰੀਦਕੋਟ ਲੋਕ ਸਭਾ ਸੀਟ ਫਤਿਹ ਕਰੇਗੀ ਤੇ ਵਿਰੋਧੀ ਪਾਰਟੀਆਂ ਵੱਲੋਂ ਬਾਹਰੋਂ ਉਤਾਰੇ ਉਮੀਦਵਾਰਾਂ ਦੀਆਂ ਫਰੀਦਕੋਟ ਵਾਸੀ ਜਮਾਨਤਾਂ ਤੱਕ ਜਬਤ ਕਰਵਾ ਦੇਣਗੇ।ਇਸ ਮੌਕੇ ਕੌਂਸਲਰ ਸ਼ਸ਼ੀ ਗਰਗ, ਸਰਪੰਚ ਗਗਨ ਨਿਗਾਹਾ, ਸਰਪੰਚ ਜਗਸੀਰ ਸਿੰਘ ਲੰਗੇਆਣਾ, ਸੁੱਖਾ ਲੰਗੇਆਣਾ, ਸੀਪਾ ਸਿੰਘ ਰਾਜਿਆਣਾ, ਰਾਜਾ ਸਿੰਘ ਸਮਾਲਸਰ ਸੰਮਤੀ ਮੈਂਬਰ ਦੇ ਇਲਾਵਾ ਵੱਡੀ ਗਿਣਤੀ ਵਿੱਚ ਹਲਕੇ ਦੇ ਪੰਚਾਂ, ਸਰਪੰਚਾਂ ਦੇ ਇਲਾਵਾ ਪਾਰਟੀ ਆਗੂਆਂ ਤੇ ਵਰਕਰਾਂ ਨੇ ਸ਼ਮੂਲੀਅਤ ਕਰ ਕੇ ਪ੍ਰਣ ਕੀਤਾ ਕਿ ਉਹ ਬੀਬੀ ਅਮਰਜੀਤ ਕੌਰ ਸਾਹੋਕੇ ਲਈ ਦਿਨ-ਰਾਤ ਇਕ ਕਰ ਦੇਣਗੇ।

# ਕਿੰਡਰ ਗਾਰਟਨ ਸਕੂਲ ਦਾ ਅੱਠਵੀਂ ਦਾ ਨਤੀਜਾ ਸ਼ਾਨਦਾਰ



**ਸਮਰਾਲਾ (ਸੁਰਜੀਤ ਸਿੰਘ)**-ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਕਿੰਡਰ ਗਾਰਟਨ ਐਂਡ ਸੀ. ਸੈ. ਸਕੂਲ ਦਾ ਅੱਠਵੀਂ ਜਮਾਤ ਦਾ ਨਤੀਜਾ ਸ਼ਾਨਦਾਰ ਰਿਹਾ।ਸਕੂਲ ਦੇ ਡਾਇਰੈਕਟਰ ਮੈਡਮ ਸਰਬਜੀਤ ਕੌਰ ਨੇ ਦੱਸਿਆ ਕਿ ਸੈਸ਼ਨ 2023-24 ਲਈ 56 ਵਿਦਿਆਰਥੀਆਂ ਨੇ ਪ੍ਰੀਖਿਆ ਦਿੱਤੀ, ਜਿਨ੍ਹਾਂ ਵਿੱਚੋਂ ਸਾਰੇ ਵਿਦਿਆਰਥੀ ਬਹੁਤ ਵਧੀਆ ਅੰਕ ਪ੍ਰਾਪਤ ਕਰਕੇ ਪਾਸ ਹੋਏ।ਅੱਠਵੀਂ ਵਿੱਚੋਂ ਜਸਲੀਨ ਕੌਰ ਨੇ 600 ਵਿੱਚੋਂ 585 ਅੰਕ (97.5%) ਲੈ ਕੇ ਸਕੂਲ 'ਚੋਂ ਪਹਿਲਾ, ਮੰਸ਼ਦੀਪ ਕੌਰ ਨੇ 581 (96%) ਅੰਕ ਲੈ ਕੇ ਦੂਜਾ, ਮਨਜੋਤ ਕੌਰ ਨੇ 574 ਅੰਕ (95%) ਲੈ ਕੇ ਤੀਜਾ ਸਥਾਨ ਹਾਸਿਲ ਕੀਤਾ, 8 ਵਿਦਿਆਰਥੀਆਂ ਨੇ 90% ਤੋਂ ਵੱਧ ਅੰਕ ਤੇ 9 ਵਿਦਿਆਰਥੀਆਂ ਨੇ 80% ਤੋਂ ਵੱਧ ਅੰਕ ਪ੍ਰਾਪਤ ਕੀਤੇ।ਸਕੂਲ ਦੇ ਚੇਅਰਮੈਨ ਦਲਜੀਤ ਸਿੰਘ ਸ਼ਾਹੀ (ਐਡਵੋਕੇਟ), ਡਾਇਰੈਕਟਰ ਮੈਡਮ ਸਰਬਜੀਤ ਕੌਰ, ਪ੍ਰਿੰਸੀਪਲ ਮੈਡਮ ਰਣਜੋਤ ਕੌਰ ਤੇ ਸਕੂਲ ਦੇ ਉੱਪ-ਚੇਅਰਮੈਨ ਕਮਲਜੀਤ ਸਿੰਘ ਸ਼ਾਹੀ ਨੇ ਬੱਚਿਆਂ, ਉਨ੍ਹਾਂ ਦੇ ਮਾਪਿਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਸਾਨੂੰ ਇਨ੍ਹਾਂ ਬੱਚਿਆਂ 'ਤੇ ਮਾਣ ਹੈ ਤੇ ਅਸੀਂ ਇਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕਰਦੇ ਹਾਂ।

4-MAY-PAGE-7.qxd 5/3/2024 9:09 PM Page 1



## ਅਮਨ ਅਰੋੜਾ ਨੇ ਵਪਾਰੀ ਵਰਗ ਨਾਲ ਕੀਤੀ ਮੁਲਾਕਾਤ



ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)-ਕੈਬਨਿਟ ਮੰਤਰੀ ਅਮਨ ਅਰੋੜਾ ਉੱਘੇ ਸਮਾਜਸੇਵੀ ਬਾਲ ਕ੍ਰਿਸ਼ਨ ਪਾਲੀ ਭੱਠੇ ਵਾਲੇ ਦੇ ਘਰ ਪੁੱਜੇ, ਜਿੱਥੇ ਉਨ੍ਹਾਂ ਵਪਾਰੀ ਵਰਗ ਨਾਲ ਮੁਲਾਕਾਤ ਕੀਤੀ।ਉਨ੍ਹਾਂ ਵਪਾਰੀਆਂ ਦੀਆਂ ਸਮੱਸਿਆਵਾਂ ਨੂੰ ਸੁਣਿਆ ਤੇ ਉਨ੍ਹਾਂ ਨੂੰ ਹੱਲ ਕਰਨ ਦਾ ਭਰੋਸਾ ਦਿੱਤਾ।ਇਸ ਮੌਕੇ ਸ਼ਹਿਰ ਨਿਵਾਸੀਆਂ ਵੱਲੋਂ ਲੌਂਗੋਵਾਲ ਵਿੱਚ ਬੱਸ ਸਟੈਂਡ, ਲੜਕੀਆਂ ਦੇ ਸਕੂਲ ਤੇ ਸਟੇਡੀਅਮ ਸਮੇਤ ਹੋਰ ਚੱਲ ਰਹੇ ਪ੍ਰੋਜੈਕਟਾਂ ਲਈ ਧੰਨਵਾਦ ਵੀ ਕੀਤਾ।ਅਮਨ ਅਰੋੜਾ ਨੇ ਕਿਹਾ ਕਿ ਲੌਂਗੋਵਾਲ ਨਿਵਾਸੀਆਂ ਤੇ ਉਨ੍ਹਾਂ ਨੂੰ ਹਮੇਸ਼ਾ ਹੀ ਮਾਣ ਰਿਹਾ ਹੈ ਤੇ ਉਹ ਇੱਥੇ ਵਿਕਾਸ ਪੱਖੋਂ ਕਦੇ ਵੀ ਕੋਈ ਕਸਰ ਨਹੀਂ ਛੱਡਣਗੇ।ਉਨ੍ਹਾਂ ਅਪੀਲ ਕੀਤੀ ਕਿ ਅਗਾਮੀ ਲੋਕ ਸਭਾ ਚੋਣਾਂ ਵਿੱਚ ਉਮੀਦਵਾਰ ਮੀਤ ਹੇਅਰ ਨੂੰ ਵੱਧ ਤੋਂ ਵੱਧ ਵੋਟਾਂ ਪਾ ਕੇ ਜਿਤਾਇਆ ਜਾਵੇ।ਇਸ ਮੌਕੇ ਸਰਪੰਚ ਬਲਵਿੰਦਰ ਸਿੰਘ ਢਿੱਲੋਂ, ਮੇਲਾ ਸਿੰਘ ਸੂਬੇਦਾਰ, ਡਾ. ਅੰਮ੍ਰਿਤਪਾਲ ਸਿੰਘ, ਸੰਜੀਵ ਕੁਮਾਰ ਸ਼ਿਪਾ, ਸੰਜੇ ਜੈਨ, ਸ਼ੈਲੂ ਸਿੰਗਲਾ, ਮਨੋਜ ਕੁਮਾਰ, ਰਾਜ ਕੁਮਾਰ, ਭੀਮ ਸੈਨ, ਚੰਦਰ ਦੀਪ, ਗਾਂਧੀ ਰਾਮ, ਕਪਿਲ ਕੁਮਾਰ, ਵਿਜੇ ਕੁਮਾਰ ਭੋਲਾ, ਬਲਕਾਰ ਸਿੰਘ, ਘੋਨਾ, ਬਾਰੂ ਰਾਮ ਲੰਬੂ ਤੇ ਬਿੱਟੂ ਰਾਮ ਹਾਜ਼ਰ ਸਨ।

# ਜੇ ਪੀ ਐੱਮ ਓ ਨੇ ਝੰਡੇ ਲਹਿਰਾ ਕੇ ਸ਼ਿਕਾਗੋ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ

ਕੋਟਕਪੂਰਾ (ਰਛਪਾਲ ਭੁੱਲਰ)

ਜਨਤਕ ਜਥੇਬੰਦੀਆਂ ਦੇ ਸਾਂਝੇ ਮੋਰਚੇ ਜੇ.ਪੀ.ਐਮ.ਓ. ਵੱਲੋਂ ਮਜ਼ਦੂਰ ਦਿਵਸ ਮੌਕੇ ਫ਼ਰੀਦਕੋਟ ਵਿਖੇ ਵੱਖ-ਵੱਖ ਵਿਭਾਗਾਂ 'ਚ ਝੰਡੇ ਲਹਿਰਾ ਕੇ ਸ਼ਿਕਾਗੋ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ।ਪੰਜਾਬ ਸੁਬਾਰਡੀਨੇਟ ਸਰਵਿਸਜ ਫੈਡਰੇਸ਼ਨ ਦੇ ਸੂਬਾਈ ਆਗੂ ਜਤਿੰਦਰ ਕੁਮਾਰ, ਫੈਡਰੇਸ਼ਨ ਦੇ ਜ਼ਿਲ੍ਹਾ ਪ੍ਰਧਾਨ ਸਿਮਰਜੀਤ ਸਿੰਘ ਬਰਾੜ ਤੇ ਜੇ.ਪੀ.ਐਮ.ਓ. ਜ਼ਿਲ੍ਹਾ ਫ਼ਰੀਦਕੋਟ ਦੇ ਕਨਵੀਨਰ ਵੀਰਇੰਦਰਜੀਤ ਸਿੰਘ ਪੁਰੀ ਤੇ ਗੁਰਤੇਜ ਸਿੰਘ ਹਰੀਨੌਂ ਦੀ ਅਗਵਾਈ ਵਿੱਚ ਫ਼ਰੀਦਕੋਟ ਦੇ ਵੱਖ-ਵੱਖ ਵਿਭਾਗਾਂ ਵਿੱਚ ਝੰਡੇ ਲਹਿਰਾ ਕੇ ਸ਼ਿਕਾਗੋ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ, ਜਿਸ ਵਿੱਚ ਸਭ ਤੋਂ ਪਹਿਲਾਂ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ, ਪੀਆਰਟੀਸੀ ਡੀਪੂ, ਸਿਵਲ ਹਸਪਤਾਲ ਫ਼ਰੀਦਕੋਟ, ਪੰਜਾਬ ਮੰਡੀ ਬੋਰਡ, ਸਰਕਾਰੀ ਆਈਟੀਆਈ, ਜਲ ਸਰੋਤ ਵਿਭਾਗ, ਸੀਵਰੇਜ ਬੋਰਡ ਡਿਸਪੋਜ਼ਲ, ਪੀ ਡਬਲਿਊ ਡੀ ਇਲੈਕਟ੍ਰਿਕ ਵਿੰਗ, ਜੇਪੀਐਮਓ ਦਫ਼ਤਰ, ਮਾਰਕੀਟ ਕਮੇਟੀ ਕੋਟਕਪੂਰਾ ਅਤੇ ਜੇ ਪੀਐਮਓ ਜ਼ਿਲ੍ਹਾ ਫ਼ਰੀਦਕੋਟ ਦੇ ਦਫ਼ਤਰ



ਕੋਟਕਪੂਰਾ ਵਿਖੇ ਝੰਡੇ ਲਹਿਰਾ ਕੇ ਸ਼ਿਕਾਗੋ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।

ਬੁਲਾਰਿਆਂ ਵੱਲੋਂ ਕਾਰਪੋਰੇਟ ਪੱਖੀ ਸਰਕਾਰਾਂ ਭਜਾਓ ਤੇ ਸੰਵਿਧਾਨ ਬਚਾਓ ਦਾ ਨਾਅਰਾ ਦਿੱਤਾ ਗਿਆ।ਬੁਲਾਰਿਆਂ ਵੱਲੋਂ ਕਿਹਾ ਗਿਆ ਕਿ ਕਾਰਪੋਰੇਟ ਪੱਖੀ ਫਿਰਕੂ ਫਾਸ਼ੀ ਤਾਕਤਾਂ ਨੂੰ ਕੇਂਦਰੀ ਸੱਤਾ ਤੋਂ ਹਟਾਉਣਾ ਧਰਮਾ ਜਾਤਾਂ ਦੇ ਨਾਂਅ 'ਤੇ ਫੁੱਟ ਪਾਉਣ ਵਾਲੀਆਂ ਤਾਕਤਾਂ ਨਵਉਦਾਰਵਾਦੀ ਨੀਤੀਆਂ ਦਾ ਖਾਤਮਾ ਤੇ ਸਾਮਰਾਜੀ ਕਾਰਪਰੇਟ ਲੁੱਟ ਬੰਦ ਕਰਕੇ ਕਿਸਾਨ ਮਜ਼ਦੂਰ ਤੇ ਕਿਰਤੀ ਲੋਕਾਂ ਦਾ ਰਾਜ ਲਿਆਉਣਾ ਖੋਹੇ ਹੋਏ ਅਧਿਕਾਰ ਬਹਾਲ ਕਰਨੇ ਅੱਜ ਦੇ ਸਮੇਂ ਦੀ ਮੁੱਖ ਮੰਗ ਹੈ, ਜਿਵੇਂ ਬੇਰੁਜ਼ਗਾਰੀ, ਮਹਿੰਗਾਈ, ਕੱਚੇ ਮੁਲਾਜ਼ਮ ਪੱਕੇ ਕਰਨਾ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨੀ, ਨਿੱਜੀਕਰਨ ਦੀ ਨੀਤੀ ਬੰਦ ਹੋਵੇ ਸਾਰੇ ਅਦਾਰਿਆਂ ਵਿੱਚ ਨਵੀਂ ਭਰਤੀ ਸ਼ੁਰੂ ਅਤੇ ਪੁਰਾਣੀ ਪੈਨਸ਼ਨ ਬਹਾਲ ਹੋਵੇ ਵੱਖ-ਵੱਖ ਬੁਲਾਰਿਆਂ ਵੱਲੋਂ ਕਿਹਾ ਗਿਆ ਕਿ ਕਿਰਤੀ ਯੋਧਿਆਂ ਨੇ ਆਪਣੀਆਂ ਸ਼ਹੀਦੀਆਂ ਦੇ ਕੇ ਜੋ ਦਿਹਾੜੀ ਦਾ ਸਮਾਂ 8 ਘੰਟੇ ਨਿਸ਼ਚਿਤ ਕਰਾਇਆ ਸੀ, ਕੇਂਦਰ ਦੀ ਮੋਦੀ ਸਰਕਾਰ ਆਪਣੀ ਤਾਕਤ ਦਾ ਇਸਤੇਮਾਲ ਕਰਕੇ ਮਜ਼ਦੂਰਾਂ ਦੀ ਦਿਹਾੜੀ ਅੱਠ ਘੰਟੇ ਤੋਂ ਵਧਾ ਕੇ 12 ਘੰਟੇ ਕਰਕੇ ਕਾਰਪੋਰੇਟ ਘਰਾਣਿਆਂ ਨੂੰ ਮਜ਼ਦੂਰਾਂ ਦਾ ਹੱਕ ਸੌਂਪਣ ਜਾ ਰਹੀ ਹੈ, ਜਿਸ ਦਾ ਪੂਰੇ ਭਾਰਤ ਵਿੱਚ ਸਾਰੇ ਵਰਗਾਂ ਵੱਲੋਂ ਡਟ ਕੇ ਵਿਰੋਧ ਕੀਤਾ ਜਾ ਰਿਹਾ ਹੈ।

# ਨਗਰ ਕੌਂਸਲ ਪ੍ਰਧਾਨ ਮਾਲਵਾ ਸਮੇਤ 5 ਕੌਂਸਲਰ ਤੇ ਕਈ ਪ੍ਰਮੁੱਖ ਆਗੂ 'ਆਪ' 'ਚ ਸ਼ਾਮਲ

ਜਗਰਾਉਂ (ਸੰਜੀਵ ਅਰੋੜਾ)-ਹਲਕਾ ਜਗਰਾਉਂ ਦੇ ਵਿਧਾਇਕਾ ਬੀਬੀ ਸਰਵਜੀਤ ਕੌਰ ਮਾਣੂੰਕੇ ਨੇ ਜਗਰਾਉਂ 'ਚ ਸ਼੍ਰੋਮਣੀ ਅਕਾਲੀ ਦਲ ਤੇ ਕਾਂਗਰਸ ਪਾਰਟੀ ਨੂੰ ਕਰਾਰਾ ਝਟਕਾ ਦਿੰਦਿਆਂ ਨਗਰ ਕੌਂਸਲ ਜਗਰਾਉਂ ਦੇ ਕਾਰਜਕਾਰੀ ਪ੍ਰਧਾਨ ਅਮਰਜੀਤ ਸਿੰਘ ਮਾਲਵਾ ਸਮੇਤ ਮੌਜੂਦਾ ਪੰਜ ਕੌਂਸਲਰਾਂ, ਇੱਕ ਸਾਬਕਾ ਕੌਂਸਲਰ ਅਤੇ ਕਈ ਕਾਂਗਰਸ ਤੇ ਅਕਾਲੀ ਦਲ ਦੇ ਪ੍ਰਮੁੱਖ ਆਗੂਆਂ ਨੂੰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਕੋਲੋਂ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਕਰਵਾ ਲਿਆ ਹੈ। ਨਗਰ ਕੌਂਸਲ ਜਗਰਾਉਂ ਦੇ ਕਾਰਜਕਾਰੀ ਪ੍ਰਧਾਨ ਅਮਰਜੀਤ ਸਿੰਘ ਮਾਲਵਾ ਸ਼੍ਰੋਮਣੀ ਅਕਾਲੀ ਦਲ ਦੀ ਸਹਾਇਤਾ ਨਾਲ ਆਜ਼ਾਦ ਜਿੱਤੇ ਸਨ, ਵਿਕਰਮਜੀਤ ਸਿੰਘ ਵਿੱਕੀ ਥਿੰਦ ਸ਼੍ਰੋਮਣੀ ਅਕਾਲੀ ਦਲ ਵੱਲੋਂ ਜਗਰਾਉਂ ਦੇ ਵਾਰਡ ਨੰਬਰ 1 ਤੋਂ ਚੋਣ ਲੜ ਚੁੱਕੇ ਹਨ ਤੇ ਅਕਾਲੀ ਦਲ ਲੁਧਿਆਣਾ ਦੇ ਮੌਜੂਦਾ ਜਨਰਲ ਸਕੱਤਰ ਸਨ, ਧਰਮਿੰਦਰ ਸਿੰਘ ਧਾਲੀਵਾਲ ਅਕਾਲੀ ਦਲ ਲੁਧਿਆਣਾ ਦੇ ਜਨਰਲ ਸਕੱਤਰ ਸਨ, ਦਿਨੇਸ਼ ਕੁਮਾਰ ਸੀਨੀਅਰ ਮੀਤ ਪ੍ਰਧਾਨ ਜ਼ਿਲ੍ਹਾ ਅਕਾਲੀ ਦਲ ਲੁਧਿਆਣਾ, ਗੁਰਪ੍ਰਤਾਪ ਸਿੰਘ ਯੂਥ



ਆਗੂ ਅਕਾਲੀ ਦਲ ਤੇ ਕਰਮਜੀਤ ਸਿੰਘ ਕੈਂਥ ਸਾਬਕਾ ਕੌਂਸਲਰ ਵੀ ਅਕਾਲੀ ਦਲ ਨਾਲ ਸਬੰਧਤ ਸਨ, ਸਾਰੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ ਹਨ।

ਇਸੇ ਤਰ੍ਹਾਂ ਹੀ ਕੰਵਰਪਾਲ ਸਿੰਘ, ਜੋ ਕਾਂਗਰਸ ਵੱਲੋਂ ਤਿੰਨ ਵਾਰ ਕੌਂਸਲਰ ਰਹੇ, ਜਗਜੀਤ ਸਿੰਘ ਜੱਗੀ ਕੌਂਸਲਰ ਕਾਂਗਰਸ ਤੇ ਸਾਬਕਾ ਯੂਥ ਪ੍ਰਧਾਨ ਯੂਥ ਕਾਂਗਰਸ ਜਗਰਾਉਂ, ਪ੍ਰਮਿੰਦਰ ਕੌਰ ਕਲਿਆਣ ਕੌਂਸਲਰ ਕਾਂਗਰਸ, ਵਿਨੈ ਕਲਿਆਣ ਯੂਥ ਆਗੂ ਕਾਂਗਰਸ, ਪ੍ਰਵੀਨ ਖੁਰਾਣਾ ਪਿੰਨੀ ਸੀਨੀਅਰ ਕਾਂਗਰਸ ਆਗੂ ਨੇ ਆਮ ਆਦਮੀ ਪਾਰਟੀ ਦਾ ਪੱਲਾ ਫੜ ਲਿਆ ਹੈ। ਇਸ ਤੋਂ ਇਲਾਵਾ ਉੱਘੇ ਸਮਾਜ ਸੇਵੀ ਸੰਜੀਵ ਕੱਕੜ ਸੰਜੂ ਤੇ ਆਜ਼ਾਦ ਚੋਣ ਜਿੱਤੇ ਕਵਿਤਾ ਕੱਕੜ ਵੀ ਆਮ ਆਦਮੀ ਪਾਰਟੀ ਦੇ ਪਰਿਵਾਰ ਵਿੱਚ ਸ਼ਾਮਲ ਹੋ ਗਏ ਹਨ। ਇਸ ਮੌਕੇ ਮੁੱਖ ਮੰਤਰੀ ਭਗਵੰਤ ਮਾਨ ਨੇ ਇਨ੍ਹਾਂ ਸਾਰੇ ਆਗੂਆਂ ਨੂੰ ਆਮ ਆਦਮੀ ਪਾਰਟੀ ਵਿੱਚ 'ਜੀ ਆਇਆਂ ਨੂੰ' ਕਹਿੰਦੇ ਹੋਏ ਆਖਿਆ ਕਿ ਉਹ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਦੀ ਜਿੱਤ ਲਈ ਦਿਨ-ਰਾਤ ਇੱਕ ਕਰ ਦੇਣ ਤੇ ਸਾਰੇ ਆਗੂਆਂ ਨੂੰ ਪਾਰਟੀ ਵਿੱਚ ਪੂਰਾ ਸਨਮਾਨ ਦਿੱਤਾ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮਾਰਕਫੈਡ ਪੰਜਾਬ ਦੇ ਚੇਅਰਮੈਨ ਅਮਨਦੀਪ ਸਿੰਘ ਮੋਹੀ, ਸੀਨੀਅਰ ਆਪ ਆਗੂ ਪ੍ਰੋਫੈਸਰ ਸੁਖਵਿੰਦਰ ਸਿੰਘ, ਕੁਲਵਿੰਦਰ ਸਿੰਘ ਕਾਲਾ ਸਾਬਕਾ ਕੌਂਸਲਰ ਤੇ ਸਾਜਨ ਮਲਹੋਤਰਾ ਆਦਿ ਹਾਜ਼ਰ ਸਨ।

## ਮਜ਼ਦੂਰ ਦਿਵਸ ਮੌਕੇ ਝੰਡਾ ਲਹਿਰਾਇਆ



ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)-ਪੀ ਐੱਸ ਪੀ ਸੀ ਐੱਲ ਡਵੀਜ਼ਨ ਸਮਾਣਾ ਵਿਖੇ ਇੰਪਲਾਈਜ਼ ਫੈਡਰੇਸ਼ਨ ਪਹਿਲਵਾਨ ਗਰੁੱਪ ਵੱਲੋਂ ਜਥੇਬੰਦੀ ਦਾ ਝੰਡਾ ਲਹਿਰਾ ਕੇ ਮਜ਼ਦੂਰ ਦਿਵਸ ਮਨਾਇਆ ਗਿਆ।ਝੰਡਾ ਲਹਿਰਾਉਣ ਦੀ ਰਸਮ ਡਵੀਜ਼ਨ ਪ੍ਰਧਾਨ ਸਤਨਾਮ ਸਿੰਘ, ਡਵੀਜ਼ਨ ਕਨੂੰਨੀ ਸਲਾਹਕਾਰ ਬਲਜਿੰਦਰ ਸਿੰਘ ਨੇ ਕੀਤੀ।ਡਵੀਜ਼ਨ ਪ੍ਰਧਾਨ ਵੱਲੋਂ ਝੰਡਾ ਰਸਮ ਵਿੱਚ ਸ਼ਾਮਲ ਹੋਣ ਲਈ ਉਚੇਚੇ ਤੌਰ 'ਤੇ ਪੁੱਜੇ ਸਰਕਲ ਸੱਕਤਰ ਕੋਮਲਪ੍ਰੀਤ ਸਿੰਘ, ਸੀਨੀਅਰ ਮੀਤ ਪ੍ਰਧਾਨ ਕਰਮ ਸਿੰਘ ਤੇ ਕੈਸ਼ੀਅਰ ਭੁਪਿੰਦਰ ਸਿੰਘ ਦਾ ਧੰਨਵਾਦ ਕੀਤਾ। ਇਸ ਮੌਕੇ ਆਏ ਮੈਂਬਰਾਂ ਦੀਆਂ ਮੁਸ਼ਕਲਾਂ ਨੂੰ ਮੌਕੇ 'ਤੇ ਹੀ ਹੱਲ ਕਰਵਾਇਆ ਗਿਆ।

## ਐਕਸਪਰਟ ਨੇ ਨੰਨ੍ਹੀਂ ਸੋਨੀ ਦਾ ਕੈਨੇਡਾ ਵੀਜ਼ਾ ਲਵਾਇਆ



ਬਾਘਾ ਪੁਰਾਣਾ (ਮਨੀ ਸਿੰਗਲਾ)

ਬਾਘਾ ਪੁਰਾਣਾ ਦੀ ਨਾਮਵਾਰ ਸੰਸਥਾ ਐਕਸਪਰਟ ਇਮੀਗ੍ਰੇਸ਼ਨ ਐਂਡ ਐਜੂਕੇਸ਼ਨ ਸਰਵਿਸ ਵੱਲੋਂ ਇਨਾਇਤ ਸੋਨੀ ਉਮਰ ਛੇ ਮਹੀਨੇ ਪੁੱਤਰੀ ਹਰਦੀਪ ਸੋਨੀ ਕੋਠੇ ਨਿਗਾਹਾ ਲੰਗੇਆਣਾ ਵਾਲੇ ਦਾ ਕੈਨੇਡਾ ਦਾ ਵਿਜ਼ਟਰ ਵੀਜ਼ਾ ਸਿਰਫ 15 ਦਿਨਾਂ ਵਿੱਚ ਲਗਵਾ ਕੇ ਦਿੱਤਾ ਹੈ।ਇਸ ਮੌਕੇ ਇਨਾਇਤ ਸੋਨੀ ਦੇ ਪਰਿਵਾਰ ਵੱਲੋਂ ਸੰਸਥਾ ਦੇ ਹੈੱਡ ਦੇਵਾਂਸ਼ ਗੋਇਲ ਦਾ ਧੰਨਵਾਦ ਕੀਤਾ ਗਿਆ ਅਤੇ ਉਨ੍ਹਾਂ ਦੇ ਮਿਹਨਤੀ ਸਟਾਫ ਦੀ ਤਾਰੀਫ ਕੀਤੀ ਗਈ।

# ਸਾਬਕਾ ਸਰਪੰਚ ਸੁਖਦੇਵ ਸਿੰਘ ਸਾਥੀਆਂ ਸਮੇਤ ਭਾਜਪਾ 'ਚ ਸ਼ਾਮਲ

ਬਰੇਟਾ (ਗੋਬਿੰਦ ਸ਼ਰਮਾ, ਰੀਤਵਾਲ)-ਭਾਰਤੀ ਜਨਤਾ ਪਾਰਟੀ ਦੀ ਮੀਟਿੰਗ ਪਿੰਡ ਖੁਡਾਲ ਕਲਾਂ ਵਿਖੇ ਮੰਡਲ ਪ੍ਰਧਾਨ ਗਗਨਦੀਪ ਸ਼ਰਮਾ ਦੀ ਅਗਵਾਈ ਵਿੱਚ ਹੋਈ,



ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਭਾਜਪਾ ਦੇ ਆਗੂ ਗੁਰਪ੍ਰੀਤ ਸਿੰਘ ਮਲੂਕਾ, ਸਾਬਕਾ ਵਿਧਾਇਕ ਮੰਗਤ ਰਾਏ ਬਾਂਸਲ ਜ਼ਿਲ੍ਹਾ ਪ੍ਰਧਾਨ ਰਾਕੇਸ਼ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ ਤੇ ਪਾਰਟੀ ਨੂੰ ਉਸ ਸਮੇਂ ਭਾਰੀ ਹੁੰਗਾਰਾ ਮਿਲਿਆ, ਜਦੋਂ ਪਿੰਡ ਖੁਡਾਲ ਕਲਾਂ ਦੇ ਸਾਬਕਾ ਸਰਪੰਚ ਸੁਖਦੇਵ ਸਿੰਘ ਬੋਘਾ ਖੁਡਾਲ ਕਾਂਗਰਸ ਪਾਰਟੀ ਨੂੰ ਛੱਡ ਕੇ ਆਪਣੇ ਸਾਥੀਆਂ ਸਮੇਤ ਬਰੇਟਾ ਦੇ ਮੰਡਲ ਪ੍ਰਧਾਨ ਗਗਨਦੀਪ ਸ਼ਰਮਾ ਦੀ ਅਗਵਾਈ ਹੇਠ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦੀਆਂ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਭਾਜਪਾ ਵਿੱਚ ਸ਼ਾਮਲ ਹੋ ਗਏ।ਇਸ ਮੌਕੇ ਸੰਬੋਧਨ ਕਰਦਿਆਂ ਉਪਰੋਕਤ ਆਗੂਆਂ ਨੇ ਕਿਹਾ ਕਿ ਅੱਜ ਪੰਜਾਬ ਦੇ ਲੋਕ ਭਲੀਭਾਂਤੀ ਜਾਣੂ ਹੋ ਚੁੱਕੇ ਹਨ ਕਿ ਜੇਕਰ ਪੰਜਾਬ ਦਾ ਕੋਈ ਭਲਾ ਕਰ ਸਕਦਾ ਹੈ ਤਾਂ ਉਹ ਭਾਰਤੀ ਜਨਤਾ ਪਾਰਟੀ ਹੀ ਹੈ, ਜਿਸ ਕਾਰਨ ਹਰ ਰੋਜ਼ ਅਨੇਕਾਂ ਲੋਕ ਪਾਰਟੀ ਨਾਲ ਜੁੜ ਰਹੇ ਹਨ।

ਆਗੂਆਂ ਨੇ ਅਪੀਲ ਕੀਤੀ ਕਿ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਪਾਰਟੀ ਦੇ ਉਮੀਦਵਾਰ ਬੀਬਾ ਪਰਮਪਾਲ ਕੌਰ (ਸਾਬਕਾ ਆਈ ਏ ਐੱਸ) ਨੂੰ ਵੱਧ ਤੋਂ ਵੱਧ ਵੋਟਾਂ ਪਾ ਕੇ ਕਾਮਯਾਬ ਕੀਤਾ ਜਾਵੇ।ਇਸ ਮੌਕੇ ਜ਼ਿਲ੍ਹਾ ਪ੍ਰਧਾਨ ਰਾਕੇਸ਼ ਜੈਨ ਨੇ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਸਾਰੇ ਲੋਕਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਹਰ ਵਰਕਰ ਨੂੰ ਬਣਦਾ ਮਾਣ ਸਨਮਾਨ ਦਿੱਤਾ ਜਾਵੇਗਾ। ਇਸ ਮੌਕੇ ਸ਼ਾਮਲ ਹੋਣ ਵਾਲਿਆਂ ਵਿੱਚ ਨਿਹਾਲ ਸਿੰਘ ਸਾਬਕਾ ਸਰਪੰਚ, ਅਮਰੀਕ ਸਿੰਘ ਸਾਬਕਾ ਮੈਂਬਰ, ਨੈਬ ਸਿੰਘ ਨੰਬਰਦਾਰ, ਅਮਰੀਕ ਸਿੰਘ ਨੰਬਰਦਾਰ, ਗੁਰਚਰਨ ਸਿੰਘ ਮੈਂਬਰ, ਤੇਜਾ ਸਿੰਘ, ਆਸਾ ਸਿੰਘ, ਗੁਰਚਰਨ ਸਿੰਘ, ਸਰਦੂਲ ਸਿੰਘ, ਰਾਜੂ ਸਿੰਘ, ਗਿਆਨ ਸਿੰਘ, ਚਰਨ ਸਿੰਘ, ਮਨਪ੍ਰੀਤ ਸਿੰਘ, ਗੁਰਬਖਸ਼ੀਸ਼ ਸਿੰਘ, ਗੁਰਸੇਵਕ ਸਿੰਘ, ਗੁਰਜੰਟ ਸਿੰਘ, ਜਰਨੈਲ ਸਿੰਘ, ਬਲਵੰਤ ਸਿੰਘ, ਬੋਘਾ ਸਿੰਘ, ਨੱਥਾ ਸਿੰਘ, ਸੁਖਪਾਲ ਸਿੰਘ ਸ਼ਾਮਲ ਸਨ।ਇਸ ਮੌਕੇ ਹਲਕਾ ਇੰਚਾਰਜ ਸੂਬੇਦਾਰ ਭੋਲਾ ਸਿੰਘ, ਨਰਿੰਦਰ ਬਾਂਸਲ, ਹਰੀਸ਼ ਕੁਮਾਰ, ਓਮ ਲਾਲ ਬਾਲਮੀਕੀ, ਦਲਜੀਤ ਦਰਸ਼ੀ, ਅਮਰਿੰਦਰ ਸਿੰਘ, ਰਿਸ਼ੂ ਜਿੰਦਲ, ਪੁਨੀਤ ਮਿੱਤਲ, ਗੋਪਾਲ ਰਾਮ ਹਾਜ਼ਰ ਸਨ।

## ਜਗਰਾਉਂ 'ਚ ਬੀ ਕੇ ਯੂ ਡਕੌਂਦਾ ਵੱਲੋਂ ਬਿੱਟੂ ਦਾ ਸਖ਼ਤ ਵਿਰੋਧ



ਹਠੂਰ (ਨਛੱਤਰ ਸੰਧੂ)

ਬੀਜੇਪੀ ਦੇ ਉਮੀਦਵਾਰ ਰਵਨੀਤ ਬਿੱਟੂ ਦਾ ਡੱਲਾ, ਮੱਲਾ ਤੇ ਹਠੂਰ ਪਿੰਡਾਂ ਵਿੱਚ ਆਉਣ ਦਾ ਪ੍ਰੋਗਰਾਮ ਸੀ। ਬੀਕੇਯੂ ਡਕੌਂਦਾ (ਧਨੇਰ) ਤੇ ਕਿਸਾਨਾਂ ਨੇ ਡੱਲਾ ਨਹਿਰ ਦੇ ਪੁਲ 'ਤੇ ਰੋਕਣ ਦਾ ਫੈਸਲਾ ਕੀਤਾ ਤੇ ਲੋਕ ਰੋਹ ਨੂੰ ਦੇਖਦੇ ਬੀਜੇਪੀ ਦੇ ਉਮੀਦਵਾਰ ਨੂੰ ਆਪਣਾ ਪ੍ਰੋਗਰਾਮ ਕੈਂਸਲ ਕਰਨਾ ਪਿਆ। ਡੀਐਸਪੀ ਰਾਏਕੋਟ ਦੇ ਯਕੀਨ ਦਿਵਾਉਣ 'ਤੇ ਬੀਜੇਪੀ ਦੇ ਉਮੀਦਵਾਰ ਨੇ ਪ੍ਰੋਗਰਾਮ ਰੱਦ ਕਰ ਦਿੱਤਾ ਹੈ। ਕਿਸਾਨਾਂ ਨੇ ਚਾਰ ਵਜੇ ਧਰਨਾ ਸਮਾਪਤ ਕੀਤਾ। ਬੀਕੇਯੂ ਡਕੌਂਦਾ ਵੱਲੋਂ ਜਗਤਾਰ ਸਿੰਘ ਦੇਹੜਕਾ ਜ਼ਿਲ੍ਹਾ ਪ੍ਰਧਾਨ, ਇੰਦਰਜੀਤ ਧਾਲੀਵਾਲ ਜ਼ਿਲ੍ਹਾ ਸਕੱਤਰ, ਤਰਸੇਮ ਬੱਸੂਵਾਲ ਬਲਾਕ ਪ੍ਰਧਾਨ, ਕਾਲਾ ਡੱਲਾ ਇਕਾਈ ਪ੍ਰਧਾਨ, ਪਾਲ ਸਿੰਘ ਡੱਲਾ ਸਕੱਤਰ ਬਲਾਕ ਜਗਰਾਉਂ, ਕੁਲਦੀਪ ਸਿੰਘ ਕਾਉਂਕੇ, ਕੁੰਢਾ ਸਿੰਘ ਕਾਉਂਕੇ, ਸੀਪਾ ਰਸੂਲਪੁਰ ਇਕਾਈ ਪ੍ਰਧਾਨ, ਡਾ. ਕਮਲ ਹਠੂਰ, ਗੋਪੀ ਖਹਿਰਾ ਹਠੂਰ, ਤੇਜ ਲੱਖਾ ਪਰੈਸ ਸਕੱਤਰ ਸਮੇਤ ਵੱਡੀ ਗਿਣਤੀ ਵਿੱਚ ਕਿਸਾਨਾਂ ਨੇ ਸਾਥ ਦਿੱਤਾ। ਜਥੇਬੰਦੀ ਵੱਲੋਂ ਕਿਸਾਨਾਂ ਦਾ ਧੰਨਵਾਦ ਕੀਤਾ ਗਿਆ ਤੇ ਆਉਣ ਵਾਲੇ ਦਿਨਾਂ ਵਿੱਚ ਭਾਜਪਾ ਤੋਂ ਸੁਚੇਤ ਰਹਿਣ ਲਈ ਕਿਹਾ ਗਿਆ।

## ਰਿਕਸ਼ਾ ਮਜ਼ਦੂਰ ਯੂਨੀਅਨ ਨੇ ਮਈ ਦਿਵਸ ਮਨਾਇਆ



ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਮਾਛੀਵਾੜਾ ਸਾਹਿਬ ਦੇ ਗਨੀ ਖਾਂ ਨਬੀ ਖਾਂ ਗੇਟ ਦੇ ਸਾਹਮਣੇ ਰਿਕਸ਼ਾ ਮਜ਼ਦੂਰ ਯੂਨੀਅਨ ਵੱਲੋਂ ਟੈਕਸੀ ਸਟੈਂਡ ਯੂਨੀਅਨ ਤੇ ਹੋਰ ਭਰਾਤਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਮਈ ਦਿਵਸ ਮਨਾਇਆ ਗਿਆ। ਇਸ ਮੌਕੇ ਮਜ਼ਦੂਰਾਂ ਨੇ ਸੰਯੁਕਤ ਰੂਪ ਵਿੱਚ ਲਾਲ ਝੰਡਾ ਲਹਿਰਾਇਆ ਤੇ ਮਈ ਦਿਵਸ ਦੇ ਸ਼ਹੀਦਾਂ ਨੂੰ ਲਾਲ ਸਲਾਮ ਦੇ ਨਾਅਰੇ ਲਾ ਕੇ ਸਿਜਦਾ ਕੀਤਾ। ਇਸ ਮੌਕੇ ਬੋਲਦਿਆਂ ਕਾਮਰੇਡ ਦਰਸ਼ਨ ਸਿੰਘ ਪ੍ਰਧਾਨ ਲੋਕ ਸੰਘਰਸ਼ ਕਮੇਟੀ, ਮਸਤਾ ਰਾਮ ਸੀਟੂ ਨੇ ਕਿਹਾ ਕਿ ਮਜ਼ਦੂਰਾਂ ਦੀ ਕੋਈ ਵੀ ਸਰਕਾਰ ਕਦਰ ਨਹੀਂ ਪਾਉਂਦੀ, ਜਦਕਿ ਮਜ਼ਦੂਰਾਂ ਤੋਂ ਬਿਨਾਂ ਹਰ ਕੰਮ ਅਧੂਰਾ ਹੈ। ਉਨ੍ਹਾ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਲੋਕਾਂ ਨੂੰ ਸਹੀ ਮਿਹਨਤ ਦੇ ਕੇ ਉਨ੍ਹਾਂ ਦਾ ਬਣਦਾ ਹੱਕ ਅਦਾ ਕਰਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਹਰਜਿੰਦਰ ਸਿੰਘ ਪ੍ਰਧਾਨ ਰਿਕਸ਼ਾ ਯੂਨੀਅਨ, ਕਾਮਰੇਡ ਰਾਮ ਰਤਨ, ਮਸ਼ਿੰਦਰ ਸਿੰਘ ਪ੍ਰਧਾਨ ਟੈਕਸੀ ਯੂਨੀਅਨ, ਸੁਖਦੇਵ ਸਿੰਘ ਭੱਟੀਆਂ, ਜਸਪਾਲ ਸਿੰਘ, ਜਗਤਾਰ ਸਿੰਘ ਮੰਗਾ ਆਦਿ ਮੌਜੂਦ ਸਨ।

## ਲੋਕ ਸੇਵਾ ਸੁਸਾਇਟੀ ਨੇ ਪ੍ਰਾਇਮਰੀ ਸਕੂਲ ਨੂੰ ਦਿੱਤਾ ਲੋੜੀਂਦਾ ਸਾਮਾਨ



ਜਗਰਾਉਂ (ਸੰਜੀਵ ਅਰੋੜਾ)-ਜਗਰਾਉਂ ਦੀ ਲੋਕ ਸੇਵਾ ਸੁਸਾਇਟੀ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲ ਕੋਠੇ ਹਰੀ ਸਿੰਘ ਨੂੰ ਲੋੜੀਂਦਾ ਸਾਮਾਨ ਭੇਟ ਕੀਤਾ ਗਿਆ। ਸੁਸਾਇਟੀ ਦੇ ਚੇਅਰਮੈਨ ਗੁਲਸ਼ਨ ਅਰੋੜਾ, ਪ੍ਰਧਾਨ ਮਨੋਹਰ ਸਿੰਘ ਟੱਕਰ, ਸੈਕਟਰੀ ਕੁਲਭੂਸ਼ਨ ਗੁਪਤਾ ਤੇ ਕੈਸ਼ੀਅਰ ਸੁਨੀਲ ਬਜਾਜ ਨੇ ਦੱਸਿਆ ਕਿ ਸਰਕਾਰੀ ਪ੍ਰਾਇਮਰੀ ਸਕੂਲ ਕੋਠੇ ਹਰੀ ਸਿੰਘ ਦੇ ਪ੍ਰਬੰਧਕਾਂ ਦੀ ਮੰਗ 'ਤੇ ਸਕੂਲ ਨੂੰ ਸੁਸਾਇਟੀ ਵੱਲੋਂ ਚਾਰ ਕੁਰਸੀਆਂ, ਦੋ ਪੱਖੇ ਤੇ ਪੰਜ ਐੱਲ. ਈ. ਡੀ. ਬਲਬ ਭੇਟ ਕੀਤੇ ਗਏ। ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਸਕੂਲ ਪ੍ਰਬੰਧਕਾਂ ਦੀ ਮੰਗ 'ਤੇ ਕਈ ਵਾਰ ਸਾਮਾਨ ਮੁਹੱਈਆ ਕਰਵਾਇਆ ਜਾ ਚੁੱਕਾ ਹੈ ਅਤੇ ਭਵਿੱਖ ਵਿੱਚ ਵੀ ਸੁਸਾਇਟੀ ਵੱਲੋਂ ਸਕੂਲ ਦੀ ਹਰ ਸੰਭਵ ਮਦਦ ਕੀਤੀ ਜਾਵੇਗੀ। ਇਸ ਮੌਕੇ ਸਕੂਲ ਦੀ ਅਧਿਆਪਕਾ ਗੁਰਪ੍ਰੀਤ ਕੌਰ, ਅਮਰਜੀਤ ਕੌਰ, ਇੰਦੂ ਬਾਲਾ ਤੇ ਜਸਕਰਨ ਕੌਰ ਨੇ ਲੋਕ ਸੇਵਾ ਸੁਸਾਇਟੀ ਵੱਲੋਂ ਸਕੂਲ ਦੀ ਸਮੇਂ ਸਮੇਂ ਸਿਰ ਕੀਤੀ ਮਦਦ ਲਈ ਧੰਨਵਾਦ ਕੀਤਾ। ਇਸ ਮੌਕੇ ਸੁਸਾਇਟੀ ਦੇ ਸੀਨੀਅਰ ਵਾਈਸ ਪ੍ਰਧਾਨ ਰਜਿੰਦਰ ਜੈਨ ਕਾਕਾ, ਮੁਕੇਸ਼ ਗੁਪਤਾ, ਪ੍ਰੋਜੈਕਟ ਚੇਅਰਮੈਨ ਕੰਵਲ ਕੱਕੜ, ਅਨਿਲ ਮਲਹੋਤਰਾ ਤੇ ਆਰ ਕੇ ਗੋਇਲ ਆਦਿ ਹਾਜ਼ਰ ਸਨ।

# ਐੱਨ ਕੇ ਸ਼ਰਮਾ ਵੱਲੋਂ ਹਲਕਾ ਸ਼ੁਤਰਾਣਾ ਦਾ ਤੂਫਾਨੀ ਦੌਰਾ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)



ਲੋਕ ਸਭਾ ਹਲਕਾ ਪਟਿਆਲਾ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਐੱਨ ਕੇ ਸ਼ਰਮਾ ਨੇ ਚੋਣ ਪ੍ਰਚਾਰ ਤੇਜ਼ ਕਰਦਿਆਂ ਵਿਧਾਨ ਸਭਾ ਹਲਕਾ ਦਾ ਤੂਫਾਨੀ ਦੌਰਾ ਕੀਤਾ। ਇਸ ਦੌਰਾਨ ਉਨ੍ਹਾਂ ਹਲਕਾ ਇੰਚਾਰਜ ਬਾਬੂ ਕਬੀਰ ਦਾਸ ਦੀ ਅਗਵਾਈ ਹੇਠ ਪਿੰਡ ਗੁਲਾੜ, ਸ਼ੇਰਗੜ੍ਹ, ਬਹਿਰ ਸਾਹਿਬ, ਮਤੋਲੀ, ਸ਼ੁਤਰਾਣਾ, ਬਾਦਸ਼ਾਹਪੁਰ, ਮਰੋੜੀ, ਅਸਮਾਨਪੁਰ, ਪਾਤੜਾਂ ਵਿੱਚ ਜਨ ਸਭਾਵਾਂ ਨੂੰ ਸੰਬੋਧਨ ਕਰਦਿਆਂ ਵੋਟਾਂ ਦੀ ਮੰਗ ਕੀਤੀ।ਇਨ੍ਹਾਂ ਪ੍ਰੋਗਰਾਮਾਂ ਦੌਰਾਨ ਚੌਧਰੀ ਬਲਵਾਨ ਸਿੰਘ, ਮਦਨ ਰਾਮ ਤੇ ਲੀਲਾ ਰਾਮ ਸਮੇਤ ਵੱਡੀ ਗਿਣਤੀ ਵਿੱਚ ਕਾਂਗਰਸੀ ਆਗੂਆਂ ਨੇ ਕਾਂਗਰਸ ਪਾਰਟੀ ਛੱਡ ਕੇ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ।ਪਾਰਟੀ ਉਮੀਦਵਾਰ ਐੱਨ. ਕੇ. ਸ਼ਰਮਾ ਤੇ ਬਾਬੂ ਕਬੀਰ ਦਾਸ ਨੇ ਸਾਰਿਆਂ ਨੂੰ ਸਿਰੋਪਾਓ ਦੇ ਕੇ ਸਵਾਗਤ ਕੀਤਾ।ਜੁੜੇ ਇਕੱਠਾਂ ਨੂੰ ਸੰਬੋਧਨ ਕਰਦਿਆਂ ਅਕਾਲੀ ਉਮੀਦਵਾਰ ਐੱਨ ਕੇ ਸ਼ਰਮਾ ਨੇ ਕਿਹਾ ਕਿ ਜ਼ਿਲ੍ਹਾ ਹੈੱਡਕੁਆਟਰ ਤੋਂ ਦੂਰ ਇਲਾਕੇ ਦੇ ਪਿੰਡਾਂ ਦੇ ਵਸਨੀਕਾਂ ਦੀ ਸਭ ਤੋਂ ਵੱਡੀ ਸਮੱਸਿਆ ਸਿਹਤ ਦੀ ਹੈ।ਚਾਰ ਵਾਰ ਕਾਂਗਰਸ ਦੀ ਸੰਸਦ ਮੈਂਬਰ ਰਹਿ ਚੁੱਕੀ ਪ੍ਰਨੀਤ ਕੌਰ ਭਾਜਪਾ ਦੀ ਟਿਕਟ 'ਤੇ ਚੋਣ ਮੈਦਾਨ ਵਿੱਚ ਹੈ ਤੇ ਇੱਕ ਵਾਰ ਆਮ ਆਦਮੀ ਪਾਰਟੀ ਦੇ ਸਾਂਸਦ ਰਹੇ ਧਰਮਵੀਰ ਗਾਂਧੀ ਕਾਂਗਰਸ ਦੀ ਟਿਕਟ 'ਤੇ ਚੋਣ ਲੜ ਰਹੇ ਹਨ।ਕਰੀਬ ਇਕ ਸਾਲ ਤੋਂ ਪੰਜਾਬ ਦੇ ਸਿਹਤ ਮੰਤਰੀ ਦੀ ਜ਼ਿੰਮੇਵਾਰੀ ਸੰਭਾਲ ਰਹੇ ਬਲਬੀਰ ਸਿੰਘ 'ਆਪ' ਦੀ ਤਰਫੋਂ ਚੋਣ ਲੜ ਰਹੇ ਹਨ, ਪਰ ਕਿਸੇ ਨੇ ਵੀ ਇੱਥੋਂ ਦੇ ਲੋਕਾਂ ਨੂੰ ਸਿਹਤ ਸਹੂਲਤਾਂ ਦੇਣ ਵੱਲ ਧਿਆਨ ਨਹੀਂ ਦਿੱਤਾ।ਐੱਨ ਕੇ ਸ਼ਰਮਾ ਨੇ ਜਨਸਭਾਵਾਂ ਦੌਰਾਨ ਹਾਜ਼ਰ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਇੱਕ ਵਾਰ ਪੇਂਡੂ ਵਿਅਕਤੀ ਨੂੰ ਚੋਣ ਜਿਤਾ ਕੇ ਲੋਕ ਸਭਾ ਵਿੱਚ ਭੇਜਣ, ਉਹ ਸਮੁੱਚੇ ਲੋਕ ਸਭਾ ਹਲਕੇ ਦੀ ਹੈਲਥ ਮੈਪਿੰਗ ਕਰਵਾ ਕੇ ਸਾਰੇ ਨੌਂ ਹਲਕਿਆਂ ਵਿੱਚ ਸਿਹਤ ਸਹੂਲਤਾਂ ਮੁਹੱਈਆ ਕਰਵਾਉਣਗੇ ਤੇ ਕਿਸੇ ਨੂੰ ਵੀ ਇਲਾਜ ਲਈ ਪਟਿਆਲਾ ਤੋਂ ਬਾਹਰ ਨਹੀਂ ਜਾਣ ਦਿੱਤਾ ਜਾਵੇਗਾ।

# ਸਹਾਰਾ ਸਿਲਾਈ ਕੇਂਦਰ ਵੱਲੋਂ ਕੋਰਸ ਸਮਾਪਤੀ 'ਤੇ ਸਨਮਾਨ ਸਮਾਰੋਹ

ਸੰਗਰੂਰ (ਪ੍ਰਵੀਨ ਸਿੰਘ)-ਸਹਾਰਾ ਫਾਊਂਡੇਸ਼ਨ ਵੱਲੋਂ ਸਥਾਨਕ ਨੂਰਪੁਰਾ ਮੁਹੱਲਾ ਵਿਖੇ ਗੁਰਦੁਆਰਾ ਸਾਹਿਬ ਹਰਿਗੋਬਿੰਦ ਪੁਰਾ ਦੀ ਕਮੇਟੀ ਦੇ ਸਹਿਯੋਗ ਨਾਲ ਸਥਾਪਤ ਸਹਾਰਾ ਸਿਲਾਈ ਕੇਂਦਰ ਦੇ ਸਿਖਲਾਈ ਕੋਰਸ ਦੇ ਪੂਰਾ ਹੋਣ 'ਤੇ ਸਨਮਾਨ ਸਮਾਰੋਹ ਕਰਮਜੀਤ ਕੌਰ, ਮਨਪ੍ਰੀਤ ਕੌਰ ਤੇ ਬਿਮਲਾ ਰਾਣੀ ਸੈਂਟਰ ਇੰਚਾਰਜ ਦੀ ਦੇਖ-ਰੇਖ ਹੇਠ ਹੋਇਆ।ਇਸ ਮੌਕੇ ਡਾ: ਗੁਨਿੰਦਰਜੀਤ ਸਿੰਘ ਚੇਅਰਮੈਨ ਇਨਫੋਟੈਕ ਪੰਜਾਬ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਉਨ੍ਹਾਂ ਨਾਲ ਸਮਾਜ ਸੇਵੀ ਮਨਪ੍ਰੀਤ ਸਿੰਘ ਚਹਿਲ ਤੇ ਗੁਰਪ੍ਰੀਤ ਸਿੰਘ ਰਾਜਾ ਵੀ ਹਾਜ਼ਰ ਹੋਏ।ਸੁਰਿੰਦਰ ਪਾਲ ਸਿੰਘ ਸਿਦਕੀ ਕੋਆਰਡੀਨੇਟਰ ਨੇ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਮਈ ਦਿਵਸ ਤੇ ਮੌਕੇ ਹੱਥੀਂ ਕਿਰਤ ਕਰਨ ਦੀ ਮਹਾਨਤਾ ਬਾਰੇ ਦੱਸਿਆ।ਸਰਬਜੀਤ ਸਿੰਘ ਰੇਖੀ ਚੇਅਰਮੈਨ ਸਹਾਰਾ, ਵਰਿੰਦਰਜੀਤ ਸਿੰਘ ਬਜਾਜ ਜਨਰਲ ਸਕੱਤਰ ਨੇ ਦੱਸਿਆ ਕਿ ਡਾ. ਜਵੰਦਾ ਦੇ ਸਹਿਯੋਗ ਨਾਲ ਵੱਖ ਵੱਖ ਸਥਾਨਾਂ



'ਤੇ ਸਹਾਰਾ ਸਿਲਾਈ ਕੇਂਦਰ ਚੱਲ ਰਹੇ ਹਨ ਤੇ ਲੋੜਵੰਦ ਲੜਕੀਆਂ ਦੇ ਵਿਆਹ ਕਾਰਜਾਂ ਵਿੱਚ ਵੀ ਕੁਝ ਯੋਗਦਾਨ ਪਾਇਆ ਜਾ ਰਿਹਾ ਹੈ।ਬਿਮਲਾ ਰਾਣੀ ਸੈਂਟਰ ਇੰਚਾਰਜ ਨੇ ਦੱਸਿਆ ਕਿ 15 ਲੜਕੀਆਂ ਦੇ ਸਿਖਲਾਈ ਕੋਰਸ ਦੇ ਪਹਿਲੇ ਬੈਚ ਦੀ ਅੱਜ ਸਮਾਪਤੀ ਹੋਈ ਹੈ ਅਤੇ ਅਗਲੇ ਬੈਚ ਦੀ ਸ਼ੁਰੂਆਤ ਕੀਤੀ ਗਈ ਹੈ।ਡਾ: ਜਵੰਦਾ ਨੇ ਕਿਹਾ ਕਿ ਉਨ੍ਹਾਂ ਵੱਲੋਂ ਵੀ ਜਪਹਰ ਵੈੱਲਫੇਅਰ ਸੁਸਾਇਟੀ ਰਾਹੀਂ ਅਜਿਹੇ ਉੱਦਮ ਕੀਤੇ ਜਾ ਰਹੇ ਹਨ।ਅਸ਼ੋਕ ਕੁਮਾਰ ਸਕੱਤਰ ਨੇ ਡਾ. ਜਵੰਦਾ ਤੇ ਸਹਿਯੋਗੀਆਂ ਦਾ ਧੰਨਵਾਦ ਕੀਤਾ।

ਸਹਾਰਾ ਵੱਲੋਂ ਸੈਂਟਰ ਇੰਚਾਰਜ ਬਿਮਲਾ ਰਾਣੀ ਦਾ ਵਿਸ਼ੇਸ਼ ਸਨਮਾਨ ਕੀਤਾ ਤੇ ਕੋਰਸ ਪੂਰਾ ਕਰਨ ਵਾਲੀਆਂ ਲੜਕੀਆਂ ਨੂੰ ਸਰਟੀਫਿਕੇਟ ਵੰਡਣ ਦੀ ਰਸਮ ਡਾ: ਜਵੰਦਾ, ਕਰਮਜੀਤ ਕੌਰ, ਮਨਪ੍ਰੀਤ ਕੌਰ ਨੇ ਕੀਤੀ।ਡਾ. ਸੁਮਿੰਦਰ ਸਿੰਘ, ਸੁਮਿਤ ਸ਼ਰਮਾ, ਜਸਪ੍ਰੀਤ ਸਿੰਘ, ਸਵਿਤਾ ਆਦਿ ਹਾਜ਼ਰ ਸਨ।

## ਨਰਸਰੀ ਦੇ ਬੱਚਿਆਂ ਵੱਲੋਂ ਐੱਸ ਆਰ ਐੱਸ ਫਾਰਮ ਹਾਊਸ ਦਾ ਦੌਰਾ



ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)-ਐੱਸ ਆਰ ਐੱਸ ਵਿਦਿਆਪੀਠ ਸਮਾਣਾ ਵਿੱਚ ਨਰਸਰੀ ਜਮਾਤ ਦੇ ਛੋਟੇ-ਛੋਟੇ ਬੱਚਿਆਂ ਨੂੰ ਪੜ੍ਹਾਈ ਦੇ ਨਾਲ-ਨਾਲ ਕੁਝ ਨਵਾਂ ਸਿਖਾਉਣ ਲਈ ਕਿੰਡਰਗਾਰਟਨ ਵਿੰਗ ਦੀ ਐਕਟੀਵਿਟੀ ਇੰਚਾਰਜ ਸ਼ਰੂਤੀ ਮਿੱਤਲ ਦੀ ਨਿਗਰਾਨੀ ਹੇਠ ਬੱਚਿਆਂ ਨੂੰ ਐੱਸ ਆਰ ਐੱਸ ਫਾਰਮ ਹਾਊਸ ਦਾ ਦੌਰਾ ਕਰਵਾਇਆ ਗਿਆ।ਬੱਚੇ ਫਾਰਮ ਹਾਊਸ 'ਤੇ ਜਾ ਕੇ ਬਹੁਤ ਖੁਸ਼ ਦਿਖਾਈ ਦੇ ਰਹੇ ਸਨ।ਬੱਚਿਆਂ ਨੂੰ ਭਾਈਚਾਰਕ ਏਕਤਾ ਦਾ ਮਹੱਤਵ ਸਮਝਾਉਣ ਲਈ ਇਕੱਠੇ ਬਿਠਾ ਕੇ ਖਾਣਾ ਖਵਾਇਆ ਗਿਆ।ਬੱਚਿਆਂ ਨੇ ਕੁਦਰਤੀ ਪ੍ਰਕਿਰਤੀ ਬਾਰੇ ਵੀ ਜਾਣਕਾਰੀ ਪ੍ਰਾਪਤ ਕੀਤੀ।ਇਸ ਤਰ੍ਹਾਂ ਛੋਟੇ-ਛੋਟੇ ਬੱਚਿਆਂ ਨੇ ਇਸ ਫਾਰਮ ਹਾਊਸ ਦੇ ਦੌਰੇ ਦੌਰਾਨ ਬਹੁਤ ਆਨੰਦ ਮਾਣਿਆ।ਇਸ ਮੌਕੇ ਸਕੂਲ ਪ੍ਰਿੰਸੀਪਲ ਮਿਸ ਮਿਲੀ ਬੋਸ, ਚੇਅਰਮੈਨ ਅਮਿਤ ਸਿੰਗਲਾ ਤੇ ਸੈਕਟਰੀ ਲਲਿਤ ਸਿੰਗਲਾ ਨੇ ਵਿਦਿਆਰਥੀਆਂ ਨੂੰ ਕੁਝ ਨਵਾਂ ਸਿੱਖਣ ਲਈ ਪ੍ਰੇਰਿਤ ਕੀਤਾ।

## ਵੋਟਰ ਜਾਗਰੂਕਤਾ ਸੰਬੰਧੀ ਹਾਰਵਰਡ ਸਕੂਲ 'ਚ ਸੈਮੀਨਾਰ ਕਰਾਇਆ



ਬਾਘਾ ਪੁਰਾਣਾ (ਮਨੀ ਸਿੰਗਲਾ)-ਚੋਣ ਕਮਿਸ਼ਨ ਭਾਰਤ ਸਰਕਾਰ ਦੀਆਂ ਹਦਾਇਤਾਂ 'ਤੇ ਐੱਸ.ਡੀ.ਐੱਮ ਹਰਕਮਲਜੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਹਾਰਵਰਡ ਕਾਨਵੈਂਟ ਸਕੂਲ ਵਿਚ ਵੋਟਰ ਜਾਗਰੂਕਤਾ ਸਬੰਧੀ ਸਮੂਹ ਸਟਾਫ਼ ਤੇ ਵਿਦਿਆਰਥੀਆਂ ਨਾਲ ਮੁਲਾਕਾਤ ਕੀਤੀ ਗਈ।ਐਸ.ਡੀ.ਐਮ ਨੇ ਦੱਸਿਆ ਕਿ ਆਮ ਤੌਰ 'ਤੇ ਵੇਖਣ ਵਿੱਚ ਆਉਂਦਾ ਹੈ ਕਿ ਲੋਕ ਨਾਗਰਿਕ ਵੋਟਾਂ ਵਾਲੇ ਦਿਨ ਵੋਟ ਦੇ ਅਧਿਕਾਰ ਦਾ ਇਸਤੇਮਾਲ ਨਹੀਂ ਕਰਦੇ, ਜਿਸ ਨਾਲ ਵੋਟ ਫ਼ੀਸਦੀ ਵਿੱਚ ਘਾਟਾ ਪੈਂਦਾ।ਚੰਗੇ ਲੋਕਤੰਤਰ ਦੇ ਨਿਰਮਾਣ ਲਈ ਹਰੇਕ ਨਾਗਰਿਕ ਦਾ ਵੋਟ ਪਾਉਣਾ ਬਹੁਤ ਜ਼ਰੂਰੀ ਹੁੰਦਾ ਹੈ। ਪ੍ਰਸ਼ਾਸਨ ਵੱਲੋਂ ਸੀਨੀਅਰ ਸਿਟੀਜ਼ਨ, ਦਿਵਿਆਂਗ, ਟਰਾਂਸਜੈਂਡਰ, ਨੌਜਵਾਨਾਂ ਨਾਲ ਵਿਸ਼ੇਸ਼ ਸੰਵਾਦ ਪ੍ਰੋਗਰਾਮ ਕੀਤੇ ਜਾ ਰਹੇ ਹਨ ਤਾਂ ਜੁ ਉਨ੍ਹਾਂ ਦੀ ਵੋਟਾਂ ਵਿਚ ਸ਼ਮੂਲੀਅਤ ਯਕੀਨੀ ਬਣਾਈ ਜਾ ਸਕੇ। ਉਨ੍ਹਾਂ ਵਿਦਿਆਰਥੀਆਂ ਨੂੰ ਆਪਣੇ ਮਾਤਾ-ਪਿਤਾ, ਦਾਦਾ-ਦਾਦੀ, ਭੈਣ -ਭਰਾ ਨੂੰ ਵੋਟ ਪਾਉਣ ਲਈ ਪ੍ਰੇਰਤ ਕਰਨ ਲਈ ਉਤਸ਼ਾਹਤ ਕੀਤਾ।ਸਵੀਪ ਨੋਡਲ ਅਫ਼ਸਰ ਸੰਜੀਵ ਕੁਮਾਰ ਨੇ ਦੱਸਿਆ ਕਿ ਪੰਜਾਬ ਵਿੱਚ ਇੱਕ ਜੂਨ ਨੂੰ ਚੋਣਾਂ ਵਾਲੇ ਦਿਨ ਚੋਣ ਕਮਿਸ਼ਨ ਵੱਲੋਂ ਵੋਟਰਾਂ ਲਈ ਸਹੂਲਤਾਂ ਜਿਵੇਂ ਛਬੀਲ, ਵੀਲ੍ਹਚੇਅਰ, ਮੈਡੀਕਲ ਸਹੂਲਤਾਂ ਦਿੱਤੀਆਂ ਜਾਣੀਆਂ ਹਨ ਤਾਂ ਜੁ ਕਿਸੇ ਵੀ ਵੋਟਰ ਨੂੰ ਕਿਸੇ ਕਿਸਮ ਦੀ ਵੋਟ ਪਾਉਣ ਸਮੇਂ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।ਇਸ ਲਈ ਹਰੇਕ ਵੋਟਰ ਆਪਣੇ ਮੱਤ ਅਧਿਕਾਰ ਦੀ ਵਰਤੋਂ ਆਉਂਦੀਆਂ ਲੋਕ ਸਭਾ ਵਿਚ ਕਰਨੀ ਯਕੀਨੀ ਬਣਾਏ ਤਾਂ ਜੁ ਇੱਕ ਮਜਬੂਤ ਲੋਕਤੰਤਰ ਦੀ ਸਥਾਪਨਾ ਕੀਤੀ ਜਾ ਸਕੇ।

## ਡੀ ਏ ਵੀ ਸੈਂਟਨਰੀ ਪਬਲਿਕ 'ਚ ਮਨਾਇਆ ਮਜ਼ਦੂਰ ਦਿਵਸ

ਜਗਰਾਉਂ (ਨਛੱਤਰ ਸੰਧੂ)-ਡੀ.ਏ.ਵੀ ਸੈਂਟਨਰੀ ਪਬਲਿਕ ਸਕੂਲ ਵਿੱਚ ਮਜ਼ਦੂਰ ਦਿਵਸ ਮਨਾਇਆ ਗਿਆ। ਸਕੂਲ ਦੇ ਪ੍ਰਿੰਸੀਪਲ ਸ੍ਰੀ ਵੇਦ ਵ੍ਰਤ ਪਲਾਹ ਨੇ ਦੱਸਿਆ ਕਿ ਮਜ਼ਦੂਰ ਦਿਵਸ ਮੌਕੇ ਸਕੂਲ ਵਿੱਚ ਵਿਸ਼ੇਸ਼ ਸਵੇਰ ਦੀ ਪ੍ਰਾਰਥਨਾ ਸਭਾ ਕਰਾਈ ਗਈ, ਜਿਸ ਵਿੱਚ ਛੇਵੀਂ ਤੋਂ ਬਾਰ੍ਹਵੀਂ ਤੱਕ ਦੇ ਵਿਦਿਆਰਥੀ ਸ਼ਾਮਲ ਹੋਏ। ਇਸ ਪ੍ਰਾਰਥਨਾ ਸਭਾ ਵਿੱਚ ਨੌਵੀਂ ਜਮਾਤ ਦੇ ਵਿਦਿਆਰਥੀਆਂ ਦੁਆਰਾ ਮਜ਼ਦੂਰ ਦਿਵਸ ਤੇ ਅਧਾਰਿਤ ਕੋਰਿਓਗ੍ਰਾਫੀ ਪੇਸ਼ ਕੀਤੀ ਗਈ, ਜਿਸ ਵਿੱਚ ਮਜ਼ਦੂਰ ਵਰਗ ਦੀਆਂ ਰੋਜ਼ਾਨਾ ਦੀਆਂ ਮੁਸ਼ਕਲਾਂ, ਸੰਘਰਸ਼, ਮਿਹਨਤ ਤੇ ਉਨ੍ਹਾਂ ਦੇ ਬੱਚਿਆਂ ਦੁਆਰਾ ਪ੍ਰਾਪਤ ਕੀਤੀ ਜਾਣ ਵਾਲੀਆਂ ਉਪਲਬਧੀਆਂ ਨੂੰ ਬਹੁਤ ਸੋਹਣੇ ਢੰਗ ਨਾਲ ਦਿਖਾਇਆ ਗਿਆ।ਬੱਚਿਆਂ ਦੁਆਰਾ ਮਜ਼ਦੂਰ ਦਿਵਸ ਉੱਤੇ ਭਾਸ਼ਣ ਵੀ ਦਿੱਤੇ ਗਏ।ਉਸ ਤੋਂ ਬਾਅਦ ਸਕੂਲ ਦੇ ਪ੍ਰਿੰਸੀਪਲ ਸ੍ਰੀ ਵੇਦ ਵ੍ਰਤ ਪਲਾਹ ਨੇ ਆਪਣੇ ਭਾਸ਼ਣ ਵਿੱਚ ਵਿਦਿਆਰਥੀਆਂ ਨੂੰ ਮਜ਼ਦੂਰਾਂ ਦੇ ਮਿਹਨਤ ਭਰੇ ਜੀਵਨ ਅਤੇ ਕੰਮ ਦੇ ਪ੍ਰਤੀ ਉਨ੍ਹਾਂ ਦੀ ਨਿਸ਼ਠਾ ਤੋਂ ਪ੍ਰੇਰਨਾ ਲੈਣ ਨੂੰ ਕਿਹਾ ਤੇ ਸਕੂਲ ਦੇ ਸਹਾਇਕ ਕਰਮਚਾਰੀਆਂ ਦੀ ਕੰਮ ਦੇ ਪ੍ਰਤੀ ਲਗਨ ਅਤੇ ਮਿਹਨਤ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਸਕੂਲ ਦਾ ਕੋਈ ਵੀ ਪ੍ਰੋਗਰਾਮ ਹੋਵੇ, ਉਨ੍ਹਾਂ ਬਿਨਾਂ ਅਧੂਰਾ ਹੈ।ਇਸ ਮੌਕੇ ਪ੍ਰਿੰਸੀਪਲ ਨੇ ਸਕੂਲ ਦੇ ਸਪੋਰਟਿੰਗ ਸਟਾਫ਼ ਨੂੰ ਨਵੀਆਂ ਵਰਦੀਆਂ ਦੇ ਕੇ ਹਰ ਕੰਮ ਖੁਸ਼ੀ ਨਾਲ ਕਰਨ ਤੇ ਉਨ੍ਹਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ।



## ਅਲਾਇੰਸ ਇੰਟਰਨੈਸ਼ਨਲ ਸਕੂਲ 'ਚ ਬੱਚਿਆਂ ਦੇ ਮੁਕਾਬਲੇ



ਜੈਤੋ (ਸਤੀਸ਼ ਕੁਮਾਰ ਭੀਰੀ)-ਅਲਾਇੰਸ ਇੰਟਰਨੈਸ਼ਨਲ ਸਕੂਲ ਦੇ ਮੁੱਖ ਅਧਿਆਪਕਾ ਵੱਲੋਂ ਸਕੂਲ ਦੇ ਵਿਦਿਆਰਥੀਆਂ ਲਈ ਸਮੇਂ-ਸਮੇਂ 'ਤੇ ਕਈ ਤਰ੍ਹਾਂ ਦੇ ਮੁਕਾਬਲੇ ਕਰਾਏ ਜਾਂਦੇ ਹਨ, ਤਾਂ ਜੁ ਉਹ ਆਪਣੇ ਜੀਵਨ ਦੇ ਹਰ ਖੇਤਰ ਵਿੱਚ ਨਿਪੁੰਨ ਬਣ ਸਕਣ।ਇਸੇ ਗੱਲ ਨੂੰ ਧਿਆਨ ਵਿੱਚ ਰੱਖਦੇ ਹੋਏ ਇਸ ਵਾਰ ਸਕੂਲ ਵਿੱਚ ਗਣਿਤ ਕੈਲੀਗ੍ਰਾਫੀ ਕਰਾਈ ਗਈ, ਜਿਸ ਵਿੱਚ ਸਕੂਲ ਦੇ ਨਰਸਰੀ ਤੋਂ ਚੌਥੀ ਜਮਾਤ ਤੱਕ ਦੇ ਸਮੂਹ ਵਿਦਿਆਰਥੀਆਂ ਨੇ ਬੜੇ ਹੀ ਉਤਸ਼ਾਹ ਨਾਲ ਭਾਗ ਲਿਆ।ਨਰਸਰੀ ਜਮਾਤ ਵਿੱਚੋਂ ਧਰੁਵਿਕਾ ਨੇ ਪਹਿਲਾ ਤੇ ਸਮਰ ਨੇ ਦੂਜਾ ਸਥਾਨ ਹਾਸਲ ਕੀਤਾ।ਕਲਾਸ ਐਲਕੇਜੀ ਵਿੱਚ ਜਾਨਵੀ ਨੇ ਪਹਿਲਾ ਤੇ ਕਬੀਰ ਤੇ ਗਗਨ ਨੇ ਦੂਜਾ ਸਥਾਨ ਪ੍ਰਾਪਤ ਕੀਤਾ।ਯੂਕੇਜੀ ਜਮਾਤ ਵਿੱਚੋਂ ਅਯਾਨ ਗਰਗ ਤੇ ਰਿਆਂਸ਼ੀ ਪਹਿਲੇ ਤੇ ਇਸ਼ਿਤਾ ਦੂਜੇ ਸਥਾਨ 'ਤੇ ਰਹੇ। ਪਹਿਲੀ ਜਮਾਤ ਵਿੱਚੋਂ ਜੀਵੇਸ਼ ਗਰਗ ਨੇ ਪਹਿਲਾ ਤੇ ਲਵਿਕ ਜਿੰਦਲ ਨੇ ਦੂਜਾ ਸਥਾਨ ਹਾਸਲ ਕੀਤਾ।ਦੂਜੀ ਜਮਾਤ ਵਿੱਚੋਂ ਭੁਵਿਕਾ ਪਹਿਲੇ ਤੇ ਗੁਰਨਾਜ਼ ਤੇ ਗੌਰਵੀ ਦੂਜੇ ਸਥਾਨ 'ਤੇ ਰਹੇ।ਤੀਜੀ ਜਮਾਤ 'ਚੋਂ ਕੀਰਤ ਨੇ ਪਹਿਲਾ ਤੇ ਆਦਿਤਿਆ ਨੇ ਦੂਜਾ ਸਥਾਨ ਹਾਸਲ ਕੀਤਾ।ਸੋਨਾਕਸ਼ੀ ਚੌਥੀ ਜਮਾਤ ਵਿੱਚ ਪਹਿਲੇ ਤੇ ਨਾਜ਼ ਪ੍ਰੀਤ ਦੂਜੇ ਸਥਾਨ 'ਤੇ ਰਹੀ।ਸਕੂਲ ਦੇ ਪ੍ਰਿੰਸੀਪਲ ਸ਼੍ਰੀ ਮਤੀ ਗੁਰਸੇਵਕ ਮਾਨ ਨੇ ਜੇਤੂ ਬੱਚਿਆਂ ਨੂੰ ਵਧਾਈ ਦਿੱਤੀ ਤੇ ਸਾਰਿਆਂ ਨੂੰ ਉਤਸ਼ਾਹ ਨਾਲ ਅੱਗੇ ਆਉਣ ਲਈ ਪ੍ਰੇਰਿਆ।

## ਬਿਲਡਿੰਗ ਠੇਕੇਦਾਰ ਐਸੋਸੀਏਸ਼ਨ ਦੀ ਮੀਟਿੰਗ



ਜਗਰਾਉਂ (ਸੰਜੀਵ ਅਰੋੜਾ, ਅਮਿਤ ਖੰਨਾ)-ਬਿਲਡਿੰਗ ਠੇਕੇਦਾਰ ਐਸੋਸੀਏਸ਼ਨ ਦੀ ਮਹੀਨਾਵਾਰ ਮੀਟਿੰਗ ਗੁਰਦੁਆਰਾ ਵਿਸ਼ਵਕਰਮਾ ਮੰਦਿਰ ਅੱਡਾ ਰਾਏਕੋਟ ਵਿਖੇ ਹੋਈ, ਜਿਸ 'ਚ ਠੇਕੇਦਾਰਾਂ ਨੂੰ ਆ ਰਹੀਆਂ ਮੁਸ਼ਕਲਾਂ ਸੰਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੌਕੇ ਐਸੋਸੀਏਸ਼ਨ ਵੱਲੋਂ ਸਮਾਜ ਸੇਵਾ ਖੇਤਰ 'ਚ ਪਾਏ ਰਹੇ ਯੋਗਦਾਨ 'ਤੇ ਵੀ ਚਰਚਾ ਕੀਤੀ ਗਈ। ਮੀਟਿੰਗ ਦੌਰਾਨ ਐਸੋਸੀਏਸ਼ਨ ਨੇ ਪੁਲਸ ਜ਼ਿਲ੍ਹਾ ਲੁਧਿਆਣਾ (ਦਿਹਾਤੀ) ਦੇ ਐੱਸ. ਐੱਸ. ਪੀ. ਨਵਨੀਤ ਸਿੰਘ ਬੈਂਸ ਦੀ ਚਾਰ ਸਾਲਾ ਬੇਟੀ ਦੇ ਅਕਾਲ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਬਿਲਡਿੰਗ ਠੇਕੇਦਾਰ ਐਸੋਸੀਏਸ਼ਨ ਦੇ ਸਰਪ੍ਰਸਤ ਜਗਦੇਵ ਸਿੰਘ ਮਠਾੜੂ, ਪ੍ਰਧਾਨ ਰਜਿੰਦਰ ਸਿੰਘ ਰਿੰਕੂ, ਸੈਕਟਰੀ ਭਵਨਜੀਤ ਸਿੰਘ, ਠੇਕੇਦਾਰ ਰਾਜਵੰਤ ਸਿੰਘ ਸੱਗੂ, ਠੇਕੇਦਰਾ ਬਲਵਿੰਦਰ ਸਿੰਘ ਪੱਪਾ, ਠੇਕੇਦਾਰ ਗੁਰਦੇਵ ਸਿੰਘ ਮੱਲ੍ਹਾ, ਠੇਕੇਦਾਰ ਬਲਵੀਰ ਸਿੰਘ ਸਿਵੀਆਂ, ਠੇਕੇਦਾਰ ਜਿੰਦਰ ਸਿੰਘ ਵਿਰਦੀ, ਠੇਕੇਦਾਰ ਸੁਖਵਿੰਦਰ ਸਿੰਘ ਸੋਨੀ, ਠੇਕੇਦਾਰ ਅਵਤਾਰ ਸਿੰਘ ਮਠਾੜੂ, ਠੇਕੇਦਾਰ ਸੁਖਦੇਵ ਸਿੰਘ ਪਨੇਸਰ, ਠੇਕੇਦਾਰ ਗੁਰਚਰਨ ਸਿੰਘ ਘਟੌੜੇ, ਠੇਕੇਦਾਰ ਕੁਲਦੀਪ ਸਿੰਘ ਸੀਹਰਾ, ਠੇਕੇਦਾਰ ਬਸੰਤ ਸਿੰਘ ਸੀਹਰਾ ਤੇ ਠੇਕੇਦਾਰ ਹਰਜਿੰਦਰ ਸਿੰਘ ਉਭੀ ਆਦਿ ਹਾਜ਼ਰ ਸਨ।

## ਪੰਜਾਬ ਭਵਨ ਨਿਰਮਾਣ ਮਜ਼ਦੂਰ ਯੂਨੀਅਨ ਦੀ ਚੋਣ



ਮਾਨਸਾ (ਆਤਮਾ ਸਿੰਘ ਪਮਾਰ)-ਪੰਜਾਬ ਭਵਨ ਨਿਰਮਾਣ ਮਜ਼ਦੂਰ ਯੂਨੀਅਨ (ਸੀਟੂ) ਦੀ ਮੀਟਿੰਗ ਕੇਸਰ ਸਿੰਘ ਦੀ ਪ੍ਰਧਾਨਗੀ ਹੇਠ ਸਥਾਨਕ ਕਾਮਰੇਡ ਗੱਜਣ ਸਿੰਘ ਟਾਂਡੀਆਂ ਭਵਨ ਵਿਖੇ ਹੋਈ। ਮੀਟਿੰਗ ਵਿੱਚ ਸੀਟੂ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਨਛੱਤਰ ਸਿੰਘ ਢੈਪਈ, ਸੀ.ਪੀ.ਆਈ. (ਐੱਮ) ਦੇ ਜ਼ਿਲ੍ਹਾ ਸਕੱਤਰ ਕਾਮਰੇਡ ਸਵਰਨਜੀਤ ਸਿੰਘ ਦਲਿਓ ਐਡਵੋਕੇਟ ਆਦਿ ਆਗੂ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਮੀਟਿੰਗ 'ਚ ਕੋਠੀਆਂ, ਘਰਾਂ ਆਦਿ ਦੀ ਉਸਾਰੀ ਕਰਨ ਵਾਲੇ ਮਜ਼ਦੂਰਾਂ ਦੀਆਂ ਸਮੱਸਿਆਵਾਂ ਉੱਪਰ ਵਿਚਾਰ ਵਟਾਂਦਰਾ ਕੀਤਾ ਗਿਆ। ਮੀਟਿੰਗ ਨੂੰ ਉਪਰੋਕਤ ਆਗੂਆਂ ਤੋਂ ਇਲਾਵਾ ਕਾ. ਜਸਵੰਤ ਸਿੰਘ ਬੀਰੋਕੇ, ਕਾ. ਅਵਤਾਰ ਸਿੰਘ ਛਾਪਿਆਂਵਾਲੀ, ਕਾ. ਦਰਸਨ ਸਿੰਘ ਧਲੇਵਾਂ ਨੇ ਵੀ ਸੰਬੋਧਨ ਕੀਤਾ। ਉਪਰੰਤ ਮਾਨਸਾ ਇਕਾਈ ਦੀ ਸਰਬਸੰਮਤੀ ਨਾਲ ਚੋਣ ਕੀਤੀ ਗਈ, ਜਿਸ ਵਿੱਚ ਕੇਸਰ ਸਿੰਘ ਨੂੰ ਮੁੜ ਤੋਂ ਪ੍ਰਧਾਨ ਚੁਣਿਆ ਗਿਆ ਤੇ ਹੋਰ ਅਹੁਦੇਦਾਰਾਂ 'ਚ ਅਮਨਦੀਪ ਸਿੰਘ ਬਿੱਟੂ ਜਨਰਲ ਸਕੱਤਰ, ਜਸਵਿੰਦਰ ਬੱਬਲੂ ਤੇ ਸੁਰੇਸ਼ ਕੁਮਾਰ ਮਾਨਸਾ ਮੀਤ ਪ੍ਰਧਾਨ, ਰਾਜੂ ਯਾਦਵ ਤੇ ਸੰਜੀਤ ਕੁਮਾਰ ਜੁਆਇੰਟ ਸਕੱਤਰ ਤੇ ਬੀਰਬਲ ਸਿੰਘ ਚੌਹਾਨ ਖਜ਼ਾਨਚੀ ਚੁਣੇ ਗਏ। ਇਸ ਤੋਂ ਬਿਨਾਂ ਰਾਜੂ ਗੋਸਵਾਮੀ, ਅਨਿਲ ਕੁਮਾਰ ਆਦਿ ਨੂੰ 11 ਮੈਂਬਰੀ ਵਰਕਿੰਗ ਕਮੇਟੀ 'ਚ ਸ਼ਾਮਲ ਕੀਤਾ ਗਿਆ।

## ਲਵਿੰਗ ਲਿਟਲ ਪਲੇਵੇ ਸਕੂਲ ਵਿਖੇ ਰੈੱਡ ਡੇ ਮਨਾਇਆ

ਮਲੋਟ (ਗੁਰਮੀਤ ਸਿੰਘ ਮੱਕੜ)-ਸਥਾਨਕ ਲਵਿੰਗ ਲਿਟਲ ਪਲੇਵੇ ਐਂਡ ਪ੍ਰੈਪਰੇਟਰੀ ਸਕੂਲ ਵਿਖੇ 'ਰੈੱਡ ਡੇ' ਮਨਾਇਆ ਗਿਆ। ਇਸ ਸੰਬਧੀ ਜਾਣਕਾਰੀ ਦਿੰਦਿਆਂ ਸਕੂਲ ਦੀ ਪ੍ਰਿੰਸੀਪਲ ਮੀਨਾ ਅਰੋੜਾ ਨੇ ਦੱਸਿਆ ਕਿ ਰੈੱਡ ਡੇ ਦੌਰਾਨ ਨੰਨ੍ਹੇ ਮੁੰਨੇ ਬੱਚੇ ਲਾਲ ਰੰਗ ਦੇ ਕੱਪੜਿਆਂ ਵਿੱਚ ਸਜ ਕੇ ਆਏ। ਉਨ੍ਹਾਂ ਦੱਸਿਆ ਕਿ ਜਿੱਥੇ ਬੱਚੇ ਲਾਲ ਰੰਗ ਦੇ ਕੱਪੜੇ ਪਹਿਨ ਕੇ ਆਏ, ਉਥੇ ਹੀ ਬੱਚੇ ਲਾਲ ਰੰਗ ਦੇ ਫ਼ਲ ਜਿਵੇਂ ਸੇਬ, ਅਨਾਰ ਆਦਿ ਖਾਣ ਲਈ ਲੈ ਕੇ ਆਏ। ਉਨ੍ਹਾਂ ਦੱਸਿਆ ਕਿ ਬੱਚਿਆਂ ਦੀਆਂ ਲਾਲ ਰੰਗ ਦੇ ਗੁਬਾਰਿਆਂ ਨਾਲ ਖੇਡਾਂ ਵੀ ਕਰਵਾਈਆਂ ਗਈਆਂ, ਜਿਸ ਵਿੱਚ ਬੱਚਿਆਂ ਨੇ ਉਤਸ਼ਾਹ ਨਾਲ ਭਾਗ ਲਿਆ। ਪ੍ਰਿੰਸੀਪਲ ਮੀਨਾ ਅਰੋੜਾ ਨੇ ਲਾਲ ਰੰਗ ਦੀ ਮਹੱਤਤਾ ਬਾਰੇ ਦੱਸਦਿਆਂ ਕਿਹਾ ਕਿ ਲਾਲ ਰੰਗ ਜ਼ਿੰਦਗੀ ਵਿੱਚ ਅਹਿਮ ਸਥਾਨ ਰੱਖਦਾ ਹੈ। ਅਜੋਕੇ ਯੁੱਗ ਵਿੱਚ ਲਾਲ ਰੰਗ ਕਾਫ਼ੀ ਪ੍ਰਸਿੱਧ ਹੈ ਤੇ ਲਾਲ ਰੰਗ ਪ੍ਰੇਮ ਦਾ ਵੀ ਪ੍ਰਤੀਕ ਹੈ। ਇਸ ਮੌਕੇ ਬੱਚਿਆਂ ਨੂੰ ਲਾਲ ਰੰਗ ਦੀਆਂ ਟਾਫ਼ੀਆਂ ਵੀ ਵੰਡੀਆਂ ਗਈਆਂ। ਇਸ ਮੌਕੇ ਮੈਡਮ ਅੰਨੂ, ਪਿੰਕੀ, ਨਿਸ਼ਾ ਆਦਿ ਨੇ ਵੀ ਬੱਚਿਆਂ ਅੱਗੇ ਆਪਣੇ ਵਿਚਾਰ ਰੱਖੇ।

# ਮਜ਼ਦੂਰ ਦਿਵਸ ਮੌਕੇ ਸ਼ਿਕਾਗੋ ਦੇ ਸ਼ਹੀਦਾਂ ਸਮੇਤ ਦੇਸ਼ ਦੇ ਮਹਾਨ ਕ੍ਰਾਂਤੀਕਾਰੀਆਂ ਨੂੰ ਕੀਤਾ ਨਮਨ




ਸਿਰਸਾ (ਸੁਰਿੰਦਰ ਪਾਲ ਸਿੰਘ)

ਬੀਤੇ ਕੱਲ੍ਹ ਸਿਰਸਾ ਦੀਆਂ ਵੱਖ-ਵੱਖ ਮਜ਼ਦੂਰ ਜਥੇਬੰਦੀਆਂ ਨੇ ਮਿਲ ਕੇ ਸਿਰਸਾ ਦੇ ਟਾਊਨ ਪਾਰਕ ਵਿੱਚ ਮਈ ਦਿਵਸ 'ਤੇ ਸ਼ਿਕਾਗੋ ਦੇ ਸ਼ਹੀਦਾਂ ਸਮੇਤ ਦੇਸ਼ ਦੇ ਮਹਾਨ ਕ੍ਰਾਂਤੀਕਾਰੀਆਂ ਨੂੰ ਯਾਦ ਕਰਦੇ ਹੋਏ ਮਸ਼ਾਲ ਮਾਰਚ ਕੀਤਾ। ਇਸ ਸਮਾਗਮ ਦੀ ਪ੍ਰਧਾਨਗੀ ਸਰਵ ਕਰਮਚਾਰੀ ਸੰਘ ਦੇ ਜ਼ਿਲ੍ਹਾ ਪ੍ਰਧਾਨ ਸੋਹਣ ਸਿੰਘ ਰੰਧਾਵਾ, ਮਦਨ ਲਾਲ ਖੋਥ ਵਿਜੇ ਢੂਕੜਾ ਨੇ ਕੀਤੀ।ਸਮਾਗਮ ਨੂੰ ਸੰਬੋਧਨ ਕਰਦਿਆਂ ਮਾਸਟਰ ਬੂਟਾ ਸਿੰਘ ਨੇ ਕਿਹਾ ਕਿ ਅੱਜ ਦੇ ਹੀ ਦਿਨ ਸ਼ਿਕਾਗੋ ਵਿਖੇ ਮਜ਼ਦੂਰਾਂ ਨੇ ਆਪਣੀਆਂ ਜਾਨਾਂ ਕੁਰਬਾਨ ਕਰ ਕੇ ਵਿਸ਼ਵ ਭਰ ਦੇ ਮਜ਼ਦੂਰਾਂ ਲਈ ਕਿਰਤ ਕਾਨੂੰਨ ਬਣਵਾਏ, ਜਿਸ ਕਾਰਨ ਕੰਮ ਦੇ ਘੰਟੇ ਨਿਸ਼ਚਿਤ ਹੋਣ ਕਾਰਨ ਮਜ਼ਦੂਰਾਂ ਨੂੰ ਛੁੱਟੀ ਦਾ ਅਧਿਕਾਰ ਮਿਲਿਆ। ਮਦਨ ਲਾਲ ਖੋਥ ਨੇ ਕਿਹਾ ਕਿ ਅੱਜ ਭਾਰਤ ਵਿੱਚ ਕਿਰਤ ਕਾਨੂੰਨਾਂ ਦੀ ਕਟੌਤੀ ਦੇ ਨਾਲ-ਨਾਲ ਮਜ਼ਦੂਰਾਂ ਦੀ ਏਕਤਾ ਨੂੰ ਤੋੜਨ ਲਈ ਜਾਤ-ਪਾਤ ਤੇ ਧਰਮ ਦੇ ਨਾਂ 'ਤੇ ਵੰਡਣ ਦੇ ਯਤਨ ਕੀਤੇ ਜਾ ਰਹੇ ਹਨ। ਸੋਹਣ ਸਿੰਘ ਰੰਧਾਵਾ ਨੇ ਕਿਹਾ ਕਿ ਮਈ ਦਿਵਸ ਵਿਸ਼ਵ ਦਾ ਇੱਕੋ ਇੱਕ ਅਜਿਹਾ ਤਿਉਹਾਰ ਹੈ, ਜੋ ਸਮੁੱਚੇ ਵਿਸ਼ਵ ਦੇ ਮਜ਼ਦੂਰਾਂ ਵੱਲੋਂ ਮਿਲ ਕੇ ਮਨਾਇਆ ਜਾਂਦਾ ਹੈ। ਕਾ: ਵਿਜੈ ਢੂੱਕੜਾ ਨੇ ਕਿਹਾ ਕਿ ਭਾਰਤ ਵਿੱਚ ਕੇਂਦਰ ਸਰਕਾਰ ਨੇ ਸਾਰੇ ਕਿਰਤ ਕਾਨੂੰਨਾਂ ਨੂੰ ਸਰਮਾਏਦਾਰਾਂ ਦੇ ਹੱਕ ਵਿੱਚ ਕਰਨ ਦਾ ਕੰਮ ਕੀਤਾ ਹੈ। ਕਾਮਰੇਡ ਰਾਜ ਕੁਮਾਰ ਸ਼ੇਖੂਪੁਰੀਆ ਨੇ ਕਿਹਾ ਕਿ ਇਸ ਮੌਕੇ ਸਾਨੂੰ ਇਹ ਪ੍ਰਣ ਲੈਣਾ ਚਾਹੀਦਾ ਹੈ ਕਿ ਮਜ਼ਦੂਰ ਜਮਾਤ ਦੀ ਏਕਤਾ ਤੇ ਅਖੰਡਤਾ ਨੂੰ ਤੋੜਨ ਵਾਲੀਆਂ ਫਿਰਕੂ ਤੇ ਫਾਸ਼ੀਵਾਦੀ ਤਾਕਤਾਂ ਨੂੰ ਨੱਥ ਪਾਈ ਜਾਵੇਗੀ।ਮਾਸਟਰ ਕੁਲਦੀਪ ਸਿੰਘ ਵੱਲੋਂ ਕ੍ਰਾਂਤੀਕਾਰੀ ਗੀਤ ਪੇਸ਼ ਕੀਤੇ। ਇਸ ਸਮਾਗਮ ਨੂੰ ਸੰਬੋਧਨ ਕਰਨ ਵਾਲਿਆਂ ਵਿੱਚ ਐਡਵੋਕੇਟ ਬਲਵੀਰ ਕੌਰ ਗਾਂਧੀ, ਮਾਸਟਰ ਵੀਰ ਸਿੰਘ, ਅਸ਼ੋਕ ਪਟਵਾਰੀ, ਪ੍ਰਿਥਵੀ ਸਿੰਘ ਚਾਹਰ, ਬਾਬੂ ਲਾਲ, ਸੁਖਦੇਵ ਸਿੰਘ, ਅਜੈ ਪਾਸ਼ੀ, ਅਵਿਨਾਸ਼ ਕੰਬੋਜ, ਮਾਸਟਰ ਚਿਰੰਜੀ ਲਾਲ, ਕ੍ਰਿਸ਼ਨ ਦੇਵੀ ਟੋਨੀ ਸਾਗੂ, ਕਾ: ਤਿਲਕ ਰਾਜ ਵਿਨਾਇਕ ਨੇ ਵੀ ਸੰਬੋਧਨ ਕੀਤਾ।

# ਮਾਤਾ ਸੁੰਦਰੀ ਸਕੂਲ ਢੱਡੇ ਦੀ ਜਸ਼ਨਪ੍ਰੀਤ ਮੈਰਿਟ 'ਚ

ਰਾਮਪੁਰਾ ਫੂਲ (ਦਰਸ਼ਨ ਜਿੰਦਲ)

ਮਾਤਾ ਸੁੰਦਰੀ ਸੀਨੀਅਰ ਸੈਕੰਡਰੀ ਸਕੂਲ ਢੱਡੇ ਦੀ ਬਾਰ੍ਹਵੀਂ ਜਮਾਤ ਦੀ ਵਿਦਿਆਰਥਣ ਜਸ਼ਨਪ੍ਰੀਤ ਕੌਰ ਸਪੁੱਤਰੀ ਰੇਸ਼ਮ ਸਿੰਘ ਪਿੰਡ ਖੋਖਰ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਐਲਾਨੇ ਨਤੀਜੇ ਵਿੱਚ 500 ਅੰਕਾਂ ਵਿੱਚੋਂ 488 ਅੰਕ ਹਾਸਲ ਕਰਕੇ 97.69 ਪ੍ਰਤੀਸ਼ਤ ਨੰਬਰਾਂ ਨਾਲ ਪੂਰੇ ਪੰਜਾਬ ਵਿੱਚੋਂ 13ਵਾਂ ਰੈਂਕ ਹਾਸਲ ਕਰਕੇ ਆਪਣਾ ਨਾਮ ਬੋਰਡ ਦੀ ਮੈਰਿਟ ਸੂਚੀ ਵਿੱਚ ਦਰਜ ਕਰਵਾ ਕੇ ਆਪਣੀ ਸੰਸਥਾ, ਮਾਪਿਆਂ ਤੇ ਪਿੰਡ ਦਾ ਨਾਂ ਉੱਚਾ ਕੀਤਾ ਹੈ।ਇਸ ਮੌਕੇ ਖੁਸ਼ੀ ਦੇ ਪਲਾਂ ਦੀ ਸਾਂਝ ਪਾਉਂਦੇ ਹੋਏ ਸੰਸਥਾ ਦੇ ਚੇਅਰਮੈਨ ਕੁਲਵੰਤ ਸਿੰਘ ਸਿੱਧੂ ਤੇ ਮੈਨੇਜਿੰਗ ਡਾਇਰੈਕਟਰ ਗੁਰਬਿੰਦਰ ਸਿੰਘ ਸਿੱਧੂ ਨੇ ਖੁਸ਼ੀ ਪ੍ਰਗਟ ਕਰਦਿਆਂ ਇਸ ਵਿਦਿਆਰਥਣ, ਉਸ ਦੇ ਮਾਪਿਆਂ ਤੇ ਅਧਿਆਪਕਾਂ ਨੂੰ ਮੁਬਾਰਕਬਾਦ ਦਿੱਤੀ ਅਤੇ ਆਸ ਪ੍ਰਗਟਾਈ ਕਿ ਇਹ ਵਿਦਿਆਰਥਣ ਇਸੇ ਤਰ੍ਹਾਂ ਹੀ ਆਉਣ ਵਾਲੀਆਂ ਕਲਾਸਾਂ ਵਿੱਚ ਵੀ ਮੱਲਾਂ ਮਾਰਦੀ ਰਹੇਗੀ।




ਇਸ ਮੌਕੇ ਸੰਸਥਾ ਵਿੱਚ ਪਹੁੰਚਣ 'ਤੇ ਜਸ਼ਨਪ੍ਰੀਤ ਕੌਰ ਤੇ ਉਸ ਦੇ ਮਾਪਿਆਂ ਦਾ ਸੰਸਥਾ ਦੀ ਮੈਨੇਜਮੈਂਟ, ਪ੍ਰਿੰਸੀਪਲ, ਅਧਿਆਪਕਾਂ ਤੇ ਵਿਦਿਆਰਥੀਆਂ ਨੇ ਭਰਵਾਂ ਸਵਾਗਤ ਕੀਤਾ।ਡਾਇਰੈਕਟਰ ਐਡਮਨਿਸਟ੍ਰੇਸ਼ਨ ਪਰਮਿੰਦਰ ਸਿੰਘ ਸਿੱਧੂ ਨੇ ਕਿਹਾ ਕਿ ਸਾਨੂੰ ਵਿਦਿਆਰਥਣ ਜਸ਼ਨਪ੍ਰੀਤ ਕੌਰ ਦੇ ਮੈਰਿਟ ਸੂਚੀ ਵਿੱਚ ਆਉਣ 'ਤੇ ਬਹੁਤ ਖੁਸ਼ੀ ਹੈ ਤੇ ਅਗਲੇਰੀ ਪੜ੍ਹਾਈ ਲਈ ਸੰਸਥਾ ਇਸ ਵਿਦਿਆਰਥਣ ਨੂੰ ਵਿਸ਼ੇਸ਼ ਸਕਾਲਰਸ਼ਿਪ ਜਾਰੀ ਕਰੇਗੀ।ਪ੍ਰਿੰਸੀਪਲ ਰਾਜ ਸਿੰਘ ਬਾਘਾ ਨੇ ਕਿਹਾ ਕਿ ਉਹ ਤੇ ਉਨ੍ਹਾਂ ਦੇ ਸਾਥੀ ਅਧਿਆਪਕਾਂ ਦੀ ਟੀਮ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਲਈ ਦਿਨ-ਰਾਤ ਮਿਹਨਤ ਕਰ ਰਹੀ ਹੈ, ਜਿਸ ਸਦਕਾ ਇੰਨੇ ਵਧੀਆ ਨਤੀਜੇ ਹਾਸਲ ਹੋਏ ਹਨ।ਮੈਡਮ ਪ੍ਰਸ਼ੋਤਮ ਕੌਰ ਖਜ਼ਾਨਚੀ, ਮੈਡਮ ਸਿੰਬਲਜੀਤ ਕੌਰ ਡਾਇਰੈਕਟਰ ਤੇ ਦੀ ਪੋਲਰ ਸਟਾਰ ਸਕੂਲ ਢੱਡੇ ਦੇ ਪ੍ਰਿੰਸੀਪਲ ਕੰਵਰਦੀਪ ਸਿੰਘ ਨੇ ਵੀ ਮੈਰਿਟ ਸੂਚੀ ਵਿੱਚ ਆਉਣ ਵਾਲੀ ਵਿਦਿਆਰਥਣ ਨੂੰ ਸ਼ੁਭ-ਇੱਛਾਵਾਂ ਦਿੱਤੀਆਂ।ਇਸ ਮੌਕੇ ਪ੍ਰੋ. ਜਸਵਿੰਦਰ ਸਿੰਘ, ਪ੍ਰੋ. ਗੁਰਕੀਰਤ ਸਿੰਘ, ਪ੍ਰੋ. ਅਸ਼ੀਸ਼ ਤਿਵਾੜੀ, ਪ੍ਰੋ. ਸ਼ਾਮ ਲਾਲ, ਪ੍ਰੋ. ਜਗਜੀਤ ਸਿੰਘ, ਪ੍ਰੋ. ਰਵਿੰਦਰ ਸ਼ਰਮਾ, ਪ੍ਰੋ. ਰਾਜਵਿੰਦਰ ਕੌਰ, ਪ੍ਰੋ. ਅਮਨਦੀਪ ਸ਼ਰਮਾ, ਪ੍ਰੋ. ਹਰਸ਼ ਰਾਣੀ, ਪ੍ਰੋ. ਸਤਬੀਰ ਕੌਰ, ਪ੍ਰੋ. ਗਗਨਦੀਪ ਕੌਰ, ਪ੍ਰੋ. ਸਿਮਰਜੀਤ ਕੌਰ, ਪ੍ਰੋ. ਰਣਜੀਤ ਕੌਰ, ਪ੍ਰੋ. ਅਮਨਦੀਪ ਕੌਰ ਆਦਿ ਹਾਜ਼ਰ ਸਨ।

# ਹਲਕਾਵਾਰ ਵੰਡ ਲਈ ਈ ਵੀ ਐੱਮ ਤੇ ਵੀ ਵੀ ਪੈਟ ਮਸ਼ੀਨਾਂ ਦੀ ਪਹਿਲੀ ਰੈਂਡਮਾਈਜ਼ੇਸ਼ਨ



**ਜਲੰਧਰ ( ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)**:-ਲੋਕ ਸਭਾ ਚੋਣਾਂ-2024 ਦੌਰਾਨ 1 ਜੂਨ ਨੂੰ ਵੋਟਾਂ ਵਾਲੇ ਦਿਨ ਵਰਤੀਆਂ ਜਾਣ ਵਾਲੀਆਂ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ (ਈ ਵੀ ਐਮਜ਼) ਅਤੇ ਵੀ ਵੀ ਪੈਟ ਮਸ਼ੀਨਾਂ ਦੀ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੀ ਨਿਗਰਾਨੀ ਹੇਠ ਪਹਿਲੀ ਰੈਂਡਮਾਈਜ਼ੇਸ਼ਨ ਕਰਵਾਈ ਗਈ।ਇਸ ਮੌਕੇ ਵੱਖ-ਵੱਖ ਸਿਆਸੀ ਪਾਰਟੀਆਂ ਦੇ ਨੁਮਾਇੰਦੇ ਵੀ ਮੌਜੂਦ ਸਨ, ਜਿਨ੍ਹਾਂ ਨੂੰ ਵਿਧਾਨ ਸਭਾ ਹਲਕਾਵਾਰ ਅਲਾਟ ਕੀਤੀਆਂ ਗਈਆਂ ਈ ਵੀ ਐਮਜ਼ ਅਤੇ ਵੀ ਪੀ ਪੈਟ ਮਸ਼ੀਨਾਂ ਦੀਆਂ ਤਸਦੀਕਸ਼ੁਦਾ ਸੂਚੀਆਂ ਪ੍ਰਦਾਨ ਕੀਤੀਆਂ ਗਈਆਂ।ਇਸ ਮੌਕੇ ਜ਼ਿਲ੍ਹਾ ਚੋਣ ਅਫ਼ਸਰ ਨੇ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਕੁੱਲ 2442 ਬੈਲਟ ਯੂਨਿਟ, 2442 ਕੰਟਰੋਲ ਯੂਨਿਟ ਅਤੇ 2637 ਵੀ ਵੀ ਪੈਟ (ਰਿਜ਼ਰਵ ਸਮੇਤ) ਦੀ ਹਲਕਾਵਾਰ ਵੰਡ ਲਈ ਰੈਂਡਮਾਈਜ਼ੇਸ਼ਨ ਦੀ ਪ੍ਰਕਿਰਿਆ ਐਨ ਆਈ ਸੀ ਦੇ ਈ ਐਮ ਐਸ ਸਾਫਟਵੇਅਰ ਰਾਹੀਂ ਅਮਲ ਵਿੱਚ ਲਿਆਂਦੀ ਗਈ ਹੈ। ਉਨ੍ਹਾਂ ਦੱਸਿਆ ਕਿ ਵਿਧਾਨ ਸਭਾ ਹਲਕਾ ਫਿਲੌਰ ਲਈ 302 ਬੈਲਟ ਯੂਨਿਟ, 302 ਕੰਟਰੋਲ ਯੂਨਿਟ ਅਤੇ 326 ਵੀ ਵੀ ਪੈਟ ਮਸ਼ੀਨਾਂ ਅਲਾਟ ਕੀਤੀਆਂ ਗਈਆਂ ਹਨ। ਇਸੇ ਤਰ੍ਹਾਂ ਨਕੋਦਰ ਲਈ 315 ਬੈਲਟ ਯੂਨਿਟ, 315 ਕੰਟਰੋਲ ਯੂਨਿਟ ਅਤੇ 340 ਵੀ ਵੀ ਪੈਟ, ਹਲਕਾ ਸ਼ਾਹਕੋਟ ਲਈ 312 ਬੈਲਟ ਯੂਨਿਟ, 312 ਕੰਟਰੋਲ ਯੂਨਿਟ ਅਤੇ 337 ਵੀ ਵੀ ਪੈਟ, ਕਰਤਾਰਪੁਰ ਲਈ 283 ਬੈਲਟ ਯੂਨਿਟ, 283 ਕੰਟਰੋਲ ਯੂਨਿਟ ਅਤੇ 305 ਵੀ ਵੀ ਪੈਟ ਅਤੇ ਹਲਕਾ ਆਦਮਪੁਰ ਲਈ 263 ਬੈਲਟ ਯੂਨਿਟ, 263 ਕੰਟਰੋਲ ਯੂਨਿਟ ਅਤੇ 284 ਵੀ ਵੀ ਪੈਟ ਮਸ਼ੀਨਾਂ ਅਲਾਟ ਕੀਤੀਆਂ ਗਈਆਂ ਹਨ।

ਵਿਧਾਨ ਸਭਾ ਹਲਕਾ ਜਲੰਧਰ ਪੱਛਮੀ ਲਈ 228 ਬੈਲਟ ਯੂਨਿਟ, 228 ਕੰਟਰੋਲ ਯੂਨਿਟ, 246 ਵੀ.ਵੀ.ਪੈਟ, ਜਲੰਧਰ ਕੇਂਦਰੀ ਲਈ 232 ਬੈਲਟ ਯੂਨਿਟ, 232 ਕੰਟਰੋਲ ਯੂਨਿਟ ਅਤੇ 251 ਵੀ.ਵੀ.ਪੈਟ, ਜਲੰਧਰ ਉੱਤਰੀ ਲਈ 244 ਬੈਲਟ ਯੂਨਿਟ, 244 ਕੰਟਰੋਲ ਯੂਨਿਟ ਅਤੇ 264 ਵੀ.ਵੀ.ਪੈਟ ਅਤੇ ਵਿਧਾਨ ਸਭਾ ਹਲਕਾ ਜਲੰਧਰ ਛਾਉਣੀ ਲਈ 263 ਬੈਲਟ ਯੂਨਿਟ, 263 ਕੰਟਰੋਲ ਯੂਨਿਟ ਅਤੇ 284 ਵੀ.ਵੀ.ਪੈਟ ਮਸ਼ੀਨਾਂ ਅਲਾਟ ਕੀਤੀਆਂ ਗਈਆਂ ਹਨ।

ਉਨ੍ਹਾਂ ਦੱਸਿਆ ਕਿ ਇਨ੍ਹਾਂ ਵਿੱਚੋਂ 20 ਫੀਸਦੀ ਬੈਲਟ ਯੂਨਿਟ, 20 ਫੀਸਦੀ ਕੰਟਰੋਲ ਯੂਨਿਟ ਅਤੇ 30 ਫੀਸਦੀ ਵੀ.ਵੀ.ਪੈਟ ਮਸ਼ੀਨਾਂ ਵਿਧਾਨ ਸਭਾ ਹਲਕਾ ਵਾਰ ਰਾਖਵੀਆਂ ਰੱਖੀਆਂ ਜਾਣਗੀਆਂ।

ਡਾ. ਹਿਮਾਂਸ਼ੂ ਨੇ ਅੱਗੇ ਦੱਸਿਆ ਕਿ ਰੈਂਡਮਾਈਜ਼ੇਸ਼ਨ ਤੋਂ ਬਾਅਦ ਪ੍ਰਾਪਤ ਸੂਚੀ ਅਨੁਸਾਰ 3 ਤੋਂ 10 ਮਈ ਤੱਕ ਸੈਗਰੀਗੇਸ਼ਨ ਉਪਰੰਤ ਇਨ੍ਹਾਂ ਮਸ਼ੀਨਾਂ ਦੀ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਦੀ ਮੌਜੂਦਗੀ ਵਿੱਚ 13 ਤੋਂ 17 ਮਈ ਤੱਕ ਜ਼ਿਲ੍ਹਾ ਵੇਅਰ ਹਾਊਸ ਤੋਂ ਹਲਕਾ ਵਾਰ ਸਹਾਇਕ ਰਿਟਰਨਿੰਗ ਅਫ਼ਸਰਾਂ ਨੂੰ ਵੰਡ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਸਮੂਹ ਸਹਾਇਕ ਰਿਟਰਨਿੰਗ ਅਫ਼ਸਰਾਂ ਵੱਲੋਂ ਇਹ ਮਸ਼ੀਨਾਂ ਪ੍ਰੀ-ਪੋਲ ਈ.ਵੀ.ਐਮ. ਸਟਰਾਂਗ ਰੂਮ ਵਿੱਚ ਰੱਖੀਆਂ ਜਾਣਗੀਆਂ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਵੋਟਿੰਗ ਮਸ਼ੀਨਾਂ ਦੀ ਬੂਥਵਾਰ ਵੰਡ ਲਈ ਦੂਜੀ ਰੈਂਡਮਾਈਜ਼ੇਸ਼ਨ 18 ਮਈ ਨੂੰ ਹੋਵੇਗੀ ਅਤੇ ਲੋਕ ਸਭਾ ਚੋਣ ਲੜ ਰਹੇ ਉਮੀਦਵਾਰਾਂ ਦੀ ਸੂਚੀ ਫਾਈਨਲ ਹੋਣ ਉਪਰੰਤ 21 ਤੇ 22 ਮਈ ਨੂੰ ਮਸ਼ੀਨਾਂ ਦੀ ਤਿਆਰੀ ਮੁਕੰਮਲ ਕਰਵਾਈ ਜਾਵੇਗੀ।

## ਨੁੱਕੜ ਮੀਟਿੰਗਾਂ ਰੈਲੀਆਂ ਦਾ ਰੂਪ ਧਾਰਨ ਕਰ ਰਹੀਆਂ : ਚੰਦੂਮਾਜਰਾ



**ਸ਼੍ਰੀ ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੌਬੀ)** ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਅਨੰਦਪੁਰ ਸਾਹਿਬ ਤੋਂ ਉਮੀਦਵਾਰ ਪ੍ਰੋ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਸਬਾ ਬੇਲਾ, ਪਿੰਡ ਰਾਏਪੁਰ ਅਤੇ ਬਸੀ ਗੁੱਜਰਾਂ ਵਿਖੇ ਭਰਵੀਂ ਚੋਣ ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਦੇ ਹਰ ਪਿੰਡ ਅਤੇ ਸ਼ਹਿਰ ਵਿਚ ਮੁੱਖ ਮੰਤਰੀ ਭਗਵੰਤ ਮਾਨ ਅਤੇ ਇਨ੍ਹਾਂ ਦੇ ਵਿਧਾਇਕਾਂ ਦੇ ਹੋ ਰਹੇ ਵਿਰੋਧ ਤੋਂ ਆਪ ਦੇ ਆਗੂਆਂ ਵਿੱਚ ਬੁਖਲਾਹਟ ਛਿੜੀ ਹੋਈ ਹੈ।ਉਨ੍ਹਾਂ ਕਿਹਾ ਕਿ ਅਕਾਲੀ ਦਲ ਦੀਆਂ ਪਿੰਡਾਂ ਵਿਚ ਨੁੱਕੜ ਮੀਟਿੰਗਾਂ ਰੈਲੀਆਂ ਦਾ ਰੂਪ ਧਾਰਨ ਕਰ ਰਹੀਆਂ ਹਨ ਅਤੇ ਆਪ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਨੇ ਸਕੀਮਾਂ ਚਲਾਈਆਂ ਸਨ, ਉਨ੍ਹਾਂ ਸਕੀਮਾਂ ਨੂੰ ਆਪ ਦੀ ਸਰਕਾਰ ਵੱਲੋਂ ਬੰਦ ਕਰਕੇ ਲੋਕਾਂ ਨਾਲ ਧਰੋਹ ਕਮਾਇਆ ਹੈ, ਜਿਸ ਦਾ ਨਤੀਜਾ ਹੁਣ ਪੰਜਾਬ ਦੇ ਲੋਕ 1 ਜੂਨ ਨੂੰ ਹੋ ਰਹੀਆਂ ਲੋਕ ਸਭਾ ਦੀਆਂ ਚੋਣਾਂ ਵਿਚ ਦੇਣਗੇ।ਇਸ ਮੌਕੇ ਹਲਕਾ ਇੰਚਾਰਜ ਕਰਨ ਸਿੰਘ ਡੀਟੀਓ, ਅਮਨਦੀਪ ਸਿੰਘ ਮਾਂਗਟ, ਪਰਮਜੀਤ ਸਿੰਘ ਲੱਖੇਵਾਲ, ਬਲਦੇਵ ਸਿੰਘ ਹਾਫਿਜ਼ਾਬਾਦ, ਲਖਵੀਰ ਸਿੰਘ ਲੱਖੀ, ਬਾਈ ਪਰਮਿੰਦਰ ਸਿੰਘ ਸੇਖੋਂ, ਸੂਬੇਦਾਰ ਅਮਰੀਕ ਸਿੰਘ, ਜਸਪਾਲ ਸਿੰਘ ਅਤੇ ਨੰਬਰਦਾਰ ਅਮਰੀਕ ਸਿੰਘ ਆਦਿ ਹਾਜ਼ਰ ਸਨ।

ਮੁਹਾਰੇ ਲੋਕ ਤੇ ਨੌਜਵਾਨ ਵਰਗ ਅਕਾਲੀ ਦਲ ਨਾਲ ਜੁੜ ਰਿਹਾ ਹੈ।ਉਨ੍ਹਾਂ ਕਿਹਾ ਕਿ ਅਕਾਲੀ ਦਲ ਦੀਆਂ ਮੀਟਿੰਗਾਂ ਅਤੇ ਪੰਜਾਬ ਬਚਾਓ ਯਾਤਰਾ ਵਿਚ ਹੋ ਰਹੇ ਇਕੱਠ ਆਪ ਸਰਕਾਰ ਦੇ ਪਤਨ ਦੀ ਨਿਸ਼ਾਨੀ ਹੈ।ਉਨ੍ਹਾਂ ਕਿਹਾ ਜੋ ਪੰਜਾਬ ਦੇ ਲੋਕਾਂ ਲਈ

## ਦੁਕਾਨਦਾਰ ਐਸੋਸੀਏਸ਼ਨ ਦੀ ਮੀਟਿੰਗ 'ਚ ਲਾਡੀ ਪ੍ਰਧਾਨ ਨਿਯੁਕਤ



**ਨਵਾਂਸ਼ਹਿਰ ( ਮਨੋਜ ਲਾਡੀ)** : ਦੁਕਾਨਦਾਰ ਐਸੋਸੀਏਸ਼ਨ ਗੀਤਾ ਭਵਨ ਰੋਡ ਨਵਾਂਸ਼ਹਿਰ ਦੀ ਮੀਟਿੰਗ ਹੋਈ, ਜਿਸ ਵਿੱਚ ਸਮੁੱਚੀ ਕਮੇਟੀ ਵੱਲੋਂ ਮਨੋਜ ਕੁਮਾਰ ਲਾਡੀ ਨੂੰ ਐਸੋਸੀਏਸ਼ਨ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ। ਇਸੇ ਤਰ੍ਹਾਂ ਗੋਪਾਲ ਸ਼ਾਰਦਾ ਨੂੰ ਚੇਅਰਮੈਨ, ਸਰਬਜੀਤ ਸਿੰਘ ਬਡਵਾਲ ਅਤੇ ਜਸਪਾਲ ਕੋਹਲੀ ਨੂੰ ਮੀਤ ਪ੍ਰਧਾਨ, ਸੂਰਜ ਲਾਲੀ ਨੂੰ ਕੈਸ਼ੀਅਰ, ਦਿਨੇਸ਼ ਸਰੀਨ ਨੂੰ ਸਕੱਤਰ ਅਤੇ ਸਤੀਸ਼ ਗਾਬਾ ਨੂੰ ਹੈਪੀ ਖਾਲਸਾ ਨੂੰ ਕਾਰਜਕਾਰਨੀ ਦਾ ਮੈਂਬਰ ਨਿਯੁਕਤ ਕੀਤਾ ਗਿਆ।ਨਵੇਂ ਪ੍ਰਧਾਨ ਮਨੋਜ ਲਾਡੀ ਉਨ੍ਹਾਂ ਸਮੂਹ ਮੈਂਬਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਸੌਂਪੀ ਗਈ ਜ਼ਿੰਮੇਵਾਰੀ ਨੂੰ ਉਹ ਪੂਰੀ ਤਨਦੇਹੀ ਨਾਲ ਨਿਭਾਉਣਗੇ ਅਤੇ ਐਸੋਸੀਏਸ਼ਨ ਦੇ ਹਿੱਤਾਂ ਦਾ ਖਿਆਲ ਰੱਖਿਆ ਜਾਵੇਗਾ।

## ਉੱਤਮ ਚੰਦ ਨੂੰ ਨਮ ਅੱਖਾਂ ਨਾਲ ਅੰਤਮ ਵਿਦਾਇਗੀ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਪਿੰਡ ਹਰੀਪੁਰ ਦੇ ਉੱਘੇ ਸਮਾਜ ਸੇਵਕ ਅਤੇ ਪੰਜਾਬ ਪੈਨਸ਼ਨ ਯੂਨੀਅਨ ਜ਼ਿਲ੍ਹਾ ਜਲੰਧਰ ਦੇ ਚੇਅਰਮੈਨ ਉਤਮ ਚੰਦ ਵਾਸੀ ਪਿੰਡ ਹਰੀਪੁਰ (ਆਦਮਪੁਰ) ਦਾ ਬੀਤੀ ਦਿਨੀ ਦੇਹਾਂਤ ਹੋ ਗਿਆ ਸੀ।ਜਿਨ੍ਹਾਂ ਨੂੰ ਵੀਰਵਾਰ ਨਮ ਅੱਖਾਂ ਨਾਲ ਅੰਤਿਮ ਵਿਦਾਇਗੀ ਦਿੱਤੀ ਗਈ।ਇਸ ਮੌਕੇ ਦੁੱਖ ਦੀ ਘੜੀ ਵਿਚ ਇਲਾਕੇ ਭਰ ਤੋਂ ਵੱਖ ਵੱਖ ਪ੍ਰਮੁੱਖ ਧਾਰਮਿਕ ਸਖਸ਼ੀਅਤਾਂ, ਅਹੁਦੇਦਾਰਾਂ, ਸਿਆਸੀ ਪਾਰਟੀਆਂ ਦੇ ਆਗੂਆਂ ਨੇ ਪਰਵਾਰ ਨਾਲ ਦੁੱਖ ਸਾਂਝਾ ਕੀਤਾ।ਇਸ ਮੌਕੇ ਪੰਜਾਬ ਪੈਨਸ਼ਨ ਯੂਨੀਅਨ ਜਿਲ੍ਹਾ ਜਲੰਧਰ ਦੇ ਸਾਥੀਆਂ ਨੇ ਵੱਡੀ ਗਿਣਤੀ 'ਚ ਪਹੁੰਚ ਕੇ ਪਰਵਾਰ ਨਾਲ ਦੁੱਖ ਸਾਂਝਾ ਕੀਤਾ। ਜਿਨ੍ਹਾਂ 'ਚ ਸੂਬੇ ਪ੍ਰਧਾਨ ਜਗਦੀਸ਼ ਸਿੰਘ ਚਾਹਲ, ਜਨ. ਸਕੱਤਰ ਪ੍ਰੇਮ ਚਾਵਲਾ, ਐਕਟਿੰਗ ਚੇਅਰਮੈਨ ਅਵਤਾਰ ਸਿੰਘ, ਸੀਨੀ. ਮੀਤ ਪ੍ਰਧਾਨ ਜਗਤਾਰ ਸਿੰਘ ਭੁੰਗਰਨੀ, ਜਿਲ੍ਹਾ ਜਨ. ਸਕੱਤਰ ਵਿਜੇ ਸ਼ਰਮਾਂ, ਸੀਨੀ. ਮੀਤ ਪ੍ਰਧਾਨ ਦਵਿੰਦਰਪਾਲ ਸਿੰਘ, ਰੋਡਵੇਜ ਯੂਨੀਅਨ ਆਗੂ ਜਗੀਰ ਸਿੰਘ ਬਾਜਵਾ, ਦੋਆਬਾ ਜਨਰਲ ਕੈਟਾਗਰੀ ਫਰੰਟ ਦੇ ਪ੍ਰਧਾਨ ਬਲਵੀਰ ਸਿੰਘ ਫੁੱਗਲਾਣਾ, ਸਕੱਤਰ ਸੰਤੋਖ ਸਿੰਘ ਜਲੰਧਰ, ਬਲਵਿੰਦਰ ਸਿੰਘ ਮੁਲਤਾਨੀ ਜਲੰਧਰ, ਹਰਿੰਦਰ ਸਿੰਘ ਮੁੱਖ ਸਲਾਹਕਾਰ, ਸੰਤੋਖ ਸਿੰਘ ਕੈਸ਼ੀਅਰ, ਸੁਰਜੀਤ ਕੁਮਾਰ, ਕਿਸ਼ਨ ਦਾਸ ਆਦਿ ਹਾਜ਼ਰ ਸਨ।ਅੰਤਿਮ ਅਰਦਾਸ 11 ਮਈ ਦਿਨ ਸ਼ਨੀਵਾਰ ਨੂੰ ਉਨ੍ਹਾਂ ਦੇ ਜੱਦੀ ਪਿੰਡ ਹਰੀਪੁਰ ਵਿਖੇ ਕੀਤੀ ਜਾਵੇਗੀ।

## ਪ੍ਰਵਾਸੀ ਭਾਰਤੀ ਬਲਵੀਰ ਸਿੰਘ ਹੁੰਦਲ ਵਤਨ ਪਰਤੇ



**ਕਾਲਾ ਸੰਘਿਆਂ (ਮਨਜੀਤ ਮਾਨ)** ਅਮਰੀਕਾ ਦੇ ਉੱਘੇ ਕਾਰੋਬਾਰੀ ਅਤੇ ਸੱਭਿਆਚਾਰ ਪ੍ਰਮੋਟਰ ਅਤੇ ਟਰਾਂਸਪੋਟਰ ਬਲਵੀਰ ਸਿੰਘ ਹੁੰਦਲ ਬੀਤੇ ਦਿਨੀ ਟਾਂਡਾ (ਹੁਸ਼ਿਆਰਪੁਰ) ਪੰਜਾਬ ਪਹੁੰਚੇ।ਵਰਨਣਯੋਗ ਹੈ ਕਿ ਬਲਵੀਰ ਸਿੰਘ ਹੁੰਦਲ ਥੀਏਟਰ ਦੇ ਮਾਣਮੱਤੇ ਆਰਟਿਸਟ ਹਨ।ਜਿਨ੍ਹਾਂ ਨੇ ਪ੍ਰਸਿੱਧ ਨਾਟਕਕਾਰ ਭਾਈ ਮੰਨਾ ਸਿੰਘ ਨਾਲ ਬਹੁਤ ਸਾਥ ਦਿੱਤਾ।ਨਵਰੰਗ ਕਲਾ ਮੰਚ ਭੋਗਪੁਰ ਦੇ ਮੇਲਿਆਂ ਵਿੱਚ ਖੇਡੇ ਜਾਂਦੇ ਨਾਟਕਾਂ ਦੇ ਡਾਇਰੈਕਟਰ ਤੌਰ 'ਤੇ ਯੋਗਦਾਨ ਪਾਇਆ।ਖੁਦ ਨਾਮਵਰ ਗਾਇਕ ਕਲਾਕਾਰਾਂ ਨਾਲ ਗਾਇਆ ਤੇ ਸਟੇਜ ਸਕੱਤਰੀ ਕੀਤੀ।ਜਾਜ਼ਾ ਬਾਈਪਾਸ ਵਿਖੇ ਹੁੰਦਲ ਪਲਾਜ਼ਾ ਖੋਲਿਆ । ਜਿੱਥੇ ਯੰਮੀ ਕਿਚਨ ਅਤੇ ਤੰਦੂਰੀ 7 ਬ੍ਰਾਂਚਾਂ ਹਨ।

## ਹਰਦੀਪ ਕੌਰ ਨੇ ਮੁੱਖ ਚੋਣ ਅਧਿਕਾਰੀ ਨਾਲ ਕੀਤੀ ਮੁਲਾਕਾਤ

**ਮੋਹਾਲੀ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)** ਇਸ ਵੋਟ ਪ੍ਰਤੀਸ਼ਤਤਾ ਵਧਾਉਣ ਲਈ ਚੋਣ ਕਮਿਸ਼ਨ ਵੱਲੋਂ ਚਲਾਏ ਜਾ ਰਹੇ ਸਵੀਪ ਪ੍ਰੋਗਰਾਮਾਂ ਵਿੱਚ ਦਿਸ਼ਾ ਵੋਮੈਨ ਵੈੱਲਫੇਅਰ ਟਰੱਸਟ ਵੀ ਭਾਗੀਦਾਰ ਬਣੇਗਾ।ਟਰੱਸਟ ਪੰਜਾਬ ਦੀਆਂ ਪੇਂਡੂ ਔਰਤਾਂ ਨੂੰ ਉਨ੍ਹਾਂ ਦੇ ਵੋਟ ਦੇ ਅਧਿਕਾਰ ਪ੍ਰਤੀ ਜਾਗਰੂਕ ਕਰੇਗਾ।ਇਸ ਦੇ ਲਈ ਪੰਜਾਬ ਦੇ ਪੇਂਡੂ ਖੇਤਰਾਂ ਵਿੱਚ ਮਹਿਲਾ ਪੰਚਾਇਤਾਂ ਦਾ ਗਠਨ ਕੀਤਾ ਜਾਵੇਗਾ।ਟਰੱਸਟ ਦੀ ਪੰਜਾਬ ਪ੍ਰਧਾਨ ਹਰਦੀਪ ਕੌਰ ਨੇ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨਾਲ ਮੁਲਾਕਾਤ ਕਰਨ ਉਪਰੰਤ ਦੱਸਿਆ ਕਿ ਦਿਸ਼ਾ ਵੂਮੈਨ ਵੈਲਫੇਅਰ ਟਰੱਸਟ ਦੀਆਂ ਮਹਿਲਾ ਵਰਕਰਾਂ ਵੱਲੋਂ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਵੋਟਾਂ ਸਬੰਧੀ ਸਰਵੇ ਕੀਤਾ ਗਿਆ।ਜਿਸ ਰਾਹੀਂ ਇਹ ਗੱਲ ਸਾਹਮਣੇ ਆਈ ਕਿ ਦੇਸ਼ ਦੇ ਸਭ ਤੋਂ ਖੁਸ਼ਹਾਲ ਸੂਬੇ ਪੰਜਾਬ ਦੇ ਪੇਂਡੂ ਖੇਤਰਾਂ ਵਿੱਚ ਪੁਰਸ਼ ਇਹ ਫੈਸਲਾ ਕਰਦੇ ਹਨ ਕਿ ਘਰ ਦੀਆਂ ਔਰਤਾਂ ਨੇ ਕਿਸ ਨੂੰ ਵੋਟ ਪਾਉਣੀ ਹੈ। ਔਰਤਾਂ ਨੂੰ ਆਪਣੀ ਮਰਜ਼ੀ ਅਨੁਸਾਰ ਦੇਸ਼ ਦੀ ਸਰਕਾਰ ਚੁਣਨ ਦਾ ਅਧਿਕਾਰ ਵੀ ਨਹੀਂ ਹੈ।ਇਸ ਸਬੰਧੀ ਜਾਗਰੂਕਤਾ ਫੈਲਾਉਣ ਦੇ ਮੰਤਵ ਨਾਲ ਦਿਸ਼ਾ ਟਰੱਸਟ ਵੱਲੋਂ 'ਜਾਗ ਭੈਣੇ ਜਾਗ' ਮੁਹਿੰਮ ਤਹਿਤ ਪੇਂਡੂ ਔਰਤਾਂ ਦੇ ਹਿੱਤ ਵਿੱਚ ਮਹਿਲਾ ਪੰਚਾਇਤਾਂ ਦਾ ਆਯੋਜਨ ਕਰਨ ਦਾ ਫੈਸਲਾ ਕੀਤਾ ਗਿਆ ਹੈ। ਹਰਦੀਪ ਕੌਰ ਨੇ ਦੱਸਿਆ ਕਿ ਇਨ੍ਹਾਂ ਮਹਿਲਾ ਪੰਚਾਇਤਾਂ ਰਾਹੀਂ ਪੇਂਡੂ ਔਰਤਾਂ ਨੂੰ ਵੋਟ ਦੇ ਅਧਿਕਾਰ ਅਤੇ ਵੋਟ ਦੀ ਮਹੱਤਤਾ ਬਾਰੇ ਦੱਸਿਆ ਜਾਵੇਗਾ। ਵੋਮੈਨ ਐਕਟੀਵਿਸਟ ਹਰਦੀਪ ਕੌਰ ਨੇ ਦੱਸਿਆ ਕਿ ਇਸ ਦੇ ਲਈ ਪੰਜਾਬ ਦੀ ਸਿਆਸੀ ਰਾਜਧਾਨੀ ਵਜੋਂ ਮਸ਼ਹੂਰ ਸਿਲੀਕਾਨ ਸਿਟੀ ਮੋਹਾਲੀ, ਰਾਇਲ ਸਿਟੀ ਪਟਿਆਲਾ ਵਿੱਚ ਮਹਿਲਾ ਪੰਚਾਇਤਾਂ ਦਾ ਆਯੋਜਨ ਕੀਤਾ ਜਾਵੇਗਾ।ਉਨ੍ਹਾਂ ਦੱਸਿਆ ਕਿ ਇਸ ਪ੍ਰੋਗਰਾਮ ਵਿੱਚ ਪ੍ਰਸ਼ਾਸਨ ਦੇ ਸਵੀਪ ਅਫ਼ਸਰਾਂ ਨੂੰ ਬੁਲਾਇਆ ਜਾਵੇਗਾ ਜਦਕਿ ਵੱਖ-ਵੱਖ ਸਿਆਸੀ ਪਾਰਟੀਆਂ ਦੇ ਮਹਿਲਾ ਸੈੱਲਾਂ ਦੀਆਂ ਜ਼ਿਲ੍ਹਾ ਪ੍ਰਧਾਨਾਂ ਨੂੰ ਬੁਲਾਇਆ ਜਾਵੇਗਾ।

## ਪਾਰਲੀਮੈਂਟ ਚੋਣਾਂ ਸੁਖਬੀਰ ਦੀ ਆਖਰੀ ਪਾਰੀ : ਬਰਸਟ

**ਚੰਡੀਗੜ੍ਹ (ਗੁਰਜੀਤ ਬਿੱਲਾ)** ਹਰਚੰਦ ਸਿੰਘ ਬਰਸਟ ਜਨਰਲ ਸਕੱਤਰ ਆਪ ਪੰਜਾਬ, ਚੇਅਰਮੈਨ ਪੰਜਾਬ ਮੰਡੀ ਬੋਰਡ ਨੇ ਕਿਹਾ ਕਿ ਪੰਜਾਬ ਵਿੱਚ 1997 ਤੋਂ 2002 ਤੱਕ, 2007 ਤੋਂ 2017 ਤੱਕ ਅਕਾਲੀ ਭਾਜਪਾ ਗਠਜੋੜ ਦੀ ਸਰਕਾਰ ਰਹੀ। ਇਸੇ ਸਮੇਂ ਹੀ ਪੰਜਾਬ ਦੇ ਆਰਥਿਕ ਸੋਮਿਆ ਦੀ ਬਰਬਾਦੀ ਕੀਤੀ ਗਈ।ਜੋ ਕਿ ਇਹਨਾਂ 15 ਸਾਲਾਂ 'ਚ ਇੱਕ ਰਿਕਾਰਡ ਹੈ।ਪੰਜਾਬ ਸਿਰ ਇਸੇ ਸਮੇਂ ਹੀ ਦੋ ਲੱਖ ਕਰੋੜ ਤੋਂ ਵੱਧ ਦਾ ਕਰਜ਼ਾ ਚੜ੍ਹਿਆ। ਪ੍ਰਕਾਸ਼ ਸਿੰਘ ਬਾਦਲ ਨੇ ਮੁੱਖ ਮੰਤਰੀ ਸਮੇਂ ਬਿਨਾਂ ਕਿਸੇ ਪਲਾਨਿੰਗ ਦੇ ਨਾਲ ਸੰਗਤ ਦਰਸ਼ਨ ਦੇ ਨਾਂਅ ਥੱਲੇ ਅਰਬਾਂ ਰੁਪਏ ਵੰਡੇ ਜੋ ਕਿ ਕਿਸੇ ਵੀ ਤਰਾਂ ਡਿਵੈਲਪਮੈਂਟ ਲਈ ਸਹੀ ਵਰਤੋਂ ਵਿੱਚ ਨਹੀ ਆਏ। ਅੱਜ ਭਾਰਤੀ ਜਨਤਾ ਪਾਰਟੀ ਦੇ ਸਾਰੇ ਅਹੁਦੇਦਾਰ ਅਤੇ ਚੋਣ ਲੜ ਰਹੇ ਉਮੀਦਵਾਰ ਪੰਜਾਬ 'ਚ ਕਿਸ ਮੂੰਹ ਨਾਲ ਲੋਕਾਂ ਵਿੱਚ ਜਾ ਰਹੇ ਹਨ।

## ਸ਼ਹਿਰ ਦੀ ਸਾਫ਼-ਸਫ਼ਾਈ 'ਚ ਭਾਗ ਲੈਣ ਵਾਲੇ ਅਧਿਕਾਰੀਆਂ ਤੇ ਕਰਮਚਾਰੀਆਂ ਦਾ ਸਨਮਾਨ

**ਹੁਸ਼ਿਆਰਪੁਰ,(ਬਲਵੀਰ ਸਿੰਘ ਸੈਣੀ, ਓਮ ਪ੍ਰਕਾਸ਼ ਰਾਣਾ)**-ਕਮਿਸ਼ਨਰ ਨਗਰ ਨਿਗਮ ਅਮਨਦੀਪ ਕੌਰ ਨੇ ਦੱਸਿਆ ਕਿ ਸ਼ਹਿਰ ਦੇ ਮੁੱਖ ਚੌਕਾਂ ਅਤੇ ਸੜਕਾਂ 'ਤੇ ਜੰਮੀ ਮਿੱਟੀ ਅਤੇ ਕੂੜਾ-ਕਰਕਟ ਨੂੰ ਸਾਫ ਕਰਨ ਲਈ ਨਗਰ ਨਿਗਮ ਹੁਸ਼ਿਆਰਪੁਰ ਵੱਲੋਂ ਇਕ ਵਿਸ਼ੇਸ਼ ਟੀਮ ਦਾ ਗਠਨ ਕੀਤਾ ਗਿਆ, ਜਿਸ ਦਾ ਕੰਮ ਰੋਜ਼ਾਨਾ ਸ਼ਹਿਰ ਦੇ ਪ੍ਰਮੁੱਖ ਚੌਕਾਂ ਦੀ ਸਾਫ਼-ਸਫ਼ਾਈ ਅਤੇ ਸੁੰਦਰੀਕਰਨ ਕਰਨਾ ਹੈ, ਤਾਂ ਜੋ ਸ਼ਹਿਰ ਵਿਚ ਦਾਖਲ ਹੁੰਦਿਆਂ ਹੀ ਸ਼ਹਿਰ ਸਾਫ਼-ਸੁਥਰਾ ਦਿਖਾਈ ਦੇਵੇ।ਇਸੇ ਲੜੀ ਤਹਿਤ ਜਿਹੜੇ ਅਧਿਕਾਰੀਆਂ ਤੇ ਕਰਮਚਾਰੀਆਂ ਵੱਲੋਂ ਇਸ ਮੁਹਿੰਮ ਵਿਚ ਵੱਧ-ਚੜ੍ਹ ਕੇ ਭਾਗ ਲਿਆ ਗਿਆ, ਉਨ੍ਹਾਂ ਨੂੰ ਕਮਿਸ਼ਨਰ ਨਗਰ ਨਿਗਮ ਵੱਲੋਂ ਨਗਰ ਨਿਗਮ ਦਫ਼ਤਰ ਵਿਖੇ ਸਨਮਾਨਿਤ ਕੀਤਾ ਗਿਆ।ਸਨਮਾਨਿਤ ਕੀਤੇ ਗਏ ਅਧਿਕਾਰੀਆਂ/ਕਰਮਚਾਰੀਆਂ ਵਿਚ ਗੁਰਵਿੰਦਰ ਸਿੰਘ ਜੁਤਲਾ, ਜਨਕ ਰਾਜ, ਰਾਜੇਸ਼ ਕੁਮਾਰ (ਸੈਨੇਟਰੀ ਇੰਸਪੈਕਟਰ), ਕਰਨਜੋਤ ਆਦੀਆ (ਸੈਨੇਟਰੀ ਸੁਪਰਵਾਈਜ਼ਰ), ਪ੍ਰਦੀਪ ਕੁਮਾਰ, ਬਲਦੇਵ, ਪੰਕਜ, ਪਵਨ ਕੁਮਾਰ (ਬਿੰਦੀ), ਦੀਪਕ (ਸਫ਼ਾਈ ਸੇਵਕ), ਜੀਆ ਲਾਲ, ਅਨਿਲ ਕੁਮਾਰ (ਮਾਲੀ), ਰਵੀ ਕੁਮਾਰ ਅਤੇ ਸਤਨਾਮ (ਬੇਲਦਾਰ) ਮੌਜੂਦ ਸਨ। ਉਨ੍ਹਾਂ ਦੱਸਿਆ ਕਿ ਨਗਰ ਨਿਗਮ ਵੱਲੋਂ ਹਰ ਮਹੀਨੇ ਇਸੇ ਤਰਜ਼ ਵਿਚ ਵਧੀਆ ਕੰਮ ਕਰਨ ਵਾਲੇ ਅਧਿਕਾਰੀਆਂ/ਕਰਮਚਾਰੀਆਂ ਨੂੰ ਸਨਮਾਨਿਤ ਕੀਤਾ ਜਾਵੇਗਾ, ਜਿਸ ਨਾਲ ਨਗਰ ਨਿਗਮ ਹੁਸ਼ਿਆਰਪੁਰ ਦੀ ਕਾਰਗੁਜ਼ਾਰੀ ਵਿਚ ਕਾਫੀ ਹੱਦ ਤੱਕ ਸੁਧਾਰ ਹੋਵੇਗਾ।

## ਜੇ ਡੀ ਸੈਂਟਰਲ ਸਕੂਲ ਵਿਖੇ ਮਜ਼ਦੂਰ ਦਿਵਸ ਮਨਾਇਆ



**ਮਹਿਤਪੁਰ (ਰਾਜਾ)** ਜੇ ਡੀ ਸੈਂਟਰਲ ਸਕੂਲ ਆਦਰਾਮਾਨ ਵਿਖੇ ਜਿਸ ਤਰ੍ਹਾਂ ਸਾਰੇ ਹੀ ਤਿਉਹਾਰ ਅਤੇ ਦਿਨ ਮਨਾਏ ਜਾਂਦੇ ਹਨ।ਇਸੇ ਹੀ ਤਰ੍ਹਾਂ ਮਜ਼ਦੂਰਾਂ ਦੇ ਮਾਣ ਸਤਿਕਾਰ ਦੇ ਲਈ ਮਜ਼ਦੂਰ ਦਿਵਸ ਵੀ ਉਸੇ ਹੀ ਤਰ੍ਹਾਂ ਧੂਮਧਾਮ ਨਾਲ ਮਨਾਇਆ ਗਿਆ ।ਸਕੂਲ ਵਿੱਚ ਕੰਮ ਕਰਨ ਵਾਲੇ ਜਿੰਨੇ ਵੀ ਕਰਮਚਾਰੀ ਹਨ ਉਹਨਾਂ ਵੱਲੋਂ ਵੱਖ-ਵੱਖ ਗਤੀਵਿਧੀਆਂ ਕੀਤੀਆਂ ਗਈਆਂ।ਵਿਦਿਆਰਥੀਆਂ ਨੇ ਰੰਗ-ਬਿਰੰਗੇ ਕਾਰਡ ਬਣਾ ਕੇ ਕੰਮ ਕਰਨ ਵਾਲੇ ਕਰਮਚਾਰੀਆਂ ਨੂੰ ਦਿੱਤੇ ਗਏ।ਸਵ. ਰਵੀਪਾਲ ਸਿੰਘ ਦੇ ਦੱਸੇ ਮਾਰਗ ਉੱਪਰ ਚਲਦੇ ਹੋਏ ਸਰਦਾਰ ਸਿਮਰਜੀਤ ਸਿੰਘ ਮੋਮੀ ਦੀ ਅਗਵਾਈ ਹੇਠ ਪ੍ਰਿੰਸੀਪਲ ਮੈਡਮ ਰੰਜਨਾ ਰਾਏ ਦੀ ਦੇਖ ਰੇਖ ਵਿੱਚ ਇਹ ਸਾਰਾ ਪ੍ਰੋਗਰਾਮ ਉਲੀਕਿਆ ਗਿਆ।ਪ੍ਰਿੰਸੀਪਲ ਮੈਡਮ ਰੰਜਨਾ ਰਾਏ ਨੇ ਮਜ਼ਦੂਰ ਦਿਵਸ 'ਤੇ ਸਾਰੇ ਹੀ ਵਰਗ ਦੇ ਮਜ਼ਦੂਰਾਂ ਨੂੰ ਜਾਂ ਜਿੰਨੇ ਵੀ ਕੰਮ ਕਰਨ ਵਾਲੇ ਕਾਮੇ ਹਨ ਉਹਨਾਂ ਨੂੰ ਵਧਾਈਆਂ ਦਿੱਤੀਆਂ।

## ਪ੍ਰੋ. ਰਾਜਕੁਮਾਰੀ ਦੀ ਸੇਵਾ-ਮੁਕਤੀ ਸੰਬੰਧੀ ਵਿਦਾਇਗੀ ਸਮਾਰੋਹ



**ਮਾਹਿਲਪੁਰ (ਸਫਰੀ)** ਇਥੋਂ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਦੇ ਪੋਸਟ ਗਰੈਜੂਏਟ ਕਾਮਰਸ ਵਿਭਾਗ 'ਚ 28 ਸਾਲ ਪ੍ਰੋਫੈਸਰ ਵਜੋਂ ਸੇਵਾਵਾਂ ਨਿਭਾਉਣ ਉਪਰੰਤ ਪ੍ਰੋ. ਡਾ. ਰਾਜਕੁਮਾਰੀ ਆਪਣੇ ਅਹੁਦੇ ਤੋਂ ਸੇਵਾ ਮੁਕਤ ਹੋਏ ਜਿਸ ਸੰਬੰਧੀ ਕਾਲਜ ਦੀ ਪ੍ਰਬੰਧਕੀ ਕਮੇਟੀ ਦੀ ਅਗਵਾਈ ਹੇਠਾਂ ਪ੍ਰਿੰਸੀਪਲ ਅਤੇ ਸਮੂਹ ਸਟਾਫ ਵੱਲੋਂ ਇੱਕ ਵਿਦਾਇਗੀ ਸਮਾਰੋਹ ਦਾ ਆਯੋਜਨ ਕੀਤਾ ਗਿਆ।ਇਸ ਸਮਾਰੋਹ ਦੇ ਪ੍ਰਧਾਨਗੀ ਮੰਡਲ ਵਿੱਚ ਸਿੱਖ ਐਜੂਕੇਸ਼ਨਲ ਕੌਂਸਲ ਦੇ ਪੈਟਰਨ ਡਾ. ਜੰਗ ਬਹਾਦਰ ਸਿੰਘ ਰਾਏ ਜਨਰਲ ਸਕੱਤਰ ਪ੍ਰੋ ਅਪਿੰਦਰ ਸਿੰਘ, ਵੀਰਇੰਦਰ ਸ਼ਰਮਾ ਅਤੇ ਪ੍ਰਿੰ. ਡਾ. ਪਰਵਿੰਦਰ ਸਿੰਘ ਨੇ ਸ਼ਿਰਕਤ ਕੀਤੀ। ਇਸ ਮੌਕੇ ਕਾਲਜ ਦੇ ਟੀਚਿੰਗ ਅਤੇ ਨਾਨ ਟੀਚਿੰਗ ਸਟਾਫ ਵੱਲੋਂ ਡਾ. ਰਾਜਕੁਮਾਰੀ ਨੂੰ ਸੇਵਾ ਮੁਕਤੀ 'ਤੇ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ। ਇਸ ਮੌਕੇ ਪ੍ਰਿੰ ਡਾ. ਪਰਵਿੰਦਰ ਸਿੰਘ ਨੇ ਸਵਾਗਤੀ ਸ਼ਬਦ ਸਾਂਝੇ ਕੀਤੇ ਅਤੇ ਪ੍ਰੋ ਰਾਜਕੁਮਾਰੀ ਦੀਆਂ ਕਾਲਜ ਨੂੰ ਦਿੱਤੀਆਂ ਸੇਵਾਵਾਂ ਦੀ ਪ੍ਰਸ਼ੰਸਾ ਕੀਤੀ।ਇਸ ਮੌਕੇ ਕਾਲਜ ਦੇ ਹੋਰ ਅਧਿਆਪਕਾਂ ਡਾ. ਬਿਮਲਾ ਜਸਵਾਲ, ਪ੍ਰੋ ਜਸਵਿੰਦਰ ਸਿੰਘ, ਪ੍ਰੋ. ਦੇਵ ਕੁਮਾਰ, ਡਾ. ਜੇ ਬੀ ਸੇਖੋਂ, ਡਾ. ਆਰਤੀ ਸ਼ਰਮਾ, ਡਾ. ਰਾਕੇਸ਼ ਕੁਮਾਰ, ਡਾ. ਕੋਮਲ ਬੱਧਣ, ਡਾ. ਬਲਵੀਰ ਕੌਰ ਅਤੇ ਡਾ. ਦੀਪਕ ਕੁਮਾਰ ਨੇ ਪ੍ਰੋ. ਰਾਜਕੁਮਾਰੀ ਦੀ ਸ਼ਖਸ਼ੀਅਤ, ਵਿਦਿਆਰਥੀਆਂ ਤੇ ਅਧਿਆਪਕਾਂ ਨਾਲ ਮਿਲਵਰਤਨ ਭਰੇ ਸੁਭਾਅ ਅਤੇ ਕਾਲਜ ਨੂੰ ਦਿੱਤੀਆਂ ਨਿਸ਼ਕਾਮ ਸੇਵਾਵਾਂ ਬਾਰੇ ਵਿਚਾਰ ਪੇਸ਼ ਕਰਦਿਆਂ ਉਨ੍ਹਾਂ ਨੂੰ ਸ਼ੁਭ ਕਾਮਨਾਵਾਂ ਦਿੱਤੀਆ।ਇਸ ਮੌਕੇ ਕਾਲਜ ਦੇ ਪ੍ਰਬੰਧਕਾਂ ਵੱਲੋਂ ਡਾ. ਰਾਜਕੁਮਾਰੀ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ।ਡਾ. ਰਾਜਕੁਮਾਰੀ ਨੇ ਕਾਲਜ ਦੀ ਪ੍ਰਬੰਧਕੀ ਕਮੇਟੀ ਅਤੇ ਸਮੂਹ ਸਟਾਫ ਦਾ ਸਹਿਯੋਗ ਲਈ ਧੰਨਵਾਦ ਕੀਤਾ।ਇਸ ਮੌਕੇ ਐਡਵੋਕੇਟ ਰਵਿੰਦਰ ਰਾਣਾ, ਡਾ ਸ਼ੈਲੀ ਰਾਣਾ, ਐਡਵੋਕੇਟ ਭਾਨੂੰ ਰਾਣਾ, ਪ੍ਰੋ. ਅਮਰਜੀਤ ਲਾਲ, ਪ੍ਰੋ. ਜਗਦੀਪ ਕੌਰ, ਪ੍ਰੋ. ਸੰਦੀਪ ਕੌਰ, ਪ੍ਰੋ. ਹਰਪ੍ਰੀਤ ਕੌਰ ਸਮੇਤ ਕਾਲਜ ਦਾ ਸਮੂਹ ਟੀਚਿੰਗ ਅਤੇ ਨਾਨ ਟੀਚਿੰਗ ਸਟਾਫ ਹਾਜ਼ਰ ਸੀ।ਮੰਚ ਦੀ ਕਾਰਵਾਈ ਸਟਾਫ ਸਕੱਤਰ ਪ੍ਰੋ. ਦੇਵ ਕੁਮਾਰ ਨੇ ਚਲਾਈ।

## ਗੁਰੂ ਤੇਗ ਬਹਾਦਰ ਜੀ ਦਾ ਪ੍ਰਕਾਸ਼ ਪੁਰਬ ਮਨਾਇਆ



**ਭੋਗਪੁਰ (ਕੁਲਵੀਰ ਸਿੰਘ ਕਾਹਲੋਂ)** ਸ੍ਰੀ ਗੁਰੂ ਤੇਗ ਬਹਾਦਰ ਪਬਲਿਕ ਸਕੂਲ ਸਨੌਰਾ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਦਾ ਪ੍ਰਕਾਸ਼ ਪੁਰਬ ਮਨਾਇਆ ਗਿਆ।ਜਿਸ ਨੂੰ ਮਨਾਉਂਦੇ ਹੋਏ ਸਪੈਸ਼ਲ ਅਸੈਂਬਲੀ ਰੱਖੀ ਗਈ, ਜਿਸ ਵਿਚ ਗੁਰੂ ਤੇਗ ਬਹਾਦਰ ਜੀ ਨਾਲ ਸੰਬੰਧਿਤ ਕਵਿਤਾ ਉਚਾਰਨ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਬੱਚਿਆ ਨੇ ਵੱਧ ਚੜ੍ਹ ਕੇ ਹਿੱਸਾ ਲਿਆ ਗਿਆ।ਇਸ ਤੋਂ ਇਲਾਵਾ ਗੁਰੂ ਜੀ ਦੇ ਜੀਵਨ 'ਤੇ ਪ੍ਰਕਾਸ਼ ਪਾਉਂਦੇ ਹੋਏ ਅਧਿਆਪਕਾ ਦਵਿੰਦਰ ਕੌਰ ਵੱਲੋਂ ਗੁਰੂ ਜੀ ਦੀਆਂ ਸਿੱਖਿਆਵਾਂ ਉੱਪਰ ਚੱਲਣ ਦਾ ਉਪਦੇਸ਼ ਦਿੱਤਾ।ਉਪਰੰਤ ਕੁਇਜ਼ ਮੁਕਾਬਲੇ ਕਰਵਾਏ ਗਏ ਅਤੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਵੀ ਦਿੱਤੇ ਗਏ।ਅੰਤ ਵਿੱਚ ਸਕੂਲ ਦੀ ਪ੍ਰਿੰਸੀਪਲ ਮੈਡਮ ਨਵਦੀਪ ਕੌਰ ਅਤੇ ਅਧਿਆਪਕਾਂ ਨੇ ਬੱਚਿਆਂ ਨੂੰ ਗੁਰੂ ਤੇਗ ਬਹਾਦਰ ਜੀ ਦੇ ਜੀਵਨ 'ਤੇ ਬਲਿਦਾਨ ਬਾਰੇ ਜਾਣਕਾਰੀ ਦਿੱਤੀ।

## ਪੌਦੇ ਤੋੜ ਫਸਲ ਖਰਾਬ ਕਰਨ ਵਾਲਿਆਂ ਵਿਰੁੱਧ ਸਖਤ ਕਾਰਵਾਈ ਦੀ ਮੰਗ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)** ਐਗਰੀਕਲਚਰ ਟੈਕਨੋਕਰੇਟ ਜਥੇਬੰਦੀ ਦੇ ਜਨਰਲ ਸਕੱਤਰ ਡਾਕਟਰ ਸੁਖਦੇਵ ਸਿੰਘ ਢਿੱਲੋਂ ਦੇ ਪਿੰਡ ਹਰਮੋਏ ਸਥਿਤ ਖੇਤਾਂ 'ਚੋਂ ਸਫੈਦੇ ਦੇ ਪੌਦਿਆਂ ਨੂੰ ਤੋੜ ਕੇ ਨੁਕਸਾਨ ਕਰਨ ਸੰਬੰਧੀ ਪ੍ਰੈਸ ਨੂੰ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਉਨ੍ਹਾਂ ਆਪਣੇ ਖੇਤਾਂ ਵਿੱਚ ਫਰਵਰੀ 2024 ਵਿੱਚ ਸਫੈਦੇ ਦੇ ਬੂਟੇ ਲਗਾਏ ਸਨ, ਪਰ ਕਿਸੇ ਵਾਤਾਵਰਣ ਵਿਰੋਧੀ ਅਤੇ ਨਿੱਜੀ ਰੰਜਿਸ਼ ਰੱਖਦੇ ਕਿਸੇ ਵਿਅਕਤੀ ਨੇ ਉਹਨਾਂ ਦੇ ਖੇਤਾਂ ਵਿੱਚੋਂ 20 ਦੇ ਕਰੀਬ ਬੂਟਿਆਂ ਨੂੰ ਤੋੜ ਕਿ ਬੂਟਿਆਂ ਨੂੰ ਨੁਕਸਾਨ ਪਹੁੰਚਾਇਆ ਹੈ।ਜਦੋਂ ਕਿ ਪੰਜਾਬ ਸਰਕਾਰ ਵੱਲੋਂ ਅਪਣਾਈ ਗਈ ਵਣ ਖੇਤੀ ਸਕੀਮ ਅਧੀਨ ਫਸਲੀ ਭਿੰਨਤਾ, ਖੇਤੀ ਉਤਪਾਦਨ ਅਤੇ ਵਾਤਾਵਰਣ ਪ੍ਰਦੂਸ਼ਣ ਦੀ ਰੋਕਥਾਮ ਲਈ ਬਹੁਤ ਸਹਾਈ ਹੈ।ਹਰਮੋਏ ਪਿੰਡ ਵਿੱਚ ਵਣ ਖੇਤੀ ਨੂੰ ਤਹਿਸ ਨਹਿਸ ਕਰਨ ਲਈ ਸ਼ਰਾਰਤੀ ਅਨਸਰ ਵਲੋਂ ਪੌਦੇ ਵੱਢਣ ਕੱਟਣ ਦੀਆਂ ਕਾਰਵਾਈਆਂ ਨੂੰ ਨਥਣਾ ਅਤਿਅੰਤ ਜ਼ਰੂਰੀ ਹੈ।ਇਸ ਘਟੀਆ ਨਿੰਦਣਯੋਗ ਕਾਰਵਾਈ, ਫਸਲ ਉਤਪਾਦਨ ਅਤੇ ਵਾਤਾਵਰਣ ਸ਼ੁੱਧਤਾ ਨੂੰ ਰੋਕਣ ਦੀ ਗੰਦੀ ਕੋਸ਼ਿਸ਼ ਹੈ। ਉਹਨਾਂ ਇਸ ਦੀ ਸ਼ਿਕਾਇਤ ਮੁੱਖ ਅਫਸਰ ਥਾਣਾ ਮੇਹਟੀਆਣਾ ਜ਼ਿਲਾ ਹੁਸ਼ਿਆਰਪੁਰ ਨੂੰ ਵੀ ਕੀਤੀ ਹੈ।ਜਿਸ ਵਿੱਚ ਉਹਨਾਂ ਦੱਸਿਆ ਕਿ ਉਹ ਅੱਜ 1 ਮਈ ਨੂੰ ਸਵੇਰੇ ਕਰੀਬ 7 ਵਜੇ ਆਪਣੇ ਖੇਤਾਂ ਦੀ ਦੇਖਭਾਲ ਲਈ ਗਏ ਤਾਂ ਦੇਖਿਆ ਕਿ ਖੇਤਾਂ ਦੇ ਵਿਚਕਾਰ ਸਫੈਦਿਆਂ ਦੇ ਕਰੀਬ 20 ਪੌਦੇ ਤੋੜੇ ਹੋਏ ਸਨ। ਜਿਨਾਂ ਨੂੰ ਇਕੱਠੇ ਕਰਕੇ ਸਬੂਤ ਵਜੋਂ ਪੁਲਿਸ ਨੂੰ ਪੇਸ਼ ਕੀਤੇ ਅਤੇ ਮੰਗ ਕੀਤੀ ਕਿ ਦੋਸ਼ੀਆਂ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇ। ਇਸ ਮੌਕੇ ਦਵਿੰਦਰ ਸਿੰਘ ਕਕੋ ਜਮਹੂਰੀ ਕਿਸਾਨ ਸਭਾ ਓਮ ਸਿੰਘ ਸਟਿਆਣਾ ਭਾਰਤੀ ਕਿਸਾਨ ਯੂਨੀਅਨ ਮਨਜੀਤ ਸਿੰਘ ਸੈਣੀ ਅਤੇ ਪਰਦੂਮਣ ਸਿੰਘ ਪੈਨਸ਼ਨਰ ਆਗੂ ਹਾਜ਼ਰ ਸਨ।

## ਬਸਪਾ ਨੇ ਖਡੂਰ ਸਾਹਿਬ ਤੋਂ ਸਤਨਾਮ ਸਿੰਘ ਤੁੜ ਤੇ ਅੰਮ੍ਰਿਤਸਰ ਸਾਹਿਬ ਤੋਂ ਵਿਸ਼ਾਲ ਸਿੱਧੂ ਉਮੀਦਵਾਰ ਐਲਾਨੇ





**ਬੰਗਾ (ਅਵਤਾਰ ਕਲੇਰ)**- ਬਹੁਜਨ ਸਮਾਜ ਪਾਰਟੀ ਪੰਜਾਬ ਵਲੋਂ ਜਾਰੀ ਪ੍ਰੈਸ ਨੋਟ ਵਿੱਚ ਕਿਹਾ ਗਿਆ ਕਿ ਬਸਪਾ ਦੇ ਰਾਸ਼ਟਰੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਦੇ ਹੁਕਮ ਅਨੁਸਾਰ ਅਤੇ ਪੰਜਾਬ, ਹਰਿਆਣਾ, ਚੰਡੀਗੜ੍ਹ ਦੇ ਇੰਚਾਰਜ ਰਣਧੀਰ ਸਿੰਘ ਬੈਨੀਵਾਲ ਦੇ ਦਿਸ਼ਾ ਨਿਰਦੇਸ਼ਾਂ ਵਿੱਚ ਬਸਪਾ ਦੇ ਲੋਕ ਸਭਾ ਸ੍ਰੀ ਖਡੂਰ ਸਾਹਿਬ ਤੋਂ ਇੰਜੀਨੀਅਰ ਸਤਨਾਮ ਸਿੰਘ ਤੁੜ ਅਤੇ ਸ੍ਰੀ ਅੰਮ੍ਰਿਤਸਰ ਤੋਂ ਵਿਸ਼ਾਲ ਸਿੱਧੂ ਉਮੀਦਵਾਰ ਹੋਣਗੇ। ਬਸਪਾ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਖਡੂਰ ਸਾਹਿਬ ਦੇ ਉਮੀਦਵਾਰ ਇੰਜੀਨੀਅਰ ਸਤਨਾਮ ਸਿੰਘ ਤੁੜ ਬੀਟੈਕ ਪੜ੍ਹੇ ਲਿਖੇ 29 ਸਾਲ ਦੇ ਨੌਜਵਾਨ ਉਮੀਦਵਾਰ ਹਨ ਜੋ ਕਿ ਅੱਜ ਪੰਜਾਬ ਦੇ ਸਾਰੇ ਰਾਸ਼ਟਰੀ ਪਾਰਟੀਆਂ ਵੱਲੋਂ ਘੋਸ਼ਿਤ ਉਮੀਦਵਾਰਾਂ ਵਿਚੋਂ ਘੱਟ ਉਮਰ ਦੇ ਹਨ। ਇੰਜੀਨੀਅਰ ਸਤਨਾਮ ਸਿੰਘ ਤੁੜ ਤਰਨ ਤਾਰਨ ਵਿਧਾਨ ਸਭਾ ਦੇ ਹਲਕਾ ਪ੍ਰਧਾਨ ਦੀ ਜ਼ਿੰਮੇਵਾਰੀ ਵੀ ਨਿਭਾ ਰਹੇ ਹਨ। ਸ਼੍ਰੀ ਅੰਮ੍ਰਿਤਸਰ ਲੋਕ ਸਭਾ ਤੋਂ ਵਿਸ਼ਾਲ ਸਿੱਧੂ ਜੋ ਵਿਧਾਨ ਸਭਾ ਜੰਡਿਆਲਾ ਤੇ ਵਿਧਾਨ ਸਭਾ ਅਟਾਰੀ ਦੇ ਸੰਗਠਨ ਦੀ ਦੇਖ ਰੇਖ ਕਰ ਰਹੇ ਸਨ। ਇਸ ਤੋਂ ਪਹਿਲਾਂ ਵਿਸ਼ਾਲ ਸਿੱਧੂ ਭਾਰਤ ਸੰਵਿਧਾਨ ਮਿਸ਼ਨ ਨਾਮ 'ਤੇ ਗੈਰ ਸਰਕਾਰੀ ਸੰਗਠਨ ਚਲਾ ਰਹੇ ਸਨ।

## ਭਗੌੜਾ ਪੁਲਸ ਅੜਿੱਕੇ



**ਅੱਡਾ ਸਰਾਂ (ਕਾਜਲ)**- ਚੋਰੀ ਦੇ ਮਾਮਲੇ ਵਿੱਚ ਨਾਮਜਦ ਭਗੌੜਾ ਕਰਾਰ ਮੁਲਜ਼ਮ ਨੂੰ ਟਾਂਡਾ ਪੁਲਸ ਦੀ ਟੀਮ ਨੇ ਗ੍ਰਿਫਤਾਰ ਕੀਤਾ। ਥਾਣਾ ਮੁਖੀ ਐੱਸ ਆਈ ਰਮਨ ਕੁਮਾਰ ਨੇ ਦੱਸਿਆ ਕਿ ਜ਼ਿਲ੍ਹਾ ਪੁਲਸ ਮੁਖੀ ਸੁਰਿੰਦਰ ਲਾਂਬਾ ਅਤੇ ਡੀ ਐੱਸ ਪੀ ਹਰਜੀਤ ਸਿੰਘ ਰੰਧਾਵਾ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਭਗੌੜਾ ਕਰਾਰ ਮੁਲਜਮਾਂ ਦੀ ਗ੍ਰਿਫਤਾਰੀ ਲਈ ਵਿੱਢੀ ਮੁਹਿੰਮ ਤਹਿਤ ਅੱਡਾ ਸਰਾਂ ਪੁਲਸ ਚੌਕੀ ਇੰਚਾਰਜ ਥਾਣੇਦਾਰ ਰਾਜੇਸ਼ ਕੁਮਾਰ ਨੇ ਇਹ ਸਫਲਤਾ ਹਾਸਲ ਕੀਤੀ ਹੈ। ਥਾਣਾ ਮੁਖੀ ਨੇ ਦੱਸਿਆ ਕਿ ਭਗੌੜੇ ਕਾਬੂ ਆਏ ਮੁਹੰਮਦ ਰਫੀ ਉਰਫ ਮੱਛੀ ਵਾਸੀ ਗੰਡੋਵਾਲ ਖਿਲਾਫ ਥਾਣਾ ਟਾਂਡਾ ਵਿੱਚ 2018 ਅਤੇ 2019 ਵਰੇ 'ਚ ਮੋਬਾਈਲ ਖੋਹਣ ਦੇ ਦੋ ਮਾਮਲੇ ਦਰਜ ਸਨ। ਪੁਲਸ ਨੇ ਇਸਨੂੰ ਗ੍ਰਿਫਤਾਰ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## 'ਆਪ' ਵੱਲੋਂ ਰਣਜੀਤ ਕੌਰ ਕਾਕੜ ਕਲਾਂ ਮਹਿਲਾ ਵਿੰਗ ਦੇ ਸੂਬਾ ਵਾਈਸ ਪ੍ਰਧਾਨ ਨਿਯੁਕਤ



**ਮਹਿਤਪੁਰ (ਰਾਜਾ)** ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਪੰਜਾਬ ਇਨਫੋਟੈਕ ਦੇ ਡਾਇਰੈਕਟਰ ਬੀਬੀ ਰਣਜੀਤ ਕੌਰ ਕਾਕੜ ਨੂੰ 'ਆਪ' ਮਹਿਲਾ ਵਿੰਗ ਦੇ ਸੂਬਾ ਵਾਈਸ ਪ੍ਰਧਾਨ ਬਣਨ 'ਤੇ ਵੱਡੀ ਗਿਣਤੀ 'ਚ ਇਲਾਕਾ ਨਿਵਾਸੀ ਵਧਾਈਆਂ ਦੇਣ ਉਨ੍ਹਾਂ ਦੇ ਗ੍ਰਹਿ ਪਿੰਡ ਕਾਕੜ ਕਲਾਂ ਵਿਖੇ ਪੁੱਜੇ।ਵਰਕਰਾਂ ਦੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਬੀਬੀ ਕਾਕੜ ਨੇ ਕਿਹਾ ਕਿ ਉਹ ਆਮ ਆਦਮੀ ਪਾਰਟੀ ਨਾਲ ਚਟਾਨ ਵਾਂਗ ਖੜ੍ਹੇ ਹਨ। ਲੋਕ ਸਭਾ ਚੋਣਾਂ 'ਚ ਜਲੰਧਰ ਤੋਂ 'ਆਪ' ਉਮੀਦਵਾਰ ਪਵਨ ਕੁਮਾਰ ਟੀਨੂੰ ਦੀ ਚੋਣ ਮੁਹਿੰਮ ਵਿਚ ਸਰਗਰਮੀ ਨਾਲ ਹਿੱਸਾ ਲੈਣਗੇ ਤੇ ਆਪਣੇ ਸਮਰਥਕਾਂ ਨੂੰ ਨਾਲ ਲੈ ਕੇ ਪਾਰਟੀ ਦੀ ਜਿੱਤ 'ਚ ਯੋਗਦਾਨ ਪਾਉਣਗੇ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਜੋ ਉਨ੍ਹਾਂ ਨੂੰ ਜ਼ਿੰਮੇਵਾਰੀ ਸੌਂਪੀ ਗਈ ਹੈ, ਉਹ ਉਸ ਨੂੰ ਤਨਦੇਹੀ ਨਾਲ ਨਿਭਾਉਣਗੇ ਤੇ ਪਾਰਟੀ ਦੀ ਮਜ਼ਬੂਤੀ ਲਈ ਦਿਨ-ਰਾਤ ਕੰਮ ਕਰਨਗੇ।

## ਅੱਧੀ ਪੰਜਾਬ ਕਾਂਗਰਸ ਭਾਜਪਾ 'ਚ ਹੋ ਚੁੱਕੀ ਹੈ ਸ਼ਾਮਲ : ਨੀਲ ਗਰਗ




**ਜਲੰਧਰ ( ਸ਼ੈਲੀ ਐਲਬਰਟ)** ਆਮ ਆਦਮੀ ਪਾਰਟੀ (ਆਪ) ਪੰਜਾਬ ਨੇ ਕਾਂਗਰਸੀ ਆਗੂ ਪਰਗਟ ਸਿੰਘ ਦੇ ਬਿਆਨ 'ਆਪ' ਭਾਜਪਾ 'ਚ ਸ਼ਾਮਲ ਹੋਵੇਗੀ 'ਤੇ ਤਿੱਖਾ ਪਲਟਵਾਰ ਕਰਦਿਆਂ ਇਸ ਨੂੰ ਗੈਰ-ਜ਼ਿੰਮੇਵਾਰਾਨਾ ਕਰਾਰ ਦਿੱਤਾ ਅਤੇ ਕਿਹਾ ਕਿ ਉਹ ਪੰਜਾਬ ਦੇ ਲੋਕਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਪਾਰਟੀ ਦਫਤਰ ਤੋਂ ਜਾਰੀ ਬਿਆਨ ਵਿੱਚ 'ਆਪ' ਬੁਲਾਰਾ ਨੀਲ ਗਰਗ ਨੇ ਕਿਹਾ ਕਿ ਇਹ ਉਹੀ ਆਮ ਆਦਮੀ ਪਾਰਟੀ ਹੈ, ਜਿਸ ਨੇ ਹਮੇਸ਼ਾ ਹੀ ਭਾਜਪਾ ਦੀ ਤਾਨਾਸ਼ਾਹੀ ਅਤੇ ਉਸ ਦੀ ਲੋਕਤੰਤਰ ਵਿਰੋਧੀ ਗਤੀਵਿਧੀਆਂ ਦਾ ਡਟ ਕੇ ਵਿਰੋਧ ਕੀਤਾ ਹੈ। ਭਾਜਪਾ ਅਤੇ ਨਰਿੰਦਰ ਮੋਦੀ ਦਾ ਵਿਰੋਧ ਕਰਨ ਕਾਰਨ ਸਾਡੇ ਕਈ ਆਗੂ ਜੇਲ੍ਹਾਂ 'ਚ ਹਨ। ਸਾਡੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਆਪਣੇ ਖਿਲਾਫ ਝੂਠੇ ਕੇਸ ਤਹਿਤ ਜੇਲ੍ਹ 'ਚ ਹਨ। ਗਰਗ ਨੇ ਕਿਹਾ ਕਿ ਅਸੀਂ ਇਹ ਲੜਾਈ ਆਪਣੇ ਲੋਕਤੰਤਰ ਅਤੇ ਸੰਵਿਧਾਨ ਨੂੰ ਬਚਾਉਣ ਲਈ ਲੜ ਰਹੇ ਹਾਂ। ਪਰਗਟ ਸਿੰਘ 'ਤੇ ਨਿਸ਼ਾਨਾ ਸਾਧਦਿਆਂ ਨੀਲ ਗਰਗ ਨੇ ਕਿਹਾ ਕਿ ਪੰਜਾਬ ਦੀ 60 ਫੀਸਦੀ ਕਾਂਗਰਸ ਭਾਜਪਾ 'ਚ ਜਾ ਚੁੱਕੀ ਹੈ, ਤੁਹਾਡਾ ਸਾਬਕਾ ਪ੍ਰਧਾਨ ਹੁਣ ਭਾਜਪਾ ਪੰਜਾਬ ਦਾ ਪ੍ਰਧਾਨ ਹੈ, ਤੁਹਾਡਾ ਸਾਬਕਾ ਮੁੱਖ ਮੰਤਰੀ ਅੱਜ ਭਾਜਪਾ 'ਚ ਹੈ। ਇਨ੍ਹਾਂ ਲੋਕ ਸਭਾ ਚੋਣਾਂ 'ਚ ਭਾਜਪਾ ਦੇ ਕਈ ਉਮੀਦਵਾਰ ਕਾਂਗਰਸ ਤੋਂ ਆਏ ਹਨ। ਤੁਹਾਡਾ ਮੌਜੂਦਾ ਵਿਰੋਧੀ ਧਿਰ ਦਾ ਨੇਤਾ (ਐਲਓਪੀ), ਉਸ ਦਾ ਭਰਾ ਜੋ ਕਦੇ ਪੰਜਾਬ 'ਚ ਮੰਤਰੀ ਸੀ, ਅੱਜ ਵੀ ਭਾਜਪਾ 'ਚ ਹੈ। ਆਪ ਆਗੂ ਨੇ ਪਰਗਟ ਸਿੰਘ ਨੂੰ ਸਲਾਹ ਦਿੱਤੀ ਕਿ ਉਹ 'ਆਪ' ਦੀ ਚਿੰਤਾ ਕਰਨ ਦੀ ਬਜਾਏ ਪੰਜਾਬ ਕਾਂਗਰਸ ਅਤੇ ਇਸ ਦੇ ਆਗੂਆਂ ਦੀ ਚਿੰਤਾ ਕਰਨ।

## ਆਰ ਐੱਸ ਐੱਸ ਤੇ ਭਾਜਪਾ ਹੱਥੋਂ ਸਵਿਧਾਨ ਨੂੰ ਬਚਾਉਣਾ ਸਮੇਂ ਦੀ ਮੁੱਖ ਲੋੜ : ਬੀ ਟੀ ਐੱਫ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਬੇਗਮਪੁਰਾ ਟਾਇਗਰ ਫੋਰਸ ਦੇ ਕੌਮੀ ਚੇਅਰਮੈਨ ਅਤੇ ਕੌਮੀ ਪ੍ਰਧਾਨ ਧਰਮਪਾਲ ਸਾਹਨੇਵਾਲ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਬੇਗਮਪੁਰਾ ਟਾਇਗਰ ਫੋਰਸ ਦੀ ਇੱਕ ਮੀਟਿੰਗ ਜਿਲ੍ਹਾ ਪ੍ਰਧਾਨ ਹੈਪੀ ਫਤਿਹਗੜ੍ਹ ਦੀ ਪ੍ਰਧਾਨਗੀ ਹੇਠ ਨਿਊ ਫਤਿਹਗੜ੍ਹ ਵਿਖੇ ਹੋਈ ਆਗੂਆ ਨੇ ਕਿਹਾ ਕਿ ਭਾਰਤ ਲੋਕਤੰਤਰ ਦੇਸ਼ ਹੈ ਜਿਥੇ ਸੰਵਿਧਾਨ ਘਾੜਿਆਂ ਨੇ ਹਰ ਪੱਖ ਤੋਂ ਸਮਾਜਿਕ, ਸੱਭਿਆਚਾਰਕ, ਬੋਲੀਆਂ, ਭਾਸ਼ਾਵਾਂ ਧਾਰਮਿਕ ਰੀਤੀ ਰਿਵਾਜ, ਰਾਜਨੀਤਕ ਗਤੀਵਿਧੀਆਂ ਨੂੰ ਸਾਹਮਣੇ ਰੱਖਕੇ ਸੰਵਿਧਾਨ ਦਾ ਨਿਰਮਾਣ ਕੀਤਾ।ਉਹਨਾ ਕਿਹਾ ਕਿ ਮੌਜੂਦਾ ਵਰਤਾਰੇ ਤੋਂ ਇਕ ਗੱਲ ਤਾਂ ਬਿੱਲਕੁਲ ਸਪੱਸ਼ਟ ਦਿਸ ਰਹੀ ਹੈ ਕਿ ਆਰ ਐਸ ਐਸ ਨੇ ਹੁਣ ਤੱਕ ਸਿੱਖ ਲੀਡਰਾਂ ਅਤੇ ਸਿੱਖ ਸੰਸਥਾਵਾਂ ਅੰਦਰ ਵੀ ਡੂੰਘੀ ਘੁਸਪੇਠ ਕਰ ਲਈ ਹੈ।

ਇਸੇ ਤਰ੍ਹਾਂ ਪਹਿਲਾਂ ਇਸ ਨੇ ਦਲਿਤਾਂ ਨਾਲ ਸੰਬੰਧਿਤ ਧਾਰਮਿਕ ਡੇਰਿਆ ਅੰਦਰ ਵੀ ਆਪਣਾ ਕਾਫ਼ੀ ਦਬਦਬਾ ਬਣਾਇਆ ਹੋਇਆ ਹੈ।ਸਾਰੇ ਨਾਗਰਿਕਾਂ ਨੂੰ ਬਿਨਾ ਕਿਸੇ ਭੇਦ ਭਾਵ ਬਰਾਬਰ ਆਪਣੇ ਧਰਮ, ਸੱਭਿਆਚਾਰ ਅਤੇ ਰੀਤੀ ਰਿਵਾਜਾਂ ਨੂੰ ਪ੍ਰਫੁੱਲਿਤ ਕਰਨ ਉੱਪਰ ਵੀ ਪਾਬੰਦੀਆਂ ਹੋ ਜਾਣਗੀਆਂ।ਆਰ ਐਸ ਐਸ ਦੇ ਏਜੰਡੇ ਤੋਂ ਇਹ ਭਲੀ ਭਾਂਤ ਸਪੱਸ਼ਟ ਹੈ। ਹਿੰਦੀ ਹਿੰਦੂ ਹਿੰਦੁਸਤਾਨ ਦਾ ਉਨ੍ਹਾਂ ਦਾ ਸੁਪਨਾ ਹੈ।ਜਿਸ ਵਿੱਚ ਜੋ ਅੱਜ ਦੇ ਭਾਰਤ ਦੀ ਬਣਤਰ ਹੈ ਉਸ ਨੂੰ ਵੀ ਖਤਰਾ ਪੈਦਾ ਹੋ ਸਕਦਾ ਹੈ। ਅਗਰ ਦੇਸ਼ ਨੂੰ ਅਤੇ ਸੰਵਿਧਾਨ ਬਚਾਉਣਾ ਹੈ ਤਾਂ ਆਰ ਐਸ ਦੀ ਵਿਚਾਰਧਾਰਾ ਦੇ ਉਲਟ ਸਾਰੇ ਲੋਕਾਂ ਅਤੇ ਰਾਜਨੀਤਕ ਪਾਰਟੀਆਂ ਨੂੰ ਇਕੱਠੇ ਹੋਣਾ ਪਵੇਗਾ।ਇਸ ਪੱਖ ਤੋਂ ਇੱਕ ਜੂਨ ਨੂੰ ਲੋਕ ਸਭਾ ਚੋਣਾਂ ਦੀ ਬਹੁਤ ਅਹਿਮੀਅਤ ਹੈ ।

## ਸੇਂਟ ਸੋਲਜਰ ਡਿਵਾਇਨ ਪਬਲਿਕ ਸਕੂਲ 'ਚ ਫਰੈਸ਼ਰ ਪਾਰਟੀ

**ਜਲੰਧਰ (ਇਕਬਾਲ ਸਿੰਘ ਉਭੀ)** ਸੇਂਟ ਸੋਲਜਰ ਡਿਵਾਈਨ ਪਬਲਿਕ ਸਕੂਲ ਵੱਲੋਂ ਸਕੂਲ ਦੇ ਵਿਹੜੇ 'ਚ ਫਰੈਸ਼ਰ ਪਾਰਟੀ ਦਾ ਆਯੋਜਨ ਕੀਤਾ ਗਿਆ, ਜਿਸ ਦਾ ਆਯੋਜਨ ਸਕੂਲ ਪ੍ਰਿੰਸੀਪਲ ਸੁਧਾਂਸ਼ੂ ਗੁਪਤਾ ਦੀ ਦੇਖ-ਰੇਖ ਹੇਠ ਕੀਤਾ ਗਿਆ।ਫਰੈਸ਼ਰ ਪਾਰਟੀ ਇੱਕ ਉਦਾਹਰਨ ਹੈ ਜਿਸਨੂੰ ਸਕੂਲ ਦੇ ਨਵੇਂ ਵਿਦਿਆਰਥੀ ਜੀਵਨ ਭਰ ਯਾਦ ਰੱਖਦੇ ਹਨ।ਇਸ ਪਾਰਟੀ ਵਿੱਚ ਸਕੂਲ ਦੇ ਅਧਿਆਪਕਾਂ ਨੇ ਬਹੁਤ ਹੀ ਵਿਲੱਖਣ ਢੰਗ ਨਾਲ ਵਿਦਿਆਰਥੀਆਂ ਦਾ ਸਵਾਗਤ ਕੀਤਾ 'ਤੇ ਵਿਦਿਆਰਥੀਆਂ ਲਈ ਰੈਂਪ ਵਾਕ, ਡਾਂਸਿੰਗ, ਮਿਊਜ਼ੀਕਲ ਚੇਅਰ ਗੇਮ, ਰੈਟ ਰੇਸ ਗੇਮ, ਮਿਮਿਕਰੀ, ਫ੍ਰੀਜ਼ ਡਾਂਸ ਅਤੇ ਹੋਰ ਬਹੁਤ ਸਾਰੀਆਂ ਖੇਡਾਂ ਅਤੇ ਗਤੀਵਿਧੀਆਂ ਦਾ ਆਯੋਜਨ ਕੀਤਾ।ਗਰੁੱਪ ਚੇਅਰਪਰਸਨ ਸੰਗੀਤਾ ਚੋਪੜਾ ਨੇ ਸਕੂਲ ਦੇ ਪ੍ਰਿੰਸੀਪਲ ਅਤੇ ਸਟਾਫ ਮੈਂਬਰਾਂ ਨੂੰ ਉਤਸ਼ਾਹਿਤ ਕੀਤਾ ਅਤੇ ਸਾਰੇ ਵਿਦਿਆਰਥੀਆਂ ਨੂੰ ਸ਼ੁਭ ਕਾਮਨਾਵਾਂ ਦਿੱਤੀਆਂ ਅਤੇ ਸਕੂਲ ਵਿੱਚ ਆਉਣ ਵਾਲੀ ਹਰ ਗਤੀਵਿਧੀ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ।

## ਵੋਟਰਾਂ ਨੂੰ ਵੋਟਾਂ ਬਾਰੇ ਕੀਤਾ ਜਾਗਰੂਕ

**ਫਿਲੌਰ (ਨਿਰਮਲ)**- ਡੀ ਐਮ ਫਿਲੌਰ ਅਮਨਪਾਲ ਸਿੰਘ ਦੇ ਦਿਸ਼ਾ ਨਿਰਦੇਸ਼ਾ ਹੇਠ ਇਨ੍ਹਾਂ ਬੂਥਾ ਵਿਖੇ ਵੋਟਰਾਂ ਨੂੰ ਜਾਗਰੂਕ ਕੀਤਾ ਗਿਆ। ਇਸ ਮੌਕੇ ਜਗਪਾਲ ਸਿੰਘ ਨਾਇਬ ਤਹਸੀਲਦਾਰ, ਪ੍ਰਿੰਸੀਪਲ ਕਮ ਨੋਡਲ ਅਫਸਰ ਸਤਵਿੰਦਰ ਪਾਲ ਸਿੰਘ, ਬੀ ਡੀ ਪੀ ਓ ਲਖਵਿੰਦਰ ਕਲੇਰ, ਕਾਰਜ ਸਾਧਕ ਅਫਸਰ ਗੁਰਾਇਆ ਕਮ ਸੈਕਟਰ ਅਫਸਰ ਕਰਮਿੰਦਰ ਸਿੰਘ ਅਤੇ ਪਿੰਡਾਂ ਦੀ ਸਮੂਹ ਪੰਚਾਇਤਾਂ ਦੇ ਮੋਹਤਵਾਰ ਸੱਜਣ ਅਤੇ ਸਕੂਲ ਵਿਦਿਆਰਥੀ ਮੌਜੂਦ ਸਨ। ਇਸ ਮੌਕੇ ਸਭ ਨੇ ਵੋਟਰਾਂ ਨੂੰ ਆਪਣੀ ਵੋਟ ਦਾ ਇਸਤੇਮਾਲ ਬਿਨਾ ਕਿਸੇ ਲੋਭ ਲਾਲਚ ਦੇ ਜਾਤੀ ਧਰਮ ਤੋਂ ਉਪਰ ਉਠ ਕੇ ਕਰਨਾ ਹੈ ਇਸ ਬਾਰੇ ਅਤੇ ਕਿਵੇ ਅਸੀ ਘਰ ਬੈਠ ਕੇ ਵੀ ਆਪਣੀ ਵੋਟ ਬਣਾ ਸਕਦੇ ਹਾ ਅਤੇ ਵੋਟ 'ਚ ਸੁਧਾਰ ਵੀ ਕਰ ਸਕਦੇ ਹਾਂ ਇਸ ਬਾਰੇ ਜਾਗਰੂਕ ਕੀਤਾ ਗਿਆ।

## ਫੁੱਟਬਾਲ ਟੀਮ ਨੂੰ ਸਿਖਲਾਈ ਦੇਣ ਸੰਬੰਧੀ ਭਾਈਵਾਲੀ 'ਤੇ ਸਮਝੌਤਾ



**ਮਾਹਿਲਪੁਰ, (ਸਫਰੀ)** ਇੱਥੋਂ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਦੇ ਕੈਂਪਸ ਵਿੱਚ ਆਈ ਸੀ ਐੱਸ ਸੀ ਤੋਂ ਮਾਨਤਾ ਤਹਿਤ ਚੱਲ ਰਹੇ ਸੰਤ ਬਾਬਾ ਹਰੀ ਸਿੰਘ ਮੈਮੋਰੀਅਲ ਸਕੂਲ ਦੇ ਵਿਦਿਆਰਥੀਆਂ ਨੂੰ ਫੁੱਟਬਾਲ ਖੇਡ ਦੇ ਹੁਨਰ ਸਿਖਾਉਣ ਲਈ ਰਾਊਂਡ ਗਲਾਸ ਫੁੱਟਬਾਲ ਕਲੱਬ ਮੋਹਾਲੀ ਦੀ ਟੀਮ ਦੇ ਪ੍ਰਬੰਧਕਾਂ ਵੱਲੋਂ ਸਕੂਲ ਨਾਲ ਕੋਲੈਬੋਰੇਸ਼ਨ ਕੀਤੀ ਗਈ।ਇਸ ਮੌਕੇ ਕਲੱਬ ਦੇ ਪ੍ਰਤੀਨਿਧ ਵਿਕਰਮਜੀਤ ਸਿੰਘ ਨੇ ਸਕੂਲ ਦਾ ਦੌਰਾ ਕੀਤਾ ਅਤੇ ਸਕੂਲ ਦੀ ਅੰਡਰ 14 ਫੁੱਟਬਾਲ ਟੀਮ ਨੂੰ ਮੁਫਤ ਸਿਖਲਾਈ, ਖੁਰਾਕ, ਵਰਦੀਆਂ ਅਤੇ ਹੋਰ ਸਹੂਲਤਾਂ ਦੇਣ ਸੰਬੰਧੀ ਵਿਸਥਾਰ ਨਾਲ ਗੱਲਬਾਤ ਕੀਤੀ।ਉਨ੍ਹਾਂ ਕਿਹਾ ਕਿ ਫੁੱਟਬਾਲ ਕਲੱਬ ਮੋਹਾਲੀ ਵੱਲੋਂ ਦਾ ਫੁੱਟਬਾਲ ਸੰਸਾਰ ਵਿੱਚ ਵੱਡਾ ਸਥਾਨ ਹੈ ਜਿੱਥੋਂ ਦੇ ਮਾਹਿਰ ਫੁੱਟਬਾਲ ਖਿਡਾਰੀਆਂ ਵੱਲੋਂ ਮਿਲੀ ਸਿਖਲਾਈ ਨਾਲ ਸਕੂਲ ਦੇ ਵਿਦਿਆਰਥੀਆਂ ਦੀ ਖੇਡ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਮੰਚ 'ਤੇ ਪੁੱਜੇਗੀ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਸ਼ਿੱਬੂ ਮੈਥਿਊ ਨੇ ਧੰਨਵਾਦੀ ਸ਼ਬਦ ਸਾਂਝੇ ਕੀਤੇ ਅਤੇ ਫੁੱਟਬਾਲ ਦੀ ਪ੍ਰਫੁੱਲਤਾ ਸੰਬੰਧੀ ਸਕੂਲ ਵੱਲੋਂ ਵਿਦਿਆਰਥੀ ਖਿਡਾਰੀਆਂ ਨੂੰ ਦਿੱਤੀਆਂ ਜਾਂਦੀਆਂ ਸਹੂਲਤਾਂ ਬਾਰੇ ਦੱਸਿਆ। ਇਸ ਦੌਰਾਨ ਬੀਐੱਸਐੱਫ ਦੇ ਡਿਪਟੀ ਕਮਾਂਡੈਂਟ ਸੂਰਜ ਭਾਨ ਹਾਂਡਾ, ਡਾ ਰਾਜ ਕੁਮਾਰ, ਕੋਚ ਸੰਦੀਪ ਸਿੰਘ, ਕੋਚ ਸ਼ਾਹਿਦ ਵੀ ਹਾਜ਼ਰ ਸਨ।

ਸਕੂਲ ਦੇ ਵਿਦਿਆਰਥੀ ਖਿਡਾਰੀਆਂ ਨੂੰ ਮੁਫਤ ਸਿਖਲਾਈ ਦੇਣ ਸੰਬੰਧੀ ਭਾਈਵਾਲੀ 'ਤੇ ਕੀਤਾ ਸਮਝੌਤਾ ਮਾਹਿਲਪੁਰ ਇਲਾਕੇ ਦੀ ਫੁੱਟਬਾਲ ਪ੍ਰਤਿਭਾ ਨੂੰ ਹੋਰ ਉਭਾਰਨ ਵਿੱਚ ਮਦਦਗਾਰ ਸਿੱਧ ਹੋਵੇਗਾ। ਇਸ ਮੌਕੇ ਖਾਲਸਾ ਕਾਲਜ ਮਾਹਿਲਪੁਰ ਦੇ ਪ੍ਰਿੰ ਡਾ. ਪਰਵਿੰਦਰ ਸਿੰਘ ਨੇ ਕਿਹਾ ਕਿ ਰਾਊਂਡ ਗਲਾਸ ਫੁੱਟਬਾਲ ਕਲੱਬ ਮੋਹਾਲੀ

## ਮੰਗਾਂ ਮੰਨਣ ਦੀ ਬਜਾਏ ਮੁਲਾਜ਼ਮਾਂ ਦੇ ਘਰਾਂ 'ਚ ਪੁਲਸ ਭੇਜਣਾ ਨਿੰਦਣਯੋਗ : ਸੰਧਾ

**ਜਲੰਧਰ (ਸ਼ੈਲੀ ਐਲਬਰਟ)**:-ਪੰਜਾਬ ਸਰਕਾਰ ਨੂੰ ਮੁਲਾਜ਼ਮਾਂ ਦਾ ਐਨਾ ਡਰ ਸਤਾ ਰਿਹਾ ਹੈ ਕਿ ਪੁਲਸ ਦੇ ਜ਼ੋਰ ਰਾਹੀ ਮੁਲਾਜ਼ਮਾਂ ਨੂੰ ਘਰਾਂ 'ਚ ਨਜ਼ਰਬੰਦ ਕੀਤਾ ਜਾ ਰਿਹਾ ਹੈ।ਸੱਤਾ ਵਿਚ ਆਉਣ ਸਮੇਂ ਮੁੱਖ ਮੰਤਰੀ ਨੇ ਵਾਅਦਾ ਕੀਤਾ ਸੀ ਕਿ ਮੁਲਾਜ਼ਮਾਂ ਦੀਆ ਮੰਗਾਂ ਨੂੰ ਪਹਿਲ ਦੇ ਅਧਾਰ 'ਤੇ ਹੱਲ ਕੀਤਾ ਜਾਵੇਗਾ ਪਰ ਸੱਤਾ ਵਿਚ ਆਉਣ 'ਤੇ ਮੁੱਖ ਮੰਤਰੀ ਸਾਹਿਬ ਮੁਲਾਜ਼ਮਾਂ ਨੂੰ ਭੁੱਲ ਗਏ। ਆਗੂਆ ਨੇ ਕਿਹਾ ਕਿ ਚੋਣਾਂ ਦੇ ਦਿਨਾਂ ਦੌਰਾਨ ਜਥੇਬੰਦੀ ਦੇ ਆਗੂਆ ਦੇ ਘਰਾਂ ਵਿਚ ਅੱਧੀ ਅੱਧੀ ਰਾਤ ਨੂੰ ਪੁਲਸ ਭੇਜ ਕੇ ਪਰਵਾਰਾਂ ਵਿਚ ਦਹਿਸ਼ਤ ਦਾ ਮਾਹੌਲ ਬਣਾਇਆ ਜਾ ਰਿਹਾ ਹੈ। ਸਰਵ ਸਿੱਖਿਆ ਅਭਿਆਨ ਮਿਡ ਡੇ ਮੀਲ ਦਫਤਰੀ ਕਰਮਚਾਰੀ ਯੂਨੀਅਨ ਦੇ ਆਗੂ ਕੁਲਦੀਪ ਸਿੰਘ, ਪ੍ਰਵੀਨ ਸ਼ਰਮਾ, ਰਾਜਿੰਦਰ ਸੰਧਾ, ਜਗਮੋਹਨ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਤੇ ਮੰਤਰੀ ਜਿਥੇ ਪ੍ਰਚਾਰ ਕਰ ਰਹੇ ਹਨ ਉਥੇ ਉਥੇ ਮੁਲਾਜ਼ਮ ਆਗੂਆ ਨੂੰ ਘਰਾਂ ਅਤੇ ਦਫਤਰਾਂ ਵਿੱਚ ਨਜ਼ਰਬੰਦ ਕੀਤਾ ਜਾ ਰਿਹਾ ਹੈ ਜੋ ਕਿ ਲੋਕਤੰਤਰ ਦੀ ਹੱਤਿਆ ਹੈ।

ਆਗੂਆ ਨੇ ਐਲਾਨ ਕੀਤਾ ਕਿ ਮੰਗਾਂ ਮੰਨਣ ਦੀ ਬਜਾਏ ਦਫਤਰੀ ਮੁਲਾਜ਼ਮਾਂ ਦੇ ਘਰਾਂ ਵਿਚ ਪੁਲਸ ਭੇਜਣ ਦੀ ਸਰਕਾਰ ਦੀ ਕਾਰਵਾਈ ਦਾ ਮੁਲਾਜ਼ਮ ਡੱਟ ਕੇ ਵਿਰੋਧ ਕਰਨਗੇ ਅਤੇ ਆਉਣ ਵਾਲੇ ਦਿਨਾਂ ਵਿਚ ਸਰਕਾਰ ਵਿਰੁੱਧ ਲਾਮਬੰਦੀ ਕਰਕੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਬਾਕੀ ਮੰਤਰੀ ਨੂੰ ਘੇਰਿਆ ਜਾਵੇਗਾ।

## ਇਤਿਹਾਸ ਦੇ ਪੰਨਿਆਂ 'ਤੇ ਆਪਣਾ ਨਾਂਅ ਮੋਦੀ ਹਿਮਾਇਤੀ ਵਜੋਂ ਨਹੀਂ ਲਿਖਵਾਉਣਾ ਚਾਹੁੰਦਾ : ਟੀਨੂੰ



**ਜਲੰਧਰ, (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)**- ਆਮ ਆਦਮੀ ਪਾਰਟੀ ਦੇ ਲੋਕ ਸਭਾ ਹਲਕਾ ਜਲੰਧਰ ਤੋਂ ਉਮੀਦਵਾਰ ਪਵਨ ਟੀਨੂੰ ਵੱਲੋਂ ਹਲਕਾ ਕਰਤਾਰਪੁਰ ਵਿਚਲੇ ਵੱਖ-ਵੱਖ ਪਿੰਡਾਂ ਦਾ ਦੌਰਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਦੇ ਨਾਲ ਹਲਕਾ ਕਰਤਾਪੁਰ ਤੋਂ ਵਿਧਾਇਕ ਤੇ ਕੈਬਨਿਟ ਮੰਤਰੀ ਬਲਕਾਰ ਸਿੰਘ ਵੀ ਸਨ।

ਇਸ ਮੌਕੇ ਪਵਨ ਟੀਨੂੰ ਨੇ ਸੰਬੋਧਨ ਕਰਦਿਆਂ ਭਾਜਪਾ ਦੇ 400 ਪਾਰ ਸੀਟਾਂ ਜਿੱਤਣ ਦੇ ਸ਼ੋਰ ਹੇਠਲੇ ਅਸਲ ਮਕਸਦ ਨੂੰ ਲੋਕਾਂ ਅੱਗੇ ਤਾਰ-ਤਾਰ ਕਰਦਿਆਂ ਕਿਹਾ ਕਿ ਭਾਜਪਾ ਸੰਵਿਧਾਨ ਨੂੰ ਬਦਲ ਕੇ ਸਮਾਜ ਦੀ ਆਜ਼ਾਦੀ, ਬਰਾਬਰੀ ਤੇ ਹੋਰਨਾਂ ਹੱਕਾਂ ਦਾ ਘਾਣ ਕਰਨ 'ਤੇ ਤੁਲੀ ਹੋਈ ਹੈ। ਮੈਂ ਇਸੇ ਕਰਕੇ ਅਕਾਲੀ ਦਲ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਦਾ ਮਨ ਬਣਾਇਆ, ਕਿਉਂਕਿ ਅਕਾਲੀ ਦਲ ਜੇ ਕਿਤੇ 1, 2 ਸੀਟਾਂ ਜਿੱਤ ਵੀ ਗਿਆ ਤਾਂ ਉਹ ਭਾਜਪਾ ਤੋਂ ਪਰੇ ਨਹੀਂ ਹਟੇਗਾ ਅਤੇ ਮੈਂ ਇਤਿਹਾਸ ਵਿੱਚ ਉਨ੍ਹਾਂ ਲੋਕਾਂ 'ਚ ਆਪਣੇ ਆਪ ਨੂੰ ਸ਼ਾਮਲ ਨਹੀਂ ਕਰਨਾ ਚਾਹੁੰਦਾ ਜਿਨ੍ਹਾਂ ਨੇ ਸੰਵਿਧਾਨ ਬਦਲਣ ਦੀ ਤਾਕ 'ਚ ਬੈਠੇ ਮੋਦੀ ਦੀ ਇਛਾ ਪੂਰੀ ਕਰਨ 'ਚ ਕੋਈ ਰੋਲ ਨਿਭਾਇਆ ਹੋਏਗਾ। ਪਵਨ ਟੀਨੂੰ ਨੇ ਮੋਦੀ ਸਰਕਾਰ ਵੱਲੋਂ ਤੇਜ਼ੀ ਨਾਲ ਵੇਚੇ ਜਾ ਰਹੇ ਸਰਕਾਰੀ ਅਦਾਰਿਆਂ 'ਤੇ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਨਿੱਜੀਕਰਨ ਨੇ ਪੰਜਾਬ ਵਿੱਚ ਬੇਰੋਜ਼ਗਾਰੀ ਬੁਰੀ ਤਰ੍ਹਾਂ ਵਧਾਈ ਹੈ, ਜਿਸ ਦੇ ਖਿਲਾਫ ਸੰਸਦ ਵਿੱਚ ਮੈਂ ਆਪ ਸਭਨਾ ਦੇ ਅਸ਼ੀਰਵਾਦ ਨਾਲ ਜ਼ੋਰਦਾਰ ਅਵਾਜ ਬੁਲੰਦ ਕਰਦਾ ਰਹਾਂਗਾ।

## ਦਾਖਲੇ ਲਈ ਪ੍ਰੀਖਿਆ ਪਾਸ ਕਰਨ ਵਾਲੇ ਬੱਚਿਆਂ ਦਾ ਸਨਮਾਨ



**ਫਿਲੌਰ (ਨਿਰਮਲ)**-ਪਿੰਡ ਦੁਸਾਂਝ ਖੁਰਦ ਦੇ ਸਰਕਾਰੀ ਮਿਡਲ ਸਕੂਲ ਵਿਖੇ ਸਕੂਲ ਆਫ ਐਮੀਨੈਂਸ ਅਤੇ ਮੈਰੀਟੋਰੀਅਸ ਸਕੂਲ 'ਚ ਦਾਖਲੇ ਲਈ ਪ੍ਰੀਖਿਆ ਪਾਸ ਕਰਨ ਵਾਲੇ ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਕੂਲ ਮੁਖੀ ਸ੍ਰੀਮਤੀ ਹਰਪ੍ਰੀਤ ਕੌਰ, ਸਕੂਲ ਕਮੇਟੀ ਦੇ ਸਾਬਕਾ ਚੇਅਰਮੈਨ ਮਾ. ਰਾਮ ਲਾਲ, ਜਗਦੀਸ ਲਾਲ, ਵਿਜੈ ਕੁਮਾਰ ਅਤੇ ਸਮੂਹ ਸਟਾਫ ਵਲੋਂ ਬੱਚਿਆਂ ਨੂੰ ਯਾਦ ਚਿੰਨ ਦਿੱਤੇ ਗਏ।

ਸਨਮਾਨ ਚਿੰਨ੍ਹਾਂ ਦੀ ਸੇਵਾ ਸੈਕਰ ਰਾਮ ਦੀ ਯਾਦ ਵਿੱਚ ਉਨ੍ਹਾਂ ਦੇ ਬੇਟੇ ਅਮਰਜੀਤ, ਨਿਰਮਲ ਕੁਮਾਰ ਦੇ ਪਰਵਾਰ ਵੱਲੋਂ ਕੀਤੀ ਗਈ। ਇਸ ਮੌਕੇ ਨਰਿੰਦਰ ਕੁਮਾਰ ਯੂਕੇ, ਜਿੰਦਰ ਆਸਟ੍ਰੇਲੀਆ, ਬਿੰਦਾ ਯੂਕੇ ਵਲੋਂ ਬੱਚਿਆਂ ਦੇ ਭਵਿੱਖ ਲਈ ਸੁਭ ਇੱਛਾਵਾਂ ਭੇਜੀਆਂ ਅਤੇ ਅੱਗੇ ਤੋਂ ਵੀ ਸਕੂਲ ਦੇ ਸਹਿਯੋਗ ਲਈ ਯਕੀਨ ਦਵਾਇਆ। ਜਮਾਤ ਇੰਚਾਰਜ ਰਾਕੇਸ ਕੁਮਾਰ ਨੇ ਦੱਸਿਆ ਕਿ ਸਕੂਲ ਆਫ ਐਮੀਨੈਂਸ ਲਈ ਏਕਮਜੀਤ, ਸਾਹਿਲ ਬੰਗੜ ਅਤੇ ਲੜਕੀਆਂ ਵਿੱਚੋਂ ਦੀਪਿਕਾ, ਕਮਲ ਪ੍ਰੀਤ, ਪ੍ਰਭਜੋਤ, ਤਾਨੀਆ, ਸੁਨੀਤੀ ਚੰਦਰ ਨੇ ਸਕੂਲ ਆਫ ਐਮੀਨੈਂਸ ਤੇ ਮੈਰੀਟੋਰੀਅਸ ਸਕੂਲ ਦੀ ਦਾਖਲਾ ਪ੍ਰੀਖਿਆ ਵਧੀਆ ਅੰਕਾਂ ਨਾਲ ਪਾਸ ਕੀਤੀ। ਮਾ. ਨਿਰਮੋਲਕ ਸਿੰਘ ਨੇ ਸਕੂਲ ਦੇ ਵਧੀਆ ਨਤੀਜਿਆਂ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਮੈਡਮ ਸੁਮਨ ਰਾਣੀ, ਮੈਡਮ ਕ੍ਰਿਸਨਾ ਦੇਵੀ ਅਤੇ ਸੀਐੱਚਟੀ ਮਹਿੰਦਰ ਪਾਲ ਤੇ ਬੱਚਿਆਂ ਦੇ ਮਾਪੇ ਵੀ ਹਾਜਰ ਸਨ। ਸਕੂਲ ਮੁਖੀ ਨੇ ਕਿਹਾ ਕਿ ਇਨ੍ਹਾਂ ਬੱਚਿਆਂ ਨੇ ਸਕੂਲ ਦਾ ਨਾਂਅ ਰੌਸ਼ਨ ਕੀਤਾ ਹੈ।

# ਹਾਰ ਦੀ ਨਿਸ਼ਾਨੀ ਹੈ ਮੋਦੀ ਦੀ ਹੋਛੀ ਤੇ ਭੜਕਾਊ ਬਿਆਨਬਾਜ਼ੀ : ਪਾਸਲਾ

**ਜਲੰਧਰ (ਬਾਪਾ)**-ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ. ਐਮ.ਪੀ.ਆਈ.) ਦੀ ਰਾਜ ਕਮੇਟੀ ਦੇ ਸਕੱਤਰੇਤ ਦੀ ਮੀਟਿੰਗ ਸਾਥੀ ਰਤਨ ਸਿੰਘ ਰੰਧਾਵਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਨੂੰ ਸੰਬੋਧਨ ਕਰਨ ਲਈ ਉਚੇਚੇ ਪੁੱਜੇ ਪਾਰਟੀ ਦੇ ਜਨਰਲ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ ਨੇ ਕਿਹਾ ਹੈ ਕਿ ਵਰਤਮਾਨ ਚੋਣਾਂ ਦੇਸ਼ ਅਤੇ ਦੇਸ਼ ਵਾਸੀਆਂ ਦੇ ਭਵਿੱਖ ਲਈ ਬਹੁਤ ਅਹਿਮ ਸਾਬਤ ਹੋਣ ਜਾ ਰਹੀਆਂ ਹਨ। ਇਨ੍ਹਾਂ ਚੋਣਾਂ ਦੀ ਜਿੱਤ-ਹਾਰ ਨੇ ਇਹ ਫ਼ੈਸਲਾ ਕਰਨਾ ਹੈ, ਕਿ ਕੀ ਲੱਖਾਂ ਕੁਰਬਾਨੀਆਂ ਅਤੇ ਅਦੁੱਤੀ ਸ਼ਹਾਦਤਾਂ ਸਦਕਾ ਸੁਤੰਤਰ ਹੋਏ ਸਾਡੇ ਉਦਾਰ ਦੇਸ਼ ਦਾ ਜਮਹੂਰੀ, ਧਰਮ ਨਿਰਪੱਖ ਤੇ ਫੈਡਰਲ ਢਾਂਚਾ ਬਰਕਰਾਰ ਰਹੇਗਾ ਜਾਂ ਫਿਰ ਇਹ ਮਹਾਨ ਦੇਸ਼ ਮੰਨੂ ਸਿਮਰਤੀ ਦੇ ਚੌਖਟੇ ਵਾਲੇ ਧਰਮ ਅਧਾਰਤ ਕੱਟੜ ਹਿੰਦੂਤਵੀ ਰਾਸ਼ਟਰ 'ਚ ਤਬਦੀਲ ਹੋ ਜਾਵੇਗਾ। ਸਾਥੀ ਪਾਸਲਾ ਨੇ ਕਿਹਾ ਕਿ ਹਾਲੀਆ ਚੋਣਾਂ ਇਹ ਫੈਸਲਾ ਵੀ ਕਰਨਗੀਆਂ ਕਿ ਕੀ ਇਸ ਦੇਸ਼ ਦੇ ਦਲਿਤ, ਘੱਟ ਗਿਣਤੀ ਭਾਈਚਾਰੇ, ਇਸਤਰੀਆਂ, ਆਦਿਵਾਸੀ ਤੇ ਹੋਰ ਹਾਸ਼ੀਆਗਤ ਆਬਾਦੀ ਸਮੂਹ ਸੰਘ ਦੇ ਫਿਰਕੂ-ਖਰੂਦੀ ਤੱਤਾਂ ਵਲੋਂ ਆਪਣੀ ਮਾਤ ਭੂਮੀ ਤੋਂ ਖਦੇੜ ਦਿੱਤੇ ਜਾਣਗੇ ਜਾਂ ਫਿਰ ਸਿਰ ਉੱਚਾ ਕਰਕੇ ਅਮਨ-ਅਮਾਨ ਨਾਲ ਰਹਿੰਦਿਆਂ ਸਮੂਹ ਦੇਸ਼ ਵਾਸੀਆਂ ਨਾਲ ਮਿਲ ਕੇ ਰਾਸ਼ਟਰ ਦੀ ਹਕੀਕੀ ਤਰੱਕੀ ਵਿਚ ਆਪਣਾ ਬਣਦਾ ਯੋਗਦਾਨ ਦੇਣਗੇ? ਉਨ੍ਹਾਂ ਕਿਹਾ ਕਿ ਇਹ ਚੋਣਾਂ ਕਰੋੜਾਂ ਹਿੰਦੂਆਂ ਸਮੇਤ ਸਮੁੱਚੀ ਗਰੀਬ ਵਸੋਂ ਦੀ ਕੀਮਤ 'ਤੇ ਕਾਰਪੋਰੇਟਾਂ ਦੀਆਂ ਤਿਜੌਰੀਆਂ ਭਰਨ ਵਾਲੀ ਮੋਦੀ ਸਰਕਾਰ ਤੋਂ ਮੁਕਤੀ ਹਾਸਲ ਕਰਨ ਦਾ ਸੁਨਹਿਰੀ ਮੌਕਾ ਹਨ। ਸਕੱਤਰੇਤ ਨੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਹਰ ਜਾਇਜ਼-ਨਾਜਾਇਜ਼ ਹਰਬਾ ਵਰਤ ਕੇ ਲੋਕ ਸਭਾ ਚੋਣਾਂ ਜਿੱਤਣ ਦੀ ਲਾਲਸਾ ਅਧੀਨ, ਰਾਜਸੀ ਮਿਆਰਾਂ ਤੋਂ ਗਿਰੀ, ਭੜਕਾਹਟਾਂ ਪੈਦਾ ਕਰਕੇ ਫਿਰਕੂ ਵੰਡ ਤਿੱਖੀ ਕਰਨ ਰਾਹੀਂ ਭਾਈਚਾਰਕ ਸਾਂਝ ਤੇ ਦੇਸ਼ ਦੀ ਏਕਤਾ ਨੂੰ ਖੰਡਤ ਕਰਨ ਵਾਲੀ, ਸਿਰੇ ਦੀ ਇਤਰਾਜ਼ਯੋਗ ਭਾਸ਼ਾ ਵਰਤੇ ਜਾਣ ਦਾ ਗੰਭੀਰ ਨੋਟਿਸ ਲਿਆ ਹੈ। ਸਕੱਤਰੇਤ ਦੀ ਰਾਇ ਹੈ ਕਿ ਮੋਦੀ ਦੀ ਹੋਛੀ ਬਿਆਨਬਾਜ਼ੀ ਲੋਕ ਸਭਾ ਚੋਣਾਂ 'ਚ ਭਾਜਪਾ ਦੀ ਹਾਰ ਦੇ ਸਪਸ਼ਟ ਸੰਕੇਤ ਹਨ।

ਸਕੱਤਰੇਤ ਨੇ ਇਸ ਗੱਲੋਂ ਤਸੱਲੀ ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਹੈ ਕਿ ਹਰ ਮੁਹਾਜ਼ ਤੇ ਅਸਲੋਂ ਨਖਿੱਧ ਸਾਬਤ ਹੋਈ ਮੋਦੀ-ਸ਼ਾਹ ਸਰਕਾਰ ਆਪਣੇ ਰੱਦੀ ਕਿਰਦਾਰ ਅਤੇ ਫੁੱਟ ਪਾਊ ਬੋਲ-ਬਾਣੀ ਰਾਹੀਂ ਦਿਨੋ-ਦਿਨ ਲੋਕਾਂ ਚੋਂ ਨਿੱਖੜ ਰਹੀ ਹੈ, ਜਦਕਿ ਇਸ ਦੇ ਸਮਾਨਾਂਤਰ ਖੜ੍ਹੇ 'ਇੰਡੀਆ' ਗੱਠਜੋੜ ਦੀ ਭਰੋਸੇਯੋਗਤਾ ਲਗਾਤਾਰ ਵਧਦੀ ਜਾ ਰਹੀ ਹੈ। ਮੀਟਿੰਗ ਦੇ ਫੈਸਲੇ ਜਾਰੀ ਕਰਦਿਆਂ ਰਾਜ ਕਮੇਟੀ ਦੇ ਸਕੱਤਰ ਸਾਥੀ ਪਰਗਟ ਸਿੰਘ ਜਾਮਾਰਾਏ ਨੇ ਦੱਸਿਆ ਕਿ ਸਕੱਤਰੇਤ ਵਲੋਂ ਚੰਡੀਗੜ੍ਹ ਸਮੇਤ ਪੰਜਾਬ ਦੀਆਂ ਗੁਰਦਾਸਪੁਰ, ਸ੍ਰੀ ਅੰਮ੍ਰਿਤਸਰ ਸਾਹਿਬ, ਖਡੂਰ ਸਾਹਿਬ, ਜਲੰਧਰ, ਹੁਸ਼ਿਆਰਪੁਰ, ਲੁਧਿਆਣਾ, ਪਟਿਆਲਾ, ਫਤਹਿਗੜ੍ਹ ਸਾਹਿਬ ਅਤੇ ਸ੍ਰੀ ਆਨੰਦਪੁਰ ਸਾਹਿਬ ਸੀਟਾਂ ਤੋਂ 'ਇੰਡੀਆ' ਗੱਠਜੋੜ ਦੀ ਪ੍ਰਮੁੱਖ ਭਾਈਵਾਲ ਕਾਂਗਰਸ ਪਾਰਟੀ ਦੇ ਉਮੀਦਵਾਰਾਂ ਦੀ ਡਟਵੀਂ ਹਮਾਇਤ ਕਰਨ ਦਾ ਫੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਬਾਕੀ ਰਹਿੰਦੀਆਂ ਸੀਟਾਂ ਬਾਰੇ ਵੀ ਜਲਦ ਹੀ ਐਲਾਨ ਕੀਤਾ ਜਾਵੇਗਾ।

# ਇਲਾਕੇ 'ਚ ਚੋਰੀਆਂ ਕਰਨ ਵਾਲੇ 2 ਕਾਬੂ



**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਕਾਰ ਸਿੰਘ)**- ਸੀਨੀਅਰ ਪੁਲਸ ਕਪਤਾਨ ਹੁਸ਼ਿਆਰਪੁਰ ਸੁਰੇਦਰ ਲਾਂਬਾ ਨੇ ਦੱਸਿਆ ਕਿ ਜਿਲ੍ਹੇ ਅੰਦਰ ਨਸ਼ਾ ਸਪਲਾਈ ਕਰਨ ਅਤੇ ਚੋਰੀਆਂ ਕਰਨ ਵਾਲਿਆਂ ਨੂੰ ਕਾਬੂ ਕਰਨ ਲਈ ਵਿਸ਼ੇਸ਼ ਮੁਹਿਮ ਚਲਾਈ ਹੋਈ ਸੀ।ਜਿਸ ਤਹਿਤ ਹਰਜੀਤ ਸਿੰਘ ਰੰਧਾਵਾ ਡੀ ਐਸ ਪੀ ਟਾਂਡਾ ਅਤੇ ਸਬ ਇੰਸਪੈਕਟਰ ਰਮਨ ਕੁਮਾਰ ਮੁੱਖ ਅਫਸਰ ਥਾਣਾ ਟਾਂਡਾ ਦੀ ਅਗਵਾਈ 'ਚ ਥਾਣਾ ਟਾਂਡਾ 'ਚ ਦੇ ਐਸ ਆਈ ਗੁਰਮੀਤ ਸਿੰਘ ਸਮੇਤ ਪੁਲਸ ਪਾਰਟੀ ਨੂੰ ਉਸ ਸਮੇ ਵੱਡੀ ਸਫਲਤਾ ਹਾਸਲ ਹੋਈ ਜਦੋਂ ਟਾਂਡਾ ਤੋਂ ਅਹੀਅਪੁਰ ਤੋਂ ਪੁੱਲ-ਪੁਖਤਾ ਸਾਇਡ ਨੂੰ ਜਾਂਦੇ ਸਮੇਂ 2 ਮੋਟਰਸਾਇਕਲ ਸਵਾਰ ਵਿਕਤੀਆਂ ਨੂੰ ਕਾਬੂ ਕਰਕੇ ਉਹਨਾਂ ਪਾਸੋਂ 255 ਖੁੱਲੀਆ ਨਸ਼ੀਲੀਆਂ ਗੋਲੀਆਂ ਬ੍ਰਾਮਦ ਕੀਤੀਆਂ।ਮੁਲਜ਼ਮਾਂ ਦੀ ਪਛਾਣ ਰਾਹੁਲ ਚਾਵਲਾ ਵਾਸੀ ਰਿਫਿਊਜੀ ਮਹੱਲਾ ਟਾਂਡਾ, ਥਾਣਾ ਟਾਂਡਾ ਤੇ ਮਸਕੀਨ ਅਲੀ ਵਾਸੀ ਮਾਡਲ ਟਾਊਨ ਫੌਜੀ ਕਲੋਨੀ ਟਾਂਡਾ ਜਿਲ੍ਹਾ ਹੁਸ਼ਿਆਰਪੁਰ ਵਜੋਂ ਹੋਈ ਹੈ। ਪੁਲਸ ਵੱਲੋਂ ਇਨ੍ਹਾ ਤੋਂ ਪੁੱਛ ਗਿੱਛ ਕਰਨ 'ਤੇ ਦਰਮਿਆਨੀ ਰਾਤ ਨੂੰ ਹੋਈ ਜੌਲੀ ਐਂਡ ਸੰਨਸ ਵਰਕਸ਼ਾਪ, ਦਾਰਾਪੁਰ ਨੂੰ ਟਰੇਸ ਕੀਤਾ ਗਿਆ ਅਤੇ ਇਹਨਾ ਕੋਲੋਂ ਟਾਂਡਾ ਬਜ਼ਾਰ 'ਚੋਂ ਚੋਰੀ ਕੀਤਾ ਲੈਪਟਾਪ, ਪ੍ਰਿੰਟਰ ਬ੍ਰਾਮਦ ਕੀਤਾ ਗਿਆ।ਮਸਕੀਨ ਅਲੀ ਖਿਲਾਫ ਪਹਿਲਾ ਵੀ ਚੋਰੀਆਂ ਅਤੇ ਨਸ਼ੇ ਦੇ ਹੋਰ ਵੀ ਮੁਕਦਮੇ ਦਰਜ ਹਨ।

# 12ਵੀਂ ਦੀ ਪ੍ਰੀਖਿਆ 'ਚ ਹਿਜ਼ ਐਕਸੀਲੈਂਟ ਦਾ ਸ਼ਾਨਦਾਰ ਪ੍ਰਦਰਸ਼ਨ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਘੋਸ਼ਿਤ ਕੀਤੇ ਗਏ ਨਤੀਜਿਆਂ ਵਿੱਚ ਹੁਸ਼ਿਆਰਪੁਰ ਜ਼ਿਲ੍ਹੇ ਦੇ ਸਿੱਖਿਆ ਦੇ ਖੇਤਰ ਵਿੱਚ ਸਭ ਤੋਂ ਪਹਿਲਾਂ ਸੰਸਥਾਨ ਹਿਜ਼ ਐਕਸੀਲੈਂਟ ਦੇ ਵਿਦਿਆਰਥੀਆਂ ਨੇ ਇਹ ਸਿੱਧ ਕਰ ਦਿੱਤਾ ਕਿ ਵਿਦਿਆਰਥੀਆਂ ਦੀ ਪ੍ਰਤਿਭਾ ਨਿਖਾਰਨ ਵਿੱਚ ਹਿਜ਼ ਐਕਸੀਲੈਂਟ ਸੰਸਥਾਨ ਸਭ ਤੋਂ ਅੱਗੇ ਹੈ।12ਵੀਂ ਦੇ ਘੋਸ਼ਿਤ ਨਤੀਜੇ ਤੋਂ ਇਹ ਸਾਬਤ ਹੁੰਦਾ ਹੈ ਕਿ ਮੈਡੀਕਲ, ਨਾੱਨ ਮੈਡੀਕਲ ਅਤੇ ਕਾਮਰਸ ਦੇ ਚਾਹਵਾਨ ਵਿਦਿਆਰਥੀਆਂ ਲਈ ਹਿਜ਼ ਐਕਸੀਲੈਂਟ ਦਾ ਮਿਹਨਤੀ ਸਟਾਫ, ਪੂਰੀ ਤਰ੍ਹਾਂ ਏਅਰਕੰਡੀਸ਼ਰ ਬਿਲਡਿੰਗ, ਛੋਟੇ ਨੋਟਸ, ਪ੍ਰਸ਼ਨ ਬੈਂਕ ਅਤੇ ਲਗਾਤਾਰ ਵਿਦਿਆਰਥੀਆਂ ਦਾ ਮੁਲਾਂਕਣ ਇਕ ਬੇਹਤਰ ਵਿਕਲਪ ਹੈ।ਐਮ.ਡੀ. ਡਾ. ਆਸ਼ੀਸ਼ ਸਰੀਨ ਨੇ ਦੱਸਿਆ ਕਿ ਕਰਨਦੀਪ ਸਿੰਘ ਨੇ (96.4) ਪਹਿਲਾ, ਗੁਰਕਮਲਪ੍ਰੀਤ ਕੌਰ ਨੇ ਦੂਜਾ ਅਤੇ ਤੀਕਸ਼ਾ ਨੇ ਤੀਜਾ ਸਥਾਨ ਹਾਸਲ ਕੀਤਾ। ਅਰਸ਼ਪ੍ਰੀਤ ਕੌਰ ਨੇ 94 ਪ੍ਰਤੀਸ਼ਤ, ਦਿਲਪ੍ਰੀਤ ਕੌਰ ਨੇ (90.6), ਭੂਮੀ ਗੁਪਤਾ ਨੇ 92.4 ਅਤੇ ਹਰਨੀਤ ਕੌਰ, ਕ੍ਰਿਤਿਕਾ, ਮਨਪ੍ਰੀਤ ਕੌਰ ਨੇ ਵੀ 90 ਪ੍ਰਤੀਸ਼ਤ ਤੋਂ ਜ਼ਿਆਦਾ ਅੰਕ ਪ੍ਰਾਪਤ ਕਰਕੇ ਆਪਣੇ ਮਾਤਾ ਪਿਤਾ ਦਾ ਨਾਂਅ ਰੌਸ਼ਨ ਕੀਤਾ ਹੈ। ਇਸ ਦੇ ਨਾਲ-ਨਾਲ ਹੀ 90 ਪ੍ਰਤੀਸ਼ਤ ਤੋਂ ਉਪਰ 20 ਬੱਚੇ, 85 ਪ੍ਰਤੀਸ਼ ਤੋਂ ਉਪਰ 46 ਬੱਚੇ ਅਤੇ 80 ਪ੍ਰਤੀਸ਼ਤ ਤੋਂ ਉਪਰ 42 ਬੱਚੇ ਰਹੇ।ਵਿਦਿਆਰਥੀਆਂ ਨੇ ਕਿਹਾ ਕਿ ਮੈਡੀਕਲ, ਨਾੱਨ ਮੈਡੀਕਲ ਅਤੇ ਕਾਮਰਸ ਦੇ ਵਿਦਿਆਰਥੀਆਂ ਦੇ ਲਈ ਤਾਂ ਹਿਜ਼ ਐਕਸੀਲੈਂਟ ਸਭ ਤੋਂ ਬੈਸਟ ਸੰਸਥਾਨ ਹੈ। ਇਸ ਲਈ ਇਕ ਵਾਰ ਹਿਜ ਜ਼ਰੂਰ ਆ ਕੇ ਜਾਣ।ਇਸ ਮੌਕੇ ਡਾ.ਆਸ਼ੀਸ਼ ਸਰੀਨ ਨੇ ਆਪਣੇ ਸਟਾਫ ਦਾ ਇਸ ਵਧੀਆ ਨਤੀਜੇ ਦੇ ਲਈ ਧੰਨਵਾਦ ਕੀਤਾ ਅਤੇ ਬੱਚਿਆਂ ਨੂੰ ਅੱਗੇ ਵਧਣ ਦੇ ਲਈ ਹੋਰ ਪ੍ਰੇਰਿਤ ਕੀਤਾ।

# ਮਾਤਾ ਗੁਜਰੀ ਖਾਲਸਾ ਕਾਲਜ 'ਚ ਐੱਨ ਸੀ ਸੀ ਕੈਡਿਟਸ ਨੂੰ ਕੀਤਾ ਸਨਮਾਨਤ



**ਕਰਤਾਰਪੁਰ (ਹਰਮੇਸ਼ ਦੱਤ)**- ਮਾਤਾ ਗੁਜਰੀ ਖਾਲਸਾ ਕਾਲਜ ਕਰਤਾਰਪੁਰ ਵਿਖੇ ਕਾਲਜ ਪ੍ਰਿੰਸੀਪਲ ਡਾ. ਹਰਮਨਦੀਪ ਸਿੰਘ ਗਿੱਲ ਦੀ ਯੋਗ ਅਗਵਾਈ ਹੇਠ ਅਤੇ ਐਨ.ਸੀ.ਸੀ ਦੇ ਇੰਚਾਰਜ ਡਾ. ਕਮਲਜੀਤ ਸਿੰਘ ਦੀ ਦੇਖ ਰੇਖ ਹੇਠ ਕਾਲਜ ਦੇ 7 ਐਨ.ਸੀ.ਸੀ ਕੈਡਿਟਸ ਤੇਜਪ੍ਰੀਤ ਸਿੰਘ, ਫਰਿਆਦ ਅਲੀ, ਹਰਮਨਪ੍ਰੀਤ ਕੌਰ, ਸਿਮਰਨ ਕੌਰ, ਕਰਮਪ੍ਰੀਤ ਕੌਰ, ਪਲਵਿੰਦਰ ਕੌਰ ਅਤੇ ਪ੍ਰਭਜੋਤ ਕੌਰ ਨੂੰ 2 (ਬੀ) ਸਰਟੀਫਿਕੇਟ ਪਾਸ ਕਰਨ 'ਤੇ ਸਨਮਾਨਤ ਕੀਤਾ ਗਿਆ। ਡਾ.ਕਮਲਜੀਤ ਸਿੰਘ ਨੇ ਇਸ ਮੌਕੇ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਬਾਰੇ ਦੱਸਿਆ ਅਤੇ ਉਨ੍ਹਾਂ ਦੀ ਹੌਸਲਾ ਅਫਜ਼ਾਈ ਕੀਤੀ। ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਡਾ.ਹਰਮਨਦੀਪ ਸਿੰਘ ਗਿੱਲ ਨੇ ਕੈਡਿਟਸ ਨੂੰ ਵਧਾਈ ਦਿੱਤੀ।

# ਚੋਣ ਜ਼ਾਬਤੇ ਦੀ ਉਲੰਘਣਾ ਦੇ ਦੋਸ਼ ਤਹਿਤ ਸ਼੍ਰੋਮਣੀ ਅਕਾਲੀ ਦਲ ਤੇ 'ਆਪ' ਨੂੰ ਚੇਤਾਵਨੀ

**ਚੰਡੀਗੜ੍ਹ, (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)** ਲੋਕ ਸਭਾ ਚੋਣਾਂ-2024 ਦੇ ਮੱਦੇਨਜ਼ਰ ਅਲੱਗ-ਅਲੱਗ ਮਾਮਲਿਆਂ 'ਚ ਚੋਣ ਜ਼ਾਬਤੇ ਦੀ ਉਲੰਘਣਾ ਦੇ ਦੋਸ਼ ਤਹਿਤ ਸ਼੍ਰੋਮਣੀ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਨੂੰ ਭਾਰਤੀ ਚੋਣ ਕਮਿਸ਼ਨ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਦੇ ਦਫਤਰ ਵੱਲੋਂ ਚੇਤਾਵਨੀ ਜਾਰੀ ਕੀਤੀ ਗਈ ਹੈ।ਸ਼੍ਰੋਮਣੀ ਅਕਾਲੀ ਦਲ ਵੱਲੋਂ ਆਮ ਆਦਮੀ ਪਾਰਟੀ ਦੇ ਸੂਬਾ ਕਨਵੀਨਰ ਤੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਲੋਕ ਸਭਾ ਚੋਣਾਂ-2024 'ਚ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਖਿਲਾਫ ਇਕ ਵੀਡਿਓ ਵਿਚ 'ਦਿੱਲੀ ਦੇ ਦਲਾਲ' ਸ਼ਬਦ ਦੀ ਵਰਤੋਂ ਕੀਤੀ ਗਈ ਸੀ ਜੋ ਕਿ ਆਦਰਸ਼ ਚੋਣ ਜ਼ਾਬਤੇ ਦੇ ਦਿਸ਼ਾ-ਨਿਰਦੇਸ਼ਾਂ ਦੀ ਉਲੰਘਣਾ ਹੈ।ਸ਼੍ਰੋਮਣੀ ਅਕਾਲੀ ਦਲ ਨੇ ਬਾਅਦ ਵਿਚ ਇਹ ਵੀਡਿਓ ਹਟਾ ਲਈ ਸੀ।ਇਸੇ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਚੋਣ ਰੈਲੀ 'ਚ ਬੱਚਿਆਂ ਦੀ ਸ਼ਮੂਲੀਅਤ ਦੇ ਮਾਮਲੇ ਨੂੰ ਚੋਣ ਜ਼ਾਬਤੇ ਦੀ ਉਲੰਘਣਾ ਮੰਨਿਆ ਗਿਆ ਹੈ।ਲੁਧਿਆਣਾ ਦੇ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਧਿਕਾਰੀ ਵੱਲੋਂ ਵੀ ਰਿਪੋਰਟ ਆਈ ਸੀ ਕਿ ਚੋਣ ਰੈਲੀ ਦੌਰਾਨ ਬੱਚਿਆਂ ਦੀ ਵਰਤੋਂ ਕੀਤੀ ਗਈ ਹੈ।ਚੋਣਾਂ ਵਿੱਚ ਬੱਚਿਆਂ ਦੀ ਵਰਤੋਂ ਬਾਬਤ ਭਾਰਤੀ ਚੋਣ ਕਮਿਸ਼ਨ ਵੱਲੋਂ ਸਾਫ ਦਿਸ਼ਾ-ਨਿਰਦੇਸ਼ ਹਨ ਕਿ ਚੋਣ ਰੈਲੀਆਂ/ਮੁਹਿੰਮਾਂ ਵਿਚ ਬੱਚਿਆਂ ਦੀ ਵਰਤੋਂ ਨਾ ਕੀਤੀ ਜਾਵੇ। ਭਾਰਤੀ ਚੋਣ ਕਮਿਸ਼ਨ ਦੀਆਂ ਆਦਰਸ਼ ਚੋਣ ਜ਼ਾਬਤੇ ਸੰਬੰਧੀ ਜਾਰੀ ਹਦਾਇਤਾਂ ਦੀ ਉਲੰਘਣਾ ਕਰਨ ਕਰਕੇ ਸ਼੍ਰੋਮਣੀ ਅਕਾਲੀ ਦਲ ਨੂੰ ਚੇਤਾਵਨੀ ਦਿੱਤੀ ਗਈ ਹੈ ਅਤੇ ਨਿਰਦੇਸ਼ ਦਿੱਤਾ ਹੈ ਕਿ ਉਹ ਅਜਿਹੀਆਂ ਗਲਤੀਆਂ ਦੋਬਾਰਾ ਨਾ ਕਰੇ ਅਤੇ ਚੋਣ ਜ਼ਾਬਤੇ ਦੇ ਦਿਸ਼ਾ-ਨਿਰਦੇਸ਼ਾਂ ਦੀ ਇੰਨ-ਬਿੰਨ ਪਾਲਣਾ ਕਰੇ।ਉੱਧਰ ਆਮ ਆਦਮੀ ਪਾਰਟੀ ਨੂੰ 'ਅਨਸੈਕਰਡ ਗੇਮਜ਼ ਆਫ ਪੰਜਾਬ' ਵਰਗੀਆਂ ਪੋਸਟਾਂ/ਵੀਡੀਓਜ਼ ਪਾਉਣ ਤੋਂ ਰੋਕਿਆ ਗਿਆ ਹੈ।ਇਸ ਦੇ ਨਾਲ ਹੀ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਵੱਲੋਂ ਆਪਣੇ ਸਿਆਸੀ ਵਿਰੋਧੀਆਂ ਲਈ ਜਾਤ ਆਧਾਰਤ ਟਿੱਪਣੀਆਂ ਨੂੰ ਵੀ ਭਾਰਤੀ ਚੋਣ ਕਮਿਸ਼ਨ ਵੱਲੋਂ ਜਾਰੀ ਆਦਰਸ਼ ਚੋਣ ਜ਼ਾਬਤੇ ਦੇ ਨਿਰਦੇਸ਼ਾਂ ਦੀ ਉਲੰਘਣਾ ਮੰਨਿਆ ਗਿਆ ਹੈ। ਤਰਨ ਤਾਰਨ ਦੇ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਧਿਕਾਰੀ ਵੱਲੋਂ ਵੀ ਰਿਪੋਰਟ ਆਈ ਸੀ ਕਿ ਜਾਤ ਆਧਾਰਤ ਟਿੱਪਣੀਆਂ ਦੀ ਵਰਤੋਂ ਭਾਰਤੀ ਚੋਣ ਕਮਿਸ਼ਨ ਦੇ ਨਿਰਦੇਸ਼ਾਂ ਦੀ ਉਲੰਘਣਾ ਹੈ।

ਭਾਰਤੀ ਚੋਣ ਕਮਿਸ਼ਨ ਦੀਆਂ ਆਦਰਸ਼ ਚੋਣ ਜ਼ਾਬਤੇ ਸੰਬੰਧੀ ਜਾਰੀ ਹਦਾਇਤਾਂ ਦੀ ਉਲੰਘਣਾ ਕਰਨ ਕਰਕੇ ਆਮ ਆਦਮੀ ਪਾਰਟੀ ਨੂੰ ਚੇਤਾਵਨੀ ਦਿੱਤੀ ਗਈ ਹੈ ਅਤੇ ਨਿਰਦੇਸ਼ ਦਿੱਤਾ ਹੈ ਕਿ ਉਹ ਅਜਿਹੀ ਗਲਤੀ ਦੋਬਾਰਾ ਨਾ ਕਰੇ ਅਤੇ ਚੋਣ ਜ਼ਾਬਤੇ ਦੇ ਦਿਸ਼ਾ-ਨਿਰਦੇਸ਼ਾਂ ਦੀ ਇੰਨ-ਬਿੰਨ ਪਾਲਣਾ ਕਰੇ।

# ਕਾਂਗਰਸੀ ਮਹਿਲਾ ਵਰਕਰਾਂ ਵੱਲੋਂ ਚਰਨਜੀਤ ਚੰਨੀ ਖ਼ਿਲਾਫ਼ ਰੋਸ ਪ੍ਰਦਰਸ਼ਨ

**ਜਲੰਧਰ (ਇਕਬਾਲ ਸਿੰਘ ਉਭੀ)**- ਕਾਂਗਰਸ ਪਾਰਟੀ ਵੱਲੋਂ ਚਰਨਜੀਤ ਸਿੰਘ ਚੰਨੀ ਨੂੰ ਲੋਕ ਸਭਾ ਚੋਣਾਂ ਵਿੱਚ ਜਲੰਧਰ ਤੋਂ ਚੋਣ ਮੈਦਾਨ ਵਿੱਚ ਉਤਾਰਨ ਤੋਂ ਨਰਾਜ਼ ਮਹਿਲਾ ਵਰਕਰਾਂ ਨੇ ਫਿਲੌਰ ਵਿਖੇ ਉਨ੍ਹਾਂ ਖ਼ਿਲਾਫ਼ ਰੋਸ ਪ੍ਰਦਰਸ਼ਨ ਕੀਤਾ। ਇਸ ਮੌਕੇ ਚੰਨੀ ਮੁਰਦਾਬਾਦ ਦੇ ਨਾਅਰੇ ਲਗਾਉਂਦੇ ਹੋਏ ਪ੍ਰਦਰਸ਼ਨਕਾਰੀਆਂ ਨੇ ਕਿਹਾ ਕਿ ਚੰਨੀ ਦਾ ਔਰਤਾਂ ਨਾਲ ਗਲਤ ਵਰਤਾਓ ਕਰਨ ਦਾ ਟਰੈਕ ਰਿਕਾਰਡ ਹੈ ਅਤੇ ਕੋਈ ਵੀ ਮਹਿਲਾ ਉਨ੍ਹਾਂ ਵਰਗੇ ਵਿਅਕਤੀ ਨੂੰ ਵੋਟ ਨਹੀਂ ਦੇ ਸਕਦੀ। ਉਨ੍ਹਾਂ ਕਿਹਾ ਕਿ ਹਲਕੇ ਦੇ ਲੋਕਾਂ ਨੂੰ ਆਪਣੇ ਕੰਮ ਲਈ ਸੰਸਦ ਮੈਂਬਰ ਕੋਲ ਜਾਣਾ ਪੈਂਦਾ ਹੈ, ਇਸ ਲਈ ਉਨ੍ਹਾਂ ਦੀ ਨੁਮਾਇੰਦਗੀ ਕਰਨ ਵਾਲਾ ਵਿਅਕਤੀ ਬੇਦਾਗ ਚਰਿੱਤਰ ਵਾਲਾ ਹੋਣਾ ਚਾਹੀਦਾ ਹੈ। ਉਨ੍ਹਾਂ ਆਖਿਆ ਕਿ ਔਰਤਾਂ ਚੰਨੀ ਵਰਗੇ ਵਿਅਕਤੀ ਨੂੰ ਮਿਲਣ ਤੋਂ ਡਰਦੀਆਂ ਹਨ।ਪ੍ਰਦਰਸ਼ਨਕਾਰੀ ਔਰਤਾਂ ਨੇ ਜਲੰਧਰ ਦੇ ਸਾਬਕਾ ਸੰਸਦ ਮੈਂਬਰ ਸੰਤੋਖ ਸਿੰਘ ਚੌਧਰੀ ਦੇ ਪਰਵਾਰ ਨੂੰ ਕਾਂਗਰਸ ਪਾਰਟੀ ਵੱਲੋਂ ਦਰਕਿਨਾਰ ਕਰਨ 'ਤੇ ਵੀ ਨਰਾਜ਼ਗੀ ਜ਼ਾਹਰ ਕੀਤੀ। ਉਨ੍ਹਾਂ ਚੌਧਰੀ ਸੰਤੋਖ ਸਿੰਘ



ਅਤੇ ਚੌਧਰੀ ਵਿਕਰਮਜੀਤ ਸਿੰਘ ਜ਼ਿੰਦਾਬਾਦ ਦੇ ਨਾਅਰੇ ਲਾਉਂਦਿਆਂ ਕਿਹਾ ਕਿ ਚੌਧਰੀ ਪਰਵਾਰ ਨੇ ਫਿਲੌਰ ਹਲਕੇ ਵਿੱਚ ਦਹਾਕਿਆਂ ਤੱਕ ਕੰਮ ਕੀਤਾ ਹੈ, ਪਰ ਪਾਰਟੀ ਲੀਡਰਸ਼ਿਪ ਨੇ ਉਨ੍ਹਾਂ ਨੂੰ ਜ਼ਲੀਲ ਕੀਤਾ। ਉਨ੍ਹਾਂ ਆਖਿਆ ਕਿ ਫਿਲੌਰ ਦੇ ਲੋਕ ਚੌਧਰੀ ਪਰਵਾਰ ਨਾਲ ਆਪਣੇ ਪਰਵਾਰਕ ਮੈਂਬਰਾਂ ਵਾਂਗ ਵਿਵਹਾਰ ਕਰਦੇ ਹਨ ਅਤੇ ਕਿਸੇ ਵੀ ਸਮੇਂ ਉਨ੍ਹਾਂ ਦੇ ਘਰ ਆ ਜਾ ਸਕਦੇ ਹਨ ਪਰ ਚੰਨੀ ਇੱਕ ਬਾਹਰੀ ਵਿਅਕਤੀ ਹਨ ਤੇ ਜੇਕਰ ਉਹ ਚੁਣੇ ਜਾਂਦੇ ਹਨ ਤਾਂ ਉਹਨਾਂ ਤੋਂ ਕੰਮ ਕਰਵਾਉਣ ਲਈ ਚਮਕੌਰ ਸਾਹਿਬ ਜਾਣਾ ਪਵੇਗਾ। ਇਸ ਤੋਂ ਇਲਾਵਾ, ਪ੍ਰਦਰਸ਼ਨ ਵਿਚ ਮੌਜੂਦ ਪ੍ਰਵਾਸੀ ਔਰਤਾਂ ਨੇ ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਚੰਨੀ ਦੀਆਂ ਪ੍ਰਵਾਸੀਆਂ ਵਿਰੁੱਧ ਅਪਮਾਨਜਨਕ ਟਿੱਪਣੀਆਂ ਦਾ ਮੁੱਦਾ ਵੀ ਉਠਾਇਆ। ਇਹ ਟਿੱਪਣੀ ਕਾਂਗਰਸ ਜਨਰਲ ਸਕੱਤਰ ਪ੍ਰਿਅੰਕਾ ਗਾਂਧੀ ਵਾਡਰਾ ਦੀ ਮੌਜੂਦਗੀ ਵਿੱਚ ਕੀਤੀ ਗਈ ਸੀ। ਉਨ੍ਹਾਂ ਆਖਿਆ ਕਿ ਉੱਤਰ ਪ੍ਰਦੇਸ਼ ਅਤੇ ਬਿਹਾਰ ਦੇ ਮਿਹਨਤੀ ਪ੍ਰਵਾਸੀ ਪੰਜਾਬ ਦੇ ਖੇਤੀਬਾੜੀ ਅਤੇ ਉਦਯੋਗਿਕ ਖੇਤਰਾਂ ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦੇ ਹਨ, ਪਰ ਚੰਨੀ ਨੇ ਉਨ੍ਹਾਂ ਦੀ ਖੁਲ੍ਹੇਆਮ ਬੇਇੱਜ਼ਤੀ ਕੀਤੀ।

## ਕਾਰਲ ਮਾਰਕਸ ਦਾ ਜਨਮ ਦਿਵਸ ਭਲਕੇ

**ਜਲੰਧਰ (ਇਕਬਾਲ ਸਿੰਘ ਉਭੀ)** ਸੀ ਪੀ ਆਈ (ਐਮ) ਦੇ ਪੰਜਾਬ ਸੂਬਾ ਸਕੱਤਰ ਸੁਖਵਿੰਦਰ ਸਿੰਘ ਸੇਖੋਂ ਵੱਲੋਂ ਦੱਸਿਆ ਗਿਆ ਕਿ ਸੀ ਪੀ ਆਈ (ਐਮ) ਦੀ ਪੰਜਾਬ ਰਾਜ ਕਮੇਟੀ ਨੇ 5 ਮਈ ਨੂੰ ਪਿਛਲੀ ਦਹਿ ਸਦੀ (1000 ਈ. ਤੋਂ 2000 ਈ. ) ਦੌਰਾਨ ਸੰਸਾਰ ਦੀ ਮਾਨਵ ਜਾਤੀ ਨੂੰ ਸਭ ਤੋਂ ਵੱਧ ਪ੍ਰਭਾਵਿਤ ਕਰਨ ਵਾਲੇ ਕਾਰਲ ਮਾਰਕਸ ਦੀ ਪੰਜਾਬ ਭਰ ਵਿੱਚ 206ਵੀਂ ਵਰ੍ਹੇਗੰਢ ਮਨਾਉਣ ਦਾ ਫੈਸਲਾ ਕੀਤਾ ਹੈ।ਕਾਮਰੇਡ ਸੇਖੋਂ ਨੇ ਪੰਜਾਬ ਦੀ ਸਾਰੀ ਪਾਰਟੀ ਨੂੰ ਸੱਦਾ ਦਿੱਤਾ ਹੈ ਅਤੇ ਅਪੀਲ ਕੀਤੀ ਹੈ ਕਿ 5 ਮਈ ਨੂੰ ਜਿਲ੍ਹਾ, ਕੇਂਦਰਾਂ, ਤਹਿਸੀਲ ਕੇਂਦਰਾਂ ਅਤੇ ਹੋਰ ਜਿੱਥੇ ਵੀ ਹੋ ਸਕੇ ਵਿਸ਼ਾਲ ਕਾਨਫਰੰਸਾਂ ਮੀਟਿੰਗਾਂ ਆਦਿ ਆਯੋਜਿਤ ਕਰਕੇ ਕਾਰਲ ਮਾਰਕਸ ਦੀਆਂ ਸਿੱਖਿਆਵਾਂ, ਮਾਰਕਸਵਾਦ ਦੀ ਮਹੱਤਤਾ ਅਤੇ ਅਟੱਲਤਾ ਬਾਰੇ ਜਾਣਕਾਰੀ ਦਿੱਤੀ ਜਾਵੇ।

## ਭਾਜਪਾ ਉਮੀਦਵਾਰ ਦੇ ਹੱਕ 'ਚ ਚੋਣ ਮੀਟਿੰਗ

**ਫਗਵਾੜਾ, (ਇੰਦਰਜੀਤ ਸਿੰਘ ਮਠਾੜੂ)** -ਲੋਕ ਸਭਾ ਹਲਕਾ ਹੁਸ਼ਿਆਰਪੁਰ ਤੋਂ ਭਾਜਪਾ ਉਮੀਦਵਾਰ ਅਨੀਤਾ ਸੋਮ ਪ੍ਰਕਾਸ਼ ਦੇ ਹੱਕ 'ਚ ਮੀਟਿੰਗ ਰਾਸ਼ੀ ਗੋਇਲ ਦੀ ਅਗਵਾਈ 'ਚ ਹੋਈ। ਇਸ ਦੌਰਾਨ ਅਨੀਤਾ ਸੋਮ ਪ੍ਰਕਾਸ਼ ਦੀ ਭੈਣ ਸੁਖਜੀਤ ਕੌਰ ਨੇ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਭਾਜਪਾ ਵੱਲੋਂ ਕੀਤੇ ਵਿਕਾਸ ਕਾਰਜਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਹਲਕਾ ਹੁਸ਼ਿਆਰਪੁਰ ਦਾ ਵਿਕਾਸ ਕੇਂਦਰ ਸਰਕਾਰ ਵੱਲੋਂ ਬਿਨਾਂ ਕਿਸੇ ਭੇਦਭਾਵ ਦੇ ਕੀਤਾ ਗਿਆ ਹੈ। ਕੇਂਦਰ 'ਚ ਭਾਜਪਾ 400 ਦਾ ਟੀਚਾ ਪਾਰ ਕਰਦੇ ਹੋਏ ਤੀਜੀ ਵਾਰ ਵਾਪਸੀ ਕਰੇਗੀ ਤੇ ਬਾਕੀ ਰਹਿੰਦੇ ਵਿਕਾਸ ਦੇ ਕੰਮ ਪੂਰੇ ਕਰਵਾਏ ਜਾਣਗੇ। ਉਨ੍ਹਾਂ ਹਾਜ਼ਰੀਨ ਨੂੰ ਭਾਜਪਾ ਦੇ ਹੱਕ 'ਚ ਵੋਟ ਪਾਉਣ ਦੀ ਅਪੀਲ ਕੀਤੀ। ਇਸ ਮੌਕੇ ਰਾਜੀਵ ਪਾਹਵਾ, ਸੰਜੇ ਚਹਿਲ, ਦੀਪਕ ਗੋਇਲ, ਵਿੱਕੀ ਸੂਦ, ਸਾਹਿਲ ਚੋਪੜਾ ਆਦਿ ਹਾਜ਼ਰ ਸਨ।

## ਆਗੂਆਂ ਨੂੰ ਨਜ਼ਰਬੰਦ ਕਰਨ ਦੀ ਸਖਤ ਨਿੰਦਾ



**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ)** ਆਂਗਣਵਾੜੀ ਮੁਲਾਜ਼ਮ ਯੂਨੀਅਨ ਪੰਜਾਬ (ਸੀਟੂ) ਵੱਲੋਂ ਸਾਂਝਾ ਬਿਆਨ ਜਾਰੀ ਕਰਦੇ ਹੋਏ ਜ਼ਿਲ੍ਹਾ ਜਲੰਧਰ ਦੇ ਬਲਾਕ ਨੂਰਮਹਿਲ ਪ੍ਰਧਾਨ ਨਿਰਮਲ ਕੌਰ, ਸਕੱਤਰ ਅਮਰਜੀਤ, ਵੱਲੋਂ ਸਾਂਝਾ ਬਿਆਨ ਜਾਰੀ ਕਰਦੇ ਹੋਏ ਪ੍ਰਸ਼ਾਸਨ ਦੀ ਕਾਰਗੁਜ਼ਾਰੀ ਦੀ ਸਖ਼ਤ ਨਿੰਦਿਆ ਕੀਤੀ।ਉਹਨਾਂ ਨੇ ਕਿਹਾ ਕਿ ਜਦੋਂ ਕੋਈ ਵੀ ਪਾਰਟੀ ਸੱਤਾ ਵਿੱਚ ਨਹੀਂ ਹੁੰਦੀ ਤਾਂ ਉਹ ਜਨਤਾ ਲਈ ਵੱਡੇ ਵੱਡੇ ਵਾਅਦੇ ਕਰਦੀ ਹੈ, ਪਰ ਜਦੋਂ ਸੱਤਾ ਵਿੱਚ ਆ ਜਾਂਦੀ ਹੈ ਤਾਂ ਵਾਅਦੇ ਪੂਰੇ ਨਹੀਂ ਹੋਣ ਤੇ ਜਨਤਾ ਵੱਲੋਂ ਸਵਾਲ ਪੁੱਛੇ ਜਾਣ ਤੇ ਲੋਕਤੰਤਰ ਦਾ ਗਲਾ ਘੁੱਟਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਬਲਾਕ ਨਡਾਲਾ ਦੇ ਪ੍ਰਧਾਨ ਅਤੇ ਸੂਬਾ ਵਰਕਿੰਗ ਕਮੇਟੀ ਮੈਂਬਰ ਦੇ ਘਰ ਸਵੇਰ ਤੋਂ ਹੀ ਉਹਨਾਂ ਨੂੰ ਨਜ਼ਰਬੰਦ ਕੀਤਾ ਗਿਆ।ਜਿਸ ਦੀ ਜਥੇਬੰਦੀ ਵੱਲੋਂ ਸਖਤ ਸ਼ਬਦਾਂ ਵਿੱਚ ਨਿੰਦਿਆ ਕੀਤੀ। ਜਥੇਬੰਦੀ ਵੱਲੋਂ ਇਸ ਦੇ ਤਿੱਖਾ ਰੋਸ ਪ੍ਰਗਟ ਕਰਦੇ ਹੋਏ ਮੰਗ ਕੀਤੀ ਕਿ ਅੱਗੇ ਤੋਂ ਇਹੋ ਜਿਹੀ ਕਾਰਗੁਜ਼ਾਰੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਮਜਬੂਰਨ ਸੜਕਾਂ ਉੱਤੇ ਉਤਰ ਕੇ ਸਾਨੂੰ ਆਪਣੇ ਸੰਘਰਸ਼ ਨੂੰ ਹੋਰ ਤਿੱਖਾ ਕਰਨਾ ਪਵੇਗਾ।

## ਕਰਨੈਲ ਸਿੰਘ ਨੂੰ ਕਿਸਾਨ ਮੋਰਚਾ ਪਾਂਸ਼ਟਾ ਮੰਡਲ ਦਾ ਮੀਤ ਪ੍ਰਧਾਨ ਥਾਪਿਆ

**ਫਗਵਾੜਾ,(ਇੰਦਰਜੀਤ ਸਿੰਘ ਮਠਾੜੂ)** ਭਾਜਪਾ ਕਿਸਾਨ ਮੋਰਚਾ ਦੀ ਮੀਟਿੰਗ ਪਿੰਡ ਬੋਹਾਨੀ ਵਿਖੇ ਹੋਈ ਜਿਸ 'ਚ ਭਾਜਪਾ ਕਿਸਾਨ ਮੋਰਚਾ ਦੇ ਕੌਮੀ ਸਕੱਤਰ ਅਵਤਾਰ ਸਿੰਘ ਮੰਡ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।ਇਸ ਮੌਕੇ ਕਰਨੈਲ ਸਿੰਘ ਨੂੰ ਕਿਸਾਨ ਮੋਰਚਾ ਪਾਂਸ਼ਟਾ ਮੰਡਲ ਦਾ ਮੀਤ ਪ੍ਰਧਾਨ ਥਾਪਿਆ ਗਿਆ।ਇਸ ਮੌਕੇ ਮੰਡ ਨੇ ਕਿਹਾ ਕਿ ਪਿੰਡਾਂ 'ਚ ਭਾਜਪਾ ਨੂੰ ਵੋਟਰਾਂ ਦਾ ਭਾਰੀ ਸਮਰਥਨ ਮਿਲ ਰਿਹਾ ਹੈ।ਜਿਸ ਤੋਂ ਸਪੱਸ਼ਟ ਹੈ ਕਿ 1 ਜੂਨ ਨੂੰ ਲੋਕ ਸਭਾ ਚੋਣਾਂ ਲਈ ਪੰਜਾਬ 'ਚ ਹੋਣ ਵਾਲੀ ਵੋਟਿੰਗ ਦੌਰਾਨ ਹੁਸ਼ਿਆਰਪੁਰ ਲੋਕ ਸਭਾ ਹਲਕੇ ਤੋਂ ਭਾਜਪਾ ਉਮੀਦਵਾਰ ਅਨੀਤਾ ਸੋਮ ਪ੍ਰਕਾਸ਼ ਦੇ ਹੱਕ 'ਚ ਵੋਟਿੰਗ ਹੋਵੇਗੀ ਤੇ 4 ਜੂਨ ਨੂੰ ਐਲਾਨਿਆ ਜਾਣ ਵਾਲਾ ਨਤੀਜਾ ਭਾਜਪਾ ਉਮੀਦਵਾਰ ਦੀ ਜਿੱਤ ਤੇ ਮੋਹਰ ਲਗਾਏਗਾ। ਉਨ੍ਹਾਂ ਅਪੀਲ ਕੀਤੀ ਕਿ ਉਹ ਪੰਜਾਬ ਦੀ ਤਰੱਕੀ ਅਤੇ ਕਿਸਾਨਾਂ ਦੀ ਭਲਾਈ ਲਈ ਭਾਜਪਾ ਦੇ ਹੱਥ ਮਜਬੂਤ ਕਰਨ।

## ਭੱਠਾ ਮਜ਼ਦੂਰ ਯੂਨੀਅਨ ਵੱਲੋਂ ਭਲਕ ਤੋਂ ਹੜਤਾਲ 'ਤੇ ਜਾਣ ਦਾ ਐਲਾਨ



**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)** ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਇੱਟ ਭੱਠਾ ਮਜ਼ਦੂਰਾਂ ਨੇ ਉਜ਼ਰਤਾਂ ਵਿਚ ਵਾਧੇ ਦੀ ਮੰਗ ਨੂੰ ਲੈ ਕੇ 5 ਮਈ ਤੋਂ ਅਣਮਿੱਥੇ ਸਮੇਂ ਲਈ ਹੜਤਾਲ ਤੇ ਜਾਣ ਦਾ ਐਲਾਨ ਕੀਤਾ ਹੈ।ਇਹ ਫੈਸਲਾ ਭੱਠਾ ਮਜਦੂਰਾਂ ਦੀ ਨਵਾਂਸ਼ਹਿਰ ਵਿਖੇ ਹੋਈ ਭੱਠਾ ਮਜ਼ਦੂਰਾਂ ਦੀ ਜਿਲ੍ਹਾ ਪੱਧਰੀ ਮੀਟਿੰਗ 'ਚ ਲਿਆ ਗਿਆ।ਮੀਟਿੰਗ ਉਪਰੰਤ ਭੱਠਾ ਮਜਦੂਰ ਯੂਨੀਅਨ ਦੇ ਜਿਲਾ ਪ੍ਰਧਾਨ ਗੁਰਦਿਆਲ ਰੱਕੜ ਅਤੇ ਇਫਟੂ ਦੇ ਸੂਬਾਈ ਡਿਪਟੀ ਸੈਕਟਰੀ ਅਵਤਾਰ ਸਿੰਘ ਤਾਰੀ ਨੇ ਦੱਸਿਆ ਕਿ 29 ਅਪ੍ਰੈਲ ਨੂੰ ਭੱਠਾ ਮਜਦੂਰ ਯੂਨੀਅਨ ਦੇ ਆਗੂਆਂ ਦੀ ਇਕ ਮੀਟਿੰਗ ਜਿਲਾ ਭੱਠਾ ਮਾਲਕ ਐਸੋਸੀਏਸ਼ਨ ਦੇ ਆਗੂਆਂ ਨਾਲ ਹੋਈ ਸੀ ਜਿਸ ਵਿਚ ਮਜਦੂਰਾਂ ਦੀਆਂ ਉਜਰਤਾਂ ਵਧਾਉਣ ਬਾਰੇ ਕੋਈ ਸਮਝੌਤਾ ਨਹੀਂ ਸੀ ਹੋ ਸਕਿਆ।ਮਜ਼ਦੂਰਾਂ ਦੀਆਂ ਉਜ਼ਰਤਾਂ 'ਚ ਵਾਧਾ ਕੀਤਾ ਗਿਆ।

## ਸ੍ਰੀ ਮਹਾਂਵੀਰ ਜੈਨ ਮਾਡਲ ਸਕੂਲ ਦਾ ਵਿਦਿਆਰਥੀ ਮੈਰਿਟ 'ਚ 14ਵੇਂ ਸਥਾਨ 'ਤੇ

**ਫਗਵਾੜਾ, ਇੰਦਰਜੀਤ ਸਿੰਘ ਮਠਾੜੂ)** ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ ਨਤੀਜੇ 'ਚ ਇਥੋਂ ਦੇ ਸ਼੍ਰੀ ਮਹਾਵੀਰ ਜੈਨ ਮਾਡਲ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀ ਗੁਰਪਿੰਦਰ ਸਿੰਘ ਨੇ 12ਵੀਂ ਜਮਾਤ ਦੀ ਬੋਰਡ ਪ੍ਰੀਖਿਆ 'ਚ 97.4 ਫੀਸਦੀ ਅੰਕਾਂ ਨਾਲ ਮੈਰਿਟ ਸੂਚੀ 'ਚ ਸਥਾਨ ਪ੍ਰਾਪਤ ਕਰਕੇ ਪੰਜਾਬ ਭਰ 'ਚੋਂ 14ਵਾਂ ਸਥਾਨ ਹਾਸਲ ਕੀਤਾ ਹੈ। ਜਾਣਕਾਰੀ ਦਿੰਦਿਆਂ ਸਕੂਲ ਦੇ ਵਾਈਸ ਪ੍ਰਿੰ. ਜਗਪਾਲ ਸਿੰਘ ਨੇ ਦੱਸਿਆ ਕਿ ਸਕੂਲ ਦਾ 12ਵੀਂ ਜਮਾਤ ਦਾ ਨਤੀਜਾ ਸ਼ਾਨਦਾਰ ਰਿਹਾ। ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਅਜੈ ਜੈਨ, ਸਕੱਤਰ ਅਤੁਲ ਜੈਨ ਅਤੇ ਖਜ਼ਾਨਚੀ ਅਜੀਤ ਜੈਨ ਨੇ ਸਮੂਹ ਬੱਚਿਆਂ ਦੇ ਮਾਪਿਆਂ ਅਤੇ ਸਕੂਲ ਦੇ ਅਧਿਆਪਕਾਂ ਨੂੰ ਵਧਾਈ ਦਿੱਤੀ।ਇਸ ਮੌਕੇ ਸਕੂਲ ਪ੍ਰਬੰਧਕਾਂ ਵਲੋਂ ਗੁਰਪਿੰਦਰ ਸਿੰਘ ਨੂੰ ਸਨਮਾਨਿਤ ਕੀਤਾ।

## ਪੁਲਸ ਵੱਲੋਂ ਸ਼ਹਿਰ 'ਚ ਫਲੈਗ ਮਾਰਚ

**ਨਵਾਂਸ਼ਹਿਰ, (ਮਨੋਜ ਲਾਡੀ, ਕੁਲਵਿੰਦਰ ਸਿੰਘ ਦੁਰਗਾਪੁਰੀਆ)**:-ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਸ਼ਹੀਦ ਭਗਤ ਸਿੰਘ ਨਗਰ ਪੁਲਸ ਅਤੇ ਬੀ ਐੱਸ ਐੱਫ ਦੇ ਜਵਾਨਾਂ ਵੱਲੋਂ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਅਤੇ ਐੱਸ ਐੱਸ ਪੀ ਸ਼ਹੀਦ ਭਗਤ ਸਿੰਘ ਨਗਰ ਡਾ. ਮਹਿਤਾਬ ਸਿੰਘ ਦੀ ਅਗਵਾਈ ਹੇਠ ਫਲੈਗ ਮਾਰਚ ਕੱਢਿਆ ਗਿਆ।ਇਸ ਸੰਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਚੋਣ ਅਫ਼ਸਰ ਕਮ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਦੱਸਿਆ ਕਿ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਪੁਲਸ ਅਤੇ ਬੀ.ਐੱਸ.ਐੱਫ. ਦੇ ਜਵਾਨਾਂ ਵੱਲੋਂ ਫਲੈਗ ਮਾਰਚ ਕੱਢਿਆ ਗਿਆ ਹੈ। ਇਸ ਮੌਕੇ ਐੱਸ.ਐੱਸ.ਪੀ. ਡਾ. ਮਹਿਤਾਬ ਸਿੰਘ ਨੇ ਕਿਹਾ ਕਿ ਹੋਣ ਵਾਲੀਆਂ ਚੋਣਾਂ 2024 ਨੂੰ ਨਿਰਪੱਖਤਾ ਅਤੇ ਅਮਨ ਸ਼ਾਂਤੀ ਨਾਲ ਮੁਕੰਮਲ ਕਰਵਾਉਣ ਲਈ ਹਰ ਪੱਧਰ ਉੱਤੇ ਸੁਰੱਖਿਆ ਪ੍ਰਬੰਧਾ ਕੀਤੇ ਜਾ ਰਹੇ ਹਨ ਜਿਨ੍ਹਾਂ ਦਾ ਨਿਰੰਤਰ ਨਿਰੀਖਣ ਵੀ ਕੀਤਾ ਜਾ ਰਿਹਾ ਹੈ ਤਾਂ ਜੋ ਪ੍ਰਬੰਧਾਂ ਨੂੰ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਯਕੀਨੀ ਬਣਾਇਆ ਜਾ ਸਕੇ।

## ਦੰਦਾਂ ਤੇ ਜਬਾੜ੍ਹਿਆਂ ਦਾ ਫ਼੍ਰੀ ਕੈਂਪ ਲਗਾਇਆ

**ਫਗਵਾੜਾ (ਇੰਦਰਜੀਤ ਸਿੰਘ ਮਠਾੜੂ)** ਬਲੱਡ ਬੈਂਕ ਵਿਖੇ ਮਾਤਾ ਠਾਕੁਰ ਦੇਵੀ ਅਤੇ ਨਾਨਕ ਚੰਦ ਸੇਠੀ ਦੀ ਮਿੱਠੀ ਯਾਦ ਨੂੰ ਸਮਰਪਿਤ 428ਵਾਂ ਦੰਦਾਂ ਅਤੇ ਜਬਾੜਿਆਂ ਦਾ ਫਰੀ ਕੈਂਪ ਬਲੱਡ ਬੈਂਕ ਦੇ ਪ੍ਰਧਾਨ ਮਲਕੀਅਤ ਸਿੰਘ ਰਘਬੋਤਰਾ ਦੀ ਦੇਖ-ਰੇਖ ਹੇਠ ਲਗਾਇਆ ਗਿਆ।ਜਿਸ ਦਾ ਉਦਘਾਟਨ ਇਨਰਵਹੀਲ ਕਲੱਬ ਫਗਵਾੜਾ ਸਾਊਥ ਈਸਟ ਦੇ ਸਾਬਕਾ ਪ੍ਰਧਾਨ ਸ੍ਰੀਮਤੀ ਸਤਿੰਦਰਪਾਲ ਸੂਚ ਨੇ ਕੀਤਾ।ਉਨ੍ਹਾਂ ਬਲੱਡ ਬੈਂਕ ਵੱਲੋਂ ਕੀਤੇ ਜਾ ਰਹੇ ਕੰਮਾ ਦੀ ਸ਼ਲਾਘਾ ਕੀਤੀ ਉਪਰੰਤ ਉਨ੍ਹਾਂ 13 ਲੋੜਵੰਦ ਬਜ਼ੁਰਗਾਂ ਨੂੰ ਨਵੇਂ ਤਿਆਰ ਕੀਤੇ ਜਬਾੜੇ ਵੀ ਭੇਟ ਕੀਤੇ। ਇਸ ਦੌਰਾਨ ਸੀ ਐਮ ਸੀ ਲੁਧਿਆਣਾ ਤੋਂ ਪਹੁੰਚੀ ਮਾਹਿਰ ਡਾਕਟਰਾਂ ਦੀ 25 ਮੈਂਬਰੀ ਮੋਬਾਈਲ ਟੀਮ ਨੇ ਡਾ. ਸਾਹਿਲ ਪਾਲ ਦੀ ਅਗਵਾਈ ਹੇਠ 140 ਮਰੀਜ਼ਾਂ ਦੇ ਦੰਦਾਂ ਦੀ ਜਾਂਚ ਕੀਤੀ।ਲੋੜਵੰਦਾਂ ਦੇ ਦੰਦ ਸਾਫ਼ ਕੀਤੇ ਗਏ ਤੇ ਲੋੜ ਅਨੁਸਾਰ ਦਵਾਈਆਂ ਦਿੱਤੀਆਂ ਗਈਆਂ। ਇਸ ਤੋਂ ਇਲਾਵਾ ਮਰੀਜ਼ਾਂ ਦੇ ਖਰਾਬ ਹੋਏ ਦੰਦਾਂ ਦੀ ਫਿਲਿੰਗ ਵੀ ਕੀਤੀ ਗਈ। ਕੈਂਪ ਦੌਰਾਨ 25 ਨਵੇਂ ਜਬਾੜੇ ਬਣਾਉਣ ਦੀ ਤੀਸਰੀ ਪ੍ਰਕਿਰਿਆ ਨੂੰ ਨੇਪਰੇ ਚਾੜ੍ਹਿਆ ਗਿਆ। ਮਲਕੀਅਤ ਸਿੰਘ ਰਘਬੋਤਰਾ ਨੇ ਦੱਸਿਆ ਕਿ ਅਗਲਾ ਕੈਂਪ 15 ਮਈ ਦਿਨ ਬੁੱਧਵਾਰ ਨੂੰ ਲਗਾਇਆ ਜਾਵੇਗਾ। ਇਸ ਮੌਕੇ ਟੀ.ਡੀ. ਚਾਵਲਾ, ਗੁਲਾਬ ਸਿੰਘ ਠਾਕੁਰ, ਮੋਹਨ ਲਾਲ ਤਨੇਜਾ, ਗੁਲਸ਼ਨ ਕਪੂਰ, ਵਿਸ਼ਵਾ ਮਿੱਤਰ ਸ਼ਰਮਾ, ਅਮਰਜੀਤ ਡਾਂਗ, ਰਜਿੰਦਰ ਸਾਹਨੀ, ਨਰਿੰਦਰ ਸਿੰਘ ਸੈਣੀ, ਮਨੋਜ ਮਿੱਡਾ, ਅਮਰਜੀਤ ਰਿਆਤ ਆਦਿ ਹਾਜ਼ਰ ਸਨ।

# ਮਹਿਤਪੁਰ 'ਚ ਮਜ਼ਦੂਰ ਦਿਵਸ ਮਨਾਇਆ



**ਮਹਿਤਪੁਰ (ਰਾਜਾ)**- ਮਜ਼ਦੂਰ ਦਿਵਸ ਮੌਕੇ ਮਹਿਤਪੁਰ ਤਹਿਸੀਲ ਨਕੋਦਰ ਵਿਖੇ 1886 ਦੇ ਸ਼ਿਕਾਗੋ ਦੇ ਸ਼ਹੀਦਾਂ ਨੂੰ ਯਾਦ ਕਰਦਿਆਂ ਸਤਿਕਾਰਯੋਗ ਕਾਮਰੇਡ ਮਾਨ ਬਾਲੋਕੀ ਦੀ ਪ੍ਰਧਾਨਗੀ ਹੇਠ ਮਨਾਇਆ ਗਿਆ । ਸ਼ਿਕਾਗੋ ਦੇ ਸ਼ਹੀਦਾਂ ਨੂੰ ਇਨਕਲਾਬੀ ਸਲਾਮ ਕਰਨ ਲਈ ਵਿਸ਼ੇਸ਼ ਤੌਰ 'ਤੇ ਪਹੁੰਚੇ ਭੱਠਾ ਮਜ਼ਦੂਰ ਯੂਨੀਅਨ ਦੇ ਆਗੂ ਸੁਨੀਲ ਕੁਮਾਰ ਤੇ ਉਨ੍ਹਾ ਦੇ ਨਾਲ ਜਨਰਲ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਕਾਮਰੇਡ ਸਿਕੰਦਰ ਸੰਧੂ ਨੇ ਮਜ਼ਦੂਰਾਂ ਨੂੰ ਸੰਬੋਧਨ ਕੀਤਾ। ਉਨਾਂ ਦੇ ਹੱਕਾਂ ਪ੍ਰਤੀ ਜਾਗਰੂਕ ਰਹਿਣ ਲਈ ਪ੍ਰੇਰਿਆ ਅਤੇ ਸਰਕਾਰਾਂ ਦੀਆਂ ਲੋਕ ਮਾਰੂ ਨੀਤੀਆਂ ਤੋਂ ਜਾਣੂ ਕਰਵਾਇਆ ਅਤੇ ਆਉਣ ਵਾਲੇ ਸਮੇਂ ਵਿੱਚ ਸੰਘਰਸ਼ਾਂ ਲਈ ਤਿਆਰ ਰਹਿਣ ਦਾ ਸੱਦਾ ਦਿੱਤਾ। ਨਾਲ ਹੀ ਉਨ੍ਹਾਂ ਪੰਜਾਬ ਅਤੇ ਸੈਂਟਰ ਸਰਕਾਰ ਦੇ 12 ਘੰਟੇ ਦਿਹਾੜੀ ਦੇ ਨੋਟੀਫਿਕੇਸ਼ਨ ਦਾ ਵਿਰੋਧ ਵੀ ਕੀਤਾ। ਕਾਮਰੇਡ ਸਿਕੰਦਰ ਸੰਧੂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਨਰੇਗਾ ਮਜ਼ਦੂਰਾਂ ਨੂੰ ਪੂਰਾ ਸਾਲ ਕੰਮ ਦਿੱਤਾ ਜਾਵੇ ਅਤੇ ਘੱਟੋ ਘੱਟ ਦਿਹਾੜੀ 700 ਰੁਪਏ ਕੀਤੀ ਜਾਵੇ ਬੇਜ਼ਮੀਨੇ ਮਜ਼ਦੂਰਾਂ ਨੂੰ 5.5 ਮਰਲੇ ਦੇ ਪਲਾਟਾਂ ਵਿੱਚ ਘਰ ਬਣਾ ਕੇ ਦਿੱਤੇ ਜਾਣ।ਅਤੇ ਪੜ੍ਹੇ ਲਿਖੇ ਨੌਜਵਾਨ ਮੁੰਡੇ ਕੁੜੀਆਂ ਲਈ ਰੁਜ਼ਗਾਰ ਦਾ ਪ੍ਰਬੰਧ ਕੀਤਾ ਜਾਵੇ। ਸਕੂਲਾਂ ਵਿਚ ਚੰਗੀ ਅਤੇ ਮੁਫ਼ਤ ਸਿੱਖਿਆ ਦਾ ਪ੍ਰਬੰਧ ਕੀਤਾ ਜਾਵੇ ।ਇਲਾਜ ਕਰਵਾਉਣ ਤੋਂ ਅਸਮਰਥ ਗਰੀਬ ਲੋਕਾਂ ਦਾ ਹਸਪਤਾਲਾਂ ਵਿਚ ਫਰੀ ਇਲਾਜ ਸ਼ਕੀਨੀ ਬਣਾਇਆ ਜਾਵੇ ਅਤੇ ਮਨਰੇਗਾ ਮਜ਼ਦੂਰਾਂ ਦਾ ਕੰਮ ਪਾਰਦਰਸ਼ੀ ਢੰਗ ਨਾਲ ਚਲਾਇਆ ਜਾਵੇ। ਗਰੀਬ ਲੋਕਾਂ ਦੇ ਸਿਰ ਚੜ੍ਹਿ.ਆ ਮਾਇਕਰੋ ਫਾਇਨਾਂਸ ਕੰਪਨੀਆਂ ਦਾ ਕਰਜ਼ਾ ਮੁਆਫ਼ ਕੀਤਾ ਜਾਵੇ। ਮਜ਼ਦੂਰ ਯੂਨੀਅਨ ਦੇ ਸਰਗਰਮ ਮੈਂਬਰ ਪ੍ਰਧਾਨ ਇਸਮਾਇਲਪੁਰ, ਅਵਤਾਰ ਸਿੰਘ ਧਾਰੀਵਾਲ, ਜਸਵੀਰ ਸਿੰਘ, ਭੱਠਾ ਮਜ਼ਦੂਰ ਯੂਨੀਅਨ ਦੇ ਆਗੂ ਕਾਮਰੇਡ ਪਰਵਿੰਦਰ ਨੇ ਆਏ ਹੋਏ ਮਜ਼ਦੂਰ ਸਾਥੀਆਂ ਦਾ ਆਪਣੇ ਵਿਚਾਰਾਂ ਉਪਰੰਤ ਸਾਰਿਆਂ ਦਾ ਧੰਨਵਾਦ ਕੀਤਾ।

# ਸਿਆਸਤ ਦੇ ਭੁੱਖੇ ਨੇਤਾ ਵੋਟਾਂ ਮੰਗਣ ਦੇ ਨਾਂਅ 'ਤੇ ਗਰੀਬ ਲੋਕਾਂ ਦਾ ਸ਼ੋਸ਼ਣ ਕਰ ਰਹੇ : ਜਗਤਾਰ



**ਸੁਲਤਾਨਪੁਰ ਲੋਧੀ, (ਰਾਜਵੀਰ ਸਿੰਘ)** ਦੇਸ਼ ਅੰਦਰ ਚੋਣਾਂ ਵਿਧਾਨ ਜਾਂ ਲੋਕ ਸਭਾ ਦੀਆਂ ਹੋਣ ਵੋਟਾਂ ਮੰਗਣ ਦੇ ਨਾਂਅ 'ਤੇ ਗਰੀਬ ਲੋਕਾਂ ਦਾ ਸ਼ੋਸ਼ਣ ਹੀ ਕੀਤਾ ਜਾਂਦਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਮਜ਼ਦੂਰ ਆਗੂ ਸੁਮਨਦੀਪ ਕੌਰ ਤਲਵੰਡੀ ਚੌਧਰੀਆਂ ਨੇ ਇਕ ਵਿਸ਼ੇਸ਼ ਗੱਲਬਾਤ ਦੌਰਾਨ ਕੀਤਾ। ਉਨ੍ਹਾਂ ਦੱਸਿਆ ਕਿ ਤਲਵੰਡੀ ਚੌਧਰੀਆਂ ਦੇ ਗਰੀਬ ਪਰਵਾਰ ਜਿਨ੍ਹਾਂ ਕੋਲ ਘਰ ਬਣਾਉਣ ਲਈ ਪਲਾਟ ਨਹੀਂ ਹਨ। ਉਨ੍ਹਾਂ ਨੇ ਤਲਵੰਡੀ ਚੌਧਰੀਆਂ ਤਹਿਸੀਲ ਦੇ ਨੇੜੇ ਸ਼ਾਮਲਾਟ ਪਲਾਟ 'ਚ ਆਪਣੇ ਰਹਿਣ ਬਸੇਰੇ ਲਈ ਤੰਬੂ ਲਗਾਏ ਹੋਏ ਹਨ। ਪ੍ਰਸ਼ਾਸਨ ਦੁਆਰਾ ਉਨ੍ਹਾਂ ਪਲਾਟਾਂ ਦਾ ਪੰਚਾਇਤ ਵਿਚ ਮਤਾ ਵੀ ਪਾ ਦਿੱਤਾ ਗਿਆ ਹੈ ਅਤੇ ਸਰਕਾਰੀ ਅਧਿਕਾਰੀ ਘਰਾਂ 'ਚ ਜਾ ਕੇ ਤਫਤੀਸ਼ ਵੀ ਕਰ ਚੁੱਕੇ ਹਨ, ਪਰ ਅਜੇ ਤੱਕ ਲੋੜਵੰਦ ਪਰਵਾਰਾਂ ਨੂੰ ਪ੍ਰਸ਼ਾਸਨ 5-5 ਮਰਲੇ ਦੇ ਪਲਾਟ ਕੱਟ ਕੇ ਨਹੀਂ ਦੇ ਰਿਹਾ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਅਧਿਕਾਰੀ ਅਤੇ ਰਾਜਨੀਤਿਕ ਲੀਡਰਾਂ ਵਾਅਦੇ ਕਰਦਿਆਂ ਨੂੰ ਲੱਗਭਗ ਇਕ ਸਾਲ ਹੋ ਗਿਆ ਹੈ। ਉਨ੍ਹਾਂ ਰਾਜਨੀਤਿਕ ਪਾਰਟੀਆਂ ਦੇ ਆਗੂ ਅਤੇ ਪ੍ਰਸ਼ਾਸ਼ਨਿਕ ਅਧਿਕਾਰੀਆਂ ਨੂੰ ਅਪੀਲ ਕੀਤੀ ਕਿ ਜੇਕਰ ਲੋੜਵੰਦ ਪਰਵਾਰਾਂ ਦੀਆਂ ਵੋਟਾਂ ਲੈਣੀਆਂ ਹਨ ਤਾਂ ਤਲਵੰਡੀ ਚੌਧਰੀਆਂ ਦੇ ਲੋੜਵੰਦ ਪਰਵਾਰਾਂ ਨੂੰ 5-5 ਮਰਲੇ ਦੇ ਪਲਾਟ ਕੱਟ ਕੇ ਦਿੱਤੇ ਜਾਣ ਅਤੇ ਮੌਜੂਦਾ ਸਕਰਾਰ ਵੱਲੋਂ ਘਰ ਬਣਾਉਣ ਲਈ ਪੰਜ ਲੱਖ ਦੀ ਗ੍ਰਾਂਟ ਮਹੁੱਈਆ ਕਰਵਾਈ ਜਾਵੇ। ਇਸ ਮੌਕੇ ਬਸਪਾ (ਅ) ਦੇ ਜਨਰਲ ਸਕੱਤਰ ਜਗਤਾਰ ਸਿੰਘ, ਹਰਬੰਸ ਸਿੰਘ, ਸੁਰਿੰਦਰ ਪਾਲ, ਜੌਹਨ, ਰੋਹਿਤ, ਗਗਨ, ਲਖਵਿੰਦਰ ਕੌਰ, ਰਾਣੀ, ਪੰਚ ਮਨਜੀਤ ਕੌਰ, ਬਖਸ਼ੋ, ਸੋਮ ਪਰੀ, ਸੋਮਪਾਲ, ਕੁਲਦੀਪ ਕੌਰ ਆਦਿ ਹਾਜ਼ਰ ਸਨ।

## ਪਵਨ ਕੁਮਾਰ ਟੀਨੂੰ ਨੂੰ ਭਾਰੀ ਬਹੁਮਤ ਨਾਲ ਜਿਤਾਵਾਂਗੇ- ਦੁੱਗਲ

**ਫਿਲੌਰ (ਨਿਰਮਲ)**- ਸਟੇਟ ਜੁਆਇੰਟ ਸਕੱਤਰ ਟ੍ਰੇਡ ਵਿੰਗ ਪੰਜਾਬ ਅਤੇ ਮਾਰਕੀਟ ਕਮੇਟੀ ਗੁਰਾਇਆ ਦੇ ਚੇਅਰਮੈਨ ਪ੍ਰਦੀਪ ਦੁੱਗਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਹਲਕਾ ਇੰਚਾਰਜ ਫਿਲੌਰ ਪ੍ਰਿੰਸੀਪਲ ਪ੍ਰੇਮ ਕੁਮਾਰ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਹਲਕਾ ਜਲੰਧਰ ਤੋਂ ਉਮੀਦਵਾਰ ਪਵਨ ਕੁਮਾਰ ਟੀਨੂੰ ਨੂੰ ਭਾਰੀ ਬਹੁਮਤ ਨਾਲ ਜਿਤਾ ਕੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਹੱਥ ਮਜ਼ਬੂਤ ਕਰਾਂਗੇ। ਉਨ੍ਹਾਂ ਕਿਹਾ ਕਿ ਜੇਕਰ ਦੇਸ਼ ਦੀ ਮੋਦੀ ਸਰਕਾਰ ਪੰਜਾਬ ਦਾ ਹਜ਼ਾਰਾਂ ਕਰੋੜ ਰੁਪਿਆ ਪੇਂਡੂ ਵਿਕਾਸ ਫੰਡ ਦਾ ਨਾ ਰੋਕਦੀ ਤਾਂ ਅੱਜ ਪਿੰਡਾਂ ਦੀਆਂ ਸੜਕਾਂ ਦੀ ਨੁਹਾਰ ਵੀ ਬਦਲੀ ਜਾ ਚੁੱਕੀ ਹੋਣੀ ਸੀ। ਉਨ੍ਹਾਂ ਕਿਹਾ ਕਿ ਸੜਕ ਸੁਰੱਖਿਆ ਫੋਰਸ, ਵੱਡੀ ਗਿਣਤੀ ਵਿੱਚ ਨੌਕਰੀਆਂ, 42 ਹਜ਼ਾਰ ਤੋਂ ਵੱਧ ਬੇਰੁਜ਼ਗਾਰ ਨੂੰ ਰੁਜ਼ਗਾਰ ਦਿਵਾਇਆ ਤੇ ਕੱਚੇ ਅਧਿਆਪਕ ਪੱਕੇ ਕੀਤੇ ਅਤੇ ਬੀਬੀਆਂ ਦਾ ਬੱਸਾਂ ਦਾ ਕਿਰਾਇਆ ਮਾਫ਼ ਕੀਤਾ। ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ ਲਈ ਕੋਈ ਕਸਰ ਨਹੀਂ ਛੱਡਾਂਗੇ। ਦੇਸ਼ ਦੇ ਵਿਕਾਸ ਲਈ ਲੋਕ ਸਭਾ ਚੋਣਾਂ ਦੌਰਾਨ ਆਮ ਆਦਮੀ ਪਾਰਟੀ ਦਾ ਸਾਥ ਦੇ ਕੇ ਆਪਣੀ ਜ਼ਿੰਮੇਵਾਰੀ ਨਿਭਾਈਏ।

# ਰਿਆਤ ਬਾਹਰਾ 'ਵਰਸਿਟੀ ਵਿਖੇ ਤਿੰਨ ਰੋਜ਼ਾ ਸੱਭਿਆਚਾਰਕ ਪ੍ਰੋਗਰਾਮ ਖਤਮ



**ਮੋਹਾਲੀ (ਗੁਰਜੀਤ ਬਿੱਲਾ)** ਰਿਆਤ ਬਾਹਰਾ ਯੂਨੀਵਰਸਿਟੀ ਵਿਖੇ ਤਿੰਨ ਰੋਜ਼ਾ ਸੱਭਿਆਚਾਰਕ ਪ੍ਰੋਗਰਾਮ ਟੈਕਨੋ ਵਿਰਸਾ ਦੇ ਸਮਾਪਤੀ ਸਮਾਰੋਹ ਮੌਕੇ ਪ੍ਰਸਿੱਧ ਪੰਜਾਬੀ ਗਾਇਕ ਜੌਰਡਨ ਸੰਧੂ ਦੀ ਲਾਈਵ ਪੇਸ਼ਕਾਰੀ ਨੇ ਦਰਸ਼ਕਾਂ ਦਾ ਮਨ ਮੋਹਿਆ।ਇਸ ਦੌਰਾਨ ਗਾਇਕ ਜੌਰਡਨ ਸੰਧੂ ਨੇ ਆਪਣੇ ਇੱਕ ਤੋਂ ਬਾਅਦ ਇੱਕ ਹਿੱਟ ਗੀਤ ਸੁਣਾਏ, ਜਿਨ੍ਹਾਂ ਵਿੱਚ 'ਚੰਨ ਚੰਨ, ਤਰੀਫਾਂ, ਦੋ ਵਾਰੀ ਜੱਟ, 'ਤੀਜੇ ਵੀਕ', 'ਮੁੱਛ ਰਖੀ ਆ' ਅਤੇ 'ਹੈਂਡਸਮ ਜੱਟਾ' ਆਦਿ ਤੋਂ ਇਲਾਵਾ ਬਹੁਤ ਸਾਰੇ ਹਰਮਨ ਪਿਆਰੇ ਗੀਤ ਸ਼ਾਮਲ ਸਨ।ਇਨ੍ਹਾਂ ਗਾਏ ਗੀਤਾਂ ਨੇ ਵੱਡੀ ਗਿਣਤੀ ਵਿੱਚ ਹਾਜ਼ਰ ਵਿਦਿਆਰਥੀਆਂ ਨੂੰ ਨੱਚਣ ਲਈ ਮਜ਼ਬੂਰ ਕੀਤਾ।ਉਹ ਆਪਣੇ ਗੀਤਾਂ ਦੇ ਬੋਲਾਂ ਨਾਲ ਪੰਜਾਬੀ ਅਤੇ ਪੰਜਾਬੀਅਤ ਦੀ ਪ੍ਰਫੁੱਲਤਾ ਲਈ ਆਪਣਾ ਅਹਿਮ ਰੋਲ ਅਦਾ ਕਰ ਰਿਹਾ ਹੈ।ਉਨ੍ਹਾਂ ਦੇ ਗਾਏ ਬਹੁਤ ਸਾਰੇ ਗੀਤ ਪੰਜਾਬੀ ਪਿੜ੍ਹਾਂ ਦਾ ਸ਼ਿੰਗਾਰ ਬਣੇ ਹੋਏ ਹਨ।ਇਸ ਤੋਂ ਪਹਿਲਾਂ ਚਾਂਸਲਰ ਗੁਰਵਿੰਦਰ ਸਿੰਘ ਬਾਹਰਾ ਨੇ ਸਿੰਗਰ ਜੌਰਡਨ ਸੰਧੂ ਦਾ ਸਵਾਗਤ ਕੀਤਾ।ਇਸ ਪ੍ਰੋਗਰਾਮ ਦੇ ਸਮਾਪਤੀ ਸਮਾਰੋਹ ਮੌਕੇ ਯੂਨੀਵਰਸਿਟੀ ਦੇ ਚਾਂਸਲਰ ਗੁਰਵਿੰਦਰ ਸਿੰਘ ਬਾਹਰਾ, ਵਾਈਸ ਚਾਂਸਲਰ ਡਾ: ਪਰਵਿੰਦਰ ਸਿੰਘ, ਮੈਡਮ ਮਨਜੀਤ ਕੌਰ ਬਾਹਰਾ, ਰਿਆਤ ਬਾਹਰਾ ਗਰੁੱਪ ਦੇ ਵਾਈਸ ਪ੍ਰਧਾਨ ਗੁਰਿੰਦਰ ਬਾਹਰਾ , ਵਾਈਸ ਪ੍ਰਧਾਨ ਡਾ ਐਸ ਐਸ ਸਹਿਗਲ, ਡੀਨ ਅਕੈਡਮਿਕਸ ਡਾ ਐਸ ਕੇ ਬਾਂਸਲ, ਰਜਿਸਟਰਾਰ ਡਾ ਦਿਨੇਸ਼ ਸ਼ਰਮਾ ਅਤੇ ਯੂਨੀਵਰਸਿਟੀ ਦੇ ਹੋਰ ਸੀਨੀਅਰ ਅਧਿਕਾਰੀ ਵੀ ਹਾਜ਼ਰ ਸਨ।

## ਮਾਨਪੁਰ 'ਚ ਕਿਸਾਨ ਦੀਆਂ ਚਾਰ ਮੱਝਾਂ ਚੋਰੀ

**ਟਾਂਡਾ ਉੜਮੁੜ( ਜਸਵਿੰਦਰ ਸੰਧੂ, ਓਂਕਾਰ ਸਿੰਘ )**- ਬੀਤੀ ਰਾਤ ਚੋਰਾਂ ਨੇ ਪਿੰਡ ਮਾਨਪੁਰ ਵਿਖੇ ਚੋਰੀ ਦੀ ਵਾਰਦਾਤ ਨੂੰ ਅੰਜਾਮ ਦਿੰਦੇ ਹੋਏ ਇੱਕ ਕਿਸਾਨ ਦੀਆਂ 4 ਮੱਝਾਂ ਚੋਰੀ ਕਰ ਲਈਆਂ।ਚੋਰੀ ਦੀ ਇਸ ਵਾਰਦਾਤ ਸੰਬੰਧੀ ਜਾਣਕਾਰੀ ਦਿੰਦੇ ਹੋਏ ਚੋਰੀ ਦਾ ਸ਼ਿਕਾਰ ਕਿਸਾਨ ਪਲਵਿੰਦਰ ਸਿੰਘ ਪੁੱਤਰ ਹਜ਼ਾਰਾਂ ਸਿੰਘ ਨੇ ਦੱਸਿਆ ਕਿ ਚੋਰਾਂ ਨੇ ਸੱਲਾ ਰੋਡ ਸਥਿਤ ਉਹਨਾਂ ਦੀ ਹਵੇਲੀ ਚੋਂ ਚਾਰ ਮੱਝਾਂ ਚੋਰੀ ਕਰ ਲਈਆਂ।ਚੋਰੀ ਦੀ ਵਾਰਦਾਤ ਸੰਬੰਧੀ ਟਾਂਡਾ ਪੁਲਸ ਨੂੰ ਸੂਚਿਤ ਕੀਤਾ ਗਿਆ ਜਿਸ ਉਪਰੰਤ ਏ ਐਸ ਆਈ ਦਰਸ਼ਨ ਸਿੰਘ ਵੱਲੋਂ ਜਾਂਚ ਪੜਤਾਲ ਕੀਤੀ ਜਾ ਰਹੀ ਹੈ।ਚੋਰੀ ਦਾ ਸ਼ਿਕਾਰ ਹੋਏ ਪੀੜਤ ਕਿਸਾਨ ਨੇ ਦੱਸਿਆ ਕਿ ਚੋਰੀ ਦੀ ਇਸ ਵਾਰਦਾਤ ਦੌਰਾਨ ਉਸ ਦਾ ਕਰੀਬ ਤਿੰਨ ਤੋਂ ਚਾਰ ਲੱਖ ਰੁਪਏ ਦਾ ਨੁਕਸਾਨ ਹੋਇਆ ਹੈ।ਟਾਂਡਾ ਇਲਾਕੇ ਵਿੱਚ ਪਿਛਲੇ ਕਈ ਦਿਨਾਂ ਤੋਂ ਲੁੱਟਾਂ-ਖੋਹਾਂ ਤੇ ਚੋਰੀ ਦੀਆਂ ਵਾਰਦਾਤਾਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ ਜਿਸ ਕਾਰਨ ਲੋਕਾਂ ਵਿੱਚ ਦਹਿਸ਼ਤ ਅਤੇ ਡਰ ਦਾ ਮਾਹੌਲ ਪਾਇਆ ਜਾ ਰਿਹਾ ਹੈ।



# ਮਾ. ਇੰਦਰਜੀਤ ਸਿੰਘ ਬਿਧੀਪੁਰ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ



**ਸੁਲਤਾਨਪੁਰ ਲੋਧੀ, (ਰਾਜਵੀਰ ਸਿੰਘ)** ਈ ਟੀ ਟੀ ਅਧਿਆਪਕ ਯੂਨੀਅਨ ਦੇ ਜ਼ਿਲ੍ਹਾ ਜਨਰਲ ਸਕੱਤਰ ਮਾ. ਇੰਦਰਜੀਤ ਸਿੰਘ (46) ਦੀ ਅਚਾਨਕ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਪਿਤਾ ਫਕੀਰ ਸਿੰਘ ਨੇ ਦੱਸਿਆ ਕਿ ਬੀਤੇ ਕੱਲ੍ਹ ਸ਼ਾਮ ਸਮੇਂ ਅਚਾਨਕ ਸਰੀਰ ਵਿਚ ਕੁਝ ਤਲਫੀ ਮਹਿਸੂਸ ਕੀਤੀ ਤਾਂ ਅਸੀਂ ਫੌਰਨ ਉਸ ਨੂੰ ਟਿੱਬੇ ਦੇ ਸਰਕਾਰੀ ਹਸਪਤਾਲ ਲੈ ਕੇ ਗਏ। ਜਿਥੇ ਡਾਕਟਰਾਂ ਨੇ ਮ੍ਰਿਤਕ ਘੋਸ਼ਿਤ ਕਰ ਦਿੱਤਾ।ਮਾ. ਇੰਦਰਜੀਤ ਸਿੰਘ ਅਧਿਆਪਕ ਕਿੱਤੇ ਦੇ ਨਾਲ ਕਿਸਾਨਾਂ ਸੰਘਰਸ਼ਾਂ ਵਿਚ ਵੀ ਬਤੌਰ ਆਪਣੀ ਬੇਬਾਕ ਸੇਵਾਵਾਂ ਨਿਭਾਈਆਂ। ਉਹ ਛੰਨਾਂ ਸ਼ੇਰ ਸਿੰਘ ਦੇ ਪ੍ਰਾਇਮਰੀ ਸਕੂਲ ਵਿਚ ਡਿਊਟੀ ਨਿਭਾ ਰਹੇ ਸਨ। ਉਹ ਆਪਣੀ ਪਿੱਛੇ ਬਜ਼ੁਰਗ ਮਾਤਾ ਪਿਤਾ, ਪਤਨੀ ਮਨਿੰਦਰ ਕੌਰ, ਇਕ ਲੜਕਾ ਅਤੇ ਲੜਕੀ ਛੱਡ ਗਏ ਹਨ।ਮਾ. ਇੰਦਰਜੀਤ ਸਿੰਘ ਦਾ ਪਿੰਡ ਬਿਧੀਪੁਰ ਦੇ ਸ਼ਮਸ਼ਾਨਘਾਟ ਵਿਚ ਸੰਸਕਾਰ ਕਰ ਦਿੱਤਾ ਹੈ। ਈ. ਈ. ਟੀ. ਅਧਿਆਪਕ ਯੂਨੀਅਨ ਦੇ ਸੂਬਾ ਪ੍ਰਧਾਨ ਜਸਵਿੰਦਰ ਸਿੰਘ ਸਿੱਧੂ, ਗੋਰਮਿੰਟ ਟੀਚਰਜ਼ ਯੂਨੀਅਨ ਦੇ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ, ਡੈਮੋਕ੍ਰੇਟਿਕ ਟੀਚਰਜ਼ ਫਰੰਟ ਦੇ ਸੂਬਾ ਪ੍ਰਧਾਨ ਬਿਕਰਮ ਦੇਵ ਸਿੰਘ, ਅਧਿਆਪਕ ਦਲ ਦੇ ਸੂਬਾ ਪ੍ਰਧਾਨ ਜਸਵਿੰਦਰ ਸਿੰਘ ਔਲਖ, ਸੂਬਾਈ ਆਗੂ ਰਸ਼ਪਾਲ ਸਿੰਘ ਵੜੈਚ, ਜ਼ਿਲ੍ਹਾ ਪ੍ਰਧਾਨ ਗੁਰਮੇਜ ਸਿੰਘ ਤਲਵੰਡੀ ਚੌਧਰੀਆਂ, ਜਸਵਿੰਦਰ ਸਿੰਘ ਸ਼ਿਕਾਰਪੁਰ, ਦਵਿੰਦਰ ਸਿੰਘ ਫੱਤੂਢੀਂਗਾ, ਸੁਖਦੇਵ ਸਿੰਘ ਫੱਤੂਢੀਂਗਾ, ਅਮਨਦੀਪ ਸਿੰਘ ਸ਼ਤਾਬਗੜ੍ਹ, ਸੁਖਵਿੰਦਰ ਸਿੰਘ ਕਾਲੇਵਾਲ, ਲਕਸ਼ਮੀ ਸ਼ਰਮਾ, ਦਲਜੀਤ ਸਿੰਘ ਸੈਣੀ, ਅਮਨਦੀਪ ਸਿੰਘ ਸੈਣੀ, ਸੁਖਚੈਨ ਸਿੰਘ ਬੱਧਣ, ਸੁਖਦਿਆਲ ਸਿੰਘ ਝੰਡ, ਹਰਵਿੰਦਰ ਸਿੰਘ ਅਲੂਵਾਲ, ਨਰੇਸ਼ ਕੋਹਲੀ ਨੇ ਪਰਿਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

## ਵਲਨਰੇਬਲ ਬੂਥਾਂ ਵਿਖੇ ਚਲਾਈ ਵੋਟਰ ਜਾਗਰੂਕਤਾ ਮੁਹਿੰਮ

**ਫਿਲੌਰ, (ਨਿਰਮਲ)** ਸਹਾਇਕ ਰਿਟਰਨਿੰਗ ਅਫ਼ਸਰ-ਕਮ-ਐਸ.ਡੀ.ਐਮ. ਫਿਲੌਰ ਅਮਨਪਾਲ ਸਿੰਘ ਦੀ ਅਗਵਾਈ ਵਿੱਚ ਗੁਰਾਇਆ ਅਤੇ ਬਲਾਕ ਰੁੜਕਾ ਕਲਾਂ ਦੇ ਵਲਨਰੇਬਲ ਬੂਥਾਂ ਵਿਖੇ ਵੋਟਰ ਜਾਗਰੂਕਤਾ ਮੁਹਿੰਮ ਚਲਾਈ ਗਈ, ਜਿਸ ਦੌਰਾਨ ਵੋਟਰਾਂ ਨੂੰ ਆਪਣੀ ਵੋਟ ਦੇ ਅਧਿਕਾਰ ਦਾ ਇਸਤੇਮਾਲ ਬਿਨਾਂ ਕਿਸੇ ਡਰ, ਭੈਅ ਅਤੇ ਲਾਲਚ ਤੋਂ ਕਰਨ ਲਈ ਜਾਗਰੂਕ ਕੀਤਾ ਗਿਆ।ਇਸ ਮੌਕੇ ਸਹਾਇਕ ਰਿਟਰਨਿੰਗ ਅਫ਼ਸਰ ਨੇ ਵੋਟ ਦੀ ਮਹੱਤਤਾ 'ਤੇ ਚਾਨਣਾ ਪਾਉਂਦਿਆਂ ਵੋਟਰਾਂ ਨੂੰ 1 ਜੂਨ ਨੂੰ ਬਿਨਾਂ ਕਿਸੇ ਡਰ, ਭੈਅ ਤੇ ਲਾਲਚ ਦੇ ਅਤੇ ਜਾਤ, ਧਰਮ ਤੋਂ ਉੱਪਰ ਉੱਠ ਕੇ ਆਪਣੀ ਵੋਟ ਪਾਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਲੋਕਤੰਤਰ ਦੀ ਮਜ਼ਬੂਤੀ ਲਈ ਹਰੇਕ ਵੋਟਰ ਨੂੰ ਆਪਣੀ ਵੋਟ ਦੇ ਅਧਿਕਾਰ ਵਰਤੋਂ ਜ਼ਰੂਰ ਕਰਨੀ ਚਾਹੀਦੀ ਹੈ। ਇਸ ਮੌਕੇ ਨਾਇਬ ਤਹਿਸੀਲਦਾਰ ਜਗਪਾਲ ਸਿੰਘ, ਬੀ.ਡੀ.ਪੀ.ਓ. ਲਖਵਿੰਦਰ ਕਲੇਰ, ਕਾਰਜ ਸਾਧਕ ਅਫ਼ਸਰ ਗੁਰਾਇਆ ਕਮ ਸੈਕਟਰ ਅਫ਼ਸਰ ਕਰਮਿੰਦਰ ਸਿੰਘ, ਪ੍ਰਿੰਸੀਪਲ ਸਤਵਿੰਦਰ ਪਾਲ ਸਿੰਘ ਅਤੇ ਪਿੰਡਾਂ ਦੇ ਮੋਹਤਬਰ ਅਤੇ ਸਕੂਲੀ ਵਿਦਿਆਰਥੀ ਵੀ ਮੌਜੂਦ ਸਨ।

# ਮੁੱਖ ਮੰਤਰੀ ਦੇ ਰੋਡ ਸ਼ੋਅ ਤੋਂ ਪਹਿਲਾਂ ਅਧਿਆਪਕ ਆਗੂ ਸਤਵੰਤ ਟੂਰਾ ਸਾਥੀਆਂ ਸਮੇਤ ਨਜ਼ਰਬੰਦ



**ਫਗਵਾੜਾ (ਡਾ.ਰਮਨ, ਜਸਵਿੰਦਰ ਢੱਡਾ )**- ਐੱਸ ਸੀ, ਬੀ ਸੀ ਸਮਾਜ ਅਤੇ ਮੁਲਾਜ਼ਮ ਵਰਗ ਦੀਆਂ ਜਾਇਜ਼ ਅਤੇ ਸੰਵਿਧਾਨਕ ਮੰਗਾਂ ਨੂੰ ਹਮੇਸ਼ਾ ਹੀ ਹੱਲ ਕਰਵਾਉਣ ਲਈ ਤਤਪਰ ਰਹਿਣ ਵਾਲੇ ਗਜ਼ਟਿਡ ਅਤੇ ਨਾਨ ਗਜ਼ਟਿਡ ਐੱਸ ਸੀ ਬੀ ਸੀ ਇੰਪਲਾਇਜ਼ ਵੈੱਲਫੇਅਰ ਫੈਡਰੇਸ਼ਨ ਪੰਜਾਬ ਦੇ ਐਡੀਸ਼ਨਲ ਸਟੇਟ ਪ੍ਰਧਾਨ ਅਤੇ ਜ਼ਿਲ੍ਹਾ ਕਪੂਰਥਲਾ ਦੇ ਪ੍ਰਧਾਨ ਸਤਵੰਤ ਸਿੰਘ ਟੂਰਾ ਨੂੰ ਇਕ ਵਾਰ ਫਿਰ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੇ ਲੋਕ ਸਭਾ ਚੋਣਾਂ ਦੇ ਫਗਵਾੜਾ 'ਚ ਕੀਤੇ ਜਾ ਰਹੇ ਰੋਡ ਸ਼ੋਅ ਤੋਂ ਪਹਿਲਾਂ ਹੀ ਰਾਤ ਨੂੰ ਸਤਵੰਤ ਟੂਰਾ ਨੂੰ ਘਰ ਵਿਚ ਹੀ ਪੁਲਸ ਪ੍ਰਸ਼ਾਸਨ ਵਲੋਂ ਨਜ਼ਰਬੰਦ ਕਰ ਦਿੱਤਾ ਗਿਆ ਤੇ ਸਵੇਰ ਸਾਰ ਯੂਨੀਅਨ ਦੇ ਹਰ ਜੁਝਾਰੂ ਸਾਥੀਆਂ ਮਨਜੀਤ ਗਾਟ, ਲਖਵੀਰ ਚੰਦ, ਬਲਵਿੰਦਰ ਨਿਧੜਕ, ਸਤਨਾਮ ਗਿੱਲ ਨੂੰ ਘਰਾਂ ਤੇ ਸਕੂਲਾਂ ਵਿਚ ਨਜ਼ਰਬੰਦ ਕੀਤਾ ਗਿਆ। ਟੂਰਾ ਅਤੇ ਗਾਟ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਕਿਹਾ ਕਿ ਮੁੱਖ ਮੰਤਰੀ ਵਲੋਂ ਮੁਲਾਜ਼ਮ ਵਰਗ ਦੀਆਂ ਮੰਗਾਂ ਨੂੰ ਅਣਗੌਲਿਆਂ ਕਰਨਾ ਅਤੇ ਪੁਲਸ ਪ੍ਰਸ਼ਾਸਨ ਤੇ ਦਬਾਓ ਨਾਲ ਮੁਲਾਜ਼ਮ ਵਰਗ ਦੀ ਅਵਾਜ਼ ਨੂੰ ਦਬਾਉਣ ਦੇ ਕੋਸ਼ਿਸ਼ ਕੀਤੀ ਜਾ ਰਹੀ ਹੈ, ਇਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਸਤਨਾਮ ਗਿੱਲ ਬੇਟ, ਬਲਵਿੰਦਰ ਨਿਧੜਕ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ 1 ਮਹੀਨੇ 'ਚ ਦੋ ਵਾਰ ਜ਼ਿਲ੍ਹਾ ਪ੍ਰਧਾਨ ਸਤਵੰਤ ਤੂਰਾ ਨੂੰ ਨਜ਼ਰਬੰਦ ਕਰਨ ਦੀ ਬਜਾਏ ਮੁੱਖ ਮੰਤਰੀ ਨੂੰ ਅਗਰ ਮੁਲਾਜ਼ਮ ਵਰਗ ਤੋਂ ਖ਼ਤਰਾ ਜਾਪਦਾ ਹੈ ਤਾਂ ਸਮੁੱਚੀਆਂ ਜਥੇਬੰਦੀਆਂ ਨਾਲ ਬੈਠ ਕੇ ਗੱਲ ਕਰਨੀ ਚਾਹੀਦੀ ਹੈ ਤੇ ਮੁਲਾਜ਼ਮ ਮਸਲਿਆਂ ਨੂੰ ਹੱਲ ਕਰਨ ਦੇ ਯਤਨ ਕਰਨੇ ਚਾਹੀਦੇ ਹਨ। ਲਖਵੀਰ ਚੰਦ ਪ੍ਰੈਸ ਸਕੱਤਰ ਨੇ ਕਿਹਾ ਕੇ ਉਨ੍ਹਾਂ ਵੱਲੋਂ ਮੁਲਾਜ਼ਮਾਂ ਦੀਆਂ ਜ਼ਾਇਜ ਮੰਗਾਂ ਜਿਨ੍ਹਾਂ ਵਿੱਚ 10 ਅਕਤੂਬਰ 2014 ਦੇ ਪ੍ਰਸੋਨਲ ਵਿਭਾਗ ਦੇ ਗ਼ੈਰ ਸੰਵਿਧਾਨਕ ਪੱਤਰ ਜੋ ਕਿ ਰਾਖਵਾਂਕਰਨ ਵਿਰੋਧੀ ਹੈ, ਨੂੰ ਰੱਦ ਕਰਵਾਉਣਾ, ਪੁਰਾਣੀ ਪੈਨਸ਼ਨ ਬਹਾਲੀ ਨੂੰ ਅਮਲੀ ਜਾਮਾ ਪਹਿਨਾਉਣਾ, ਮੁਲਜ਼ਮ ਵਰਗ ਦੀ 4-9-14 ਬੰਦ ਪਈ ਸਕੀਮ ਨੂੰ ਬਹਾਲ ਕਰਵਾਉਣਾ, ਤਨਖਾਹ ਕਮਿਸ਼ਨ ਦੇ ਬਕਾਏ ਜਾਰੀ ਕਰਵਾਉਣਾ, ਵੱਖ ਵੱਖ ਵਿਭਾਗਾਂ ਦੀਆਂ ਫ੍ਰੀਜ਼ ਕੀਤੀਆਂ ਪੋਸਟਾਂ ਨੂੰ ਮੁੜ ਬਹਾਲ ਕਰਵਾਉਣਾ, ਮਹਿੰਗਾਈ ਭੱਤੇ ਨੂੰ ਕੇਂਦਰ ਦੇ ਤਰਜ਼ 'ਤੇ ਕਰਵਾਉਣਾ, ਮਿਡ ਡੇ ਮੀਲ ਵਰਕਰਾਂ ਨੂੰ ਡੀਸੀ ਰੇਟ ਅਧੀਨ ਲਿਆਉਣਾ, ਭਰਤੀ ਅਤੇ ਤਰੱਕੀਆਂ ਵਿਚ ਆਬਾਦੀ ਅਨੁਸਾਰ ਰਾਖਵਾਂਕਰਨ ਲਾਗੂ ਕਰਵਾਉਣਾ, ਬੈਕਲਾਗ ਪੂਰਾ ਕਰਵਾਉਣਾ, ਪ੍ਰੈਸ ਨੂੰ ਜਾਣਕਾਰੀ ਦੇਣਾ ਆਦਿ। ਇਸ ਮੌਕੇ ਕੁਲਦੀਪ ਰਾਮ, ਵਿਨੋਦ ਕੁਮਾਰ, ਸੰਦੀਪ ਕੁਮਾਰ, ਕਮਲੇਸ਼ ਸੰਧੂ, ਆਦਿ ਹਾਜ਼ਰ ਸਨ।

# ਹਲਕਾ ਖਡੂਰ ਸਾਹਿਬ ਤੋਂ ਜ਼ੀਰਾ ਨੂੰ ਵੱਡੀ ਲੀਡ ਨਾਲ ਜਿਤਾ ਕੇ ਲੋਕ ਸਭਾ 'ਚ ਭੇਜਿਆ ਜਾਵੇਗਾ : ਨਵਤੇਜ ਚੀਮਾ



**ਸੁਲਤਾਨਪੁਰ ਲੋਧੀ ( ਬਲਵਿੰਦਰ ਸਿੰਘ ਧਾਲੀਵਾਲ)**-ਲੋਕ ਸਭਾ ਚੋਣਾਂ ਅੰਦਰ ਕਾਂਗਰਸ ਪਾਰਟੀ ਵੱਡੀ ਜਿੱਤ ਪ੍ਰਾਪਤ ਕਰੇਗੀ ਅਤੇ ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਕੁਲਵੀਰ ਸਿੰਘ ਜ਼ੀਰਾ ਵੱਡੇ ਫਰਕ ਨਾਲ ਜਿੱਤ ਕੇ ਮੈਂਬਰ ਪਾਰਲੀਮੈਂਟ ਬਣਨਗੇ। ਉਪਰੋਕਤ ਸ਼ਬਦਾਂ ਦਾ ਪ੍ਰਗਟਾਵਾ ਵਿਧਾਨ ਸਭਾ ਹਲਕਾ ਸੁਲਤਾਨਪੁਰ ਲੋਧੀ ਦੇ ਸਾਬਕਾ ਵਿਧਾਇਕ ਨਵਤੇਜ ਸਿੰਘ ਚੀਮਾ ਨੇ ਸੁਲਤਾਨਪੁਰ ਲੋਧੀ ਵਿਖੇ ਮੋਹਤਬਰਾਂ ਨਾਲ ਮੀਟਿੰਗ ਕਰਦਿਆਂ ਕੀਤਾ। ਉਨ੍ਹਾਂ ਦੱਸਿਆ ਕਿ ਦੇਸ਼ ਅੰਦਰ ਕਾਂਗਰਸ ਪਾਰਟੀ ਦੀ ਲਹਿਰ ਚੱਲ ਪਈ ਹੈ ਅਤੇ ਹਲਕਾ ਸੁਲਤਾਨਪੁਰ ਲੋਧੀ ਵਿੱਚ ਜ਼ਮੀਨੀ ਪੱਧਰ 'ਤੇ ਕਾਂਗਰਸੀ ਵਰਕਰਾਂ ਵਲੋਂ ਚੋਣ ਪ੍ਰਚਾਰ ਵਾਸਤੇ ਕਮਰ ਕੱਸ ਲਏ ਗਏ ਹਨ ਤੇ ਹੁਣ ਘਰ-ਘਰ ਕਾਂਗਰਸ ਪਾਰਟੀ ਵਲੋਂ ਸੂਬੇ ਦੇ ਹਿੱਤ ਵਾਸਤੇ ਕੀਤੇ ਕੰਮ ਬਾਰੇ ਜਾਣੂ ਕਰਵਾਇਆ ਜਾਵੇਗਾ। ਲੋਕ ਸਭਾ ਚੋਣਾਂ ਅੰਦਰ ਲੋਕ ਹਲਕਾ ਖਡੂਰ ਸਾਹਿਬ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਕੁਲਵੀਰ ਸਿੰਘ ਜ਼ੀਰਾ ਨੂੰ ਜਿਤਾ ਕੇ ਕੇਂਦਰ ਵਿੱਚ ਕਾਂਗਰਸ ਪਾਰਟੀ ਅਤੇ ਗੱਠਜੋੜ ਦੀ ਸਰਕਾਰ ਬਣਾ ਕੇ ਨਵਾਂ ਇਤਿਹਾਸ ਦਰਜ ਕਰਵਾਉਣਗੇ। ਇਸ ਮੌਕੇ ਬਲਾਕ ਪ੍ਰਧਾਨ ਮੁਖਤਾਰ ਸਿੰਘ ਭਗਤਪੁਰ, ਹਰਜਿੰਦਰ ਸਿੰਘ ਵੀ ਚੇਅਰਮੈਨ ਜ਼ਿਲ੍ਹਾ ਪ੍ਰੀਸ਼ਦ, ਨਰਿੰਦਰ ਸਿੰਘ ਪੰਨੂ ਬਲਾਕ ਪ੍ਰਧਾਨ ਸ਼ਹਿਰੀ, ਬਲਦੇਵ ਸਿੰਘ ਮੈਂਬਰ ਬਲਾਕ ਸੰਮਤੀ, ਕੁਲਦੀਪ ਸਿੰਘ ਸਰਪੰਚ ਡਡਵਿੰਡੀ, ਬਲਕਾਰ ਸਿੰਘ ਅੰਤਰਰਾਸ਼ਟਰੀ ਕਬੱਡੀ ਖਿਡਾਰੀ, ਰਮੇਸ਼ ਸਿੰਘ ਸਾਬਕਾ ਜ਼ਿਲ੍ਹਾ ਪ੍ਰਧਾਨ ਕਾਂਗਰਸ, ਹਰਨੇਕ ਸਿੰਘ ਵਿਰਦੀ, ਮਨੋਜ ਕੁਮਾਰ ਟੋਨੀ ਮੈਂਬਰ ਬਲਾਕ ਸੰਮਤੀ, ਮਹਿੰਦਰਪਾਲ ਸਿੰਘ ਸਰਪੰਚ ਮੁਹਬਲੀਪੁਰ, ਗੁਰਪ੍ਰੀਤ ਸਿੰਘ ਜ਼ੋਨ ਇੰਚਾਰਜ, ਪਰਮਿੰਦਰ ਸਿੰਘ ਸਰਪੰਚ ਰਾਮਪੁਰ ਜਗੀਰ, ਨਰਿੰਦਰ ਸਿੰਘ ਸਰਪੰਚ ਗਿੱਲਾਂ, ਬਲਜਿੰਦਰ ਸਿੰਘ ਪੀ ਏ, ਸਾਹਿਬ ਸਿੰਘ ਭੁੱਲਰ ਨੰਬਰਦਾਰ ਆਦਿ ਹਾਜ਼ਰ ਸਨ।

# ਭੜਕੇ ਜੰਗਲਾਤ ਕਾਮਿਆਂ ਵੱਲੋਂ ਡੀ ਐੱਸ ਪੀ ਦਫ਼ਤਰ ਸਾਹਮਣੇ ਧਰਨਾ

**ਦੋਸ਼ੀਆਂ ਨੂੰ ਸੱਤ ਦਿਨ 'ਚ ਗ੍ਰਿਫ਼ਤਾਰ ਕਰਨ ਦੇ ਭਰੋਸੇ ਬਾਅਦ ਸ਼ਾਂਤ ਹੋਏ ਕਾਮੇ**



ਡੀ ਐੱਸ ਪੀ ਦਫਤਰ ਪਾਤੜਾਂ ਸਾਗਮਣੇ ਧਰਨਾ ਦਿੰਦੇ ਜੰਗਲਾਤ ਕਾਮੇ।

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਚੋਣ ਕਮਿਸ਼ਨ ਦੀਆਂ ਹਦਾਇਤਾਂ ਉੱਤੇ ਸਰਕਾਰ ਦੀਆਂ ਪ੍ਰਾਪਤੀਆਂ ਨੂੰ ਦਰਸਾਉਂਦੇ ਬੋਰਡ ਉਤਾਰੇ ਜਾਣ ਨੂੰ ਲੈ ਕੇ ਇੱਕ ਨਿੱਜੀ ਹੋਟਲ ਦੇ ਮਾਲਕ ਵੱਲੋਂ ਜੰਗਲਾਤ ਵਿਭਾਗ ਦੇ ਕਰਮਚਾਰੀਆਂ ਦੀ ਕੀਤੀ ਗਈ ਕੁੱਟਮਾਰ ਦੇ ਮਾਮਲੇ ਵਿੱਚ ਪੁਲਸ ਕੇਸ ਦਰਜ ਕੀਤੇ ਜਾਣ ਦੇ ਬਾਵਜੂਦ ਕਥਿਤ ਦੋਸ਼ੀਆਂ ਦੀ ਗ੍ਰਿਫਤਾਰੀ ਨਾ ਹੋਣ ਦੇ ਰੋਸ ਵਜੋਂ ਜੰਗਲਾਤ ਕਾਮਿਆਂ ਦੀ ਜਥੇਬੰਦੀ ਜੰਗਲਾਤ ਵਰਕਰਜ਼ ਯੂਨੀਅਨ ਪੰਜਾਬ ਦੀ ਰੇਂਜ ਸਮਾਨਾ ਵੱਲੋਂ ਡੀ ਐੱਸ ਪੀ ਦਫਤਰ ਪਾਤੜਾਂ ਵਿਖੇ ਵਿਸ਼ਾਲ ਰੋਹ ਭਰਪੂਰ ਮੁਜ਼ਾਹਰਾ ਕੀਤਾ ਗਿਆ।ਧਰਨੇ ਦੀ ਅਗਵਾਈ ਜਸਵਿੰਦਰ ਸੌਂਜਾ, ਭਿੰਦਰ ਘੱਗਾ, ਜਸਵਿੰਦਰ ਗਾਗਾ, ਹਰਪਾਲ ਹਮਝੇੜੀ ਤੇ ਪਵਨ ਪਾਤੜਾਂ ਨੇ ਕੀਤੀ।ਕੜਕ ਦੀ ਗਰਮੀ ਤੇ ਭਾਰੀ ਧੁੱਪ ਦੇ ਬਾਵਜੂਦ ਵੱਡੀ ਗਿਣਤੀ ਜੰਗਲਾਤ ਕਾਮੇ ਟਰੱਕ, ਟੈਂਪੂਆਂ ਤੇ ਬੱਸਾਂ ਰਾਹੀਂ ਝੰਡੇ, ਮਾਟੋ ਤੇ ਬੈਨਰਾਂ ਨਾਲ ਲੈਸ ਹੋ ਕੇ ਪੂਰੇ ਜੋਸ਼ੋ ਖਰੋਸ਼ ਨਾਲ ਨਾਅਰੇ ਮਾਰਦੇ ਹੋਏ ਧਰਨੇ ਵਿੱਚ ਪੁੱਜੇ।ਧਰਨੇ ਦੌਰਾਨ ਇਕੱਤਰ ਕਾਮਿਆਂ ਨੇ ਪੰਜਾਬ ਸਰਕਾਰ ਤੇ ਪੁਲਸ ਪ੍ਰਸ਼ਾਸਨ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ।ਇਸ ਦੌਰਾਨ ਪੁਲਸ ਅਧਿਕਾਰੀਆਂ ਵੱਲੋਂ ਧਰਨੇ ਵਿੱਚ ਆ ਕੇ ਸਮੁੱਚੇ ਲੋਕਾਂ ਦੀ ਹਾਜ਼ਰੀ ਵਿੱਚ ਇੱਕ ਹਫਤੇ ਦੇ ਵਿੱਚ ਵਿੱਚ ਦੋਸ਼ੀਆਂ ਨੂੰ ਸਲਾਖਾਂ ਪਿੱਛੇ ਦੇਣ ਦੇ ਦਿੱਤੇ ਗਏ ਭਰੋਸੇ ਮਗਰੋਂ ਧਰਨਾ ਸਮਾਪਤ ਕੀਤਾ ਗਿਆ।

ਰੋਸ ਪ੍ਰਦਰਸ਼ਨ ਦੌਰਾਨ ਜੁੜੇ ਇਕੱਠ ਨੂੰ ਸੰਬੋਧਨ ਕਰਦਿਆਂ ਪੰਜਾਬ ਸਵਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਆਗੂ ਦਰਸ਼ਨ ਰੋਗਲਾ, ਸੁਖਦੇਵ ਸਿੰਘ ਚੰਗਾਲੀਵਾਲਾ, ਲਖਵਿੰਦਰ ਖਾਨਪੁਰ ਤੇ ਕੁਲਦੀਪ ਘੱਗਾ ਨੇ ਦੱਸਿਆ ਕਿ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਫਲੈਕਸ ਲਾਹੁਣ ਵਾਲੇ ਜੰਗਲਾਤ ਕਾਮਿਆਂ ਉੱਪਰ 20 ਮਾਰਚ ਨੂੰ ਰਜੇਸ਼ ਚਹਿਲ ਤੇ ਉਸ ਦੇ ਚਾਰ-ਪੰਜ ਸਾਥੀਆਂ ਨੇ ਵਣ ਵਿਭਾਗ ਦੀ ਨਰਸਰੀ ਵਿੱਚ ਕੰਮ ਕਰ ਰਹੇ ਰਾਮ ਕੱਲਾ ਤੇ ਤਰਸੇਮ ਰਾਮ ਦੀ ਕੁੱਟਮਾਰ ਕੀਤੀ ਅਤੇ ਗਾਲੀ ਗਲੋਚ ਕੀਤੀ ਗਈ ਸੀ। ਐੱਫਆਈਆਰ ਦਰਜ ਹੋਣ ਦੇ ਬਾਵਜੂਦ ਦੋਸ਼ੀਆਂ ਨੂੰ ਪੁਲਸ ਵੱਲੋਂ ਗ੍ਰਿਫਤਾਰ ਨਹੀਂ ਕੀਤਾ ਗਿਆ।

ਆਗੂਆਂ ਨੇ ਚੇਤਾਵਨੀ ਭਰੇ ਲਹਿਜੇ ਨਾਲ ਕਿਹਾ ਕਿ ਉਕਤ ਦੋਸ਼ੀਆਂ ਨੂੰ ਗ੍ਰਿਫਤਾਰ ਨਾ ਕੀਤਾ ਤਾਂ ਅਗਲੇ ਸੰਘਰਸ਼ ਵਿੱਚ ਭਰਵੀਂ ਸ਼ਮੂਲੀਅਤ ਕਰਨਗੇ। ਜੰਗਲਾਤ ਕਾਮਿਆਂ ਦੀ ਹਮਾਇਤ 'ਤੇ ਆਏ ਜਨਤਕ ਜਥੇਬੰਦੀਆਂ ਦੇ ਸਾਂਝੇ ਮੋਰਚੇ ਦੇ ਆਗੂਆਂ ਦਰਸ਼ਨ ਬੇਲੂਮਾਜਰਾ, ਪ੍ਰਲਾਦ ਸਿੰਘ ਨਿਆਲ, ਲਾਭ ਸਿੰਘ ਪੈਂਦ, ਮਲਕੀਤ ਸਿੰਘ ਨਿਆਲ, ਗੁਰਮੇਲ ਸਿੰਘ ਬੰਮਣਾ ਤੇ ਸਬਦਿਲ ਸਿੰਘ ਕੁੱਕੀ ਨੇ ਕਿਹਾ ਕਿ ਪੁਲਸ ਨੂੰ ਫੌਰੀ ਕਾਰਵਾਈ ਕਰਕੇ ਜੰਗਲਾਤ ਕਾਮਿਆਂ ਨੂੰ ਇਨਸਾਫ ਦੇਣਾ ਚਾਹੀਦਾ ਹੈ, ਨਹੀਂ ਤਾਂ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ।ਧਰਨੇ ਵਿੱਚ ਛੱਜੂਰਾਮ ਮਨਿਆਨਾ, ਸਤਨਾਮ ਸਿੰਘ ਸੰਗਤੀਵਾਲਾ, ਨਾਥ ਸਿੰਘ ਬੁਜਰਕ, ਪ੍ਰਕਾਸ਼ ਸਿੰਘ ਖਾਂਗ, ਗੀਤ ਕਕਰਾਲਾ, ਮਹਿੰਦਰ ਸਿੰਘ ਪਾਤੜਾਂ, ਜਗਜੀਤ ਭੱਠਲ, ਅਵਤਾਰ ਕਰੋਦਾਂ, ਦਲਵੀਰ ਅਨਦਾਨਾ ਤੇ ਇਸਤਰੀ ਆਗੂਆਂ ਪਾਲੀ ਦੇਵੀ, ਇੰਦਰਜੀਤ ਕੌਰ, ਹਰਬੰਸ ਕੌਰ, ਮਨਜੀਤ ਕੌਰ ਤੇ ਪਰਮਜੀਤ ਕੌਰ ਆਦਿ ਨੇ ਸੰਬੋਧਨ ਕੀਤਾ।

## ਵੈਟਰਨਰੀ ਏ ਆਈ ਵਰਕਰ 6 ਨੂੰ ਕਰਨਗੇ ਮੁੱਖ ਮੰਤਰੀ ਦੀ ਕੋਠੀ ਦਾ ਘਿਰਾਓ

**ਕੋਟ ਈਸੇ ਖਾਂ (ਅਰੋੜਾ)**-ਵੈਟਨਰੀ ਏ.ਆਈ ਵਰਕਰ ਯੂਨੀਅਨ ਦੀ ਮੀਟਿੰਗ ਸੂਬਾ ਪ੍ਰਧਾਨ ਸਰਬਜੀਤ ਸਿੰਘ ਅਜਨਾਲਾ ਤੇ ਸੂਬਾ ਪ੍ਰੈਸ ਸਕੱਤਰ ਹਰਜੀਤ ਸਿੰਘ ਰੋਪੜ ਦੀ ਅਗਵਾਈ ਵਿੱਚ ਕੀਤੀ ਗਈ ਤੇ ਮੀਟਿੰਗ ਵਿੱਚ ਫ਼ੈਸਲਾ ਲਿਆ ਕਿ 6 ਮਈ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸੰਗਰੂਰ ਵਾਲੀ ਕੋਠੀ ਦਾ ਘਰਾਓ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਪਿਛਲੇ 20 ਮਹੀਨਿਆਂ ਤੋਂ ਮੋਹਾਲੀ ਦੇ ਸੈਕਟਰ 68 ਪਸ਼ੂ ਧੰਨ ਕੰਪਲੈਕਸ ਦਾ ਮੁੱਖ ਗੇਟ ਘੇਰ ਬੈਠੇ ਸ਼ਾਤਮਈ ਢੰਗ ਨਾਲ ਧਰਨਾ ਚਲਾ ਰਹੇ ਹਾਂ।ਇਸ ਸਮੇਂ ਦੌਰਾਨ ਸਰਕਾਰ ਦੀ ਬਣਾਈ ਹੋਈ ਸਬ ਕਮੇਟੀ ਜਿਸ ਦੇ ਮੈਂਬਰ ਹਰਪਾਲ ਸਿੰਘ ਚੀਮਾ ਵਿੱਤ ਮੰਤਰੀ ਪੰਜਾਬ ਤੇ ਕੁਲਦੀਪ ਸਿੰਘ ਧਾਲੀਵਾਲ ਨਾਲ ਯੂਨੀਅਨ ਦੇ ਆਗੂਆਂ ਦੀਆਂ ਤਿੰਨ ਮੀਟਿੰਗਾਂ ਹੋ ਚੁੱਕੀਆਂ ਹਨ, ਪ੍ਰੰਤੂ ਉਨ੍ਹਾਂ ਮੀਟਿੰਗਾਂ ਵਿੱਚ ਲਿਆ ਗਿਆ ਫੈਸਲਾ ਅਜੇ ਤੱਕ ਲਾਗੂ ਨਹੀਂ ਕਰਾਇਆ ਗਿਆ।ਗੁਰਮੀਤ ਸਿੰਘ ਖੁੱਡੀਆਂ ਮੰਤਰੀ ਪਸ਼ੂ ਪਾਲਣ ਵਿਭਾਗ ਨਾਲ ਅਨੇਕਾਂ ਮੀਟਿੰਗ ਕਰਨ ਉਪਰੰਤ ਕੀਤਾ ਗਿਆ ਫੈਸਲਾ ਲਾਗੂ ਨਹੀਂ ਹੋਇਆ।ਸਰਕਾਰ ਨੂੰ ਜੇਕਰ ਸ਼ਾਂਤਮਈ ਬੈਠੇ ਪੰਜਾਬ ਦੇ ਵਰਕਰਾਂ ਦੀ ਕੋਈ ਗੱਲ ਨਹੀਂ ਸੁਣਦੀ ਤਾਂ ਹੁਣ 13000 ਪਿੰਡਾਂ ਨਾਲ ਸੰਬੰਧ ਰੱਖਣ ਵਾਲੇ ਸਾਡੇ ਵਰਕਰ ਆਮ ਆਦਮੀ ਪਾਰਟੀ ਨੂੰ ਮੂੰਹਤੋੜ ਜਵਾਬ ਦੇਣ ਲਈ ਤਿਆਰ ਹਨ, ਕਿਉਂਕਿ ਜੇ ਸਰਕਾਰ ਕਹਿੰਦੀ ਸੀ ਕਿ ਸਾਡੇ ਰਾਜ ਵਿੱਚ ਕੋਈ ਵੀ ਧਰਨਾ ਨਹੀਂ ਲੱਗੇਗਾ, ਪਰ ਸਾਡੀ 20 ਮਹੀਨਿਆਂ ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਜਿਨ੍ਹਾਂ ਨੇ ਸਾਡੇ ਨਾਲ ਜਦ ਇਹ ਪਹਿਲੀ ਵਾਰ ਐਮ ਪੀ ਦੀ ਟਿਕਟ ਲੈ ਕੇ ਦਿੱਲੀ ਤੋਂ ਆਏ ਸਨ, ਉਸ ਸਮੇ ਸਾਡਾ ਧਰਨਾ ਲਾਂਡਰਾ ਟੈਂਕੀ ਉੱਤੇ ਲੱਗਾ ਹੋਇਆ ਸੀ, ਉਸ ਟਾਇਮ ਇਹਨਾਂ ਨੇ ਸਾਡੇ ਨਾਲ ਵਾਅਦਾ ਕੀਤਾ ਸੀ ਕਿ ਮੇਰੀ ਸਰਕਾਰ ਆਉਣ ਤੇ ਮੈਂ ਤੁਹਾਡਾ ਹੱਲ ਪਹਿਲ ਦੇ ਅਧਾਰ 'ਤੇ ਕਰਾਂਗਾ।

# ਬਲੈਕਮੇਲ ਕਰਨ ਵਾਲਾ ਫਰਜ਼ੀ ਪੱਤਰਕਾਰ ਗ੍ਰਿਫ਼ਤਾਰ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਬਠਿੰਡਾ ਥਾਣਾ ਕੋਤਵਾਲੀ ਦੀ ਪੁਲਸ ਨੇ ਇੱਕ ਕਥਿਤ ਪੱਤਰਕਾਰ ਨੂੰ ਬਲੈਕਮੇਲ ਕਰਨ ਦੇ ਦੋਸ਼ਾਂ ਹੇਠ ਗ੍ਰਿਫਤਾਰ ਕੀਤਾ ਹੈ।ਕਥਿਤ ਦੋਸ਼ੀ ਨੇ ਇੱਕ ਦੁਕਾਨ ਦੇ ਮਾਲਕ ਨੂੰ ਡਰਾਵਾ ਦਿੱਤਾ ਸੀ ਕਿ ਉਸ ਦੀ ਇਮਾਰਤ ਦਾ ਨਕਸ਼ਾ ਪਾਸ ਨਹੀਂ ਹੈ, ਜਿਸ ਦੀ ਖਬਰ ਆਪਣੇ ਨਿਊਜ਼ ਚੈਨਲ 'ਤੇ ਚਲਾ ਦੇਵੇਗਾ।ਜੇਕਰ ਖਬਰ ਰੋਕਣੀ ਹੈ ਤਾਂ ਇੱਕ ਲੱਖ ਰੁਪਏ ਦੇਣੇ ਪੈਣਗੇ।ਕਥਿਤ ਦੋਸ਼ੀ ਦੀਆਂ ਧਮਕੀਆਂ ਤੋਂ ਡਰਦਿਆਂ ਪੀੜਤ ਵਿਅਕਤੀ ਨੇ ਉਸ ਨੂੰ ਉਕਤ ਰਕਮ ਦੇ ਦਿੱਤੀ ਤੇ ਇਸ ਸਬੰਧੀ ਪੁਲਸ ਕੋਲ ਸ਼ਿਕਾਇਤ ਦਰਜ ਕਰਵਾਈ, ਜਿਸ ਤੋਂ ਬਾਅਦ ਪੁਲਸ ਨੇ ਉਕਤ ਵਿਅਕਤੀ ਖਿਲਾਫ ਠੱਗੀਆਂ ਮਾਰਨ ਤੇ ਧਮਕੀਆਂ ਦੇਣ ਦੇ ਦੋਸ਼ਾਂ ਹੇਠ ਕੇਸ ਦਰਜ ਕਰਕੇ ਗ੍ਰਿਫਤਾਰ ਕਰ ਲਿਆ ਹੈ।ਜਾਣਕਾਰੀ ਅਨੁਸਾਰ ਸਥਾਨਕ ਨਰਵਾਨਾ ਅਸਟੇਟ ਦੇ ਵਸਨੀਕ ਰਜਤ ਕੁਮਾਰ ਨੇ ਥਾਣਾ ਕੋਤਵਾਲੀ ਵਿਖੇ ਸ਼ਿਕਾਇਤ ਦਰਜ ਕਰਵਾਈ ਸੀ ਕਿ ਉਸ ਦੀ ਇੱਕ ਦੁਕਾਨ ਭਾਗੂ ਰੋਡ 'ਤੇ ਸਥਿਤ ਹੈ।ਉਕਤ ਇਮਾਰਤ ਦਾ ਨਕਸ਼ਾ ਪਾਸ ਕਰਵਾਉਣ ਲਈ ਉਸ ਨੇ ਨਗਰ ਨਿਗਮ ਕੋਲ ਅਪਲਾਈ ਕੀਤਾ ਹੋਇਆ ਸੀ।ਪੀੜਤ ਨੇ ਦੱਸਿਆ ਕਿ ਆਪਣੇ ਆਪ ਨੂੰ ਨਿਊਜ਼ ਇੰਡੀਆ 7/24 ਚੈਨਲ ਦਾ ਪੱਤਰਕਾਰ ਕਹਿਣ ਵਾਲੇ ਸਤਿੰਦਰ ਕੁਮਾਰ ਨਾਮ ਦੇ ਵਿਅਕਤੀ ਨੇ ਉਸ ਨੂੰ ਫੋਨ ਕਰਕੇ ਮਿਲਣ ਲਈ ਸੱਦਿਆ।ਪੀੜਤ ਨੇ ਦੱਸਿਆ ਕਿ ਜਦ ਉਸ ਨੇ ਉਕਤ ਵਿਅਕਤੀ ਨੂੰ ਮਿਲਣ ਦਾ ਕਾਰਣ ਪੁੱਛਿਆ ਤਾਂ ਉਸ ਨੇ ਕਿਹਾ ਕਿ ਤੁਸੀਂ ਭਾਗੂ ਰੋਡ 'ਤੇ ਗੈਰ-ਕਾਨੂੰਨੀ ਢੰਗ ਨਾਲ ਦੁਕਾਨ ਬਣਾਈ ਹੈ, ਜਿਸ ਦੀ ਖ਼ਬਰ ਮੈਂ ਆਪਣੇ ਚੈਨਲ 'ਤੇ ਚਲਾਵਾਂਗਾ।ਪੀੜਤ ਅਨੁਸਾਰ ਉਸ ਨੇ ਉਕਤ ਵਿਅਕਤੀ ਨੂੰ ਦੱਸਿਆ ਕਿ ਦੁਕਾਨ ਦਾ ਨਕਸ਼ਾ ਪਾਸ ਕਰਵਾਉਣ ਲਈ ਉਸ ਨੇ ਨਗਰ ਨਿਗਮ ਕੋਲ ਦਰਖਾਸਤ ਦੇ ਕੇ ਫੀਸ ਭਰਨ ਲਈ ਬੇਨਤੀ ਕੀਤੀ ਹੋਈ ਹੈ, ਪਰ ਉਕਤ ਵਿਅਕਤੀ ਨੇ ਉਸ ਨੂੰ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਕਿ ਜੇਕਰ ਉਸ ਨੇ ਇੱਕ ਲੱਖ ਰੁਪਿਆ ਨਾ ਦਿੱਤਾ ਤਾਂ ਉਹ ਚੈਨਲ 'ਤੇ ਖਬਰ ਚਲਵਾ ਕੇ ਉਸ ਖਿਲਾਫ ਕਾਨੂੰਨੀ ਕਾਰਵਾਈ ਕਰਾਵੇਗਾ।ਪੀੜਤ ਨੇ ਦੱਸਿਆ ਕਿ ਸਤਿੰਦਰ ਦਾ ਫੋਨ ਸੁਣ ਕੇ ਉਹ ਘਬਰਾ ਗਿਆ ਤੇ ਆਪਣੀ ਇੱਜ਼ਤ ਦਾ ਧਿਆਨ ਰੱਖਦੇ ਹੋਏ ਡਰਦੇ ਮਾਰਿਆਂ ਵੀਰ ਕਲੋਨੀ ਵਿਖੇ ਸਥਿਤ ਉਸ ਦੀ ਰਿਹਾਇਸ਼ 'ਤੇ ਜਾ ਕੇ ਇੱਕ ਲੱਖ ਰੁਪਏ ਦੇ ਦਿੱਤੇ।ਪੀੜਤ ਨੇ ਦੱਸਿਆ ਕਿ ਉਹ ਇਨ੍ਹਾਂ ਡਰ ਗਿਆ ਸੀ ਕਿ ਉਸ ਨੇ ਕਿਸੇ ਨਾਲ ਗੱਲ ਨਹੀਂ ਕੀਤੀ, ਪਰ ਬਾਅਦ ਵਿੱਚ ਉਸ ਨੇ ਆਪਣੇ ਪਰਵਾਰ ਨੂੰ ਆਪ ਬੀਤੀ ਸੁਣਾਈ।ਇਸ ਤੋਂ ਬਾਅਦ ਪੁਲਸ ਕੋਲ ਸ਼ਿਕਾਇਤ ਦਰਜ ਕਰਵਾਈ ਗਈ।ਇਸ ਸਬੰਧੀ ਐੱਸ ਪੀ ਸਿਟੀ ਨਰਿੰਦਰ ਕੁਮਾਰ ਨੇ ਦੱਸਿਆ ਕਿ ਰਜਤ ਕੁਮਾਰ ਦੀ ਸ਼ਿਕਾਇਤ 'ਤੇ ਕਥਿਤ ਦੋਸ਼ੀ ਸਤਿੰਦਰ ਕੁਮਾਰ ਖਿਲਾਫ ਥਾਣਾ ਕੋਤਵਾਲੀ ਵਿਖੇ ਮੁਕੱਦਮਾ ਦਰਜ ਕਰ ਉਸ ਨੂੰ ਗ੍ਰਿਫਤਾਰ ਕਰ ਲਿਆ ਹੈ।ਪੁਲਸ ਅਧਿਕਾਰੀ ਨੇ ਦੱਸਿਆ ਕਿ ਮੁਲਜ਼ਮ ਫਰਜ਼ੀ ਖਬਰਾਂ ਦੀ ਵੀਡੀਓ ਕਲਿੱਪ ਬਣਾ ਕੇ ਲੋਕਾਂ ਨੂੰ ਡਰਾਉਂਦਾ ਸੀ। ਇਸ ਸਬੰਧੀ ਪੜਤਾਲ ਕੀਤੀ ਜਾ ਰਹੀ ਹੈ ਕਿ ਉਹ ਕਿਸੇ ਚੈਨਲ ਦਾ ਅਧਿਕਾਰਤ ਪੱਤਰਕਾਰ ਹੈ ਜਾਂ ਉਸ ਨੇ ਫਰਜ਼ੀ ਚੈਨਲ ਬਣਾਇਆ ਹੋਇਆ।ਮੁਲਜ਼ਮ ਨੂੰ ਅਦਾਲਤ 'ਚ ਪੇਸ਼ ਕਰਕੇ ਰਿਮਾਂਡ ਹਾਸਲ ਕਰਕੇ ਹੋਰ ਪੁੱਛਗਿੱਛ ਕੀਤੀ ਜਾਵੇਗੀ।

## ਕਾਤਰਾਂ

### ਸਰਚ ਅਭਿਆਨ ਦੌਰਾਨ ਘਰ 'ਚੋਂ ਦੋ ਕਿੱਲੋ ਤੋਂ ਵੱਧ ਹੈਰੋਇਨ ਬਰਾਮਦ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਨਸ਼ਾ ਤਸਕਰਾਂ ਖਿਲਾਫ਼ ਪੁਲਸ ਵੱਲੋਂ ਪਿੰਡਾਂ ਵਿੱਚ ਚਲਾਏ ਜਾ ਰਹੇ ਸਰਚ ਅਭਿਆਨ ਦੌਰਾਨ ਪਿੰਡ ਕਲਵਾਣੂੰ ਦੇ ਇੱਕ ਘਰ 'ਚੋਂ 2 ਕਿੱਲੋ ਤੋਂ ਵੱਧ ਹੈਰੋਇਨ ਬਰਾਮਦ ਕੀਤੀ ਹੈ।ਪੁਲਸ ਨੇ 2 ਸਕੇ ਭਰਾਵਾਂ, ਉਨ੍ਹਾਂ ਦੀ ਮਾਂ ਤੇ ਇੱਕ ਦੀ ਪਤਨੀ ਵਿਰੁੱਧ ਕੇਸ ਦਰਜ ਕਰ ਲਿਆ ਹੈ।ਮੌਕੇ ਤੋਂ ਫ਼ਰਾਰ ਮੁਲਜ਼ਮਾਂ ਦੀ ਭਾਲ ਲਈ ਛਾਪੇਮਾਰੀ ਜਾਰੀ ਹੈ।ਥਾਣਾ ਘੱਗਾ ਦੇ ਮੁਖੀ ਦਰਸ਼ਨ ਸਿੰਘ ਨੇ ਦੱਸਿਆ ਕਿ ਨਸ਼ਾ ਤਕਸਰਾਂ ਨੂੰ ਕਾਬੂ ਕਰਨ ਲਈ ਸਬ ਇੰਸਪੈਕਟਰ ਪ੍ਰਸ਼ੋਤਮ ਰਾਮ ਮੁੱਖ ਅਫ਼ਸਰ ਸ਼ੁਤਰਾਣਾ ਸਮੇਤ ਸਬ ਡਵੀਜ਼ਨ ਪਾਤੜਾਂ ਦੀ ਪੁਲਸ ਫੋਰਸ ਤੇ ਪਿੰਡ ਦੇ ਲੋਕਾਂ ਦੇ ਸਹਿਯੋਗ ਨਾਲ ਸਰਚ ਅਭਿਆਨ ਪਿੰਡ ਕਾਲਵਾਣੂੰ ਵਿੱਚ ਜਾਰੀ ਸੀ ਕਿ ਇਸ ਦੌਰਾਨ ਇੱਕ ਘਰ ਵਿੱਚ ਜਦੋਂ ਦਾਖਲ ਹੋਏ ਤਾਂ ਪੁਲਸ ਦੇਖ ਕੇ ਘਰ ਦੀਆਂ ਔਰਤਾਂ ਤੇ 2 ਮਰਦ ਫਰਾਰ ਹੋ ਗਏ। ਘਰ ਦੀ ਤਲਾਸ਼ੀ ਲਏ ਜਾਣ 'ਤੇ ਪੁੜੀਆਂ ਵਿੱਚ ਤੇ ਖੁੱਲ੍ਹਾ ਪਿਆ ਗੁਲਾਬੀ ਰੰਗ ਦਾ ਪਾਊਡਰ ਬਰਾਮਦ ਹੋਇਆ।ਪਰਵਾਰ ਦੇ ਮੈਂਬਰਾਂ ਵੱਲੋਂ ਇਸ ਨੂੰ ਵੇਚਣ ਵਾਸਤੇ ਪੁੜੀਆਂ ਬਣਾਈਆਂ ਜਾ ਰਹੀਆਂ ਹਨ।ਮੌਕੇ ਤੋਂ ਪਾਊਡਰ, ਰਬੜਾਂ, ਕੰਪਿਊਟਰ ਕੰਡਾ, ਖ਼ਾਲੀ ਲਿਫ਼ਾਫੀਆਂ ਤੇ ਪੁੜੀਆਂ ਮਿਲੀਆਂ ਹਨ।ਜਾਂਚ ਕਰਵਾਏ ਜਾਣ 'ਤੇ ਮਿਸ਼ਰਣ ਹੈਰੋਇਨ ਪਾਇਆ ਗਿਆ ਹੈ, ਜਿਸ ਦਾ ਵਜ਼ਨ 2 ਕਿੱਲੋ 210 ਗ੍ਰਾਮ ਹੋਇਆ ਹੈ। ਫਰਾਰ ਹੋਏ ਮਿੰਟੂ ਸਿੰਘ ਤੇ ਲਾਲੀ ਸਿੰਘ ਸਕੇ ਭਰਾ, ਇਨ੍ਹਾਂ ਦੀ ਮਾਂ ਜਰਨੈਲ ਕੌਰ ਤੇ ਮਿੰਟੂ ਸਿੰਘ ਦੀ ਪਤਨੀ ਮੀਨੂ ਕੌਰ ਖਿਲਾਫ਼ ਕੇਸ ਦਰਜ ਕਰ ਲਿਆ ਹੈ।ਉਨ੍ਹਾਂ ਦਾਅਵਾ ਕੀਤਾ ਕਿ ਛੇਤੀ ਹੀ ਮੁਲਾਜ਼ਮਾਂ ਨੂੰ ਕਾਬੂ ਕਰ ਲਿਆ ਜਾਵੇਗਾ।

### ਸਰਕਾਰ ਝੋਨੇ ਦੀ ਲਵਾਈ ਦੀ ਤਰੀਕ 1 ਜੂਨ ਤੋਂ ਤੈਅ ਕਰੇ : ਲੱਖੋਵਾਲ

**ਸਮਰਾਲਾ (ਸੁਰਜੀਤ ਸਿੰਘ)**-ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਦੇ ਸੂਬਾ ਪ੍ਰਧਾਨ ਹਰਿੰਦਰ ਸਿੰਘ ਲੱਖੋਵਾਲ ਨੇ ਪ੍ਰੈਸ ਨੋਟ ਜਾਰੀ ਕਰਦਿਆਂ ਕਿਹਾ ਕਿ ਪੰਜਾਬ ਅੰਦਰ ਕਣਕ ਦਾ ਸੀਜ਼ਨ ਖਤਮ ਹੋਣ ਕਿਨਾਰੇ ਹੈ। ਕਿਸਾਨਾਂ ਨੇ ਅਗਲੀ ਫਸਲ ਦੀ ਤਿਆਰੀ ਸ਼ੁਰੂ ਕਰਨੀ ਹੈ, ਪਰ ਪੰਜਾਬ ਸਰਕਾਰ ਨੇ ਅਜੇ ਤੱਕ ਝੋਨੇ ਦੀ ਲਵਾਈ ਦੀ ਤਰੀਕ ਤੈਅ ਨਹੀਂ ਕੀਤੀ, ਜਦਕਿ ਪਹਿਲਾਂ ਇਨ੍ਹਾਂ ਦਿਨਾਂ ਤੱਕ ਤਰੀਕ ਦਾ ਐਲਾਨ ਕਰ ਦਿੱਤਾ ਜਾਂਦਾ ਸੀ। ਕਿਸਾਨ ਦਚੁੱਤੀ ਵਿੱਚ ਹਨ ਕਿ ਝੋਨੇ ਦੀ ਪਨੀਰੀ ਕਦੋਂ ਬੀਜੀ ਜਾਵੇ, ਕਿਉਂਕਿ ਪਨੀਰੀ 35-40 ਦਿਨਾਂ ਅੰਦਰ ਤਿਆਰ ਹੁੰਦੀ ਹੈ ਤੇ ਝੋਨਾ ਬੀਜਣ ਲਈ ਵੀ ਡੇਢ ਮਹੀਨੇ ਦਾ ਸਮਾਂ ਲੱਗ ਜਾਂਦਾ ਹੈ, ਜਿੰਨਾ ਜ਼ਿਆਦਾ ਦੇਰੀ ਨਾਲ ਝੋਨਾ ਬੀਜਿਆ ਜਾਵੇਗਾ, ਉਨੀ ਦੇਰੀ ਨਾਲ ਹੀ ਪੱਕੇਗਾ ਤੇ ਫਿਰ ਮੋਇਸ਼ਚਰ ਦੀ ਸਮੱਸਿਆ ਦਾਣੇ ਵਿੱਚ ਆਵੇਗੀ, ਜਿਸ ਨਾਲ ਫਸਲ ਖ਼੍ਰੀਦਣ ਤੇ ਵੇਚਣ ਵਿੱਚ ਮੁਸ਼ਕਲ ਆਵੇਗੀ। ਇਸ ਲਈ ਸਾਡੀ ਪੰਜਾਬ ਸਰਕਾਰ ਨੂੰ ਬੇਨਤੀ ਹੈ ਕਿ ਝੋਨੇ ਦੀ ਲਵਾਈ ਦੀ ਤਰੀਕ 1 ਜੂਨ ਤੈਅ ਕਰਕੇ ਐਲਾਨੇ ਤਾਂ ਜੋ ਕਿਸਾਨ ਸਮੇਂ ਸਿਰ ਪਨੀਰੀ ਬੀਜ ਸਕਣ।ਲੱਖੋਵਾਲ ਨੇ ਕਿਹਾ ਕਿ ਅਜੇ ਤੱਕ ਪੰਜਾਬ ਸਰਕਾਰ ਨੇ ਸਬਸਿਡੀ ਵਾਲਾ ਜੰਤਰ ਦਾ ਬੀਜ ਤੇ ਜਿਪਸਮ ਵੀ ਕਿਸਾਨਾਂ ਵਿੱਚ ਨਹੀਂ ਵੰਡਿਆ, ਇਸ ਵੱਲ ਵੀ ਧਿਆਨ ਦਿੰਦੇ ਹੋਏ ਸੰਬੰਧਤ ਮਹਿਕਮੇ ਨੂੰ ਹੁਕਮ ਕਰੇ ਕਿ ਉਹ ਜਲਦ ਤੋਂ ਜਲਦ ਬੀਜ ਕਿਸਾਨ ਖੇਤੀਬਾੜੀ ਸੈਂਟਰਾਂ, ਸੁਸਾਈਟੀਆਂ ਵਿੱਚ ਭੇਜਣ ਤਾਂ ਕਿ ਕਿਸਾਨ ਸਮੇਂ ਸਿਰ ਇਸ ਦੀ ਬੀਜਾਈ ਕਰ ਸਕਣ। ਉਨ੍ਹਾ ਕਿਹਾ ਕਿ ਹੁਣ ਕਣਕ ਦਾ ਸੀਜ਼ਨ ਮੁਕੰਮਲ ਹੋਣ ਦੇ ਨੇੜੇ ਹੈ, ਤੁਰੰਤ 8 ਘੰਟੇ ਬਿਜਲੀ ਕਿਸਾਨਾਂ ਨੂੰ ਦਿਨ ਦੇ ਸਮੇਂ ਦਿੱਤੀ ਜਾਵੇ, ਕਿਉਂਕਿ ਕਿਸਾਨਾਂ ਦੀਆਂ ਸਬਜ਼ੀਆਂ, ਹਰਾ ਚਾਰਾ, ਗੰਨਾ, ਮੱਕੀ ਤੇ ਸੂਰਜਮੁਖੀ ਦੀ ਫਸਲ ਬਿਜਲੀ ਨਾ ਆਉਣ ਕਾਰਨ ਸੁੱਕ ਰਹੀ ਹੈ।

### ਕੁੱਟਮਾਰ ਦੇ ਮਾਮਲੇ 'ਚ 12 ਵਿਰੁੱਧ ਕੇਸ ਦਰਜ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਪਿੰਡ ਹਰਬੰਸਪੁਰਾ ਦੇ ਇੱਕ ਵਿਅਕਤੀ ਦੀ ਘੇਰ ਕੇ ਕੁੱਟਮਾਰ ਕਰਨ ਦੇ ਦੋਸ਼ ਹੇਠ ਪਿੰਡ ਹਰਬੰਸਪੁਰਾ ਦੇ ਹੀ 11 ਵਿਅਕਤੀਆਂ ਸਣੇ ਕੁੱਲ 12 ਵਿਅਕਤੀਆਂ ਵਿਰੁੱਧ ਪੁਲਿਸ ਵੱਲੋਂ ਮੁਕੱਦਮਾ ਦਰਜ ਕੀਤੇ ਜਾਣ ਦਾ ਸਮਾਚਾਰ ਹੈ।ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਅਮਨਦੀਪ ਸਿੰਘ ਵਾਸੀ ਪਿੰਡ ਹਰਬੰਸਪੁਰਾ ਨੇ ਦੋਸ਼ ਲਾਏ ਕਿ ਮੇਜਰ ਸਿੰਘ, ਅਮਰਜੀਤ ਸਿੰਘ, ਹਰਵਿੰਦਰ ਸਿੰਘ, ਭਿੰਦਰ ਸਿੰਘ, ਹਰੀ ਸਿੰਘ, ਇੰਦਰਜੀਤ ਸਿੰਘ, ਰਮਨਦੀਪ ਸਿੰਘ, ਜਗਜੀਵਨ ਸਿੰਘ, ਕਾਬਲ ਸਿੰਘ, ਕੁਲਦੀਪ ਸਿੰਘ, ਐਸ਼ਪ੍ਰੀਤ ਸਿੰਘ ਤੇ ਜਗਵਿੰਦਰ ਸਿੰਘ ਨੇ ਘੇਰ ਕੇ ਉਸਦੀ ਕੁੱਟਮਾਰ ਕੀਤੀ।ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਮੇਜਰ ਸਿੰਘ, ਅਮਰਜੀਤ ਸਿੰਘ, ਹਰਵਿੰਦਰ ਸਿੰਘ, ਭਿੰਦਰ ਸਿੰਘ, ਹਰੀ ਸਿੰਘ, ਇੰਦਰਜੀਤ ਸਿੰਘ, ਰਮਨਦੀਪ ਸਿੰਘ, ਜਗਜੀਵਨ ਸਿੰਘ, ਕਾਬਲ ਸਿੰਘ, ਕੁਲਦੀਪ ਸਿੰਘ, ਐਸ਼ਪ੍ਰੀਤ ਸਿੰਘ ਵਾਸੀਆਨ ਪਿੰਡ ਹਰਬੰਸਪੁਰਾ ਤੇ ਜਗਵਿੰਦਰ ਸਿੰਘ ਵਾਸੀ ਪਿੰਡ ਫ਼ਤਹਿਪੁਰ ਵਿਰੁੱਧ ਥਾਣਾ ਸਰਹਿੰਦ ਵਿਖੇ ਅ/ਧ 324, 323, 341, 506, 148, 149 ਆਈ.ਪੀ.ਸੀ. ਤਹਿਤ ਮੁਕੱਦਮਾ ਦਰਜ ਕਰਕੇ ਸਹਾਇਕ ਥਾਣੇਦਾਰ ਸੁਰਜੀਤ ਚੰਦ ਵੱਲੋਂ ਮਾਮਲੇ ਦੀ ਤਫ਼ਤੀਸ਼ ਕੀਤੀ ਜਾ ਰਹੀ ਹੈ।

# ਮੂਨ ਲਾਈਟ ਪਬਲਿਕ ਸਕੂਲ ਦੇ ਨਤੀਜੇ ਸ਼ਾਨਦਾਰ ਰਹੇ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ ਬੋਰਡ ਕਲਾਸਾਂ ਦੇ ਨਤੀਜਿਆਂ ਵਿੱਚ ਮੂਨ ਲਾਈਟ ਪਬਲਿਕ ਸੀਨੀ. ਸੈਕੰ. ਸਕੂਲ ਹੇਡੋਂ ਬੇਟ ਦੇ ਵਿਦਿਆਰਥੀਆਂ ਵੱਲੋਂ ਵਧੀਆ ਪ੍ਰਦਰਸ਼ਨ ਜਾਰੀ ਰੱਖਦੇ ਹੋਏ ਸ਼ਾਨਦਾਰ ਅੰਕ ਪ੍ਰਾਪਤ ਕੀਤੇ। ਸਕੂਲ ਦੇ ਪ੍ਰਿੰਸੀਪਲ ਸੁਰਜੀਤ ਸਿੰਘ ਬਾਜਵਾ ਨੇ ਦੱਸਿਆ ਕਿ ਪੰਜਵੀਂ, ਅੱਠਵੀਂ, ਦਸਵੀਂ ਤੇ ਬਾਰਵੀਂ ਦਾ ਨਤੀਜਾ 100 ਫੀਸਦੀ ਰਿਹਾ। ਪੰਜਵੀਂ ਜਮਾਤ ਦੀਆਂ ਦੋ ਵਿਦਿਆਰਥਣਾਂ ਦਮਨਜੋਤ ਕੌਰ ਬੈਨੀਪਾਲ ਤੇ ਸੁਖਮਨੀ ਕੌਰ ਨੇ 500/500 ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ, ਅੱਠਵੀਂ ਜਮਾਤ ਵਿੱਚੋਂ ਕਿਰਨਜੋਤ ਕੌਰ ਨੇ 586/600 (97.6 ਫੀਸਦੀ), ਸੁਖਪ੍ਰੀਤ ਕੌਰ ਨੇ 569/600 (94.8 ਫੀਸਦੀ) ਤੇ ਜਸਪ੍ਰੀਤ ਕੌਰ ਨੇ 568/600 (94.6 ਫੀਸਦੀ) ਅੰਕ ਪ੍ਰਾਪਤ ਕਰਕੇ ਕ੍ਰਮਵਾਰ ਪਹਿਲਾ, ਦੂਸਰਾ ਤੇ ਤੀਸਰਾ ਸਥਾਨ ਹਾਸਲ ਕੀਤਾ। ਦਸਵੀਂ ਜਮਾਤ ਵਿੱਚੋਂ ਕੋਮਲਪ੍ਰੀਤ ਕੌਰ ਨੇ 571/650 (87.8 ਫੀਸਦੀ) ਅੰਕ ਲੈ ਕੇ ਪਹਿਲਾ ਸਥਾਨ ਤੇ ਬਾਰਵੀਂ ਜਮਾਤ ਵਿੱਚੋਂ ਸੁਮਨਪ੍ਰੀਤ ਕੌਰ ਨੇ 457/500 (91.4 ਫੀਸਦੀ) ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਹਾਸਲ ਕੀਤਾ।

ਸਕੂਲ ਪ੍ਰਿੰਸੀਪਲ ਸੁਰਜੀਤ ਸਿੰਘ ਬਾਜਵਾ ਨੇ ਵਧੀਆ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਤੇ ਅਧਿਆਪਕਾਂ ਨੂੰ ਵਧਾਈ ਦਿੱਤੀ ਅਤੇ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।

## ਭੁੱਕੀ ਤੇ ਨਸ਼ੇ ਦੇ ਟੀਕਿਆਂ ਸਮੇਤ ਤਿੰਨ ਗ੍ਰਿ਼ਫਤਾਰ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਚੋਣਾਂ ਦੇ ਮੱਦੇਨਜ਼ਰ ਨਸ਼ਾ ਤਸਕਰਾਂ ਤੇ ਭੈੜੇ ਅਨਸਰਾਂ ਵਿਰੁੱਧ ਚਲਾਈ ਗਈ ਵਿਸ਼ੇਸ਼ ਮੁਹਿੰਮ ਤਹਿਤ ਜ਼ਿਲ੍ਹੇ ਦੇ ਵੱਖ-ਵੱਖ ਥਾਣਿਆਂ ਦੀ ਪੁਲਸ ਵੱਲੋਂ ਤਿੰਨ ਵਿਅਕਤੀਆਂ ਨੂੰ ਗ੍ਰਿ਼ਫਤਾਰ ਕਰਕੇ ਉਨ੍ਹਾਂ ਦੇ ਕਬਜ਼ੇ 'ਚੋਂ ਨਸ਼ੀਲੇ ਪਦਾਰਥ ਬਰਾਮਦ ਕੀਤੇ ਜਾਣ ਦਾ ਸਮਾਚਾਰ ਹੈ।ਥਾਣਾ ਮੰਡੀ ਗੋਬਿੰਦਗੜ੍ਹ ਦੀ ਇੱਕ ਪੁਲਸ ਪਾਰਟੀ ਵੱਲੋਂ ਮੰਡੀ ਗੋਬਿੰਦਗੜ੍ਹ ਟੀ-ਪੁਆਇੰਟ ਨਜ਼ਦੀਕ ਪੈਦਲ ਤੁਰੇ ਆ ਰਹੇ ਵਰਿੰਦਰ ਕੁਮਾਰ ਵਾਸੀ ਮੰਡੀ ਗੋਬਿੰਦਗੜ੍ਹ ਨੂੰ ਰੋਕਿਆ ਗਿਆ, ਜਿਸ ਉਪਰੰਤ ਸਹਾਇਕ ਥਾਣੇਦਾਰ ਜਗਦੀਪ ਸਿੰਘ ਵੱਲੋਂ ਲਈ ਗਈ ਤਲਾਸ਼ੀ ਦੌਰਾਨ ਉਸ ਦੇ ਕਬਜ਼ੇ 'ਚੋਂ 5 ਕਿੱਲੋ ਭੁੱਕੀ ਬਰਾਮਦ ਹੋਣ 'ਤੇ ਵਰਿੰਦਰ ਕੁਮਾਰ ਨੂੰ ਅ/ਧ 15(ਬੀ) ਐਨ.ਡੀ.ਪੀ.ਐਸ. ਐਕਟ ਤਹਿਤ ਗ੍ਰਿ਼ਫਤਾਰ ਕਰ ਲਿਆ ਗਿਆ।ਇੱਕ ਵੱਖਰੇ ਮਾਮਲੇ 'ਚ ਮੰਡੀ ਗੋਬਿੰਦਗੜ੍ਹ ਦੀ ਪ੍ਰਤਾਪ ਮਿੱਲ ਨਜ਼ਦੀਕ ਪੁਲਸ ਕ੍ਰਮਚਾਰੀਆਂ ਵੱਲੋਂ ਰੋਕੇ ਗਏ ਰਣਜੀਤ ਸਿੰਘ ਉਰਫ਼ ਗੋਪੀ ਵਾਸੀ ਪਿੰਡ ਜਲਾਲਪੁਰ ਦੇ ਕਬਜ਼ੇ 'ਚੋਂ 4 ਨਸ਼ੇ ਦੇ ਟੀਕੇ ਬਰਾਮਦ ਹੋਣ 'ਤੇ ਸਹਾਇਕ ਥਾਣੇਦਾਰ ਜਸਪਾਲ ਸਿੰਘ ਦੀ ਅਗਵਾਈ ਵਾਲੀ ਪੁਲਸ ਪਾਰਟੀ ਵੱਲੋਂ ਉਸ ਨੂੰ ਅ/ਧ 22(ਬੀ) ਐਨ.ਡੀ.ਪੀ.ਐਸ. ਐਕਟ ਤਹਿਤ ਗ੍ਰਿ਼ਫਤਾਰ ਕਰ ਲਿਆ ਗਿਆ।ਇੱਕ ਵੱਖਰੇ ਮਾਮਲੇ 'ਚ ਥਾਣਾ ਸਰਹਿੰਦ ਦੇ ਸਹਾਇਕ ਥਾਣੇਦਾਰ ਜਸਵਿੰਦਰ ਸਿੰਘ ਦੀ ਅਗਵਾਈ ਵਾਲੀ ਪੁਲਸ ਪਾਰਟੀ ਵੱਲੋਂ ਲਈ ਗਈ ਤਲਾਸ਼ੀ ਦੌਰਾਨ ਰਿਕੂ ਵਾਸੀ ਪਿੰਡ ਤਰਖਾਣਮਾਜਰਾ ਦੇ ਕਬਜ਼ੇ 'ਚੋਂ 4 ਕਿੱਲੋ ਭੁੱਕੀ ਬਰਾਮਦ ਹੋਣ 'ਤੇ ਉਸ ਨੂੰ ਗ੍ਰਿ਼ਫਤਾਰ ਕਰ ਲਿਆ ਗਿਆ।

# ਭਗਵੰਤ ਮਾਨ ਨੇ ਕਿਹਾ, 'ਗੁਰਪ੍ਰੀਤ ਜੀਪੀ ਦੀ ਜਿੱਤ ਪੱਕੀ, ਸਿਰ਼ਫ ਐਲਾਨ ਹੋਣਾ ਬਾਕੀ'



**ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਮੁੱਖ ਮੰਤਰੀ ਭਗਵੰਤ ਮਾਨ ਨੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਗੁਰਪ੍ਰੀਤ ਜੀਪੀ ਲਈ ਚੋਣ ਪ੍ਰਚਾਰ ਕੀਤਾ।ਮਾਨ ਨੇ ਜੀਪੀ ਨਾਲ ਸਾਹਨੇਵਾਲ ਵਿੱਚ ਇੱਕ ਵੱਡਾ ਰੋਡ ਸ਼ੋਅ ਕੱਢਿਆ, ਜਿਸ ਵਿੱਚ ਹਜ਼ਾਰਾਂ ਲੋਕਾਂ ਨੇ ਸ਼ਮੂਲੀਅਤ ਕੀਤੀ।ਲੋਕਾਂ ਨੇ ਫੁੱਲਾਂ ਦੀ ਵਰਖਾ ਕਰਕੇ ਮੁੱਖ ਮੰਤਰੀ ਦਾ ਸਵਾਗਤ ਕੀਤਾ ਤੇ ਆਮ ਆਦਮੀ ਪਾਰਟੀ ਤੇ ਇਨਕਲਾਬ ਜ਼ਿੰਦਾਬਾਦ ਦੇ ਨਾਅਰੇ ਲਾਏ।ਭਗਵੰਤ ਮਾਨ ਨੇ ਜੀ.ਪੀ ਨੂੰ ਜਿਤਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਤੁਹਾਡੇ ਜੋਸ਼ ਤੇ ਉਤਸ਼ਾਹ ਨੂੰ ਦੇਖ ਕੇ ਮੈਨੂੰ ਪੂਰਾ ਯਕੀਨ ਹੈ ਕਿ ਗੁਰਪ੍ਰੀਤ ਜੀ.ਪੀ. ਦੀ ਜਿੱਤ ਪੱਕੀ ਹੈ, ਸਿਰ਼ਫ ਐਲਾਨ ਹੋਣਾ ਬਾਕੀ ਹੈ।ਮਾਨ ਨੇ ਕਿਹਾ ਕਿ 1 ਜੂਨ ਨੂੰ ਸਾਨੂੰ ਵੋਟ ਪਾਉਣਾ ਤੁਹਾਡੀ ਜ਼ਿੰਮੇਵਾਰੀ ਹੈ, ਉਸ ਤੋਂ ਬਾਅਦ ਤੁਹਾਡੇ ਲਈ ਕੰਮ ਕਰਨਾ ਮੇਰੀ ਜ਼ਿੰਮੇਵਾਰੀ ਹੋਵੇਗੀ। ਭਗਵੰਤ ਮਾਨ ਨੇ ਰਵਨੀਤ ਬਿੱਟੂ ਬਾਰੇ ਅਫ਼ਵਾਹਾਂ ਦਾ ਖੰਡਨ ਕਰਦਿਆਂ ਕਿਹਾ ਕਿ ਮੈਂ ਇੱਥੇ ਕਿਸੇ ਨੂੰ ਜਿਤਾਉਣ ਨਹੀਂ ਆਇ।ਮੇਰਾ ਟੀਚਾ 13-0 ਨਾਲ ਜਿੱਤਣਾ ਹੈ।ਬਿੱਟੂ ਨੂੰ ਚੌਥੇ ਜਾਂ ਪੰਜਵੇਂ ਨੰਬਰ 'ਤੇ ਆਉਣ ਦੀ ਤਿਆਰੀ ਕਰਨੀ ਚਾਹੀਦੀ ਹੈ।ਉਨ੍ਹਾਂ ਕਿਹਾ ਕਿ ਰਵਨੀਤ ਬਿੱਟੂ ਮੇਰੇ ਦੋਸਤ ਹਨ, ਇਸ ਲਈ ਮੈਂ ਉਨ੍ਹਾਂ ਨੂੰ ਜਿਤਾਉਣ ਵਿਚ ਮਦਦ ਕਰਾਂਗਾ, ਇਹ ਪੂਰੀ ਤਰ੍ਹਾਂ ਫ਼ਰਜ਼ੀ ਖ਼ਬਰ ਹੈ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਦੀ ਪਹਿਲੀ ਸਰਕਾਰ ਹੈ, ਜਿਸ ਨੇ ਵਾਅਦੇ ਤੋਂ ਵੱਧ ਕੰਮ ਕੀਤੇ ਹਨ।ਅਸੀਂ 14 ਟੋਲ ਪਲਾਜ਼ੇ ਬੰਦ ਕੀਤੇ, ਜਿਸ ਕਾਰਨ ਪੰਜਾਬ ਦੇ ਲੋਕਾਂ ਨੂੰ ਹਰ ਰੋਜ਼ 60 ਲੱਖ ਰੁਪਏ ਦੀ ਬੱਚਤ ਹੋ ਰਹੀ ਹੈ, ਹਾਲਾਂਕਿ ਅਸੀਂ ਇਹ ਵਾਅਦਾ ਵੀ ਨਹੀਂ ਕੀਤਾ ਸੀ। ਅਸੀਂ ਰੋਡ ਸੇਫ਼ਟੀ ਫੋਰਸ ਬਣਾਈ ਹੈ, ਜਿਸ ਕਾਰਨ ਪੰਜਾਬ ਵਿੱਚ ਸੜਕ ਹਾਦਸਿਆਂ ਵਿੱਚ ਹੋਣ ਵਾਲੀਆਂ ਮੌਤਾਂ ਵਿੱਚ ਕਾਫ਼ੀ ਕਮੀ ਆਈ ਹੈ। ਇਸ ਤੋਂ ਇਲਾਵਾ ਅਸੀਂ ਕਈ ਅਜਿਹੇ ਕੰਮ ਵੀ ਕੀਤੇ, ਜਿਨ੍ਹਾਂ ਦੀ ਅਸੀਂ ਕੋਈ ਗਾਰੰਟੀ ਨਹੀਂ ਦਿੱਤੀ।

# ਸਰਕਾਰੀ ਸਕੂਲ ਰੱਤੋਕੇ ਦਾ ਵਿਦਿਆਰਥੀ ਸੂਬੇ 'ਚੋਂ ਤੀਜੇ ਸਥਾਨ 'ਤੇ ਰਿਹਾ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਅੱਠਵੀਂ ਜਮਾਤ ਦਾ ਨਤੀਜਾ ਘੋਸ਼ਿਤ ਕੀਤਾ ਗਿਆ, ਜਿਸ ਵਿੱਚ ਸਰਕਾਰੀ ਐਲੀਮੈਂਟਰੀ ਸਕੂਲ ਰੱਤੋਕੇ ਦਾ ਵਿਦਿਆਰਥੀ ਅਰਮਾਨਦੀਪ ਸਿੰਘ ਪੁੱਤਰ ਲਖਵਿੰਦਰ ਸਿੰਘ ਪੂਰੇ ਪੰਜਾਬ ਵਿੱਚੋਂ 597 ਅੰਕ ਪ੍ਰਾਪਤ ਕਰਕੇ ਤੀਸਰੇ ਸਥਾਨ 'ਤੇ ਰਿਹਾ। ਜਦੋਂ ਹੀ ਇਹ ਖਬਰ ਪਤਾ ਲੱਗੀ ਤਾਂ ਪੂਰੇ ਪਿੰਡ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ, ਸਾਰਾ ਸਟਾਫ ਤੇ ਬੱਚੇ ਪ੍ਰਮਾਤਮਾ ਦਾ ਧੰਨਵਾਦ ਕਰਨ ਲਈ ਗੁਰਦੁਆਰਾ ਸਾਹਿਬ ਗਏ।ਜਿੱਥੇ ਅਰਮਾਨਦੀਪ ਸਿੰਘ ਨੂੰ ਸਨਮਾਨਤ ਵੀ ਕੀਤਾ ਗਿਆ।ਇਸ ਮੌਕੇ ਬੋਲਦਿਆਂ ਸਕੂਲ ਵੈੱਲਫੇਅਰ ਕਮੇਟੀ ਦੇ ਪ੍ਰਧਾਨ ਗਿਆਨ ਸਿੰਘ ਭੁੱਲਰ ਤੇ ਬਲਜੀਤ ਸਿੰਘ ਬੱਲੀ ਨੇ ਕਿਹਾ ਕਿ ਅਸੀਂ ਜਲਦ ਹੀ ਇੱਕ ਸਮਾਗਮ ਕਰਕੇ ਅਰਮਾਨਦੀਪ ਸਿੰਘ ਤੇ ਪ੍ਰਾਇਮਰੀ ਵਰਗ ਵਿੱਚ 500 'ਚੋਂ 500 ਅੰਕ ਪ੍ਰਾਪਤ ਕਰਨ ਵਾਲੇ ਚਾਰ ਬੱਚਿਆਂ ਨੂੰ ਸਨਮਾਨਤ ਕਰਾਂਗੇ।ਇਸ ਮੌਕੇ ਵਧਾਈ ਦੇਣ ਵਾਲਿਆਂ 'ਚ ਪਾਲ ਸਿੰਘ ਧਨੌਲਾ, ਸਾਹਿਬ ਸਿੰਘ, ਹਰਮਿੰਦਰ ਸਿੰਘ ਰੂਮੀ ਵਾਲੇ, ਧਰਮ ਸਿੰਘ ਸਾਹੋਕੇ, ਗੁਰਚਰਨ ਸਿੰਘ ਸਰਪੰਚ ਸਾਬਕਾ, ਸਲਵਿੰਦਰ ਸਿੰਘ, ਮਨੀ, ਵਿਜੇ ਕੁਮਾਰ, ਮਨਜੀਤ ਸਿੰਘ ਫੌਜੀ ਤੇ ਸਕੂਲ ਸਟਾਫ 'ਚੋਂ ਸੁਖਪਾਲ ਸਿੰਘ, ਚਰਨਜੀਤ ਕੌਰ, ਪ੍ਰਵੀਨ ਕੌਰ, ਰੇਣੂ ਸਿੰਗਲਾ, ਪਰਦੀਪ ਸਿੰਘ, ਸਤਪਾਲ ਕੌਰ ਅਤੇ ਮੈਡਮ ਰਣਜੀਤ ਕੌਰ ਹਾਜ਼ਰ ਆਦਿ ਸਨ।

# ਸ਼ਿਵਾਲਿਕ ਸਕੂਲ ਦੇ ਵਿਦਿਆਰਥੀ ਤਹਿਸੀਲ ਪੱਧਰ 'ਤੇ ਦੂਜੇ ਤੇ ਤੀਜੇ ਸਥਾਨ 'ਤੇ ਰਹੇ



**ਜਗਰਾਉਂ (ਸੰਜੀਵ ਅਰੋੜਾ)**-ਸ਼ਿਵਾਲਿਕ ਮਾਡਲ ਸਕੂਲ ਦਾ ਜਗਰਾਉਂ ਦਾ ਅੱਠਵੀਂ ਜਮਾਤ ਦਾ ਨਤੀਜਾ ਬਹੁਤ ਹੀ ਸ਼ਾਨਦਾਰ ਰਿਹਾ।ਅੱਠਵੀਂ ਜਮਾਤ ਦੀ ਵਿਦਿਆਰਥਣ ਮਾਨਵੀ ਨੇ 600 ਵਿੱਚੋਂ 585 ਅੰਕ ਪ੍ਰਾਪਤ ਕਰਕੇ ਜਗਰਾਉਂ ਵਿੱਚੋਂ ਦੂਜਾ ਤੇ ਸਕੂਲ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ। ਅੰਜਲੀ ਤੇ ਚਾਹਤ ਨੇ 582 ਅੰਕਾਂ ਨਾਲ ਜਗਰਾਉਂ ਵਿੱਚੋਂ ਤੀਜਾ ਤੇ ਸਕੂਲ ਵਿੱਚੋਂ ਦੂਜਾ ਸਥਾਨ, ਮਹਿਕ ਤੇ ਮੁਕੁਲ ਨੇ 577 ਅੰਕਾਂ ਨਾਲ ਤੀਜਾ ਸਥਾਨ ਪ੍ਰਾਪਤ ਕੀਤਾ। ਜਮਾਤ ਵਿੱਚੋਂ ਕੁੱਲ 42 ਵਿਦਿਆਰਥੀਆਂ 'ਚੋਂ 7 ਵਿਦਿਆਰਥੀਆਂ ਨੇ 95 ਪ੍ਰਤੀਸ਼ਤ ਤੋਂ ਵੱਧ, 13 ਵਿਦਿਆਰਥੀਆਂ ਨੇ 90 ਪ੍ਰਤੀਸ਼ਤ ਤੋਂ ਵੱਧ, 9 ਵਿਦਿਆਰਥੀਆਂ ਨੇ 70 ਪ੍ਰਤੀਸ਼ਤ ਤੋਂ ਵੱਧ ਅੰਕ ਪ੍ਰਾਪਤ ਕਰਕੇ ਇਸ ਸ਼ਾਨਦਾਰ ਨਤੀਜੇ ਨਾਲ ਆਪਣਾ, ਸਕੂਲ ਤੇ ਮਾਤਾ-ਪਿਤਾ ਦਾ ਨਾਮ ਰੌਸ਼ਨ ਕੀਤਾ। ਸਕੂਲ ਵੱਲੋਂ ਬੱਚਿਆਂ ਦੀ ਇਸ ਪ੍ਰਾਪਤੀ 'ਤੇ ਉਨ੍ਹਾਂ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਸਕੂਲ ਦੇ ਪ੍ਰਧਾਨ ਅਪਾਰ ਸਿੰਘ, ਡਾਇਰੈਕਟਰ ਡੀ. ਕੇ. ਸ਼ਰਮਾ, ਪ੍ਰਿੰਸੀਪਲ ਸ੍ਰੀਮਤੀ ਨੀਲਮ ਸ਼ਰਮਾ, ਮੈਂਬਰ ਸੁਖਦੇਵ ਸਿੰਘ, ਰਾਜ ਵਰਮਾ, ਐੱਸ. ਕੇ. ਨਾਹਰ ਨੇ ਬੱਚਿਆਂ ਨੂੰ ਸਨਮਾਨਤ ਕਰਕੇ ਉਨ੍ਹਾਂ ਦਾ ਮੂੰਹ ਮਿੱਠਾ ਕਰਵਾਇਆ ਤੇ ਉਨ੍ਹਾਂ ਦੀ ਇਸ ਸ਼ਾਨਦਾਰ ਪ੍ਰਾਪਤੀ 'ਤੇ ਵਧਾਈਆਂ ਦਿੱਤੀਆਂ ਤੇ ਬੱਚਿਆਂ ਨੂੰ ਇਸੇ ਤਰ੍ਹਾਂ ਦੀ ਮਿਹਨਤ ਤੇ ਲਗਨ ਨਾਲ ਪੜ੍ਹਾਈ ਕਰਨ ਦੀ ਪ੍ਰੇਰਨਾ ਦਿੱਤੀ ਤਾਂ ਕਿ ਉਹ ਆਉਣ ਵਾਲੇ ਸਮੇਂ ਵਿੱਚ ਵੀ ਵਧੀਆ ਅੰਕ ਪ੍ਰਾਪਤ ਕਰਨ।

# ਸਕੂਲ ਆਫ਼ ਐਮੀਨੈਂਸ ਫ਼ੀਲਖ਼ਾਨਾ ਦਾ ਨਤੀਜਾ ਸ਼ਾਨਦਾਰ



**ਪਟਿਆਲਾ (ਭੁਪਿੰਦਰਜੀਤ ਮੌਲਵੀਵਾਲਾ)**

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਅੱਠਵੀਂ ਜਮਾਤ ਦੇ ਐਲਾਨੇ ਨਤੀਜਾ ਵਿੱਚ ਸਕੂਲ ਆਫ਼ ਐਮੀਨੈਂਸ ਫ਼ੀਲਖ਼ਾਨਾ ਪਟਿਆਲਾ ਦੇ ਵਿਦਿਆਰਥੀਆਂ ਦੀ ਪੂਰੀ ਬੱਲੇ-ਬੱਲੇ ਹੈ।ਫ਼ੀਲਖ਼ਾਨਾ ਸਕੂਲ ਨੇ ਲਗਾਤਾਰ ਅੱਠਵੀਂ ਜਮਾਤ ਦੇ ਨਤੀਜੇ ਵਿੱਚ ਵਧੀਆ ਪ੍ਰਦਰਸ਼ਨ ਕੀਤਾ ਹੈ। ਪ੍ਰਿੰਸੀਪਲ ਡਾ. ਰਜਨੀਸ਼ ਗੁਪਤਾ ਨੇ ਦੱਸਿਆ ਕਿ ਫ਼ੀਲਖ਼ਾਨਾ ਸਕੂਲ ਦਾ ਨਤੀਜਾ 100% ਰਿਹਾ ਹੈ।ਅੱਠਵੀਂ ਜਮਾਤ ਦੇ 229 ਵਿਦਿਆਰਥੀਆਂ ਨੇ ਪ੍ਰੀਖਿਆ ਦਿੱਤੀ ਸੀ ਤੇ 229 ਵਿਦਿਆਰਥੀ ਚੰਗੇ ਨੰਬਰਾਂ ਨਾਲ ਪਾਸ ਹੋਏ ਹਨ।ਪ੍ਰਿੰਸੀਪਲ ਡਾ. ਰਜਨੀਸ਼ ਗੁਪਤਾ ਨੇ ਦੱਸਿਆ ਕਿ ਅੱਠਵੀਂ ਜਮਾਤ ਦੀ ਵਿਦਿਆਰਥਣ ਹਰਗੁਨ ਕੌਰ ਨੇ 600 'ਚੋਂ 575 ਨੰਬਰ ਪ੍ਰਾਪਤ ਕਰ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ। ਦੂਜਾ ਸਥਾਨ ਅੰਸ਼ਿਕਾ ਨੇ 600 ਵਿੱਚੋਂ 568 ਅੰਕ ਲੈ ਕੇ ਦੂਜਾ ਸਥਾਨ ਪ੍ਰਾਪਤ ਕੀਤਾ।ਤੀਜਾ ਸਥਾਨ ਮਨਜੋਤ ਕੌਰ ਨੇ 600 ਵਿੱਚੋਂ 567 ਅੰਕ ਪ੍ਰਾਪਤ ਕਰਕੇ ਪ੍ਰਾਪਤ ਕੀਤਾ। ਫ਼ੀਲਖ਼ਾਨਾ ਦੇ ਅੱਠਵੀਂ ਜਮਾਤ ਦੇ ਸਾਲਾਨਾ ਨਤੀਜਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਲਈ ਸਕੂਲ ਪ੍ਰਿੰਸੀਪਲ ਵੱਲੋਂ ਸਕੂਲ ਅਧਿਆਪਕਾਂ ਦੀ ਮਿਹਨਤ ਦੀ ਸਰਾਹਨਾ ਕੀਤੀ ਗਈ ਹੈ।

ਸਕੂਲ ਮੀਡੀਆ ਕੋਆਰਡੀਨੇਟਰ ਅਕਸ਼ੈ ਕੁਮਾਰ ਨੇ ਵਿਦਿਆਰਥੀ ਦੇ ਮਾਪਿਆਂ ਨੂੰ ਵਧਾਈਆਂ ਤੇ ਵਿਦਿਆਰਥੀਆਂ ਨੂੰ ਸ਼ੁਭਕਾਮਨਾਵਾਂ ਦਿੰਦਿਆਂ ਅਗਲੇਰੀ ਪੜ੍ਹਾਈ ਲਈ ਜੁਟ ਜਾਣ ਲਈ ਕਿਹਾ।ਇਸ ਮੌਕੇ ਮੈਡਮ ਸਿਮਰਨਪ੍ਰੀਤ ਕੌਰ, ਮੈਡਮ ਪਰਮਜੀਤ ਕੌਰ, ਮੈਡਮ ਸਨੇਹ ਗੁਪਤਾ ਤੇ ਸਮੂਹ ਸਟਾਫ਼ ਮੈਂਬਰ ਮੌਜੂਦ ਸਨ।

# ਮਾਤਾ ਹਰਦੇਈ ਨੈਸ਼ਨਲ ਕਾਲਜੀਏਟ ਸਕੂਲ ਦਾ ਨਤੀਜਾ ਸ਼ਾਨਦਾਰ



**ਮਾਛੀਵਾੜਾ ਸਾਹਿਬ (ਜਗਦੀਸ਼ ਰਾਏ, ਸ਼ੈਂਕੀ ਸ਼ਰਮਾ)**-ਇਲਾਕੇ ਦੀ ਸਿਰਮੌਰ ਸੰਸਥਾ ਮਾਤਾ ਹਰਦੇਈ ਨੈਸ਼ਨਲ ਕਾਲਜੀਏਟ ਸੀਨੀ: ਸੈਕੰ: ਸਕੂਲ ਮਾਛੀਵਾੜਾ ਦੀ ਬਾਰਵੀਂ ਜਮਾਤ ਦਾ ਨਤੀਜਾ ਸ਼ਾਨਦਾਰ ਰਿਹਾ, ਜਿਸ ਵਿੱਚ ਸਕੂਲ ਦੀ ਵਿਦਿਆਰਥਣ ਜਸਲੀਨ ਕੌਰ ਪੁੱਤਰੀ ਸ੍ਰ. ਪਰਮਜੀਤ ਸਿੰਘ ਵਾਸੀ ਹੇਡੋਂ ਬੇਟ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਜਾਰੀ ਕੀਤੀ ਮੈਰਿਟ ਸੂਚੀ ਵਿੱਚੋਂ 7ਵਾਂ ਸਥਾਨ ਹਾਸਲ ਕੀਤਾ, ਜੋ ਕਿ ਪੂਰੇ ਇਲਾਕੇ ਤੇ ਸੰਸਥਾ ਲਈ ਮਾਣ ਵਾਲੀ ਗੱਲ ਹੈ।ਆਰਟਸ ਗਰੁੱਪ ਵਿੱਚੋਂ ਚੰਨਪ੍ਰੀਤ ਕੌਰ ਨੇ 463/500 (92.6%) ਅੰਕ ਪ੍ਰਾਪਤ ਕਰਕੇ ਪਹਿਲਾ, ਮਹਿਕਪ੍ਰੀਤ ਕੌਰ ਨੇ 445/500 (89%) ਅੰਕ ਪ੍ਰਾਪਤ ਕਰਕੇ ਦੂਜਾ ਅਤੇ ਜੈਸਮੀਨ ਕੌਰ ਨੇ 444/500 (88.8%) ਅੰਕ ਪ੍ਰਾਪਤ ਕਰਕੇ ਤੀਜਾ ਦਰਜਾ ਪ੍ਰਾਪਤ ਕੀਤਾ। ਸਾਇੰਸ ਗਰੁੱਪ ਵਿੱਚੋਂ ਨਵਦੀਪ ਕੌਰ ਨੇ 465/500 (93%) ਅੰਕ ਪ੍ਰਾਪਤ ਕਰਕੇ ਪਹਿਲਾ, ਨਵਪ੍ਰੀਤ ਕੌਰ ਨੇ 451/500 (90.2%) ਅੰਕ ਪ੍ਰਾਪਤ ਕਰਕੇ ਦੂਜਾ ਤੇ ਸਮਰੀਤੀ ਰੀਹਲ ਨੇ 441/500 (88.2%) ਅੰਕ ਹਾਸਲ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ।ਕਾਮਰਸ ਗਰੁੱਪ ਵਿੱਚੋਂ ਜਸਲੀਨ ਨੇ 494/500 (98.8%) ਅੰਕ ਪ੍ਰਾਪਤ ਕਰਕੇ ਪਹਿਲਾ, ਗਾਇਤਰੀ ਰਾਜ ਪੁਰੋਹਿਤ ਨੇ 485/500 (96.6%) ਅੰਕ ਪ੍ਰਾਪਤ ਕਰਕੇ ਦੂਜਾ ਤੇ ਰਮਨਪ੍ਰੀਤ ਕੌਰ ਨੇ 476/500 (95.2%) ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਹਾਸਲ ਕੀਤਾ।ਸਕੂਲ ਸਟਾਫ ਤੇ ਪ੍ਰਬੰਧਕ ਕਮੇਟੀ ਵੱਲੋਂ ਮੈਰਿਟ 'ਚ ਆਉਣ ਵਾਲੇ ਵਿਦਿਆਰਥੀਆਂ ਲਈ ਕੀਤੇ ਐਲਾਨ ਅਨੁਸਾਰ ਮੈਰਿਟ ਵਿੱਚ ਆਈ ਵਿਦਿਆਰਥਣ ਜਸਲੀਨ ਕੌਰ ਸਪੁੱਤਰੀ ਪਰਮਜੀਤ ਸਿੰਘ ਨੂੰ 21,000/- ਰੁ: ਦੀ ਰਾਸ਼ੀ ਇਨਾਮ ਵਜੋਂ ਦਿੱਤੀ ਗਈ।ਇਸ ਸਮੇਂ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸੁਰਿੰਦਰ ਕੁੰਦਰਾ, ਸਕੱਤਰ ਗੁਰਨਾਮ ਸਿੰਘ ਨਾਗਰਾ, ਖਜ਼ਾਨਚੀ ਜੇ. ਪੀ. ਮੱਕੜ, ਜੁਆਇੰਟ ਸੈਕਟਰੀ ਜੈਦੀਪ ਸਿੰਘ ਕਾਹਲੋਂ, ਪ੍ਰਿੰਸੀਪਲ ਬਲਜੀਤ ਸਿੰਘ, ਸੀਨੀ: ਸਟਾਫ ਮੈਂਬਰ ਮੈਡਮ ਰਵਿੰਦਰ ਕੌਰ ਤੇ ਸਮੂਹ ਸਟਾਫ਼ ਸ਼ਾਮਲ ਰਹੇ।

# ਸਰਕਾਰੀ ਹਾਈ ਸਕੂਲ ਭੰਮੀਪੁਰਾ ਦਾ ਨਤੀਜਾ ਸ਼ਾਨਦਾਰ ਰਿਹਾ



**ਜਗਰਾਉਂ (ਸੰਜੀਵ ਅਰੋੜਾ)**-ਸਰਕਾਰੀ ਹਾਈ ਸਕੂਲ ਭੰਮੀਪੁਰਾ ਦਾ ਮਿਡਲ ਵਿਭਾਗ ਦਾ ਨਤੀਜਾ ਸ਼ਾਨਦਾਰ ਰਿਹਾ। ਸਕੂਲ ਮੁਖੀ ਰਾਜਨ ਬਾਂਸਲ ਨੇ ਦੱਸਿਆ ਕਿ ਪਹਿਲੀ ਪੁਜ਼ੀਸ਼ਨ ਜਸਪ੍ਰੀਤ ਕੌਰ 96.5 ਪ੍ਰਤੀਸ਼ਤ, ਦੂਜੀ ਪੁਜ਼ੀਸ਼ਨ ਉਰਵਸ਼ੀ ਰਿਖੀ 89 ਪ੍ਰਤੀਸ਼ਤ ਤੇ ਤੀਜੀ ਪੁਜ਼ੀਸ਼ਨ ਆਸ਼ਕਰਨਦੀਪ ਕੌਰ 88 ਪ੍ਰਤੀਸ਼ਤ ਨੇ ਲਈ। ਜ਼ਿਕਰਯੋਗ ਹੈ ਕਿ ਅੱਠਵੀਂ ਜਮਾਤ ਦੇ 29 ਵਿਦਿਆਰਥੀਆਂ ਵਿੱਚੋਂ 19 ਵਿਦਿਆਰਥੀਆਂ ਨੇ 70 ਪ੍ਰਤੀਸ਼ਤ ਤੋਂ ਵੱਧ ਅੰਕ ਪ੍ਰਾਪਤ ਕੀਤੇ। ਸਮੂਹ ਸਟਾਫ਼ ਵੱਲੋਂ ਵਿਦਿਆਰਥੀਆਂ ਨੂੰ ਵਧਾਈਆਂ ਦਿੱਤੀਆਂ ਗਈਆਂ। ਇਸ ਮੌਕੇ ਸਕੂਲ ਇੰਚਾਰਜ ਰਾਜਨ ਬਾਂਸਲ, ਕੁਲਵੰਤ ਸਿੰਘ, ਕੁਲਦੀਪ ਕੌਰ, ਗੁਰਦੇਵ ਸਿੰਘ, ਪ੍ਰਦੀਪ ਰਾਣੀ, ਬੱਬੂ ਸਿੰਘ, ਅਮਨਦੀਪ ਸ਼ਰਮਾ, ਅਮਨਦੀਪ ਕੌਰ ਤੇ ਅਤਿੰਦਰਪਾਲ ਸਿੰਘ ਆਦਿ ਹਾਜ਼ਰ ਸਨ।

# ਰਾਜਾ ਗਿੱਲ ਵੱਲੋਂ ਕਾਂਗਰਸ ਉਮੀਦਵਾਰ ਦੇ ਹੱਕ 'ਚ ਜ਼ੋਰਦਾਰ ਪ੍ਰਚਾਰ




**ਸਮਰਾਲਾ (ਸੁਰਜੀਤ ਸਿੰਘ)**-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਚਾਰ ਦੀ ਕਮਾਂਡ ਪਰਮਜੀਤ ਸਿੰਘ ਢਿੱਲੋਂ, ਆਮ ਆਦਮੀ ਪਾਰਟੀ ਦੀ ਹਲਕਾ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਤੇ ਕਾਂਗਰਸ ਪਾਰਟੀ ਦੇ ਲੋਕ ਸਭਾ ਹਲਕਾ ਫ਼ਤਿਹਗੜ੍ਹ ਸਾਹਿਬ ਤੋਂ ਉਮੀਦਵਾਰ ਡਾ. ਅਮਰ ਸਿੰਘ ਲਈ ਪ੍ਰਚਾਰ ਦੀ ਕਮਾਂਡ ਰੁਪਿੰਦਰ ਸਿੰਘ ਰਾਜਾ ਗਿੱਲ ਨੇ ਸੰਭਾਲੀ ਹੋਈ ਹੈ। ਰਾਜਾ ਗਿੱਲ ਦਾ ਦਾਅਵਾ ਹੈ ਕਿ ਉਨ੍ਹਾਂ ਵੱਲੋਂ ਵਿਧਾਨ ਸਭਾ ਹਲਕਾ ਸਮਰਾਲਾ ਅਧੀਨ ਪੈਂਦੇ ਸਮਰਾਲਾ ਤੇ ਮਾਛੀਵਾੜਾ ਦੇ ਤਕਰੀਬਨ ਸਾਰੇ ਹੀ ਪਿੰਡਾਂ ਵਿਚ ਜਨ ਸਭਾਵਾਂ ਕੀਤੀਆਂ ਹਨ।ਇਨ੍ਹਾਂ ਪਿੰਡਾਂ ਵਿੱਚ ਉਨ੍ਹਾਂ ਨੂੰ ਜੋ ਸਹਿਯੋਗ ਤੇ ਸਤਿਕਾਰ ਮਿਲਿਆ ਹੈ, ਉਹ ਆਪਣੇ ਆਪ ਵਿਚ ਲਾਮਿਸਾਲ ਹੈ।ਕਾਂਗਰਸੀ ਵਰਕਰਾਂ ਦਾ ਦਾਅਵਾ ਹੈ ਕਿ ਰੁਪਿੰਦਰ ਸਿੰਘ ਰਾਜਾ ਗਿੱਲ ਦੀ ਸ਼ਖ਼ਸੀਅਤ ਅਜਿਹੀ ਮਿਕਨਾਤੀਸੀ ਹੈ ਕਿ ਉਹ ਜਿਸ ਨੂੰ ਵੀ ਮਿਲਦੇ ਹਨ, ਉਸ ਨੂੰ ਆਪਣਾ ਬਣਾ ਲੈਂਦੇ ਹਨ।ਜ਼ਿਕਰਯੋਗ ਹੈ ਕਿ ਸਾਲ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਚਾਰ ਵਾਰ ਦੇ ਵਿਧਾਇਕ ਅਮਰੀਕ ਸਿੰਘ ਢਿੱਲੋਂ ਦੀ ਟਿਕਟ ਕੱਟ ਕੇ ਕਾਂਗਰਸ ਪਾਰਟੀ ਨੇ ਮਹਿਜ਼ 20 ਦਿਨ ਪਹਿਲਾਂ ਰਾਜਾ ਗਿੱਲ ਨੂੰ ਟਿਕਟ ਦਿੱਤੀ ਸੀ।ਰੁਪਿੰਦਰ ਰਾਜਾ ਗਿੱਲ ਨੇ ਦੱਸਿਆ ਕਿ ਹਾਲੀਆ ਦਿਨਾਂ ਵਿੱਚ ਉਨ੍ਹਾਂ ਪਿੰਡ ਦਿਆਲਪੁਰਾ, ਬੌਂਦਲ, ਸੰਗਤਪੁਰਾ, ਘਰਖਣਾਂ, ਜੱਲਣਪੁਰ, ਕੋਟਲਾ ਭੜੀ, ਗੋਸਲਾਂ ਅਤੇ ਸਰਵਰਪੁਰ ਤੋਂ ਇਲਾਵਾ ਹੋਰ ਬਹੁਤ ਸਾਰੇ ਪਿੰਡਾਂ ਵਿਚ ਕਾਂਗਰਸ ਸਮਰਥਕਾਂ, ਵਰਕਰਾਂ ਅਤੇ ਅਹੁਦੇਦਾਰਾਂ ਸਮੇਤ ਨੁੱਕੜ ਮੀਟਿੰਗਾਂ ਕੀਤੀਆਂ, ਜਿੱਥੇ ਉਹਨਾਂ ਨੂੰ ਲੋਕਾਂ ਦਾ ਭਾਰੀ ਰਿਸਪੌਂਸ ਮਿਲਿਆ।ਰੁਪਿੰਦਰ ਸਿੰਘ ਰਾਜਾ ਗਿੱਲ ਦਾ ਦਾਅਵਾ ਹੈ ਕਿ ਲੋਕ ਸਭਾ ਹਲਕਾ ਫ਼ਤਿਹਗੜ੍ਹ ਸਾਹਿਬ ਦੀ ਜਨਤਾ ਡਾ. ਅਮਰ ਸਿੰਘ ਦੀ ਸ਼ਖ਼ਸੀਅਤ ਤੇ ਉਨ੍ਹਾਂ ਵੱਲੋਂ ਪੰਜ ਸਾਲ ਦੌਰਾਨ ਹਲਕੇ ਵਿਚ ਕੀਤੇ ਕੰਮਾਂ ਦਾ ਮੁੱਲ ਪਛਾਣਦੇ ਹੋਏ ਉਨ੍ਹਾਂ ਨੂੰ ਦੂਜੀ ਵਾਰੀ ਫੇਰ ਭਾਰੀ ਵੋਟਾਂ ਨਾਲ ਜਿਤਾ ਕੇ ਸੰਸਦ ਵਿੱਚ ਭੇਜਣਗੇ।

# ਸਰਕਾਰੀ ਕੰਨਿਆ ਸਕੂਲ ਦਾ 12ਵੀਂ ਤੇ 8ਵੀਂ ਦਾ ਨਤੀਜਾ ਸ਼ਾਨਦਾਰ



**ਜਲਾਲਾਬਾਦ (ਜੰਗੀਰ ਕੌਰ ਫਲੀਆਂਵਾਲਾ)**

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਮੰਗਲਵਾਰ ਨੂੰ 12ਵੀਂ ਜਮਾਤ ਤੇ 8ਵੀਂ ਜਮਾਤ ਦੇ ਨਤੀਜੇ ਐਲਾਨ ਦਿੱਤੇ ਹਨ, ਜਿਸ ਵਿੱਚ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਦੀਆਂ 4 ਕਾਮਰਸ ਦੀਆਂ ਵਿਦਿਆਰਥਣਾਂ ਨੇ 12ਵੀਂ ਦੀ ਸਾਲਾਨਾ ਪ੍ਰੀਖਿਆ ਵਿੱਚ ਮੈਰਿਟ ਪੁਜ਼ੀਸ਼ਨ ਹਾਸਲ ਕੀਤੀ ਹੈ। ਪ੍ਰਿੰਸੀਪਲ ਅਮਿਤ ਗਗਨੇਜਾ ਦੀ ਅਗਵਾਈ 'ਚ ਕਾਮਰਸ ਲੈਕਚਰਾਰ ਪਵਨ ਕਾਮਰਾ, ਮੈਡਮ ਕਮਲੇਸ਼, ਕੰਪਿਊਟਰ ਅਧਿਆਪਕ ਕਰਨ ਢੁੱਡੀਆਂ, ਅੰਗਰੇਜ਼ੀ ਅਧਿਆਪਕਾ ਰੰਜਨਾ ਕੁਮਾਰੀ, ਪੰਜਾਬੀ ਅਧਿਆਪਕਾ ਪੁਸ਼ਪਾ ਰਾਣੀ ਤੇ ਈਵੀਐੱਸ ਅਧਿਆਪਕਾ ਮੀਨੂੰ ਬਾਲਾ ਦੀ ਸ਼ਾਨਦਾਰ ਮਿਹਨਤ ਸਦਕਾ 12ਵੀਂ ਜਮਾਤ ਵਿਚ ਕਾਮਰਸ 'ਚ ਮੈਰਿਟ ਸਥਾਨ ਹਾਸਲ ਕੀਤਾ, ਜਿਸ ਵਿੱਚ ਅੰਸ਼ਿਕਾ ਨੇ 500 ਵਿੱਚੋਂ 491 ਅੰਕ ਪ੍ਰਾਪਤ ਕਰਕੇ 10ਵਾਂ ਰੈਂਕ ਹਾਸਲ ਕੀਤਾ ਹੈ। ਇਸੇ ਤਰ੍ਹਾਂ ਨਵਜੋਤ ਕੌਰ 490 ਅੰਕ ਲੈ ਕੇ 11ਵੇਂ, ਹਰਸ਼ਪ੍ਰੀਤ ਕੌਰ 489 ਅੰਕ ਲੈ ਕੇ 12ਵੇਂ ਅਤੇ ਸਿਮਰਨ ਕੰਬੋਜ 488 ਅੰਕ ਲੈ ਕੇ 13ਵੇਂ ਸਥਾਨ 'ਤੇ ਰਹੀ।

ਇਸੇ ਤਰ੍ਹਾਂ ਅਧਿਆਪਕਾ ਸ਼੍ਰੀਮਤੀ ਸੋਨੀਆ ਬਜਾਜ, ਇੰਦੂ ਬਾਲਾ, ਗੁਰਵਿੰਦਰ ਕੌਰ, ਕੰਚਨ ਕੰਬੋਜ, ਸੋਨੀਆ ਖੰਨਾ, ਛਿੰਦਰਪਾਲ ਬੱਤਰਾ ਦੀ ਮਿਹਨਤ ਸਦਕਾ 8ਵੀਂ ਜਮਾਤ ਦੇ ਐਲਾਨੇ ਗਏ ਨਤੀਜਿਆਂ ਵਿੱਚ ਵਿਦਿਆਰਥਣ ਸੀਆ ਪੁੱਤਰੀ ਅੰਮ੍ਰਿਤ ਲਾਲ ਨੇ ਕੁੱਲ 600 ਵਿੱਚੋਂ 593 ਅੰਕ ਪ੍ਰਾਪਤ ਕਰਕੇ 7ਵਾਂ ਰੈਂਕ ਮੈਰਿਟ 'ਚ ਪ੍ਰਾਪਤ ਕੀਤਾ। ਉਥੇ ਇਸੇ ਤਰ੍ਹਾਂ ਹੀ ਸਕੂਲ ਪੱਧਰ 'ਤੇ ਵਿਦਿਆਰਥਣ ਸੀਆ ਨੇ 98.83 ਫੀਸਦੀ ਅੰਕ ਲੈ ਕੇ ਪਹਿਲਾ, ਵਿਦਿਆਰਥਣ ਹਰਮਨਜੋਤ ਕੌਰ ਪੁੱਤਰੀ ਸਤਨਾਮ ਸਿੰਘ ਨੇ 585 ਅੰਕ ਲੈ ਕੇ 97.5 ਪ੍ਰਤੀਸ਼ਤ ਨਾਲ ਦੂਜਾ, ਤਰਨੁਮ ਪੁੱਤਰੀ ਅਮਨਦੀਪ ਸਿੰਘ ਨੇ 584 ਅੰਕ ਲੈ ਕੇ ਤੀਜਾ ਤੇ ਜੈਸਮੀਨ ਕੌਰ ਪੁੱਤਰੀ ਤਰਲੋਚਨ ਸਿੰਘ ਨੇ 583 ਅੰਕ ਲੈ ਕੇ ਚੌਥਾ, ਜਸਮੀਤ ਕੌਰ ਪੁੱਤਰੀ ਸਰਵਣ ਕੁਮਾਰ ਨੇ 582 ਅੰਕ ਲੈ ਕੇ ਪੰਜਵਾਂ, ਜਸ਼ਨਦੀਪ ਕੌਰ ਪੁੱਤਰੀ ਗੁਰਚਰਨ ਸਿੰਘ ਅਤੇ ਤੰਮਨਾ ਪੁੱਤਰੀ ਲਵਨੀਸ਼ ਕੁਮਾਰ ਨੇ 581 ਅੰਕ ਪ੍ਰਾਪਤ ਕਰਕੇ ਸਕੂਲ ਪੱਧਰ 'ਤੇ ਛੇਵਾਂ ਸਥਾਨ ਹਾਸਲ ਕੀਤਾ ਹੈ। ਪ੍ਰਿੰਸੀਪਲ ਅਮਿਤ ਗਗਨੇਜਾ ਨੇ ਖ਼ੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਮਾਣ ਹੈ ਕਿ ਇਸ ਸਫਲਤਾ ਦਾ ਸਿਹਰਾ ਸਕੂਲ ਸਟਾਫ਼ ਤੇ ਬੱਚਿਆਂ ਦੀ ਸਖਤ ਮਿਹਨਤ ਅਤੇ ਮਾਪਿਆਂ ਦੇ ਸਹਿਯੋਗ ਨੂੰ ਜਾਂਦਾ ਹੈ।

# ਸਰਕਾਰੀ ਕੰਨਿਆ ਸਕੂਲ ਦਾ ਨਤੀਜਾ ਸ਼ਾਨਦਾਰ



**ਕੋਟ ਈਸੇ ਖਾਂ (ਅਰੋੜਾ)**-ਸਿੱਖਿਆ ਵਿਭਾਗ ਵੱਲੋਂ ਪਿਛਲੇ ਦਿਨੀ ਬੋਰਡ ਦੇ ਅੱਠਵੀਂ ਅਤੇ ਬਾਰ੍ਹਵੀਂ ਜਮਾਤ ਦੇ ਨਤੀਜੇ ਘੋਸ਼ਿਤ ਕੀਤੇ ਗਏ ਹਨ, ਜਿਸ ਵਿੱਚ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਕੋਟ ਈਸੇ ਖਾਂ ਦਾ ਨਤੀਜਾ ਸ਼ਾਨਦਾਰ ਰਿਹਾ।ਸਕੂਲ ਦੇ ਇੰਚਾਰਜ ਪ੍ਰਿੰਸੀਪਲ ਮੈਡਮ ਕਿਰਨਪਾਲ ਕੌਰ ਨੇ ਦੱਸਿਆ ਕਿ ਅੱਠਵੀਂ ਜਮਾਤ ਦੀ ਜੈਸਮੀਨ ਕੌਰ ਨੇ 94% ਅੰਕ ਹਾਸਲ ਕਰਕੇ ਪਹਿਲਾ ਸਥਾਨ ਹਾਸਲ ਕੀਤਾ ਅਤੇ ਲੀਜ਼ਾ ਨੇ 93% ਅੰਕ, ਮਨਪ੍ਰੀਤ ਨੇ 92% ਅੰਕ ਹਾਸਲ ਕਰਕੇ ਦੂਜਾ ਤੇ ਤੀਜਾ ਸਥਾਨ ਹਾਸਿਲ ਕੀਤਾ।ਇਸੇ ਤਰ੍ਹਾਂ ਬਾਰ੍ਹਵੀਂ ਜਮਾਤ ਦੇ ਸੈਕਸ਼ਨ ਏ ਵਿੱਚੋਂ ਖੁਸ਼ਦੀਪ ਕੌਰ ਨੇ ਪਹਿਲਾ ਸਥਾਨ,ਰੁਪਿੰਦਰ ਕੌਰ ਦੂਜਾ ਤੇ ਮੁਸਕਾਨ ਨੇ ਤੀਜਾ ਸਥਾਨ ਹਾਸਲ ਕੀਤਾ।ਸੈਕਸ਼ਨ ਬੀ ਵਿੱਚੋਂ ਨੀਲਮ ਕੌਰ, ਜਸਪ੍ਰੀਤ ਕੌਰ ਤੇ ਕੋਮਲਪ੍ਰੀਤ ਕੌਰ ਦੇ ਕ੍ਰਮਵਾਰ ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਿਲ ਕੀਤਾ।

ਸੈਕਸ਼ਨ ਸੀ ਵਿੱਚੋਂ ਸ਼ੁਭਦੀਪ ਕੌਰ, ਖੁਸਦੀਪ ਤੇ ਪਵਨਪ੍ਰੀਤ ਕੌਰ ਨੇ ਪਹਿਲਾ, ਦੂਜਾ ਤੇ ਤੀਜਾ ਸਥਾਨ ਹਾਸਲ ਕੀਤਾ। ਸੈਕਸ਼ਨ ਡੀ ਵਿੱਚੋਂ ਜੋਤੀ, ਦਮਨੀਤ ਤੇ ਪੂਜਾ ਨੇ ਪਹਿਲਾ, ਦੂਜਾ ਤੇ ਤੀਜਾ ਸਥਾਨ ਹਾਸਲ ਕੀਤਾ।ਸੈਕਸ਼ਨ ਈ ਵਿੱਚੋਂ ਸੁਨੇਹਾ, ਕਿਰਨਦੀਪ ਤੇ ਜੀਤ ਕੌਰ ਨੇ ਪਹਿਲਾ, ਦੂਜਾ ਤੇ ਤੀਜਾ ਸਥਾਨ ਹਾਸਲ ਕੀਤਾ।ਇਸ ਮੌਕੇ ਸਮੂਹ ਸਟਾਫ ਤੇ ਸਕੂਲ ਪ੍ਰਿੰਸੀਪਲ ਮੈਡਮ ਨੇ ਬੱਚਿਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ, ਜਿਨ੍ਹਾਂ ਦੀ ਮਿਹਨਤ ਨਾਲ ਸਕੂਲ ਦਾ ਨਤੀਜਾ ਸ਼ਾਨਦਾਰ ਆਇਆ।

# ਸ਼ਕਤੀ ਪਬਲਿਕ ਸਕੂਲ ਦਾ 8ਵੀਂ ਤੇ 12ਵੀਂ ਸ਼੍ਰੇਣੀ ਦਾ ਨਤੀਜਾ ਸ਼ਾਨਦਾਰ



**ਦੋਰਾਹਾ (ਹਰਮਿੰਦਰ ਸੇਠ)**

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਅੱਠਵੀਂ ਤੇ ਬਾਰ੍ਹਵੀਂ ਸ਼੍ਰੇਣੀ ਮਾਰਚ 2024 ਦੇ ਨਤੀਜਿਆ 'ਚ ਸ਼ਕਤੀ ਪਬਲਿਕ ਸੀਨੀ.ਸੈਕੰਡਰੀ ਸਕੂਲ ਦਾ ਨਤੀਜਾ ਸ਼ਾਨਦਾਰ ਰਿਹਾ ਹੈ। ਸਕੂਲ ਪ੍ਰਿੰਸੀਪਲ ਜਤਿੰਦਰ ਸ਼ਰਮਾ ਤੇ ਵਾਈਸ ਪ੍ਰਿੰਸੀਪਲ ਨੀਰਜ ਸ਼ਰਮਾ ਨੇ ਦੱਸਿਆ ਕਿ ਉਨ੍ਹਾਂ ਦੇ ਸਕੂਲ ਦੇ ਅੱਠਵੀਂ ਸ਼੍ਰੇਣੀ ਦੀਆਂ ਵਿਦਿਆਰਥਣਾਂ, ਜਿਨ੍ਹਾਂ ਵਿੱਚ ਸੁਹਾਨਾ ਸਪੁਤਰੀ ਸੁਲਤਾਨ ਨੇ 600/559 ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਪ੍ਰਾਪਤ ਕੀਤਾ। ਸਲੋਨੀ ਕੁਮਾਰ ਸਪੁੱਤਰੀ ਸ਼ਤਰੂਘਨ ਪ੍ਰਸ਼ਾਦ ਅਤੇ ਆਯੂਸ਼ੀ ਸਪੁੱਤਰੀ ਸੁਰਿੰਦਰ ਕੁਮਾਰ ਨੇ 600/517 ਅੰਕ ਪ੍ਰਾਪਤ ਕਰਕੇ ਦੂਜਾ ਸਥਾਨ 'ਤੇ ਨੰਦਨੀ ਕੁਮਾਰੀ ਸਪੁੱਤਰੀ ਬੰਸ਼ ਰਾਜ ਨੇ 600/501 ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਹਾਸਲ ਕੀਤਾ ਹੈ।

ਪ੍ਰਿੰਸੀਪਲ ਜਤਿੰਦਰ ਸ਼ਰਮਾ ਤੇ ਵਾਈਸ ਪ੍ਰਿੰਸੀਪਲ ਨੀਰਜ ਸ਼ਰਮਾ ਨੇ ਦੱਸਿਆ ਕਿ ਬਾਰ੍ਹਵੀਂ ਦੇ ਨਤੀਜਿਆਂ 'ਚ ਉਨ੍ਹਾਂ ਦੇ ਸਕੂਲ ਦਾ ਬਾਰ੍ਹਵੀਂ ਸ਼੍ਰੇਣੀ ਦਾ ਆਰਟਸ 'ਤੇ ਸਾਇੰਸ ਗਰੁੱਪ ਦਾ ਨਤੀਜਾ ਵੀ ਬਹੁਤ ਹੀ ਵਧੀਆ 'ਤੇ ਸ਼ਾਨਦਾਰ ਰਿਹਾ ਹੈ।ਉਨ੍ਹਾਂ ਦੱਸਿਆ ਕਿ ਆਰਟਸ ਗਰੁੱਪ ਵਿੱਚ ਸਕੂਲ ਦੀਆਂ ਵਿਦਿਆਰਥਣਾਂ ਜਿਨ੍ਹਾਂ ਵਿੱਚ ਜਸਵਿੰਦਰ ਕੌਰ ਸਪੁੱਤਰੀ ਤੇਜਿੰਦਰ ਸਿੰਘ ਨੇ 500/478 ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਪ੍ਰਾਪਤ ਕੀਤਾ, ਜਦਕਿ ਜਾਨਵੀ ਢੀਂਡਸਾ ਸਪੁੱਤਰੀ ਹਰਦੀਪ ਸਿੰਘ ਢੀਂਡਸਾ ਨੇ 500/475 ਅੰਕ ਪ੍ਰਾਪਤ ਕਰਕੇ ਦੂਜਾ ਸਥਾਨ, ਕੋਮਲਪ੍ਰੀਤ ਕੌਰ ਸਪੁਤਰੀ ਸੁਖਦੀਪ ਸਿੰਘ ਨੇ 500/472 ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਤੇ ਸਾਹਿਲਪ੍ਰੀਤ ਸਿੰਘ ਔਜਲਾ ਸਪੁੱਤਰ ਜਸਪਾਲ ਸਿੰਘ ਨੇ 500/465 ਅੰਕ ਪ੍ਰਾਪਤ ਕਰਕੇ ਚੌਥਾ ਸਥਾਨ ਪ੍ਰਾਪਤ ਕੀਤਾ ਹੈ।ਉਨ੍ਹਾਂ ਦੱਸਿਆ ਕਿ ਇਸਦੇ ਨਾਲ ਹੀ ਸਾਇੰਸ ਗਰੁੱਪ ਵਿੱਚ ਨਵਰੋਜ ਕੌਰ ਸਪੁੱਤਰੀ ਗੁਰਵਿੰਦਰ ਸਿੰਘ ਨੇ 500/483 ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਪ੍ਰਾਪਤ ਕੀਤਾ, ਜਦਕਿ ਭੈਜੀਤ ਕੌਰ ਸਪੁੱਤਰੀ ਮੱਖਣ ਸਿੰਘ ਨੇ 500/480 ਅੰਕ ਪ੍ਰਾਪਤ ਕਰਕੇ ਦੂਜਾ ਸਥਾਨ, ਉਨਮਨੂਰ ਸਰੋਏ ਸਪੁੱਤਰੀ ਬਿਕਰਮਜੀਤ ਸਿੰਘ ਸਰੋਏ ਨੇ 500/475 ਅੰਕ ਪ੍ਰਾਪਤ ਕਰਕੇ ਤੀਸਰਾ ਸਥਾਨ ਅਤੇ ਤੁਸ਼ਾਰ ਰਤਨ ਸਪੁੱਤਰੀ ਰਾਜੀਵ ਰਤਨ ਨੇ 500/472 ਅੰਕ ਪ੍ਰਾਪਤ ਕਰਕੇ ਚੌਥਾ ਸਥਾਨ ਪ੍ਰਾਪਤ ਕੀਤਾ ਹੈ।ਇਸ ਸਮੇਂ ਪ੍ਰਿੰਸੀਪਲ ਜਤਿੰਦਰ ਸ਼ਰਮਾ ਨੇ ਸਮੂਹ ਵਿਦਿਆਰਥੀਆਂ 'ਤੇ ਸਟਾਫ ਨੂੰ ਵਧਾਈ ਦਿੱਤੀ ਤੇ ਬੱਚਿਆਂ ਦਾ ਮੂੰਹ ਮਿੱਠਾ ਕਰਾਇਆ ਤੇ ਹੋਰ ਮਿਹਨਤ ਕਰਨ ਲਈ ਕਿਹਾ।

# ਸੇਂਟ ਜੋਸਫ ਕੌਨਵੈਂਟ ਸਕੂਲ ਡੱਲਾ ਮੋੜ ਦੇ ਬੱਚਿਆਂ ਨੇ ਯੋਗਾ 'ਚ ਦਿਖਾਏ ਜੌਹਰ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਓਪਨ ਪੰਜਾਬ ਯੋਗ ਆਸਣ ਸਪੋਰਟਸ ਚੈਂਪੀਅਨਸ਼ਿਪ 2024 ਯੋਗਾ ਸੋਸਾਇਟੀ ਪੰਜਾਬ ਵੱਲੋਂ ਸ਼੍ਰੀ ਗੁਰੂ ਹਰਿਕ੍ਰਿਸ਼ਨ ਇੰਟਰਨੈਸ਼ਨਲ ਸਕੂਲ ਅੰਮ੍ਰਿਤਸਰ ਵਿਖੇ ਕਰਵਾਈ ਗਈ ਜਿਸ ਵਿੱਚ 9 ਜ਼ਿਲ੍ਹਿਆਂ ਦੇ ਬੱਚਿਆਂ ਨੇ ਹਿੱਸਾ ਲਿਆ ਜਿਸ ਵਿੱਚ ਸੇਂਟ ਜੋਸਫ ਕੌਨਮੈਂਟ ਸਕੂਲ ਡੱਲਾ ਮੋੜ ਕਾਦੀਆਂ ਦੇ ਬੱਚਿਆਂ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ ਅਤੇ ਸੱਤ ਬੱਚੇ ਨੈਸ਼ਨਲ ਲੈਵਲ ਦੀ ਪ੍ਰਤੀਯੋਗਤਾ ਲਈ ਚੁਣੇ ਗਏ ਜੋ ਕਿ ਅਗਸਤ ਵਿੱਚ ਗੋਆ ਵਿਖੇ ਹੋਣ ਜਾ ਰਹੀ ਹੈ। ਇਸ ਮੌਕੇ ਸਕੂਲ ਪ੍ਰਿੰ. ਸਿਸਟਰ ਜੋਸ਼ੀਆ ਵੱਲੋਂ ਸਕੂਲ ਦੇ ਸਮੂਹ ਸਟਾਫ ਅਤੇ ਬੱਚਿਆਂ ਦੇ ਮਾਤਾ ਪਿਤਾ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਭਵਿੱਖ ਵਿੱਚ ਬੱਚੇ ਇਸੇ ਤਰ੍ਹਾਂ ਆਪਣੇ ਸਕੂਲ ਅਤੇ ਆਪਣੇ ਮਾਤਾ-ਪਿਤਾ ਦਾ ਨਾਮ ਰੌਸ਼ਨ ਕਰਦੇ ਰਹਿਣ।

ਜਿਹੜੇ ਬੱਚੇ ਨੈਸ਼ਨਲ ਲੈਵਲ ਤੇ ਜਾਣ ਲਈ ਚੁਣੇ ਗਏ ਹਨ ਉਨ੍ਹਾਂ ਦੇ ਨਾਂਅ ਨਿਮਰਤ ਖਹਿਰਾ, ਕੰਚਨ, ਰਵਨੀਤ ਕੌਰ, ਪਾਰਸ, ਦਾਨੀਆਂ ਦਾਊਦ, ਭਵਨੀਤ, ਅਸ਼ਰੀਨ ਰਿਆਜ਼ ਹਨ।

## ਸਮਾਜਿਕ ਨਿਆਂ, ਸਸ਼ਕਤੀਕਰਨ ਵੈੱਲਫੇਅਰ (ਐਸੋ.) ਦੀ ਮਹੀਨਾਵਾਰ ਮੀਟਿੰਗ ਅੱਜ

**ਵੇਰਕਾ (ਰਾਣਾ)**-ਸਮਾਜਿਕ ਨਿਆਂ, ਸਸ਼ਕਤੀਕਰਨ ਵੈੱਲਫੇਅਰ ਐਸੋਸੀਏਸ਼ਨ ਅੰਮ੍ਰਿਤਸਰ (ਪੰਜਾਬ) ਦੀ ਮਾਸਿਕ ਮੀਟਿੰਗ ਜ਼ਿਲ੍ਹਾ ਪ੍ਰਧਾਨ ਸਤਿੰਦਰ ਸਿੰਘ ਸਰਕਾਰੀਆ ਦੀ ਅਗਵਾਈ ਹੇਠ ਅੱਜ ਦਫ਼ਤਰ ਕੰਪਲੈਕਸ ਜ਼ਿਲਾ ਪ੍ਰੀਸ਼ਦ ਅੰਮ੍ਰਿਤਸਰ ਵਿਖੇ ਦੁਪਹਿਰ 3:00 ਵਜੇ ਦਿਨ ਸ਼ਨੀਵਾਰ ਨੂੰ ਹੋਵੇਗੀ ਜਿਸ ਵਿੱਚ ਵੱਖ-ਵੱਖ ਜਨਤਕ, ਮੁਲਾਜ਼ਮ, ਮਜ਼ਦੂਰ, ਬੇਰੁਜ਼ਗਾਰ ਅਤੇ ਸਕੂਲ/ਕਾਲਜ ਪੜ੍ਹਦੇ ਵਿਦਿਆਰਥੀਆਂ ਨੂੰ ਦਰਪੇਸ਼ ਮੁਸ਼ਕਿਲਾਂ ਸੰਬੰਧੀ ਭਰਪੂਰ ਵਿਚਾਰ ਵਟਾਂਦਰੇ ਕੀਤੇ ਜਾਣਗੇ।ਇਸ ਦੌਰਾਨ ਬੀਪੀਓ ਬਲਾਕ ਅੰਮ੍ਰਿਤਸਰ-2, ਸੀਐੱਚਟੀ ਸ: ਐਲੀ: ਸੈਂਟਰ ਸਕੂਲ ਜੇਠੂਵਾਲ ਵੱਲੋਂ ਕਥਿਤ ਮਿਲੀਭੁਗਤ ਕਰਦੇ ਹੋਏ ਉੱਚ ਅਧਿਕਾਰੀਆਂ ਪਾਸੋਂ ਬਿਨਾਂ ਮਨਜ਼ੂਰੀ ਲਏ ਹੀ ਸ: ਐਲੀ: ਸਕੂਲ ਫਤਿਹਗੜ੍ਹ ਸ਼ੁਕਰਚੱਕ, ਬਲਾਕ ਅੰਮ੍ਰਿਤਸਰ-2 ਦੀ ਹੈੱਡਟੀਚਰ ਵੱਲੋਂ ਵਢਾ ਕੇ ਵੇਚੇ ਗਏ ਰੁੱਖਾਂ ਸੰਬੰਧੀ ਸਖ਼ਤ ਕਾਰਵਾਈ ਕਰਵਾਉਣ ਬਾਬਤ ਅਗਲੇਰੀ ਜਥੇਬੰਦਕ ਰਣਨੀਤੀ ਤੈਅ ਕੀਤੀ ਜਾਵੇਗੀ ਤਾਂ ਜੋ ਨਿਕਟ ਭਵਿੱਖ ਵਿੱਚ ਕੋਈ ਵੀ ਅਧਿਕਾਰੀ ਆਪਣੇ ਜਾਤੀ ਲਾਭ ਵਾਸਤੇ ਨੰਨ੍ਹੇ-ਮੁੰਨੇ ਬੱਚਿਆਂ/ਵਿਦਿਆਰਥੀਆਂ ਦੇ ਭਵਿੱਖ ਨਾਲ ਖਿਲਵਾੜ ਨਾ ਕਰ ਸਕੇ।ਉਕਤ ਸੰਬੰਧੀ ਜਾਣਕਾਰੀ ਦਿੰਦੇ ਹੋਏ ਕੁਲਜੀਤ ਸਿੰਘ ਵੇਰਕਾ ਜ਼ਿਲਾ ਜਨਰਲ ਸਕੱਤਰ ਸਮਾਜਿਕ ਨਿਆਂ, ਸਸ਼ਕਤੀਕਰਨ ਵੈੱਲਫੇਅਰ ਐਸੋਸੀਏਸ਼ਨ ਅੰਮ੍ਰਿਤਸਰ ਨੇ ਸਮੂਹ ਅਹੁਦੇਦਾਰ ਅਤੇ ਵਰਕਰ ਸਹਿਬਾਨ ਨੂੰ ਉਪਰੋਕਤ ਮਿੱਥੇ ਗਏ ਸਮੇਂ ਸਿਰ ਮੀਟਿੰਗ ਵਿੱਚ ਪੁੱਜਣ ਦੀ ਅਪੀਲ ਕੀਤੀ ਹੈ।

## ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਨੇ ਮਜ਼ਦੂਰ ਦਿਵਸ ਮਨਾਇਆ



**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**-ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਤਹਿਸੀਲ ਅਜਨਾਲਾ ਵੱਲੋਂ ਸਾਮਰਾਜੀ ਤੇ ਕਾਰਪੋਰੇਟ ਲੁੱਟ ਖਿਲਾਫ ਮਈ ਦਿਵਸ ਦੇ ਸ਼ਹੀਦਾਂ ਨੂੰ ਸਮਰਪਿਤ ਸੰਕਲਪ ਦਿਵਸ ਬੜੇ ਜੋਸ਼ੋ ਖਰੋਸ਼ ਤੇ ਇਨਕਲਾਬੀ ਭਾਵਨਾ ਨਾਲ ਮਨਾਇਆ ਗਿਆ ।ਸਮਾਗਮ ਦੇ ਸ਼ੁਰੂ ਵਿੱਚ ਝੰਡੇ ਦੀ ਰਸਮ ਕਾਮਰੇਡ ਗੁਰਨਾਮ ਸਿੰਘ ਉਮਰਪੁਰਾ ਨੇ ਅਦਾ ਕੀਤੀ ।ਅਜਨਾਲਾ ਦੇ ਬਾਜ਼ਾਰਾਂ 'ਚ ਰੋਹ ਭਰਪੂਰ ਮੁਜ਼ਾਹਰਾ ਕੀਤਾ। ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਪਾਰਟੀ ਦੇ ਸੂਬਾ ਸਕੱਤਰੇਤ ਮੈਂਬਰ ਡਾ. ਸਤਨਾਮ ਸਿੰਘ ਅਜਨਾਲਾ ਨੇ ਕਿਹਾ ਕਿ ਇਸ ਵਕਤ ਦੇਸ਼ ਦੇ ਸੰਵਿਧਾਨ ਨੂੰ ਮੋਦੀ ਦੀ ਫਾਸ਼ੀਵਾਦ ਸਰਕਾਰ ਤੋਂ ਵੱਡਾ ਖਤਰਾ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਇਸ ਵਾਰ ਲੋਕ ਮੋਦੀ ਸਰਕਾਰ ਨੂੰ ਚਲਦਾ ਕਰਨ ।ਇਸ ਮੌਕੇ ਪਾਰਟੀ ਦੇ ਸੂਬਾਈ ਆਗੂ ਸੀਤਲ ਸਿੰਘ ਤਲਵੰਡੀ ਤੇ ਤਹਿਸੀਲ ਅਜਨਾਲਾ ਦੇ ਸਕੱਤਰ ਸੁਰਜੀਤ ਸਿੰਘ ਦੁਧਰਾਏ ਨੇ ਕਿਹਾ ਕਿ ਮੋਦੀ ਸਰਕਾਰ ਮਜ਼ਦੂਰਾਂ ਦੀ ਭਲਾਈ ਦੇ ਕਿਰਤ ਕਾਨੂੰਨ ਤੋੜ ਕੇ ਚਾਰ ਕੋਡਾਂ 'ਚ ਬਦਲ ਕੇ ਮਜ਼ਦੂਰਾਂ ਦੀਆਂ ਲੰਮੇ ਸੰਘਰਸ਼ਾਂ ਨਾਲ ਕੀਤੀਆਂ ਪ੍ਰਾਪਤੀਆਂ ਲੋਕਾਂ ਤੋਂ ਖੋਹਣੀਆਂ ਚਾਹੁੰਦੀ ਹੈ ਜਿਸਨੂੰ ਸੰਘਰਸ਼ਸ਼ੀਲ ਲੋਕ ਕਦੇ ਬਰਦਾਸ਼ਤ ਨਹੀਂ ਕਰਨਗੇ ।ਇਸ ਮੌਕੇ ਹੋਰਨਾਂ ਤੋਂ ਇਲਾਵਾ ਪਾਰਟੀ ਦੇ ਸੀਨੀਅਰ ਆਗੂ ਗੁਰਨਾਮ ਸਿੰਘ ਉਮਰਪੁਰਾ, ਬੀਬੀ ਅਜੀਤ ਕੌਰ ਕੋਟ ਰਜਾਦਾ, ਸਤਵਿੰਦਰ ਸਿੰਘ ਓਠੀਆਂ, ਸੁਰਜੀਤ ਸਿੰਘ ਭੂਰੇਗਿੱਲ, ਰਸ਼ਪਾਲ ਸਿੰਘ ਸਾਹੋਵਾਲ, ਹਰਨੇਕ ਸਿੰਘ ਨੇਪਾਲ, ਮੁਖਤਾਰ ਸਿੰਘ ਡੱਲਾ, ਦੇਸਾ ਸਿੰਘ ਭਿੰਡੀ ਔਲਖ ਆਦਿ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ।ਸਰਕਾਰਾਂ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ।

# ਡਾ. ਦਲਜੀਤ ਸਿੰਘ ਚੀਮਾ ਦੇ ਹੱਕ 'ਚ ਮੀਟਿੰਗ ਨੇ ਰੈਲੀ ਦਾ ਰੂਪ ਧਾਰਿਆ





**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**-ਲੋਕ ਸਭਾ ਹਲਕਾ ਗੁਰਦਾਸਪੁਰ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਡਾ. ਦਲਜੀਤ ਸਿੰਘ ਚੀਮਾ ਦੇ ਹੱਕ ਵਿਚ ਦੀਨਾਨਗਰ ਤੋਂ ਯੂਥ ਅਕਾਲੀ ਦਲ ਦੇ ਜਨਰਲ ਸਕੱਤਰ ਸਿਮਰਨਜੀਤ ਸਿੰਘ ਸਾਬ ਦੀ ਅਗਵਾਈ ਹੇਠ ਮਨਮੋਹਨ ਪਲਾਜਾ ਵਿੱਖੇ ਹੋਈ ਮੀਟਿੰਗ ਵਿਚ ਵੱਡੀ ਗਿਣਤੀ ਨੌਜਵਾਨਾਂ ਨੇ ਹਿੱਸਾ ਲਿਆ। ਇਸ ਮੌਕੇ ਸੰਬੋਧਨ ਕਰਦਿਆਂ ਡਾ. ਚੀਮਾ ਨੇ ਆਖਿਆ ਕਿ ਕੇਂਦਰ ਦੀਆਂ ਸਰਕਾਰਾਂ ਨੇ ਸਰਹੱਦੀ ਸੂਬੇ ਪੰਜਾਬ ਨਾਲ ਹਮੇਸਾ ਵਿਤਕਰਾ ਕੀਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਗੁਆਂਢੀ ਸੂਬੇ ਹਿਮਾਚਲ ਪ੍ਰਦੇਸ ਤੇ ਜੰਮੂ-ਕਸਮੀਰ ਨੂੰ ਕੇਂਦਰ ਵਲੋਂ ਉਦਯੋਗਿਕ ਪੈਕੇਜ ਦਿੱਤੇ ਜਾਂਦੇ ਹਨ ਜਦੋਂਕਿ ਬਿਲਕੁਲ ਨਾਲ ਲੱਗਦੇ ਪਠਾਨਕੋਟ ਅਤੇ ਗੁਰਦਾਸਪੁਰ ਜ਼ਿਲ੍ਹਿਆਂ ਨੂੰ ਪੰਜਾਬ ਵਿਚ ਪੈਂਦੇ ਹੋਣ ਕਾਰਨ ਵੱਡੇ ਵਿਤਕਰੇ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਨੇ ਦੇਸ਼ 'ਤੇ ਅੱਧੀ ਸਦੀ ਤੋਂ ਵੱਧ ਰਾਜ ਕੀਤਾ ਪਰ ਲੋਕਾਂ ਦੇ ਭਲੇ ਲਈ ਕੁਝ ਨਹੀਂ ਕੀਤਾ। ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਵਿਚ ਲੋਕਾਂ ਨੂੰ ਝੂਠੇ ਵਾਅਦਿਆਂ ਵਿਚ ਗੁੰਮਰਾਹ ਕਰਕੇ ਬਣੀ ਪਰ ਲੋਕ ਹੁਣ ਪਛਤਾ ਰਹੇ ਹਨ। ਉਨ੍ਹਾਂ ਕਿਹਾ ਕਿ ਉਹ ਜਿੱਤ ਕੇ ਪਹਿਲ ਦੇ ਆਧਾਰ ਤੇ ਪਠਾਨਕੋਟ ਤੇ ਗੁਰਦਾਸਪੁਰ ਜ਼ਿਲ੍ਹਿਆਂ ਨੂੰ ਕੇਂਦਰੀ ਉਦਯੋਗਿਕ ਪੈਕੇਜ ਦਿਵਾਉਣ ਅਤੇ ਇੱਥੋਂ ਦੇ ਲੋਕਾਂ ਦੀ ਸਿਹਤ, ਸਿੱਖਿਆ ਤੇ ਰੁਜਗਾਰ ਦੇ ਸਾਧਨ ਮੁਹੱਈਆ ਕਰਵਾਉਣ ਲਈ ਪਾਰਲੀਮੈਂਟ ਵਿਚ ਮੰਗ ਚੁੱਕਣਗੇ। ਇਸ ਮੌਕੇ ਸਿਮਰਨਜੀਤ ਸਿੰਘ ਸਾਬ, ਡਾ. ਅਮਰਜੀਤ ਸਿੰਘ, ਜੱਗਾ ਜੋਈਆਂ ਵਾਲਾ, ਕੇਤਨ ਕੁਮਾਰ, ਗਗਨਦੀਪ ਸਿੰਘ ਖਹਿਰਾ, ਸਿਮਰਪ੍ਰੀਤ ਸਿੰਘ, ਹੈਪੀ ਸਿੰਘ, ਜੋਬਨ ਸਲਾਹ ਅਤੇ ਜੱਗਾ ਆਦਿ ਸਮੇਤ ਵੱਡੀ ਗਿਣਤੀ 'ਚ ਨੌਜਵਾਨ ਹਾਜ਼ਰ ਸਨ।

## ਜ਼ਿਲ੍ਹਾ ਪੱਧਰੀ ਧਾਰਮਿਕ ਭਾਸ਼ਣ ਮੁਕਾਬਲੇ 'ਚ ਭਵਨੀਤ ਜੇਤੂ

**ਤਰਨ ਤਾਰਨ (ਪ੍ਰਿਤਪਾਲ ਸਿੰਘ)**-ਗੁਰਦੁਆਰਾ ਨਾਨਕ ਪੜ੍ਹਾਉ ਸਾਹਿਬ, ਫਤਿਹਾਬਾਦ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਲਾਨਾ ਧਾਰਮਿਕ ਮੁਕਾਬਲੇ ਕਰਵਾਏ ਗਏ।ਇਨ੍ਹਾਂ ਧਾਰਮਿਕ ਮੁਕਾਬਲਿਆਂ ਦਾ ਮਕਸਦ ਵਿਦਿਆਰਥੀਆਂ ਨੂੰ ਆਪਣੇ ਵਿਰਸੇ-ਵਿਰਾਸਤ ਅਤੇ ਧਾਰਮਿਕ-ਗਿਆਨ ਪ੍ਰਾਪਤ ਕਰਨ ਲਈ ਪ੍ਰੇਰਿਤ ਕਰਨਾ ਸੀ।ਇਸ ਧਾਰਮਿਕ ਮੁਕਾਬਲੇ ਵਿੱਚ ਤਰਨਤਾਰਨ ਜ਼ਿਲ੍ਹੇ ਦੇ 14 ਸਕੂਲਾਂ ਨੇ ਹਿੱਸਾ ਲਿਆ।ਮੁਕਾਬਲੇ ਕਠਿਨ ਹੋਣ ਦੇ ਬਾਵਜੂਦ ਗੁਰੂ ਅਮਰਦਾਸ ਆਦਰਸ਼ ਇੰਸਟੀਚਿਊਟ, ਗੋਇੰਦਵਾਲ ਸਾਹਿਬ ਦੀ ਹੋਣਹਾਰ ਵਿਦਿਆਰਥਣ ਭਵਨੀਤ ਕੌਰ ਸਪੁੱਤਰੀ ਹਰਪ੍ਰੀਤ ਸਿੰਘ ਨੇ ਧਾਰਮਿਕ ਭਾਸ਼ਣ ਮੁਕਾਬਲੇ ਵਿੱਚ ਦੂਸਰਾ ਸਥਾਨ ਪ੍ਰਾਪਤ ਕਰਕੇ ਆਪਣੇ ਸਕੂਲ ਦਾ ਅਤੇ ਮਾਪਿਆਂ ਦਾ ਨਾਂ ਰੌਸ਼ਨ ਕੀਤਾ ਹੈ।ਡਾਇਰੈਕਟਰ ਡਾ. ਜਤਿੰਦਰਪਾਲ ਸਿੰਘ ਰੰਧਾਵਾ ਅਤੇ ਸਕੂਲ ਦੇ ਪ੍ਰਿੰ. ਮਨੀਸ਼ਾ ਸੂਦ ਨੇ ਮੁਕਾਬਲਾ ਜਿੱਤਣ 'ਤੇ ਭਵਨੀਤ ਕੌਰ ਨੂੰ ਵਧਾਈ ਦਿੰਦਿਆਂ ਹਮੇਸ਼ਾ ਮਿਹਨਤ ਸਦਕਾ ਅੱਗੇ ਵਧਣ ਲਈ ਅਤੇ ਆਪਣੇ ਵਿਰਸੇ ਨਾਲ ਜੁੜਨ ਲਈ ਉਤਸ਼ਾਹਿਤ ਕੀਤਾ।



# ਔਜਲਾ ਦਾ ਅਜਨਾਲਾ ਪਹੁੰਚਣ 'ਤੇ ਭਰਵਾਂ ਸਵਾਗਤ



**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**-ਅੰਮ੍ਰਿਤਸਰ ਲੋਕ ਸਭਾ ਸੀਟ ਤੋਂ ਕਾਂਗਰਸੀ ਉਮੀਦਵਾਰ ਗੁਰਜੀਤ ਸਿੰਘ ਔਜਲਾ ਦਾ ਅਜਨਾਲਾ ਪਹੁੰਚਣ ਤੇ ਸਾਬਕਾ ਕਾਂਗਰਸੀ ਵਿਧਾਇਕ ਤੇ ਅੰਮ੍ਰਿਤਸਰ ਦਿਹਾਤੀ ਦੇ ਪ੍ਰਧਾਨ ਹਰਪ੍ਰਤਾਪ ਸਿੰਘ ਅਜਨਾਲਾ, ਸੀਨੀਅਰ ਮੀਤ ਪ੍ਰਧਾਨ ਕੰਵਰਪ੍ਰਤਾਪ ਸਿੰਘ ਅਜਨਾਲਾ, ਸੀਨੀਅਰ ਕਾਂਗਰਸੀ ਆਗੂ ਜੁਗਰਾਜ ਸਿੰਘ ਅਜਨਾਲਾ ਵਲੋਂ ਸ਼ਹਿਰ ਦੇ ਮੇਨ ਚੌਂਕ ਅਜਨਾਲਾ ਵਿੱਚ ਭਰਵਾਂ ਸਵਾਗਤ ਤੇ ਸਨਮਾਨਿਤ ਵੀ ਕੀਤਾ ਗਿਆ।ਇਸ ਮੌਕੇ ਸਾਬਕਾ ਵਿਧਾਇਕ ਹਰਪ੍ਰਤਾਪ ਸਿੰਘ ਅਜਨਾਲਾ ਨੇ ਕਿਹਾ ਕਿ ਗੁਰਜੀਤ ਸਿੰਘ ਔਜਲਾ ਨੂੰ ਤੀਸਰੀ ਵਾਰ ਜਿਤਾ ਕੇ ਸੰਸਦ ਵਿੱਚ ਭੇਜਾਂਗੇ।ਇਸ ਮੌਕੇ ਕਾਂਗਰਸ ਪਾਰਟੀ ਸ਼ਹਿਰੀ ਅਜਨਾਲਾ ਪ੍ਰਧਾਨ ਸਾਬਕਾ ਕੌਂਸਲਰ ਡੈਮ ਦਵਿੰਦਰ ਸਿੰਘ ਅਜਨਾਲਾ, ਕੌਂਸਲਰ ਦੀਪਕ ਕੁਮਾਰ ਅਰੋੜਾ, ਕੌਂਸਲਰ ਗੁਰਦੇਵ ਸਿੰਘ ਨਿੱਝਰ, ਐਡਵੋਕੇਟ ਸੁਨੀਲ ਪਾਲ,ਬਾਊ ਦਰਸ਼ਨ ਲਾਲ ਸ਼ਰਮਾ, ਅਮਰਬੀਰ ਸਿੰਘ ਬੱਲ, ਬਾਊ ਸੁਖਦੇਵ ਰਾਜ ਸਰੀਨ, ਸਿਰਸਾ ਹਾਰਡਵੇਅਰ ਅਜਨਾਲਾ, ਸੋਸ਼ਲ ਮੀਡੀਆ ਇੰਚਾਰਜ ਜਗਰੂਪ ਸਿੰਘ ਨੰਗਲ, ਰਣਜੀਤ ਸਿੰਘਚ ਰਾਣਾ ਭੱਖਾ, ਤਰੁਣ ਕੁਮਾਰ ਹੈਪੀ, ਯੂਥ ਕਾਂਗਰਸੀ ਆਗੂ ਮਨਪ੍ਰੀਤ ਸਿੰਘ ਸਾਰਗਦੇਵ, ਗੁਰਦੀਪ ਸਿੰਘ ਸਿਰਸਾ, ਸੰਨੀ ਡੈਮ, ਗੁਰਸਿੰਦਰ ਸਿੰਘ ਸਹਿੰਸਰਾ, ਹਰਪਾਲ ਸਿੰਘ, ਅਮਿਤ ਕੁਮਾਰ ਸ਼ਰਮਾ, ਅੰਮ੍ਰਿਤ ਸਿੰਘ, ਰਮੇਸ਼ ਕੁਮਾਰ, ਸੁੱਖਵਿੰਦਰ ਸਿੰਘ, ਰਾਜਬੀਰ ਸਿੰਘ, ਕਾਬਲ ਸਿੰਘ ਨਿੱਝਰ, ਸਾਹਿਲ ਕੁਮਾਰ, ਰਾਜੇਸ਼ ਕੁਮਾਰ ਮਦਾਨ, ਵਿਕਰਾਂਤ ਕੁਮਾਰ, ਪ੍ਰੇਮ ਅਨੰਦ, ਰਾਜਬੀਰ ਸਿੰਘ, ਸੁਸ਼ੀਲ ਕੁਮਾਰ, ਰਾਜੀਵ ਕੁਮਾਰ, ਬਬਲ ਅਜਨਾਲਾ, ਅਰੁਣ ਕੁਮਾਰ, ਰਾਜ ਕੁਮਾਰ, ਬਲਦੇਵ ਸਿੰਘ ਹਰੜ, ਇੰਦਰਜੀਤ ਸਿੰਘ, ਮਨਿੰਦਰ ਸਿੰਘ ਸਰਾਫ ਅਤੇ ਅੰਕੁਸ਼ ਸ਼ਰਮਾ ਆਦਿ ਹਾਜ਼ਰ ਸਨ।

## ਵਿਸਤਰਿਤ ਹੈਲਥ ਐਂਡ ਵੈੱਲਨੈੱਸ ਪ੍ਰੋਗਰਾਮ 'ਸੁਸ਼ਰੁਤਾ' ਲਾਂਚ

**ਅੰਮ੍ਰਿਤਸਰ** : ਐਮਾਜ਼ੋਨ ਇੰਡੀਆ ਨੇ ਟਰੱਕ ਡਰਾਈਵਰਾਂ ਦੇ ਲਈ ਇੱਕ ਵਿਸਤਰਿਤ ਹੈਲਥ ਐਂਡ ਵੈੱਲਨੈੱਸ ਪ੍ਰੋਗਰਾਮ 'ਸੁਸ਼ਰੁਤਾ' ਲਾਂਚ ਕੀਤਾ।ਇਸ ਅਭਿਆਨ ਦਾ ਮਕਸਦ ਟਰੱਕ ਡਰਾਈਵਰਾਂ ਦੀਆਂ ਤੰਦਰੁਸਤੀ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨਾ ਹੈ।ਟਰੱਕ ਡਰਾਈਵਰਾਂ ਲਈ ਬੰਗਲੌਰ, ਮਾਨੇਸਰ (ਹਰਿਆਣਾ) ਅਤੇ ਦੇਸ਼ ਦੇ ਹੋਰ ਹਿੱਸਿਆਂ 'ਚ ਸਿਹਤ ਕੈਂਪਾਂ ਦੀ ਇੱਕ ਲੜੀ ਦਾ ਆਯੋਜਨ ਕੀਤਾ ਜਾ ਰਿਹਾ ਹੈ।ਪ੍ਰੇਮਾਂਸ਼ ਫਾਊਂਡੇਸ਼ਨ ਆਂਚਲ ਹੈਲਥ ਸੈਂਟਰ ਅਤੇ ਡਾਕਆਨਲਾਈਨ ਜਿਹੇ ਐੱਨਜੀਓ ਦੇ ਨਾਲ ਗਠਜੋੜ 'ਚ ਚਲਾਏ ਜਾ ਰਹੇ ਕੈਂਪ ਦਾ ਆਯੋਜਨ ਜਨਵਰੀ 2024 'ਚ ਬੰਗਲੌਰ 'ਚ ਕੀਤਾ ਗਿਆ ਸੀ ।ਐਮਾਜ਼ੋਨ ਟਰਾਂਸਪੋਰਟੇਸ਼ਨ ਸਰਵਿਸਿਜ਼ ਦੇ ਡਾਇਰੈਕਟਰ ਅਰੁਣ ਕੁਮਾਰ ਸਿੰਘ ਨੇ ਕਿਹਾ ਕਿ ਐਮਾਜ਼ੋਨ 'ਚ ਅਸੀਂ ਟਰੱਕ ਡਰਾਈਵਰਾਂ ਦੀ ਜ਼ਿੰਦਗੀ ਦੀਆਂ ਚੁਣੌਤੀਆਂ ਨੂੰ ਸਮਝਦੇ ਹਾਂ।

## 'ਨਵਰਤਨ' ਤੇਲ ਹੋਰ ਵੀ ਹੋਇਆ ਕੂਲ

**ਅੰਮ੍ਰਿਤਸਰ** : ਇਮਾਮੀ ਲਿਮਿਟਿਡ ਦੇ ਆਯੂਰਵੈਦਿਕ ਕੂਲ ਆਇਲ ਮਾਰਕੀਟ ਲੀਡਰ ਨਵਰਤਨ ਨੇ ਇਨ੍ਹਾ ਗਰਮੀਆਂ ਲਈ ਕਪਿਲ ਸ਼ਰਮਾ ਅਤੇ ਉਸਦੇ ਵਿਲੱਖਣ ਪਰਿਵਾਰਕ ਮੈਂਬਰਾਂ ਕਿਕੂ ਸ਼ਾਰਦਾ, ਗੌਰਵ ਗੇਰਾ ਅਤੇ ਸੁਮੋਨਾ ਚੱਕਰਵਰਤੀ ਦੇ ਨਾਲ ਮਿਲ ਕੇ ਇੱਕ ਲਾਫਟਰ ਚੈਲੇਂਜ ਨੂੰ ਪੇਸ਼ ਕੀਤਾ।ਇਕੱਠੇ ਮਿਲ ਕੇ ਇਨ੍ਹਾਂ ਸਾਰਿਆਂ ਨੇ ਇੱਕ ਆਮ ਆਦਮੀ ਦੀਆਂ ਰੋਜ਼ਾਨਾ ਦੀਆਂ ਸਮੱਸਿਆਵਾਂ ਅਤੇ ਚੁਣੌਤੀਆਂ ਨੂੰ ਘੱਟ ਕਰਨ ਲਈ ਨਵਰਤਨ ਆਇਲ ਨੂੰ ਠੰਡਕ ਦਾ ਬਾਦਸ਼ਾਹ ਅਤੇ ਰਾਹਤ ਦੇ ਰਾਜਾ ਦੇ ਤੌਰ 'ਤੇ ਪੇਸ਼ ਕੀਤਾ ਹੈ।ਕਮੇਡੀਅਨ, ਐਕਟਰ, ਸਿੰਗਰ ਅਤੇ ਐਂਕਰ ਕਪਿਲ ਸ਼ਰਮਾ ਨੇ ਕਿਹਾ ਕਿ ਨਵਰਤਨ ਆਯੂਰਵੈਦਿਕ ਤੇਲ ਸਿਰਦਰਦ ਅਤੇ ਰੋਜ਼ਾਨਾ ਜੀਵਨ ਦੇ ਤਣਾਓ ਤੇ ਚੁਣੌਤੀਆਂ ਤੋਂ ਮੁਕਤੀ ਪ੍ਰਦਾਨ ਕਰਦਾ ਹੈ।

## ਰਿਆੜਕੀ ਸਕੂਲ ਤੁਗਲਵਾਲਾ ਵਿਖੇ ਅਧਿਆਪਕਾਂ ਦੀ ਵਰਕਸ਼ਾਪ ਆਯੋਜਿਤ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਇਲਾਕੇ ਦੀ ਸਰਮੌਰ ਸੰਸਥਾ ਰਿਆੜਕੀ ਪਬਲਿਕ ਸਕੂਲ ਤੁਗਲਵਾਲਾ ਇਕ ਅਜਿਹੀ ਸੰਸਥਾ ਹੈ ਜੋ ਕਿ ਵਿਦਿਆਰਥੀਆ ਦੇ ਨਾਲ ਨਾਲ ਅਧਿਆਪਕਾਂ ਦੇ ਸਰਵ ਪੱਖੀ ਵਿਕਾਸ ਲਈ ਹਰ ਯਤਨ ਕਰਨ ਲਈ ਤਿਆਰ ਰਹਿੰਦੀ ਹੈ, ਇਸੇ ਹੀ ਆਸ਼ੇ ਤਹਿਤ ਸਕੂਲ ਵਿਖੇ ਸੀਬੀਐੱਸਈ ਦੇ ਸਹਿਯੋਗ ਨਾਲ ਇਕ ਦਿਨਾ ਵਰਕਸ਼ਾਪ ਦੀ ਮੇਜ਼ਬਾਨੀ ਕੀਤੀ ਗਈ। ਇਸ ਮੌਕੇ ਸੀਬੀਐੱਸਈ ਵੱਲੋਂ ਵਰਕਸ਼ਾਪ ਦੀ ਪ੍ਰਤੀਨਿਧਤਾ ਪ੍ਰਿੰ. ਉਪਮਾ ਮਹਾਜਨ ਅਤੇ ਪ੍ਰਿੰ. ਮਾਲਤੀ ਨਾਰੰਗ ਵੱਲੋਂ ਕੀਤੀ ਗਈ। ਵਰਕਸ਼ਾਪ ਦਾ ਵਿਸ਼ਾ 'ਹੈਪੀ ਕਲਾਸਰੂਮ' ਸੀ। ਵਰਕਸ਼ਾਪ ਦੇ ਪਹਿਲੇ ਸੈਸ਼ਨ ਦੀ ਆਰੰਭਤਾ ਸਕੂਲ ਦੇ ਵਿਦਿਆਰਥੀਆਂ ਵੱਲੋਂ ਗੁਰਬਾਣੀ ਦੇ ਕੀਰਤਨ ਨਾਲ ਕੀਤੀ ਗਈ। ਇਲਾਕੇ ਦੇ ਸਕੂਲਾਂ ਦੇ ਨੁਮਾਇੰਦਿਆ ਨੇ ਰਿਆੜਕੀ ਪਬਲਿਕ ਸਕੂਲ ਤੁਗਲਵਾਲ ਵਿਖੇ ਇਕ ਰੋਜਾ ਵਰਕਸ਼ਾਪ ਵਿੱਚ ਸ਼ਿਰਕਤ ਕੀਤੀ। ਇਕ ਦਿਨਾ ਸੈਸ਼ਨ ਵਿੱਚ ਸ਼ਾਮਲ ਹੋਣ ਵਾਲੇ ਸਭ ਅਧਿਆਪਕਾਂ ਨੇ ਆਪਣੇ ਗਿਆਨ ਵਿੱਚ ਵਾਧਾ ਕੀਤਾ ਅਤੇ ਇੱਥੋ ਪ੍ਰਾਪਤ ਕੀਤੀ ਸਿੱਖਿਆ ਅਤੇ ਕਲਾਸਰੂਮ ਨੂੰ ਹੈਪੀ ਕਲਾਸਰੂਮ ਬਣਾਉਣ ਦੇ ਤਰੀਕਿਆਂ ਨੂੰ ਲਾਗੂ ਕਰਨ ਲਈ ਊਰਜਾਵਾਨ ਹੋਏ। ਇਸ ਸੈਮੀਨਾਰ ਵਿੱਚ ਹੋਰਨਾਂ ਸਕੂਲਾਂ ਸਮੇਤ ਰਿਆੜਕੀ ਪਬਲਿਕ ਸਕੂਲ ਦੇ 60 ਦੇ ਕਰੀਬ ਅਧਿਆਪਕਾਂ ਨੇ ਵੀ ਸ਼ਮੂਲੀਅਤ ਕੀਤੀ। ਇਹ ਸੈਮੀਨਾਰ ਮਿਆਰੀ ਸਿੱਖਿਆ ਪ੍ਰਦਾਨ ਕਰਨ ਅਤੇ ਇੱਕ ਗਤੀਸ਼ੀਲਤਾ ਨਾਲ ਸਿੱਖਣ ਦਾ ਮਾਹੌਲ ਬਣਾਉਣ ਲਈ ਰਿਆੜਕੀ ਸਕੂਲ ਅਤੇ ਸੀਬੀਐੱਸਈ ਦੀ ਵਚਨਬੱਧਤਾ ਦਾ ਪ੍ਰਮਾਣ ਹੋ ਨਿਬੜਿਆ। ਸੰਸਥਾ ਦੇ ਡਾਇਰੈਕਟਰ ਮਨਪ੍ਰੀਤ ਕੌਰ ਵਿਰਕ ਅਤੇ ਪ੍ਰਿੰ. ਇੰਦਰਜੀਤ ਕੌਰ ਵੱਲੋਂ ਜਿੱਥੇ ਆਏ ਪ੍ਰਿੰ. ਸਾਹਿਬਾਨ ਦਾ ਸਨਮਾਨ ਕੀਤਾ ਗਿਆ।

## ਲਿਟਲ ਫਲਾਵਰ ਕਾਨਵੈਂਟ ਸਕੂਲ ਨੇ ਵਾਲੀਬਾਲ ਮੁਕਾਬਲਿਆਂ 'ਚ ਮਾਰੀਆਂ ਮੱਲਾਂ



**ਗੁਰਦਾਸਪੁਰ (ਜਨਕ ਮਹਾਜਨ)**-ਜ਼ੋਨਲ ਪੱਧਰ 'ਤੇ ਖੇਡ ਮੁਕਾਬਲੇ ਸੀਆਈਐੱਸਸੀਈ ਵੱਲੋਂ ਸਾਲ 2022-24 ਵਾਲੀਬਾਲ ਲਾਲਿਨ ਫੋਰਡ ਵਰਲਡ ਸਕੂਲ ਬੁੱਲ੍ਹੋਵਾਲ ਬਟਾਲਾ ਵਿਖੇ ਕਰਵਾਏ ਗਏ ਜਿਸ ਵਿੱਚ ਵਾਲੀਬਾਲ ਦੀਆਂ ਵੱਖ-ਵੱਖ ਸਕੂਲਾਂ ਦੀਆਂ 10 ਟੀਮਾਂ ਨੇ ਹਿੱਸਾ ਲਿਆ। ਇਸ ਮੁਕਾਬਲੇ ਵਿੱਚ ਲਿਟਲ ਫਲਾਵਰ ਕਾਨਵੈਂਟ ਸਕੂਲ ਪਰਾਣਾ ਸ਼ਾਲਾ ਦੀ ਟੀਮ ਨੇ ਗੋਲਡ ਮੈਡਲ ਜਿੱਤ ਕੇ ਪਹਿਲਾ ਸਥਾਨ ਹਾਸਲ ਕੀਤਾ। ਸਕੂਲ ਦੇ ਖਿਡਾਰੀਆਂ ਨੇ ਇਹ ਮੁਕਾਬਲਾ ਸਕੂਲ ਪ੍ਰਿੰ. ਬੈਨਸੀ ਅਤੇ ਕੋਚ ਨਿਤਿਸ਼ ਦੀ ਰਹਿਨੁਮਾਈ ਹੇਠ ਖੇਡ ਕੇ ਮੈਡਲ ਹਾਸਲ ਕੀਤੇ। ਇਸ ਟੀਮ ਵਿੱਚੋਂ ਤਿੰਨ ਵਿਦਿਆਰਥੀਆਂ ਗੁਰਪ੍ਰੀਤ ਸਿੰਘ, ਜਸ਼ਨਪ੍ਰੀਤ ਸਿੰਘ ਅਤੇ ਨਿਸ਼ਾਨ ਸੋਹਲ ਸਟੇਟ ਪੱਧਰ 'ਤੇ ਖੇਡਣ ਲਈ ਚੁਣੇ ਗਏ। ਇਸ ਜਿੱਤ 'ਤੇ ਸਾਰੇ ਪਾਸਿਓਂ ਜੇਤੂ ਵਿਦਿਆਰਥੀਆਂ ਅਤੇ ਸਕੂਲ ਸਟਾਫ ਨੂੰ ਵਧਾਈ ਦਿੱਤੀ ਗਈ।

## ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਲਈ ਵੋਟਾਂ ਬਣਾਉਣ ਦੀ ਮਿਤੀ 'ਚ ਵਾਧਾ



**ਗੁਰਦਾਸਪੁਰ (ਜਨਕ ਮਹਾਜਨ)**-ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਹੈ ਕਿ ਮੁੱਖ ਕਮਿਸ਼ਨਰ ਗੁਰਦੁਆਰਾ ਚੋਣਾਂ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲਈ ਵੋਟਾਂ ਬਣਾਉਣ ਦੀ ਮਿਤੀ ਵਿਚ ਵਾਧਾ ਕੀਤਾ ਗਿਆ ਹੈ ਅਤੇ ਹੁਣ ਵੋਟਾਂ ਬਣਾਉਣ ਲਈ 31 ਜੁਲਾਈ 2024 ਤੱਕ ਰਜਿਸਟਰੇਸ਼ਨ ਕਰਵਾਈ ਜਾ ਸਕਦੀ ਹੈ। ਉਨ੍ਹਾਂ ਦੱਸਿਆ ਕਿ 21 ਅਗਸਤ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਵੋਟਾਂ ਦੀ ਮੁੱਢਲੀ ਵੋਟਰ ਸੂਚੀ ਦੀ ਛਪਾਈ ਕੀਤੀ ਜਾਵੇਗੀ। ਇਸ ਤੋਂ ਬਾਅਦ ਵੋਟਰ ਸੂਚੀਆਂ ਵਿੱਚ ਵੋਟਾਂ ਸਬੰਧੀ ਦਾਅਵੇ ਅਤੇ ਇਤਰਾਜ਼ 11 ਸਤੰਬਰ ਤੱਕ ਦਰਜ ਕਰਵਾਏ ਜਾ ਸਕਦੇ ਹਨ ਅਤੇ 20 ਸਤੰਬਰ ਤੱਕ ਦਾਅਵੇ ਤੇ ਇਤਰਾਜ਼ਾਂ ਦਾ ਨਿਪਟਾਰਾ ਕੀਤਾ ਜਾਵੇਗਾ। ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ 5 ਅਕਤੂਬਰ ਨੂੰ ਵੋਟਰ ਸੂਚੀਆਂ ਦੀ ਅੰਤਿਮ ਪ੍ਰਕਾਸ਼ਨਾ ਕਰਵਾਈ ਜਾਵੇਗੀ।

## ਸ੍ਰੀ ਗੁਰੂ ਅਮਰਦਾਸ ਪਬਲਿਕ ਸਕੂਲ ਦਾ ਅੱਠਵੀਂ ਕਲਾਸ ਦਾ ਨਤੀਜਾ ਸੌ ਫੀਸਦੀ



**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**-ਸ੍ਰੀ ਗੁਰੂ ਅਮਰਦਾਸ ਪਬਲਿਕ ਸਕੂਲ ਫਤਿਹਾਬਾਦ ਦਾ ਅਠਵੀਂ ਕਲਾਸ ਦਾ ਨਤੀਜਾ ਇਸ ਸਾਲ ਵੀ ਸੌ ਫੀਸਦੀ ਰਿਹਾ। ਸਾਨੀਆ ਪੁੱਤਰੀ ਲਖਵਿੰਦਰ ਸਿੰਘ ਨੇ 91.83 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਸਕੂਲ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ। ਅੰਮ੍ਰਿਪਾਲ ਸਿੰਘ ਪੁੱਤਰ ਸੁਰਜੀਤ ਸਿੰਘ ਨੇ 89 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਦੂਸਰਾ ਸਥਾਨ ਅਤੇ ਇੰਦਰਜੀਤ ਸਿੰਘ ਪੁੱਤਰ ਬਲਕਾਰ ਸਿੰਘ ਨੇ 86 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਸਕੂਲ ਵਿੱਚੋਂ ਤੀਸਰਾ ਸਥਾਨ ਪ੍ਰਾਪਤ ਕੀਤਾ। ਇਨ੍ਹਾਂ ਵਿਦਿਆਰਥੀਆਂ ਨੇ ਮਿਹਨਤ ਤੇ ਲਗਨ ਨਾਲ ਪੜ੍ਹਾਈ ਕੀਤੀ ਤੇ ਮਾਤਾ-ਪਿਤਾ ਤੇ ਸਕੂਲ ਦਾ ਨਾਂਅ ਰੌਸ਼ਨ ਕੀਤਾ ।ਸੰਸਥਾ ਦੇ ਐੱਮਡੀ ਸੁਰਜੀਤ ਸਿੰਘ ਭਰੋਵਾਲ ਨੇ ਦੱਸਿਆ ਕਿ ਸਾਡੇ ਸਕੂਲ ਦਾ ਪੰਜਵੀਂ ਤੇ ਦਸਵੀਂ ਕਲਾਸ ਦਾ ਨਤੀਜਾ ਵੀ ਸੌ ਫੀਸਦੀ ਰਿਹਾ ਹੈ। ਉਨ੍ਹਾਂ ਕਿਹਾ ਕਿ ਜੋ ਵਿਦਿਆਰਥੀ ਮਿਹਨਤ ਕਰਦੇ ਹਨ ਉਹ ਜ਼ਿੰਦਗੀ ਵਿੱਚ ਜ਼ਰੂਰ ਚੰਗੀਆਂ ਪੁਜ਼ੀਸ਼ਨਾਂ ਹਾਸਲ ਕਰਦੇ ਹਨ।

## 8ਵੀਂ/12ਵੀਂ ਦੇ ਨਤੀਜਿਆਂ 'ਚ ਭਾਈ ਗੁਰਦਾਸ ਮਾਡਰਨ ਸਕੂਲ ਦੀ ਸ਼ਾਨਦਾਰ ਕਾਰਗੁਜ਼ਾਰੀ



**ਕਲਾਨੌਰ (ਮਨਦੀਪ ਕੋਹਲੀ)**-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਅੱਠਵੀਂ ਅਤੇ ਬਾਰ੍ਹਵੀਂ ਕਲਾਸ ਦੇ ਨਤੀਜਿਆਂ ਵਿੱਚ ਲੱਖਣ ਕਲਾਂ ਦੇ ਭਾਈ ਗੁਰਦਾਸ ਮਾਡਰਨ ਸੀਨੀਅਰ ਸੈਕੰਡਰੀ ਸਕੂਲ ਦਾ ਨਤੀਜਾ ਸ਼ਾਨਦਾਰ ਰਿਹਾ ਜਿਸ ਵਿੱਚ ਸਕੂਲ ਦੇ ਸਾਰੇ ਹੀ ਬੱਚਿਆਂ ਨੇ ਵਧੀਆ ਨੰਬਰ ਲੈ ਕੇ ਪ੍ਰੀਖਿਆ ਨੂੰ ਪਾਸ ਕੀਤਾ। ਅੱਠਵੀਂ ਕਲਾਸ ਵਿੱਚੋਂ ਪੁਜ਼ੀਸ਼ਨਾਂ ਲੈਣ ਵਾਲੇ ਬੱਚਿਆਂ ਵਿੱਚੋਂ ਹਰਮਨਪ੍ਰੀਤ ਕੌਰ ਨੇ ਪਹਿਲਾ ਸਥਾਨ, ਸਿਮਰਨਜੀਤ ਕੌਰ ਅਤੇ ਅਨਮੋਲ ਸਹੋਤਾ ਨੇ ਦੂਸਰਾ ਅਤੇ ਗੁਰਕੀਰਤ ਸਿੰਘ ਨੇ ਤੀਸਰਾ ਸਥਾਨ ਹਾਸਿਲ ਕੀਤਾ।ਇਸੇ ਤਰ੍ਹਾਂ ਬਾਰ੍ਹਵੀਂ ਕਲਾਸ ਦੇ ਵੱਖ-ਵੱਖ ਵਿਸ਼ਿਆਂ ਸਾਇੰਸ ਵਿਸ਼ੇ ਵਿੱਚੋਂ ਪਰਨੀਤ ਕੌਰ ਨੇ ਪਹਿਲਾ, ਜਸਨੂਰਦੀਪ ਕੌਰ ਦੂਸਰਾ, ਕਿਰਨਦੀਪ ਕੌਰ, ਖੁਸ਼ਦੀਪ ਕੌਰ ਅਤੇ ਸੁਖਪ੍ਰੀਤ ਕੌਰ ਨੇ ਤੀਸਰਾ ਸਥਾਨ ਹਾਸਿਲ ਕੀਤਾ ।ਆਰਟਸ ਗਰੁੱਪ ਵਿੱਚੋਂ ਮਹਿਕ ਸ਼ਰਮਾ ਨੇ ਪਹਿਲਾ, ਜਗਦੀਪ ਸਿੰਘ ਨੇ ਦੂਸਰਾ ਅਤੇ ਸਰਬਜੀਤ ਸਿੰਘ ਨੇ ਤੀਸਰਾ ਸਥਾਨ ਹਾਸਿਲ ਕੀਤਾ। ਇਸੇ ਤਰ੍ਹਾਂ ਕਮਰਸ ਵਿਸ਼ੇ ਵਿੱਚੋਂ ਬਲਰਾਜ ਸਿੰਘ ਨੇ ਪਹਿਲਾ, ਤ੍ਰਿਪਤਪਾਲ ਸਿੰਘ ਨੇ ਦੂਸਰਾ ਅਤੇ ਅਮਨਬੀਰ ਸਿੰਘ, ਹਰਮਨਪ੍ਰੀਤ ਸਿੰਘ ਨੇ ਤੀਸਰਾ ਸਥਾਨ ਹਾਸਿਲ ਕੀਤਾ। ਇਸ ਮੌਕੇ ਤੇ ਸਕੂਲ ਦੇ ਪ੍ਰਿੰ. ਬਲਜਿੰਦਰ ਕੌਰ ਨੇ ਪੁਜ਼ੀਸ਼ਨਾਂ ਲੈਣ ਵਾਲੇ ਬੱਚਿਆਂ ਦਾ ਮਿਠਾਈ ਖਵਾ ਕੇ ਮੂੰਹ ਮਿੱਠਾ ਕਰਵਾਇਆ ਅਤੇ ਨਾਲ ਹੀ ਜਿਹੜੇ ਬਾਰ੍ਹਵੀਂ ਕਲਾਸ ਵਿੱਚੋਂ ਬੱਚੇ ਪੁਜ਼ੀਸ਼ਨ ਲੈ ਕੇ ਗਏ ਹਨ ਉਨ੍ਹਾਂ ਦੇ ਵਧੀਆ ਭਵਿੱਖ ਲਈ ਵੀ ਉਨ੍ਹਾਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਅੱਗੇ ਤੋਂ ਵੀ ਇਸੇ ਤਰ੍ਹਾਂ ਮਨ ਲਾ ਕੇ ਪੜ੍ਹਾਈ ਕਰਨ ਦੀ ਸਲਾਹ ਦਿੱਤੀ। ਇਸ ਮੌਕੇ ਮੈਨੇਜਿੰਗ ਡਾਇਰੈਕਟਰ ਬਲਬੀਰ ਸਿੰਘ ਕਾਹਲੋਂ, ਮੈਡਮ ਕੁਲਬੀਰ ਕੌਰ, ਗੁਰਜੀਤ ਸਿੰਘ, ਰਮਨਜੀਤ ਕੌਰ ਆਦਿ ਨੇ ਵੀ ਬੱਚਿਆਂ ਨੂੰ ਮੂੰਹ ਮਿੱਠਾ ਕਰਾ ਕੇ ਵਧਾਈਆਂ ਦਿੱਤੀਆਂ।

## ਲਿਮਕਾ ਵੱਲੋਂ ਤ੍ਰਿਪਤੀ ਡਿਮਰੀ ਨਵੇਂ ਚਿਹਰੇ ਵਜੋਂ ਪੇਸ਼

**ਜਲੰਧਰ** : ਕੋਕਾ-ਕੋਲਾ ਇੰਡੀਆ ਦੇ ਘਰੇਲੂ ਵਿਰਾਸਤੀ ਬ੍ਰਾਂਡ ਲਿਮਕਾ, ਭਾਰਤ ਦਾ ਪਸੰਦੀਦਾ ਨਿੰਬੂ ਸੁਆਦ ਵਾਲਾ ਡਰਿੰਕ ਨੇ ਆਪਣੀ ਦਿਲਚਸਪ ਨਵੀਂ ਮੁਹਿੰਮ ਦੀ ਸ਼ੁਰੂਆਤ ਕੀਤੀ ਹੈ।ਮੁਹਿੰਮ ਲੋਕਾਂ ਨੂੰ ਉਨ੍ਹਾਂ ਦੇ ਸ਼ਹਿਰਾਂ ਵਿੱਚ ਨਵੇਂ ਹੌਟਸਪੌਟ ਖੋਜਣ ਲਈ ਉਤਸ਼ਾਹਿਤ ਕਰਦੀ ਹੈ।ਸਟੂਡੀਓ ਦੁਆਰਾ ਸੰਕਲਪਿਤ, ਮੁਹਿੰਮ ਫਿਲਮ ਦਰਸ਼ਕਾਂ ਨੂੰ ਤ੍ਰਿਪਤੀ ਡਿਮਰੀ ਦੇ ਨਾਲ ਇੱਕ ਜੀਵੰਤ ਯਾਤਰਾ ਤੇ ਲੈ ਜਾਂਦੀ ਹੈ, ਜਦੋਂ ਉਹ ਇੱਕ ਬੱਸ ਦੀ ਸਵਾਰੀ ਤੇ ਜਾਂਦੀ ਹੈ।ਤ੍ਰਿਪਤੀ ਡਿਮਰੀ ਨੇ ਕਿਹਾ ਕਿ ਮੈਂ ਲਿਮਕਾ ਦਾ ਹਿੱਸਾ ਬਣ ਕੇ ਬਹੁਤ ਖੁਸ਼ ਹਾਂ।ਰੁਚਿਰਾ ਭੱਟਾਚਾਰੀਆ ਸੀਨੀਅਰ ਡਾਇਰੈਕਟਰ ਕੋਕਾ-ਕੋਲਾ ਕੰਪਨੀ ਵਿਖੇ ਭਾਰਤ ਨੇ ਕਿਹਾ ਕਿ ਚੂਨਾ ਅਤੇ ਨਿੰਬੂ ਦੇ ਪ੍ਰਮਾਣਾਂ ਦੀ ਵਿਰਾਸਤ ਦੇ ਨਾਲ ਲਿਮਕਾ 5 ਦਹਾਕਿਆਂ ਤੋਂ ਆਪਣੇ ਵਿਲੱਖਣ ਸਵਾਦ ਨਾਲ ਉਪਭੋਗਤਾਵਾਂ ਨੂੰ ਮੁੜ ਸੁਰਜੀਤ ਕਰ ਰਿਹਾ ਹੈ ਜਿਸ ਵਿੱਚ ਤ੍ਰਿਪਤੀ ਡਿਮਰੀ ਨੂੰ ਸਾਡੇ ਨਵੇਂ ਲਿਮਕਾ ਚਿਹਰੇ ਵਜੋਂ ਪੇਸ਼ ਕੀਤਾ ਗਿਆ ਹੈ।

## ਕੁਲਦੀਪ ਸਿੰਘ ਧਾਰੀਵਾਲ ਅੰਮ੍ਰਿਤਸਰ ਹਲਕੇ ਦੀ ਆਵਾਜ਼ ਸੰਸਦ 'ਚ ਪੁਚਾਉਣਗੇ : ਅਮਨਦੀਪ ਕੌਰ ਧਾਲੀਵਾਲ



**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**-ਵੀਰਵਾਰ ਅਜਨਾਲਾ ਸ਼ਹਿਰ ਦੀ ਵਾਰਡ ਨੰਬਰ 13 ਦੀ ਇੱਕ ਮੀਟਿੰਗ ਵਾਰਡ ਦੇ ਇੰਚਾਰਜ ਦੀਪਕ ਕੁਮਾਰ ਚੈਨਪੁਰੀਆ ਦੇ ਵੱਡੇ ਭਰਾ ਨਰਿੰਦਰ ਕੁਮਾਰ ਖਰਾਨਾ ਚੈਨਪੁਰੀਆ ਦੀ ਅਗਵਾਈ ਵਿੱਚ ਹੋਈ। ਇਸ ਮੀਟਿੰਗ ਵਿੱਚ ਅਮਨਦੀਪ ਕੌਰ ਧਾਲੀਵਾਲ ਨੇ ਕਿਹਾ ਕਿ ਅੰਮ੍ਰਿਤਸਰ ਦੇ ਲੋਕ ਵਿਕਾਸ ਜੋ ਦੋ ਸਾਲ ਵਿੱਚ ਪੰਜਾਬ ਸਰਕਾਰ ਨੇ ਕੀਤੇ ਹਨ ਉਸ ਉੱਤੇ ਮੋਹਰ ਲਾਉਣਗੇ ਅਤੇ ਜਿਸ ਤਰ੍ਹਾਂ ਕੁਲਦੀਪ ਸਿੰਘ ਧਾਰੀਵਾਲ ਨੇ ਅਜਨਾਲੇ ਹਲਕੇ ਦਾ ਵਿਕਾਸ ਕੀਤਾ ਹੈ, ਇਸੇ ਲੜੀ ਦੇ ਚਲਦਿਆਂ ਸੰਸਦ ਵਿੱਚ ਅੰਮ੍ਰਿਤਸਰ ਹਲਕੇ ਦੀ ਆਵਾਜ਼ ਚੁੱਕਣਗੇ। ਇਸ ਮੌਕੇ ਨਗਰ ਪੰਚਾਇਤ ਅਜਨਾਲਾ ਦੇ ਪ੍ਰਧਾਨ ਜਸਪਾਲ ਸਿੰਘ ਭੱਟੀ, ਬਲਾਕ ਪ੍ਰਧਾਨ ਦਵਿੰਦਰ ਸਿੰਘ ਸੋਨੂ, ਜ਼ਿਲ੍ਹਾ ਮੀਤ ਪ੍ਰਧਾਨ ਅਮਿਤ ਔਲ ਕਨਕ ਵੰਡ ਦੇ ਇੰਚਾਰਜ ਅਮਿਤ ਪੁਰੀ, ਹਰਪ੍ਰੀਤ ਸਿੰਘ ਸੋਹਲ, ਕੌਂਸਲਰ ਅਵਿਨਾਸ਼ ਮਸੀਹ, ਕੌਂਸਲਰ ਗਿਆਨ ਕੌਰ, ਕੌਂਸਲਰ ਰਾਜਬੀਰ ਕੌਰ ਚਾਹਲ, ਹੈਪੀ ਗਿੱਲ, ਸ਼ਿਵਦੀਪ ਸਿੰਘ, ਹਰਮੀਤ ਸਿੰਘ ਲਾਢੀ, ਇੰਦਰਪਾਲ ਸਿੰਘ ਸ਼ਾਹ, ਗੁਰਿੰਦਰ ਸਿੰਘ ਗੁਜਰਪੁਰਾ, ਵਿੱਕੀ ਅੱਡਾ ਇੰਚਾਰਜ ਅਜੇ ਕੁਮਾਰ, ਗੁਰਨਾਮ ਸਿੰਘ, ਦੀਪਕ ਭੱਟੀ, ਗੋਰਾ ਸੱਗੂ, ਸ਼ਮਸ਼ੇਰ ਸਿੰਘ ਸ਼ੇਰਾ, ਸੁਖਦਿਆਲ ਸਿੰਘ ਭੱਖਾ, ਮੈਡਮ ਗੀਤਾ ਗਿੱਲ, ਦੀਪਕ ਭੱਟੀ, ਸਾਹਿਲ ਗੁਪਤਾ, ਰਮੇਸ਼ ਕੁਮਾਰ ਮਹਾਜਨ, ਵਿੱਕੀ ਅਰੋੜਾ, ਮੋਹਣ ਸਰਾਫ, ਅਮਰਦੀਪ ਸਿੰਘ ਰਿੰਕੂ ਆਦਿ ਹਾਜ਼ਰ ਸਨ

# ਰੰਧਾਵਾ ਨੇ ਪ੍ਰਾਚੀਨ ਸ਼ਿਵ ਮੰਦਰ 'ਚ ਮੱਥਾ ਟੇਕਣ ਤੋਂ ਬਾਅਦ ਕਾਂਗਰਸੀ ਵਰਕਰਾਂ ਦੀ ਪਿੱਠ ਥਾਪੜੀ



**ਕਲਾਨੌਰ (ਮਨਦੀਪ ਕੋਹਲੀ)**-ਲੋਕ ਸਭਾ ਹਲਕਾ ਗੁਰਦਾਸਪੁਰ ਤੋਂ ਕਾਂਗਰਸ ਦੇ ਉਮੀਦਵਾਰ ਹਲਕਾ ਡੇਰਾ ਬਾਬਾ ਨਾਨਕ ਦੇ ਮੌਜੂਦਾ ਵਿਧਾਇਕ ਅਤੇ ਸਾਬਕਾ ਉਪ ਮੁੱਖ ਮੰਤਰੀ ਪੰਜਾਬ ਸੁਖਜਿੰਦਰ ਸਿੰਘ ਰੰਧਾਵਾ ਨੇ ਕਲਾਨੌਰ ਦੇ ਪ੍ਰਾਚੀਨ ਸ਼ਿਵ ਮੰਦਿਰ ਵਿਖੇ ਮੱਥਾ ਟੇਕ ਕੇ ਆਪਣੀ ਚੋਣ ਮੁਹਿੰਮ ਸ਼ੁਰੂ ਕੀਤੀ ਹੈ।ਰੰਧਾਵਾ ਦੇ ਮੰਦਰ ਪਹੁੰਚਣ 'ਤੇ ਪਹਿਲਾਂ ਤਾਂ ਸਮੁੱਚੀ ਮੰਦਿਰ ਕਮੇਟੀ ਵੱਲੋਂ ਉਨ੍ਹਾਂ ਨੂੰ ਜੀ ਆਇਆਂ ਆਖਿਆ ਗਿਆ ਅਤੇ ਬਾਅਦ ਵਿੱਚ ਮੰਦਰ ਦੇ ਪੁਜਾਰੀ ਪੰਡਿਤ ਸ਼ੁਭਮ ਸ਼ਾਸਤਰੀ ਦੁਆਰਾ ਵਿਧੀਪੂਰਵਕ ਪੂਜਾ ਅਰਚਨਾ ਕੀਤੀ ਗਈ। ਇਸ ਮੌਕੇ ਤੇ ਉਨ੍ਹਾਂ ਦੇ ਨਾਲ ਉਨ੍ਹਾਂ ਦੇ ਸਪੁੱਤਰ ਉਦੈਵੀਰ ਸਿੰਘ ਰੰਧਾਵਾ ਵੀ ਮੌਜੂਦ ਸਨ। ਇਸ ਮੌਕੇ ਉਨ੍ਹਾਂ ਨੇ ਆਪਣੇ ਸਾਰੇ ਹੀ ਜੁਝਾਰੂ ਕਾਂਗਰਸੀ ਵਰਕਰਾਂ ਨੂੰ ਥਾਪੜਾ ਦਿੱਤਾ ਕਿ ਉਹ ਚੋਣ ਮੁਹਿੰਮ ਵਿੱਚ ਤੇਜ਼ੀ ਲਿਆਉਣ ਅਤੇ ਹਰ ਇੱਕ ਨੂੰ ਨਾਲ ਲੈ ਕੇ ਚੱਲਣ। ਉਨ੍ਹਾਂ ਕਿਹਾ ਕਿ ਇਹ ਚੋਣਾਂ ਸਿਰਫ ਹਲਕਾ ਡੇਰਾ ਬਾਬਾ ਨਾਨਕ ਜਾਂ ਪੰਜਾਬ ਦੀਆਂ ਨਹੀਂ ਸਗੋਂ ਦੇਸ਼ ਨੂੰ ਬਚਾਉਣ ਦੀਆਂ ਚੋਣਾਂ ਹਨ।ਇਸ ਮੌਕੇ ਤੇ ਮੰਦਰ ਪ੍ਰਧਾਨ ਅਮਰਜੀਤ ਖੁਲਰ, ਕਮੇਟੀ ਮੈਂਬਰ ਵਿਜੇ ਸੇਠੀ, ਸੁਰਿੰਦਰ ਵਰਮਾ, ਬੌਬੀ ਵਿੱਗ, ਜੀਆ ਲਾਲ ਵਰਮਾ, ਮਾਸਟਰ ਹੰਸਰਾਜ, ਤਰਸੇਮ ਰਾਜ ਮਹਾਜਨ, ਗੌਰਵ ਸਲਹੋਤਰਾ, ਸੌਰਵ ਸਲਹੋਤਰਾ, ਮਾਸਟਰ ਗੋਪਾਲ ਕ੍ਰਿਸ਼ਨ, ਸੋਨੀ ਮਹਾਜਨ, ਗੋਪੀ ਬਲਹੋਤਰਾ, ਸ਼ੈਰੀ ਸਿੰਘ, ਕੁਲਵਿੰਦਰ ਲਾਡਾ, ਦੀਪਕ ਮਹਾਜਨ, ਨੰਬਰਦਾਰ ਕਮਲ ਟੇਲਰ, ਨੋਨੀ ਸ਼ਰਮਾ, ਸੁਨੀਲ ਸਰੀਨ, ਪੰਕਜ ਸਲਹੋਤਰਾ, ਰਾਜਨ ਸਲਹੋਤਰਾ, ਰੋਹਿਤ ਭਾਰਦਵਾਜ, ਰਜੇਸ਼ ਭਾਰਦਵਾਜ, ਰਾਜ ਕੁਮਾਰ, ਰਾਜਨ ਆਨੰਦ, ਨਿੰਦਰ ਸਿੰਘ ਸਰਪੰਚ ਬਿਸ਼ਨਕੋਟ, ਆਜ਼ਾਦ ਸਿੰਘ ਸ਼ਕਰੀ, ਜੋਗਾ ਸਿੰਘ ਸ਼ਕਰੀ, ਲਖਬੀਰ ਸਿੰਘ ਸਮਰਾ, ਬਲਦੇਵ ਸਿੰਘ ਆਦਿ ਵੀ ਹਾਜ਼ਰ ਸਨ।

## ਸਕੂਲ ਮੁਖੀ ਨੂੰ ਬਿਨਾਂ ਮਨਜ਼ੂਰੀ ਲਏ ਰੁੱਖ ਵਢਾਉਣੇ ਮਹਿੰਗੇ ਪਏ

**ਵੇਰਕਾ (ਰਾਣਾ)**-ਸਕੂਲ ਦੀ ਮੁੱਖ ਅਧਿਆਪਕਾ ਨੂੰ ਬਿਨਾਂ ਮਨਜ਼ੂਰੀ ਲਏ ਰੁੱਖ ਵਢਾਉਣ ਦਾ ਮਾਮਲਾ ਉਦੋਂ ਮਹਿੰਗਾ ਪੈ ਗਿਆ ਜਦੋਂ ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਨੇ ਪੜਤਾਲੀਆ ਅਫਸਰ ਸਾਹਮਣੇ ਸਾਰਾ ਸੱਚ ਬਿਆਨ ਕਰ ਦਿੱਤਾ।ਇਸ ਬਾਬਤ ਸ: ਐਲੀ: ਸਕੂਲ ਫਤਿਹਗੜ੍ਹ ਸ਼ੁੱਕਰਚੱਕ, ਬਲਾਕ ਅੰਮ੍ਰਿਤਸਰ-2 ਦੇ ਸਕੂਲ ਮੈਨੇਜਮੈਂਟ ਕਮੇਟੀ ਚੇਅਰਮੈਨ ਜਸਬੀਰ ਸਿੰਘ ਪੁੱਤਰ ਪਾਲ ਸਿੰਘ ਨੇ ਵਿਭਾਗ ਦੇ ਉੱਚ ਅਧਿਕਾਰੀਆਂ ਪਾਸੋਂ ਬਿਨਾਂ ਮਨਜ਼ੂਰੀ ਲਏ ਸਕੂਲ ਦੇ ਰੁੱਖ ਵਢਾਉਣ ਸਬੰਧੀ ਦਿਲਬਾਗ ਸਿੰਘ ਬੀਪੀਓ-ਕਮ-ਪੜਤਾਲੀਆ ਅਧਿਕਾਰੀ ਨੂੰ ਦੱਸਿਆ ਕਿ ਸਕੂਲ ਦੀ ਹੈਡਟੀਚਰ ਨੇ ਬੀਪੀਓ ਬਲਾਕ ਅੰਮ੍ਰਿਤਸਰ-2 ਅਤੇ ਸੀਐੱਚਟੀ ਜੇਠੂਵਾਲ ਨਾਲ ਕਥਿਤ ਮਿਲੀਭੁਗਤ ਕਰਕੇ ਸਕੂਲੋਂ ਨਜਾਇਜ਼ ਰੁੱਖ ਵਢਾਏ ਹਨ।ਐੱਚ. ਟੀ. ਨੇ ਸਕੂਲੋਂ ਰੁੱਖ ਵਢਾਉਣ ਸਬੰਧੀ ਕਿਸੇ ਉਚ ਅਧਿਕਾਰੀ ਪਾਸੋਂ ਨਾ ਮਨਜ਼ੂਰੀ ਲਈ ਹੈ ਅਤੇ ਨਾ ਹੀ ਐੱਸਐੱਮਸੀ ਚੇਅਰਮੈਨ ਸਣੇ ਮੈਂਬਰਾਂ ਨੂੰ ਵੀ ਪੁੱਛਿਆ ਅਤੇ ਨਾ ਕੋਈ ਸਕੂਲ ਦਾ ਮਤਾ ਪਾਸ ਕੀਤਾ ਗਿਆ ਹੈ। ਬੱਚਿਆਂ ਦੇ ਭਵਿੱਖ ਨਾਲ ਖਿਲਵਾੜ ਕਰਦੇ ਹੋਏ ਸਗੋਂ ਉਨ੍ਹਾਂ ਨੂੰ ਗਰਮੀ ਤੋਂ ਰਾਹਤ ਦੇਣ ਵਾਲੀ ਠੰਢੀ ਛਾਂ ਤੋਂ ਵਾਂਝੇ ਕਰ ਦਿੱਤਾ ਹੈ।ਹੁਣ ਉਕਤ ਅਧਿਕਾਰੀ ਮਾਮਲੇ ਨੂੰ ਰਫਾ-ਦਫਾ ਕਰਨ ਦੀਆਂ ਵਿਉਂਤਾਂ ਬਣਾ ਰਹੇ ਹਨ।ਇਸ ਮਾਮਲੇ ਸਬੰਧੀ ਉਨ੍ਹਾਂ ਆਏ ਪੜਤਾਲੀਆ ਅਫਸਰ ਨੂੰ ਦਸਤਾਵੇਜ਼/ਸਬੂਤ ਦਿੰਦੇ ਹੋਏ ਦੋਸ਼ੀਆਂ ਖਿਲਾਫ ਕਾਰਵਾਈ ਕਰਨ ਦੀ ਮੰਗ ਕੀਤੀ।ਸਕੂਲ ਮੁਖੀ ਵੱਲੋਂ ਬਗੈਰ ਮਨਜ਼ੂਰੀ ਲਏ ਰੁੱਖ ਵਢਾਉਣ ਸਬੰਧੀ ਡੀਈਓ (ਐਲੀ:ਸਿੱ:) ਸੁਸ਼ੀਲ ਨਾਥ ਨਾਲ ਗੱਲਬਾਤ ਕਰਨ ਤੇ ਉਨ੍ਹਾਂ ਦੱਸਿਆ ਕਿ ਜਾਂਚ-ਪੜਤਾਲ ਲਈ ਸਾਰੇ ਬੁਲਾਏ ਸਨ ਪਰ ਮੁੱਖ ਅਧਿਆਪਕ ਸ਼ਾਮਿਲ ਨਹੀਂ ਹੋਏ।ਹੁਣ 7 ਮਈ ਦਿਨ ਮੰਗਲਵਾਰ ਨੂੰ ਮੁੜ ਪੜਤਾਲ ਵਿੱਚ ਸ਼ਾਮਲ ਹੋਣ ਲਈ ਬੁਲਾਇਆ ਹੈ ਅਤੇ ਉਨ੍ਹਾਂ ਖਿਲਾਫ ਫੌਰੀ ਸਖ਼ਤ ਕਾਰਵਾਈ ਕੀਤੀ ਜਾਵੇਗੀ।

## ਬੱਚਿਆਂ ਨੇ ਪਬਲਿਕ ਸਕੂਲ ਝਬਾਲ 'ਚ 'ਵਰਲਡ ਅਸਥਮਾ ਡੇ' ਮਨਾਇਆ



**ਝਬਾਲ (ਹਰਜਿੰਦਰ ਸਿੰਘ ਸੋਨੀ)**—ਚੀਫ਼ ਖਾਲਸਾ ਦੀਵਾਨ ਦੇ ਪ੍ਰਧਾਨ ਇੰਦਰਬੀਰ ਸਿੰਘ ਨਿੱਜਰ ਦੀ ਯੋਗ ਰਹਿਨੁਮਾਈ ਹੇਠ ਚੱਲ ਰਹੀ ਇਲਾਕੇ ਦੀ ਸਿਰਮੌਰ ਵਿੱਦਿਅਕ ਸੰਸਥਾ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ, ਝਬਾਲ ਵਿਖੇ 3 ਮਈ ਨੂੰ 'ਵਰਲਡ ਅਸਥਮਾ ਡੇ' ਮਨਾਇਆ ਗਿਆ। ਸਵੇਰ ਦੀ ਸਭਾ ਵਿੱਚ ਸਕੂਲ ਸ਼ਬਦ ਗਾਇਨ ਉਪਰੰਤ ਮੈਡਮ ਸੰਗੀਤਾ ਵੱਲੋਂ ਵਿਦਿਆਰਥੀਆਂ ਨੂੰ ਵਰਲਡ ਅਸਥਮਾ ਡੇ ਮਨਾਉਣ ਦੇ ਮਹੱਤਵ ਬਾਰੇ ਚਾਨਣਾ ਪਾਉਂਦਿਆਂ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਕਸਰਤ ਕਰਨ ਦੇ ਲਈ ਉਤਸ਼ਾਹਿਤ ਕੀਤਾ । ਮੈਡਮ ਅਮਨਦੀਪ ਕੌਰ ਡੀਪੀ ਵੱਲੋਂ ਵਿਦਿਆਰਥੀਆਂ ਨੂੰ ਯੋਗਾ ਕਰਵਾਇਆ ਗਿਆ। ਸਕੂਲ ਦੇ ਮੈਂਬਰ ਇੰਚਾਰਜ ਮਨਜੀਤ ਸਿੰਘ ਢਿੱਲੋਂ, ਜਤਿੰਦਰਬੀਰ ਸਿੰਘ ਬਹਿਲ, ਅਰਸ਼ਪਿੰਦਰ ਸਿੰਘ ਮਾਨ ਅਤੇ ਪ੍ਰਿੰ. ਅਨੁਰੀਤ ਬਾਵਾ ਨੇ ਵਿਦਿਆਰਥੀਆਂ ਨੂੰ ਅਸਥਮਾ ਤੋਂ ਬਚਣ ਲਈ ਵੱਧ ਤੋਂ ਵੱਧ ਯੋਗਾ ਕਰਕੇ ਆਪਣੇ ਸਰੀਰ ਨੂੰ ਰਿਸ਼ਟ-ਪੁਸ਼ਟ ਰੱਖਣ ਦੇ ਲਈ ਪ੍ਰੇਰਿਤ ਕੀਤਾ ਕੀਤਾ।

# ਡਾ. ਜਸਪਾਲ ਸਿੰਘ ਵੀ ਸੀ ਜੀ ਐੱਨ ਡੀ ਯੂ ਵੱਲੋਂ ਰਿਆੜਕੀ ਕਾਲਜ ਤੁਗਲਵਾਲਾ 'ਚ ਖਾਸ ਫੇਰੀ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਬਾਬਾ ਆਇਆ ਸਿੰਘ ਰਿਆੜਕੀ ਕਾਲਜ ਤੁਗਲਵਾਲਾ ਵਿਖੇ ਡਾ. ਜਸਪਾਲ ਸਿੰਘ ਵਾਈਸ ਚਾਂਸਲਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਆਪਣੇ ਉਚੇਚੇ ਫੇਰੇ 'ਤੇ ਪਹੁੰਚੇ,। ਇਸ ਮੌਕੇ ਉਨ੍ਹਾਂ ਨੇ ਕਾਲਜ ਦੀਆਂ ਚੱਲ ਰਹੀਆਂ ਵੱਖ-ਵੱਖ ਪ੍ਰਕਾਰ ਦੀਆਂ ਗਤੀਵਿਧੀਆਂ ਅਤੇ ਕਾਰਜ ਸ਼ਲਾਵਾਂ ਨੂੰ ਬਹੁਤ ਗਹੁ ਨਾਲ ਵਾਚਿਆ ਅਤੇ ਇਸ ਵਿਲੱਖਣ ਤਜਰਬੇ ਦੀ ਪ੍ਰੋੜਤਾ ਕੀਤੀ।ਵਿਦਿਆਰਥੀਆਂ ਨਾਲ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਉਨ੍ਹਾਂ ਕਿਹਾ ਕਿ ਉਨ੍ਹਾਂ ਕਦੇ ਵੀ ਰਿਆੜਕੀ ਕਾਲਜ ਜਿਹਾ ਸ਼ਾਨਦਾਰ ਤਜਰਬਾ ਨਹੀਂ ਦੇਖਿਆ, ਜਿੱਥੇ ਵਿਦਿਆਰਥੀਆਂ ਵਿੱਚ ਸਾਦਗੀ, ਸਬਰ, ਸਲੀਕਾ, ਨੈਤਿਕਤਾ ਅਤੇ ਹਰ ਕੰਮ ਹੱਥੀ ਕਰਨ ਦੀ ਆਦਤ ਹੋਵੇ।ਇਸ ਮੌਕੇ ਪ੍ਰਿੰ. ਸਵਰਨ ਸਿੰਘ ਵਿਰਕ ਨੇ ਕਿਹਾ ਕਿ ਇਹ ਸੰਸਥਾ ਹਮੇਸ਼ਾ ਹੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਰਿਣੀ ਹੈ ਜਿਨ੍ਹਾਂ ਦੀ ਬਦੌਲਤ ਸਦਕਾ ਅੱਜ ਸਾਡਾ ਕਾਲਜ ਦੇਸ਼ਾਂ ਵਿਦੇਸ਼ਾਂ ਵਿੱਚ ਮਾਣ ਤੇ ਸਤਿਕਾਰ ਹਾਸਲ ਕਰ ਰਿਹਾ ਹੈ।ਸਟੂਡੈਂਟ ਸੈਕਟਰੀ ਨਵਜੋਤ ਕੌਰ ਲੀਲ ਕਲਾਂ ਨੇ ਦੱਸਿਆ ਕਿ ਕਿਵੇਂ ਸਮੇਂ ਸਮੇਂ ਤੇ ਤਾਇਨਾਤ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਸੰਸਥਾ 'ਚ ਆਏ ਤੇ ਸਾਡੇ ਪ੍ਰੇਰਨਾਸ੍ਰੋਤ ਬਣੇ।ਪ੍ਰਿੰ. ਸਵਰਨ ਸਿੰਘ ਵਿਰਕ, ਸਟੂਡੈਂਟ ਕਮੇਟੀ ਅਤੇ ਗਗਨਦੀਪ ਸਿੰਘ ਵਿਰਕ ਵੱਲੋਂ ਕਾਲਜ ਦੁਆਰਾ ਪ੍ਰਕਾਸ਼ਿਤ ਕੀਤੀ ਇਤਿਹਾਸਿਕ ਪੁਸਤਕ 'ਪੰਜਾਬੀ ਸਾਹਿਤਕਾਰ-ਤਸਵੀਰਾਂ ਦੀ ਜ਼ੁਬਾਨੀ' ਦੇ ਨਾਲ ਕਾਲਜ ਦਾ ਔਰਗੈਨਿਕ ਗੁੜ, ਚੌਲ ਅਤੇ ਦੁਸ਼ਾਲੇ ਦੇ ਨਾਲ ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਦਾ ਸਨਮਾਨ ਕੀਤਾ ਗਿਆ।

## ਮੇਰਿੰਗੋ ਏਸ਼ੀਆ ਹਸਪਤਾਲ ਨੇ ਮਨਾਇਆ ਵਿਸ਼ਵ ਥੈਲੇਸੀਮੀਆ ਦਿਵਸ

**ਲੁਧਿਆਣਾ** : ਮੇਰਿੰਗੋ ਏਸ਼ੀਆ ਹਸਪਤਾਲਾਂ ਨੇ ਹਰ ਸਾਲ 8 ਮਈ 2024 ਨੂੰ ਆਣ ਵਾਲਾ ਵਿਸ਼ਵ ਥੈਲੇਸੀਮੀਆ ਦਿਵਸ ਮਨਾਇਆ।ਇਸ ਸਾਲ ਦਾ ਥੀਮ 'ਜੀਵਨਾਂ ਨੂੰ ਸਸ਼ਕਤੀਕਰਨ, ਤਰੱਕੀ ਨੂੰ ਗਲੇ ਲਗਾਉਣਾ' ਸਭ ਲਈ ਥੈਲੇਸੀਮੀਆ ਦਾ ਬਰਾਬਰ ਅਤੇ ਪਹੁੰਚਯੋਗ ਇਲਾਜ ਹੈ। ਸੈਂਟਰ ਫਾਰ ਬੋਨ ਮੈਰੋ ਟ੍ਰਾਂਸਪਲਾਂਟ ਦੀ ਅਗਵਾਈ ਡਾ. ਮੀਤ ਕੁਮਾਰ, ਕਲੀਨਿਕਲ ਡਾਇਰੈਕਟਰ, ਹੈਮਾਟੋਲੋਜੀ ਅਤੇ ਬੋਨ ਮੈਰੋ ਟ੍ਰਾਂਸਪਲਾਂਟ, ਮੇਰਿੰਗੋ ਏਸ਼ੀਆ ਹਸਪਤਾਲਾਂ ਦੁਆਰਾ ਕੀਤੀ ਜਾਂਦੀ ਹੈ। ਇਸ ਫਾਊਂਡੇਸ਼ਨ ਦੇ ਚੇਅਰਮੈਨ ਰਵਿੰਦਰ ਡੁਡੇਜਾ, ਬਹੁਤ ਸਰਗਰਮ ਮੈਂਬਰ ਰਹੇ ਹਨ ਅਤੇ ਥੈਲੇਸੀਮੀਆ ਦੇ ਮਰੀਜ਼ਾਂ ਲਈ ਪੂਰੀ ਲਗਨ ਨਾਲ ਕੰਮ ਕਰਦੇ ਹਨ।ਇਸ ਪ੍ਰੋਗਰਾਮ ਵਿੱਚ ਥੈਲੇਸੀਮੀਆ ਤੋਂ ਪੀੜਤ 60 ਦੇ ਕਰੀਬ ਬੱਚਿਆਂ ਨੇ ਭਾਗ ਲਿਆ।ਥੈਲੇਸੀਮੀਆ ਇੱਕ ਖ਼ਾਨਦਾਨੀ ਖ਼ੂਨ ਵਿਕਾਰ ਹੈ ਜੋ ਹੀਮੋਗਲੋਬਿਨ ਦੇ ਉਤਪਾਦਨ ਵਿੱਚ ਕਮੀ ਕਾਰਨ ਹੁੰਦਾ ਹੈ।ਇਹ ਦਿਨ ਬੋਨ ਮੈਰੋ ਟ੍ਰਾਂਸਪਲਾਂਟ ਦੀ ਮਹੱਤਤਾ ਨੂੰ ਵੀ ਵਧਾਉਂਦਾ ਹੈ ਜੋ ਕਿ ਥੈਲੇਸੀਮਿਕ ਮਰੀਜ਼ਾਂ ਲਈ ਸਭ ਤੋਂ ਵੱਡਾ ਇਲਾਜ ਹੈ।

# ਮਾਸਟਰ ਗੁਰਨਿੰਦਰ ਸਿੰਘ ਨੂੰ ਸੇਵਾ ਮੁਕਤੀ 'ਤੇ ਨਿੱਘੀ ਵਿਦਾਇਗੀ

**ਟਾਂਗਰਾ : (ਲਾਡੀ ਮੱਲ੍ਹੀ)**-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਡੇਹਰੀਵਾਲਾ ਦੇ ਅਧਿਆਪਕ ਗੁਰਨਿੰਦਰ ਸਿੰਘ ਨੂੰ ਸਿੱਖਿਆ ਵਿਭਾਗ 'ਚ ਸ਼ਾਨਦਾਰ ਸੇਵਾਵਾਂ ਨਿਭਾਉਣ ਉਪਰੰਤ ਸੇਵਾ ਮੁਕਤੀ 'ਤੇ ਸਕੂਲ ਸਟਾਫ ਮੈਂਬਰਾਂ ਵੱਲੋਂ ਨਿੱਘੀ ਵਿਦਾਇਗੀ ਪਾਰਟੀ ਦਿੱਤੀ ਗਈ। ਸਵਾਗਤੀ ਸ਼ਬਦਾਂ ਦੀ ਸਾਂਝ ਮੈਡਮ ਮਨਦੀਪ ਕੌਰ ਅਤੇ ਰਜੇਸ਼ ਸ਼ਰਮਾ ਵੱਲੋਂ ਪਾਈ ਗਈ। ਗੁਰਨਿੰਦਰ ਸਿੰਘ ਦੀ ਪਤਨੀ ਬਲਵਿੰਦਰ ਕੌਰ, ਬੇਟੀ ਨਕਸਦੀਪ ਕੌਰ ਤੇ ਹੋਰ ਬਾਕੀ ਆਏ ਹੋਏ ਪਰਿਵਾਰਕ ਮੈਂਬਰਾਂ ਨੂੰ ਵੀ ਸਨਮਾਨਿਤ ਕੀਤਾ ਗਿਆ।

ਪ੍ਰਿੰ. ਪਰਵਿੰਦਰ ਸਿੰਘ ਡੇਹਰੀਵਾਲਾ ਨੇ ਆਏ ਹੋਏ ਅਧਿਆਪਕ ਸਾਥੀਆਂ, ਪਰਿਵਾਰਿਕ ਮੈਂਬਰਾਂ ਤੇ ਹੋਰ ਪਿੰਡ ਦੇ ਪਹੁੰਚੇ ਹੋਏ ਪਤਵੰਤੇ ਸੱਜਣਾਂ ਦਾ ਧੰਨਵਾਦ ਕੀਤਾ। ਸਕੂਲ ਦੇ ਸਟਾਫ ਮੈਂਬਰਾਂ ਵੱਲੋਂ ਗੁਰਨਿੰਦਰ ਸਿੰਘ ਨੂੰ ਸਕੂਲ ਸਿੱਖਿਆ ਵਿਭਾਗ ਦਾ "ਬਾਬਾ ਬੋਹੜ" ਦੇ ਨਾਮ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਮੈਡਮ ਹਰਬੀਨ ਕੌਰ, ਮੈਡਮ ਗੁਰਬਿੰਦਰ ਕੌਰ, ਗੁਰਜੀਤ ਸਿੰਘ, ਵਾਈਸ ਪ੍ਰਿੰ. ਜਸਮੇਲ ਸਿੰਘ ਨੇ ਆਪਣੇ ਅਧਿਆਪਕ ਸਾਥੀ ਨੂੰ ਨਿੱਘੀ ਵਿਦਾਇਗੀ ਦਿੱਤੀ। ਇਸ ਸਮੇਂ ਪ੍ਰਿੰ. ਪਰਵਿੰਦਰ ਸਿੰਘ, ਮੈਡਮ ਅਰਵਿੰਦਰ ਕੌਰ, ਹੈੱਡ ਟੀਚਰ ਨਰਿੰਦਰ ਸਿੰਘ, ਗੁਰਪ੍ਰੀਤ ਸਿੰਘ, ਦਲਬੀਰ ਸਿੰਘ, ਭੁਪਿੰਦਰ ਸਿੰਘ, ਗੁਰਦੇਵ ਸਿੰਘ, ਤਜਿੰਦਰਬੀਰ ਸਿੰਘ, ਕੁਲਵਿੰਦਰ ਸਿੰਘ, ਗੁਰਪ੍ਰੀਤ ਸਿੰਘ, ਮੈਡਮ ਨਵਦੀਪ ਕੌਰ, ਮੈਡਮ ਪਰਮਜੀਤ ਕੌਰ, ਮੈਡਮ ਪਰਮਿੰਦਰ ਕੌਰ, ਤਨਵੀਰ ਅਖਤਰ, ਕੋਮਲ ਤੇ ਹਿਮਾਨੀ ਕਾਮਰਾ ਆਦਿ ਹਾਜ਼ਰ ਸਨ।




**Capital Small Finance Bank Ltd.**
MIDAS Corporate Park, 3rd Floor, 37, G.T. Road, Jalandhar-144001, Punjab, India

ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ, 2002 ਦੇ ਸੈਕਸ਼ਨ 13 (2) ਅਧੀਨ ਨੋਟਿਸ

ਹੇਠਾਂ ਦਰਸਾਏ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ, 2002 ਦੇ ਸੈਕਸ਼ਨ 13 (2) ਅਧੀਨ ਮਿਤੀ 24.04.2024 ਨੂੰ ਨੋਟਿਸ ਭੇਜਿਆ ਗਿਆ ਸੀ, ਜੋ ਡਾਕ ਵਿਭਾਗ ਵੱਲੋਂ ਵਾਪਸ ਕਰ ਦਿੱਤਾ ਗਿਆ ਸੀ ਅਤੇ ਅਧਿਕਾਰਤ ਅਫਸਰ ਨੂੰ ਯਕੀਨ ਹੋ ਗਿਆ ਹੈ ਕਿ ਕਰਜ਼ਦਾਰ/ਗਰੰਟਰ ਨੋਟਿਸ ਦੀ ਤਾਮੀਲ ਤੋਂ ਕੰਨੀ ਕਤਰਾ ਰਹੇ ਹਨ। ਇਸ ਲਈ ਉਨ੍ਹਾਂ ਨੂੰ ਇਸ ਜਨਤਕ ਨੋਟਿਸ ਰਾਹੀਂ ਉਹੀ ਜਾਣਕਾਰੀ ਦਿੱਤੀ ਜਾ ਰਹੀ ਹੈ।

(1) (ਐੱਚ ਐੱਲ 'ਚ ਕਰਜ਼ਦਾਰ) :ਸ੍ਰੀ ਮਲਕੀਤ ਸਿੰਘ ਪੁੱਤਰ ਸ੍ਰੀ ਦਰਸ਼ਨ ਸਿੰਘ ਵਾਸੀ ਗਾਜ਼ੀਪੁਰ, ਸੁਲਤਾਨਪੁਰ ਲੋਧੀ, ਕਪੂਰਥਲਾ, ਪੰਜਾਬ (ਮ੍ਰਿਤਕ) ਰਾਹੀਂ ਇਸ ਦੇ ਕਾਨੂੰਨੀ ਵਾਰਸਾਂ।
(2) (ਨੋਟਿਸੀ ਨੰ. 1 ਦਾ ਕਾਨੂੰਨੀ ਵਾਰਸ) : ਸ੍ਰੀਮਤੀ ਬਲਵਿੰਦਰ ਕੌਰ ਪਤਨੀ ਸ੍ਰੀ ਮਲਕੀਤ ਸਿੰਘ ਵਾਸੀ ਗਾਜ਼ੀਪੁਰ, ਸੁਲਤਾਨਪੁਰ ਲੋਧੀ, ਕਪੂਰਥਲਾ, ਪੰਜਾਬ-144626
(3) (ਨੋਟਿਸੀ ਨੰ. 1 ਦਾ ਕਾਨੂੰਨੀ ਵਾਰਸ) ਸਿਮਰਨ ਕੌਰ ਪੁੱਤਰੀ ਮਲਕੀਤ ਸਿੰਘ ਵਾਸੀ ਗਾਜ਼ੀਪੁਰ, ਸੁਲਤਾਨਪੁਰ ਲੋਧੀ, ਕਪੂਰਥਲਾ, ਪੰਜਾਬ (ਰਾਹੀਂ ਇਸ ਦੇ ਮਾਤਾ ਬਲਵਿੰਦਰ ਕੌਰ)
(4) (ਨੋਟਿਸੀ ਨੰ. 1 ਦਾ ਕਾਨੂੰਨੀ ਵਾਰਸ) : ਰਣਦੀਪ ਕੌਰ ਪੁੱਤਰੀ ਮਲਕੀਤ ਸਿੰਘ ਵਾਸੀ ਗਾਜ਼ੀਪੁਰ, ਸੁਲਤਾਨਪੁਰ ਲੋਧੀ, ਕਪੂਰਥਲਾ, ਪੰਜਾਬ (ਰਾਹੀਂ ਇਸ ਦੇ ਮਾਤਾ ਬਲਵਿੰਦਰ ਕੌਰ)
(5) (ਨੋਟਿਸੀ ਨੰ. 1 ਦਾ ਕਾਨੂੰਨੀ ਵਾਰਸ) ਸਮਰਦੀਪ ਸਿੰਘ ਪੁੱਤਰ ਮਲਕੀਤ ਸਿੰਘ ਵਾਸੀ ਗਾਜ਼ੀਪੁਰ, ਸੁਲਤਾਨਪੁਰ ਲੋਧੀ, ਕਪੂਰਥਲਾ, ਪੰਜਾਬ (ਰਾਹੀਂ ਇਸ ਦੇ ਮਾਤਾ ਬਲਵਿੰਦਰ ਕੌਰ)
(6) ਐੱਚ ਐੱਲ 'ਚ ਕਰਜ਼ਦਾਰ) : ਸ੍ਰੀਮਤੀ ਬਲਵਿੰਦਰ ਕੌਰ ਪਤਨੀ ਮਲਕੀਤ ਸਿੰਘ ਵਾਸੀ ਗਾਜ਼ੀਪੁਰ, ਸੁਲਤਾਨਪੁਰ ਲੋਧੀ, ਕਪੂਰਥਲਾ, ਪੰਜਾਬ-144626
(7) ਐੱਚ ਐੱਲ 'ਚ ਗਰੰਟਰ) : ਸ੍ਰੀ ਬਲਬੀਰ ਸਿੰਘ ਪੁੱਤਰ ਸ੍ਰੀ ਕਰਨੈਲ ਸਿੰਘ ਵਾਸੀ ਪਿੰਡ ਗਾਜ਼ੀਪੁਰ, ਸੁਲਤਾਨਪੁਰ ਲੋਧੀ, ਕਪੂਰਥਲਾ, ਪੰਜਾਬ-144626

| ਮਨਜ਼ੂਰ ਸਹੂਲਤ ਦੀ ਕਿਸਮ/ ਕਰਜ਼ ਨੰਬਰ | ਮਨਜ਼ੂਰ ਰਕਮ | ਡਿਮਾਂਡ ਨੋਟਿਸ ਦੀ ਮਿਤੀ ਨੂੰ ਬਕਾਇਆ ਰਕਮ (01/04/2024 ਤੋਂ ਵਿਆਜ ਰਹਿਤ) |
|---|---|---|
| HL/049611000038 | Rs. 12,00,000/- | Rs. 14,72,015.10 |

ਪ੍ਰਾਇਮਰੀ ਸਕਿਉਰਟੀ : ਜਾਇਦਾਦ ਦਾ ਉਚਿਤ ਗਿਰਵੀਨਾਮਾ : ਬੈਨਾਮਾ ਨੰ. 2020-21/31/1/431 ਮਿਤੀ 17.09.2020 ਅਨੁਸਾਰ ਸ੍ਰੀ ਮਲਕੀਤ ਸਿੰਘ ਪੁੱਤਰ ਸ੍ਰੀ ਦਰਸ਼ਨ ਸਿੰਘ ਲਾਲ ਦੀ ਮਲਕੀਅਤ ਜਾਇਦਾਦ ਰਕਬਾ 4 ਮਰਲਾ, ਗਾਜ਼ੀਪੁਰ, ਤਹਿਸੀਲ ਸੁਲਤਾਨਪੁਰ ਲੋਧੀ ਵਿਖੇ ਸਥਿਤ ਨਾਲ ਸੰਬੰਧਤ ਸਭ ਕੁਝ।

ਸਕਿਉਰਟਾਈਜੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਦੇ ਸੈਕਸ਼ਨ 13 ਤਹਿਤ ਬੈਂਕ ਇਸ ਜਨਤਕ ਨੋਟਿਸ ਰਾਹੀਂ ਤੁਹਾਨੂੰ ਬੈਂਕ ਦੇ ਵਹੀ ਖਾਤਿਆਂ 'ਚ ਤੁਹਾਡੇ ਵਿਰੁੱਧ ਸਾਰੀਆਂ ਬਕਾਇਆ ਰਕਮਾਂ ਇਸ ਦੀ ਬਰਾਂਚ ਬੂਲਪੁਰ 'ਚ, ਸਮੇਤ ਇਸ ਉਪਰ ਭਵਿੱਖੀ ਵਿਆਜ, ਸਮੇਂ-ਸਮੇਂ 'ਤੇ ਬੈਂਕ ਵੱਲੋਂ ਕੀਤੇ ਗਏ ਹੋਰ ਖਰਚਿਆਂ ਅਤੇ ਲਾਗਤਾਂ ਨਾਲ ਸਾਰੀਆਂ ਮੁਕੰਮਲ ਦੇਣਦਾਰੀਆਂ, ਇਸ ਨੋਟਿਸ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਜਮ੍ਹਾਂ ਕਰਵਾਉਣ ਦਾ ਸੱਦਾ ਦਿੰਦਾ ਹੈ, ਅਸਫਲ ਰਹਿਣ 'ਤੇ ਤੁਹਾਡੇ ਜੋਖਮ ਅਤੇ ਲਾਗਤਾਂ 'ਤੇ ਬੈਂਕ ਐਕਟ (ਸੁਪਰਾ) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਏ ਸਾਰੇ ਜਾਂ ਕਿਸੇ ਇੱਕ ਢੰਗ ਨਾਲ ਸਕਿਉਰਡ ਕਰਜ਼ਾ ਵਸੂਲਣ ਲਈ ਕਾਰਵਾਈ ਕਰੇਗਾ: -(ਏ) ਸਕਿਉਰਡ ਐੱਸਟਸ ਦੀ ਵਸੂਲੀ ਲਈ ਵਿਕਰੀ (ਬੀ) ਸਕਿਉਰਡ ਐੱਸਟਸ ਦੇ ਪ੍ਰਬੰਧ ਨੂੰ ਆਪਣੇ ਹੱਥਾਂ ਵਿੱਚ ਲੈਣ ਸਮੇਤ ਸਕਿਉਰਡ ਐੱਸਟਸ ਦਾ ਕਬਜ਼ਾ ਲੈ ਕੇ ਤਬਦੀਲ ਕਰਨ ਦਾ ਅਧਿਕਾਰ ਸਮੇਤ ਸਕਿਉਰਡ ਐੱਸਟਸ ਦੀ ਵਸੂਲੀ ਲਈ ਵਿਕਰੀ ਰਾਹੀਂ ਤਬਦੀਲ ਕਰਨ ਦਾ ਅਧਿਕਾਰ (ਸੀ) ਸਕਿਉਰਡ ਐੱਸਟਸ ਦੇ ਪ੍ਰਬੰਧ ਲਈ ਕਿਸੇ ਵਿਅਕਤੀ ਦੀ ਨਿਯੁਕਤੀ (ਡੀ) ਕਿਸੇ ਸਮੇਂ ਵੀ ਲਿਖਤੀ ਨੋਟਿਸ ਰਾਹੀਂ, ਕਿਸੇ ਵਿਅਕਤੀ ਜਿਸ ਨੇ ਤੁਹਾਡੇ ਕੋਲੋਂ ਕੋਈ ਵੀ ਸਕਿਉਰਡ ਐੱਸਟਸ ਪ੍ਰਾਪਤ ਕੀਤਾ ਹੋਵੇ, ਬੈਂਕ ਨੂੰ ਅਦਾਇਗੀ ਲਈ ਸੱਦਣਾ।

ਅੱਗੇ ਕਿਰਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਜੇਕਰ ਕਰਜ਼ਦਾਰ/ਗਰੰਟਰ ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨਾਂ ਦੇ ਅੰਦਰ ਸਾਰੀਆਂ ਮੁਕੰਮਲ ਦੇਣਦਾਰੀਆਂ ਅਦਾ ਕਰਨ 'ਚ ਅਸਫਲ ਰਹਿੰਦੇ ਹਨ ਅਤੇ ਬੈਂਕ (ਸੁਪਰਾ) ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ 4 ਅਧੀਨ ਕੋਈ ਕਾਰਵਾਈ ਕਰਦਾ ਹੈ ਤਾਂ ਕਰਜ਼ਦਾਰ/ਗਰੰਟਰਾਂ ਨੂੰ ਬੈਂਕ ਵੱਲੋਂ ਸਹਿਣ ਕੀਤੀਆਂ ਜਾਣ ਵਾਲੀਆਂ ਸਾਰੀਆਂ ਲਾਗਤਾਂ, ਚਾਰਜਿਜ਼, ਖਰਚੇ ਅਦਾ ਕਰਨੇ ਪੈਣਗੇ। ਜੇਕਰ ਸਕਿਉਰਡ ਐੱਸਟਸ ਦੀ ਵਿਕਰੀ ਦੀ ਕਾਰਵਾਈ ਨਾਲ ਬੈਂਕ ਦੇ ਸਾਰੇ ਬਕਾਏ ਮੁਕੰਮਲ ਤੌਰ 'ਤੇ ਵਸੂਲ ਨਹੀਂ ਹੁੰਦੇ ਤਾਂ ਬੈਂਕ ਬਕਾਇਆ ਰਕਮ ਤੁਹਾਡੇ ਅਤੇ ਗਰੰਟਰਾਂ ਅਤੇ ਹੋਰ ਜ਼ਿੰਮੇਵਾਰ ਵਿਅਕਤੀਆਂ ਕੋਲੋਂ ਨਿੱਜੀ ਤੌਰ 'ਤੇ ਵਸੂਲੀ ਕਰਨ ਲਈ ਕਾਰਵਾਈ ਕਰੇਗਾ। ਇਹ ਨੋਟਿਸ ਬੈਂਕ ਨੂੰ ਪ੍ਰਾਪਤ ਅਧਿਕਾਰਾਂ, ਉਪਲਬਧ ਹੱਲ ਅਤੇ ਕਾਨੂੰਨੀ ਰੀਕੋਰਸ ਅਨੁਸਾਰ ਬਿਨਾਂ ਕਿਸੇ ਪੱਖਪਾਤ ਦੇ ਹੈ।

ਮਿਤੀ : 02/05/2024 ਸਥਾਨ : ਜਲੰਧਰ (ਅਧਿਕਾਰਤ ਅਫਸਰ)

# ਚੰਨੀ ਦੀ ਵਰਕਰ ਮਿਲਣੀ ਨੇ ਰੈਲੀ ਦਾ ਰੂਪ ਧਾਰਿਆ




**ਗੁਰਾਇਆ, (ਬਿੰਦਰ ਸੁੰਮਨ)**-ਇੱਥੇ ਮਿਲਨ ਪੈਲੇਸ ਵਿਖੇ ਜਲੰਧਰ ਲੋਕ ਸਭਾ ਹਲਕੇ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਚਰਨਜੀਤ ਸਿੰਘ ਚੰਨੀ ਦੇ ਹੱਕ ਵਿਚ ਹੋਈ ਵਰਕਰ ਮੀਟਿੰਗ ਨੇ ਰੈਲੀ ਦਾ ਰੂਪ ਧਾਰ ਲਿਆ। ਇਸ ਮੌਕੇ ਵੱਡੀ ਗਿਣਤੀ ਵਿਚ ਲੋਕ ਇਲਾਕੇ ਭਰ ਤੋਂ ਪੁੱਜੇ ਹੋਏ ਸਨ। ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਦਲਬਦਲੂ ਲੀਡਰਾਂ ਦਾ ਕੋਈ ਸਟੈਂਡ ਨਹੀਂ ਹੈ ਜਦ ਕਿ ਪਾਰਟੀ ਦਾ ਵਰਕਰ ਕਦੇ ਨਹੀਂ ਬਦਲਦਾ। ਚੰਨੀ ਨੇ ਕਿਹਾ ਕਿ ਉਨ੍ਹਾਂ ਕੋਲ ਵਿਕਾਸ ਦਾ ਮਾਡਲ ਹੈ ਤੇ ਉਨ੍ਹਾਂ ਖਰੜ ਅਤੇ ਸ੍ਰੀ ਚਮਕੌਰ ਸਾਹਿਬ 'ਚ ਵਿਕਾਸ ਕਰਕੇ ਦਿਖਾਇਆ ਹੈ ਜਦ ਕਿ ਹੁਣ ਜਲੰਧਰ ਹਲਕੇ ਦੀ ਨੁਹਾਰ ਵੀ ਬਦਲੀ ਜਾਵੇਗੀ। ਉਨ੍ਹਾਂ ਕਿਹਾ ਕਿ ਤੁਹਾਡੇ ਇਲਾਕੇ ਦਾ ਸਰਵਪੱਖੀ ਵਿਕਾਸ ਕਰਵਾਉਣਾ ਉਨ੍ਹਾਂ ਦੀ ਜ਼ਿੰਮੇਵਾਰੀ ਹੋਵੇਗੀ। ਚੰਨੀ ਨੇ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ 'ਤੇ ਵਰ੍ਹਦਿਆਂ ਕਿਹਾ ਕਿ ਇਸ ਸਰਕਾਰ ਦੇ ਕਾਰਜਕਾਲ ਦੌਰਾਨ ਕਿਸੇ ਵੀ ਪੰਚਾਇਤ ਅਤੇ ਕੌਂਸਲ ਨੂੰ ਵਿਕਾਸ ਲਈ ਕੋਈ ਗਰਾਂਟ ਨਹੀ ਮਿਲੀ। ਵਿਸ਼ਾਲ ਇਕੱਠ ਨੂੰ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਵਿਧਾਇਕ ਸ਼ਾਹਕੋਟ, ਅਮਰਜੀਤ ਸਿੰਘ ਸਮਰਾ ਸਾਬਕਾ ਮੰਤਰੀ, ਕਮਲਦੀਪ ਸਿੰਘ ਬਿੱਟੂ, ਸੁਰਜੀਤ ਸਿੰਘ ਲੱਲੀਆਂ ਪਹਿਲਵਾਨ, ਸੋਢੀ ਰਾਮ ਗੋਹਾਵਰ, ਅਨਿਲ ਜੋਸ਼ੀ, ਰਕੇਸ਼ ਦੁੱਗਲ, ਬਲਜਿੰਦਰ ਕਾਲਾ ਅਤੇ ਹੋਰਨਾਂ ਨੇ ਸੰਬੋਧਨ ਕਰਦੇ ਹੋਏ ਚਰਨਜੀਤ ਸਿੰਘ ਚੰਨੀ ਨੂੰ ਵੋਟ ਪਾਉਣ ਦੀ ਅਪੀਲ ਕੀਤੀ। ਇਸ ਮੌਕੇ ਰਾਮ ਲੁਭਾਇਆ ਪੁੰਜ, ਰਵਿੰਦਰਪਾਲ ਸਿੰਘ ਰਿਕੂ, ਨਵਦੀਪ ਕੁਮਾਰ ਦੀਪਾ, ਸੋਢੀ ਰਾਮ ਗੋਹਾਵਰ, ਹਰਜੀਵਨ ਜੈਨ, ਰਾਜੀਵ ਪੁੰਜ, ਜੀਵਨ ਦਾਸ, ਅਸ਼ਵਨੀ ਕੁਮਾਰ ਐਡਵੋਕੇਟ, ਰਕੇਸ਼ ਕੁਮਾਰ ਦੁੱਗਲ,ਬਲਜਿੰਦਰ ਕਾਲਾ, ਜਸਵਿੰਦਰ ਸਿੰਘ ਚਿੰਤਾ,ਅਨਿਲ ਜੋਸ਼ੀ,ਹਰਬੰਸ ਲਾਲ ਮਹਿਮੀ, ਸੁਖਰਾਜ ਕੌਰ ਢਿੱਲੋਂ,ਰੂਬੀ ਸ਼ਰਮਾ,ਸਤਵਿੰਦਰ ਹੈਪੀ,ਕੈਲਾਸ਼ ਸ਼ਰਮਾ, ਮਨੀਸ਼ ਜੈਨ, ਸੁਰਜੀਤ ਸਿੰਘ ਮਾਹਲ, ਪ੍ਰਿਥੀਪਾਲ ਸਿੰਘ ਖਹਿਰਾ, ਤਰਸੇਮ ਸਿੰਘ ਸੰਮਿਤੀ ਮੈਂਬਰ, ਸਰਬਜੀਤ ਆਜ਼ਾਦ ਸਰਪੰਚ,ਬਲਬੀਰ ਕੁਮਾਰ ਸਾਬਕਾ ਸਰਪੰਚ, ਰਾਮ ਲੁਭਾਇਆ ਸਰਹਾਲ ਮੁੰਡੀ ਤੋਂ ਇਲਾਵਾ ਵੱਡੀ ਗਿਣਤੀ ਵਿਚ ਪੰਚ, ਸਰਪੰਚ, ਕੌਂਸਲਰ,ਜ਼ਿਲ੍ਹਾ ਪ੍ਰੀਸ਼ਦ, ਬਲਾਕ ਸੰਮਤੀ ਮੈਂਬਰ, ਇਲਾਕੇ ਦੇ ਪਤਵੰਤੇ ਪੁੱਜੇ ਹੋਏ ਸਨ।

# ਨਨਕਾਣਾ ਸਾਹਿਬ ਖਾਲਸਾ ਸਕੂਲ ਦਾ ਅੱਠਵੀਂ ਦਾ ਨਤੀਜਾ ਸ਼ਾਨਦਾਰ



**ਸੁਲਤਾਨਪੁਰ ਲੋਧੀ, ( ਹਨੀ )**- ਸਥਾਨਕ ਨਨਕਾਣਾ ਸਾਹਿਬ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਦਾ ਨਤੀਜਾ ਸ਼ਾਨਦਾਰ ਰਿਹਾ। ਪ੍ਰਿੰਸੀਪਲ ਨਿਧੀ ਸੰਗੋਤਰਾ ਨੇ ਦੱਸਿਆ ਕਿ ਸਕੂਲ ਦੀ ਹੋਣਹਾਰ ਵਿਦਿਆਰਥਣ ਸੁਪ੍ਰੀਤ ਕੌਰ 600 ਅੰਕਾਂ ਵਿਚੋਂ 533 ਅੰਕ ਹਾਸਲ ਕਰਕੇ ਪਹਿਲੇ ਸਥਾਨ 'ਤੇ ਰਹੀ। ਜਸਪ੍ਰੀਤ ਕੌਰ 523 ਅੰਕਾਂ ਨਾਲ ਦੂਜੇ ਅਤੇ ਅਰਸ਼ਦੀਪ ਸਿੰਘ 510 ਅੰਕਾਂ ਨਾਲ ਤੀਜੇ ਸਥਾਨ 'ਤੇ ਰਿਹਾ। ਜਦਕਿ ਮੇਹਰਜਿਤ ਸਿੰਘ 489 ਅੰਕਾਂ ਨਾਲ ਚੌਥੇ ਅਤੇ ਰਿਪੰਨਦੀਪ 453 ਅੰਕਾਂ ਨਾਲ ਪੰਜਵੇਂ ਸਥਾਨ 'ਤੇ ਰਿਹਾ। ਪ੍ਰਿੰਸੀਪਲ ਸੰਗੋਤਰਾ ਨੇ ਖ਼ੁਸ਼ੀ ਦਾ ਪ੍ਰਗਟਾਵਾ ਕਰਦਿਆਂ ਦੱਸਿਆ ਕਿ 16 ਵਿਦਿਆਰਥੀ ਪਹਿਲੇ ਅਤੇ 4 ਵਿਦਿਆਰਥੀ ਦੂਜੇ ਦਰਜੇ ਵਿਚ ਪਾਸ ਹੋਏ। ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਇੰਜੀਨੀਅਰ ਸਵਰਨ ਸਿੰਘ, ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਇੰਜੀਨੀਅਰ ਹਰਨਿਆਮਤ ਕੌਰ ਅਤੇ ਇੰਜੀਨੀਅਰ ਨਿਮਰਤਾ ਕੌਰ ਨੇ ਹੋਣਹਾਰ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਸਟਾਫ਼ ਮੈਂਬਰਾਂ ਨੂੰ ਵਧਾਈ ਦਿੱਤੀ। ਇਸ ਦੌਰਾਨ ਹੋਣਹਾਰ ਵਿਦਿਆਰਥੀਆਂ ਨੂੰ ਉਚੇਚੇ ਤੌਰ 'ਤੇ ਸਨਮਾਨਤ ਕੀਤਾ ਗਿਆ। ਇਸ ਮੌਕੇ ਹਰਜਿੰਦਰ ਸਿੰਘ, ਰਣਜੀਤ ਸਿੰਘ, ਪਰਵੀਨ ਕੁਮਾਰੀ, ਨੀਨਾ ਕੁਮਾਰੀ, ਸੰਦੀਪ ਕੌਰ, ਅਮਨਪ੍ਰੀਤਕੌਰ, ਕੰਵਲਜੀਤ ਕੌਰ, ਮਨਪ੍ਰੀਤ ਕੌਰ, ਕਿਰਨ ਕੁਮਾਰੀ, ਹਿਨਾ ਰਾਣੀ, ਸੁਮਨ ਕੌਰ, ਮੋਨਿਕਾ, ਕਮਲਦੀਪ ਕੌਰ, ਹਰਪ੍ਰੀਤ ਸਿੰਘ ਆਦਿ ਸਟਾਫ਼ ਮੈਂਬਰ ਹਾਜਰ ਸਨ।

# ਇਨਕਲਾਬੀ ਸੱਭਿਆਚਾਰ ਦੀ ਮਸ਼ਾਲ ਜਗਾ ਗਈ ਨਾਟਕਾਂ ਤੇ ਗੀਤਾਂ ਭਰੀ ਰਾਤ



**ਲੁਧਿਆਣਾ (ਨਵਾਂ ਜ਼ਮਾਨਾ ਸਰਵਿਸ)** ਪੰਜਾਬ ਲੋਕ ਸੱਭਿਆਚਾਰਕ ਮੰਚ (ਪਲਸ ਮੰਚ) ਵੱਲੋਂ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ ਸਹਿਯੋਗ ਨਾਲ਼ ਕੌਮਾਂਤਰੀ ਮਜ਼ਦੂਰ ਦਿਹਾੜੇ ਮੌਕੇ ਪਹਿਲੀ ਮਈ ਨੂੰ ਪੰਜਾਬੀ ਭਵਨ ਲੁਧਿਆਣਾ ਵਿਖੇ ਮਨਾਈ ਗਈ 41ਵੀਂ ਨਾਟਕਾਂ ਅਤੇ ਗੀਤਾਂ ਭਰੀ ਰਾਤ ਨੇ ਲੋਕਾਂ ਦੇ ਮਨਾਂ ਨੂੰ ਜਗ ਮਗ ਜਗ ਮਗ ਕਰਦਿਆਂ ਚੇਤਨਾ ਦੀ ਦਸਤਕ ਦਿੱਤੀ।'ਸ਼ਹਿਰ ਤੇਰੇ ਵਿੱਚ', ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਰਜਿ. (ਰਚਨਾ ਨਿਰਦੇਸ਼ਨਾ ਹਰਕੇਸ਼ ਚੌਧਰੀ), 'ਰਾਹਾਂ ਵਿੱਚ ਅੰਗਿਆਰ ਬੜੇ ਸੀ, ਅਕਸ਼ ਰੰਗ ਮੰਚ ਸਮਰਾਲਾ (ਸੁਖਵਿੰਦਰ ਅੰਮ੍ਰਿਤ ਦੀ ਜੀਵਨ ਕਥਾ ਅਤੇ ਕਵਿਤਾਵਾਂ ਤੇ ਅਧਾਰਿਤ, ਰਾਜਵਿੰਦਰ ਸਮਰਾਲਾਦੀ ਰਚਨਾ ਨਿਰਦੇਸ਼ਨਾ ), 'ਮੈਂ ਭਾਰਤ', ਮਾਨਵਤਾ ਕਲਾ ਮੰਚ ਨਗਰ (ਰਚਨਾ: ਕੁਲਵੰਤ ਕੌਰ ਨਗਰ ਨਿਰਦੇਸ਼ਨਾ ਜਸਵਿੰਦਰ ਪੱਪੀ), ਸੱਚ ਬੋਲਾਂ ਤਾਂ ਭਾਂਬੜ ਮੱਚਦੈ ਸਿਰਜਣਾ ਆਰਟ ਗਰੁੱਪ ਰਾਏਕੋਟ, (ਰਚਨਾ ਅਤੇ ਨਿਰਦੇਸ਼ਨਾ ਡਾ.ਸੋਮ ਪਾਲ ਹੀਰਾ) ਵਰਗੀਆਂ ਕਲਾ ਕਿਰਤਾਂ ਨੇ ਦਰਸ਼ਕਾਂ ਨੂੰ ਬਦਲਵੇਂ ਲੋਕ ਸੱਭਿਆਚਾਰ ਦੇ ਰੰਗ 'ਚ ਰੰਗ ਦਿੱਤਾ।ਨਾਟਕਾਂ ਨੇ ਆਰਥਿਕ ਅਤੇ ਫਿਰਕੂ ਫਾਸ਼ੀ ਹੱਲੇ, ਔਰਤ ਦੀ ਸਵੈ ਮਾਣ ਭਰੀ ਆਜ਼ਾਦੀ, ਪ੍ਰਵਾਸ, ਨਸ਼ਿਆਂ ਦੀ ਹਨੇਰੀ, ਜਮਹੂਰੀ ਹੱਕਾਂ ਉਪਰ ਹੱਲੇ ਵਰਗੇ ਵਿਸ਼ਿਆਂ ਨੂੰ ਆਧਾਰ ਬਣਾਇਆ ਲੋਕਾਂ ਨੇ ਖੜ੍ਹੇ ਹੋ ਕੇ ਕਲਾ ਦੀ ਜੈ ਜੈ ਕਾਰ ਕੀਤੀ।

ਲੋਕ ਸੰਗੀਤ ਮੰਡਲੀ ਭਦੌੜ (ਮਾਸਟਰ ਰਾਮ ਕੁਮਾਰ), ਇਨਕਲਾਬੀ ਕਵੀਸ਼ਰੀ ਜੱਥਾ ਰਸੂਲਪੁਰ (ਸਵਰਨ ਧਾਲੀਵਾਲ), ਲੋਕ ਸੰਗੀਤ ਮੰਡਲੀ ਮਸਾਣੀ (ਧਰਮਿੰਦਰ ਮਸਾਣੀ), ਪੀਪਲਜ਼ ਆਰਟ ਥੀਏਟਰ ਪਟਿਆਲਾ (ਸੱਤਪਾਲ ਬੰਗਾ), ਕੁਲਦੀਪ ਜਲੂਰ, ਅਜਮੇਰ ਅਕਲੀਆ ਅਤੇ ਸਰਗਮ ਜਲੰਧਰ ਵੱਲੋਂ ਗੀਤ ਸੰਗੀਤ ਨੇ ਲੱਚਰ ਅਸ਼ਲੀਲ ਅਤੇ ਮਾਰ ਧਾੜ ਭਰੀ ਗਾਇਕੀ ਦੇ ਬਦਲ 'ਚ ਨਵਾਂ ਨਿਵੇਕਲਾ ਰੰਗ ਪੇਸ਼ ਕੀਤਾ।

ਪਲਸ ਮੰਚ ਦੇ ਬਾਨੀ ਪ੍ਰਧਾਨ ਗੁਰਸ਼ਰਨ ਭਾਅ ਜੀ ਸਮੇਤ ਸੱਭਿਆਚਾਰਕ ਕਾਫ਼ਲੇ 'ਚੋਂ ਵਿਛੜ ਗਏ ਮਾਸਟਰ ਤਰਲੋਚਨ ਸਮਰਾਲਾ, ਨਾਵਲਕਾਰ ਬਾਰੂ ਸਤਬਰਗ, ਤਰਕਸ਼ੀਲ ਆਤਮਾ ਸਿੰਘ ਲੁਧਿਆਣਾ, ਤਰਕਸ਼ੀਲ ਹਰਬੰਸ ਕੌਰ ਫਗਵਾੜਾ, ਅਮਰਜੀਤ ਪ੍ਰਦੇਸੀ ਰਸੂਲਪੁਰ, ਰੰਗ ਕਰਮੀ ਵਿਕਰਮ ਮੁਕਤਸਰ, ਕਹਾਣੀਕਾਰ ਸੁਖਜੀਤ, ਕਵੀ ਇਕਬਾਲ ਖ਼ਾਨ, ਹਰਬੰਸ ਹੀਓਂ, ਜਗੀਰ ਜਗਤਾਰ ਅਤੇ ਮੋਹਨਜੀਤ ਸਮੇਤ ਵਿਛੜੇ ਸਾਥੀਆਂ ਨੂੰ ਮੋਮਬੱਤੀਆਂ ਜਗਾ ਕੇ ਸਲਾਮ ਕੀਤਾ।

ਇਸ ਰਾਤ ਨਾਮਵਰ ਵਿਦਵਾਨ, ਲੇਖਕ ਅਤੇ ਰੰਗ ਕਰਮੀ ਡਾ.ਅਰੀਤ ਅਤੇ ਪਲਸ ਮੰਚ ਦੇ ਪ੍ਰਧਾਨ ਅਮੋਲਕ ਸਿੰਘ ਨੇ 'ਕਲਮ, ਕਲਾ ਅਤੇ ਲੋਕਾਂ ਨੂੰ ਦਰਪੇਸ਼ ਚੁਣੌਤੀਆਂ ਅਤੇ ਸਾਡੇ ਫ਼ਰਜ਼' ਵਿਸ਼ੇ 'ਤੇ ਵਿਚਾਰ ਸਾਂਝੇ ਕੀਤੇ।

ਲੋਕ ਸਰੋਕਾਰਾਂ ਦੀ ਬਾਤ ਪਾਉਣ ਵਾਲੇ ਰੰਗ ਕਰਮੀ ਅਤੇ ਫ਼ਿਲਮਸਾਜ਼ ਡਾ. ਰਾਜੀਵ ਨੂੰ ਪਲਸ ਮੰਚ ਵੱਲੋਂ ਗੁਰਸ਼ਰਨ ਕਲਾ ਸਨਮਾਨ ਨਾਲ਼ ਸਨਮਾਨਿਤ ਕੀਤਾ ਗਿਆ।ਡਾ. ਰਾਜੀਵ ਦੇ ਸ਼ਾਨਾਮੱਤੇ ਜੀਵਨ ਸਫ਼ਰ ਉਪਰ ਉੱਘੇ ਫ਼ਿਲਮਸਾਜ਼ ਦਲਜੀਤ ਅਮੀਂ, ਮੰਚ ਦੇ ਪ੍ਰਧਾਨ ਅਮੋਲਕ ਸਿੰਘ, ਜਨਰਲ ਸਕੱਤਰ ਕੰਵਲਜੀਤ ਖੰਨਾ ਅਤੇ ਡਾ. ਅਰੀਤ ਨੇ ਸਨਮਾਨ ਸ਼ਬਦ ਸਾਂਝੇ ਕੀਤੇ।

ਇਸ ਮੌਕੇ ਪਲਸ ਮੰਚ ਦੇ ਵਿੱਤ ਸਕੱਤਰ ਕਸਤੂਰੀ ਲਾਲ ਦਾ ਮੇਲੇ ਤੇ ਮੁਬਾਰਕਬਾਦ ਦਿੰਦਾ ਸੁਨੇਹਾ ਉਹਨਾਂ ਦੀ ਸਪੁੱਤਰੀ ਸੁਮੀਤ ਨਿਊਜ਼ੀਲੈਂਡ ਨੇ ਪੜ੍ਹ ਕੇ ਸੁਣਾਇਆ।

ਕਹਾਣੀਕਾਰ ਅਤਰਜੀਤ, ਕੰਵਲਜੀਤ ਖੰਨਾ, ਚਿੰਤਨ ਪ੍ਰਕਾਸ਼ਨ ਦੀਆਂ ਨਵ ਪ੍ਰਕਾਸ਼ਿਤ ਪੁਸਤਕਾਂ ਲੋਕ ਅਰਪਣ ਹੋਈਆਂ।ਸਭਿਆਚਾਰਕ ਮੇਲੇ ਵਿਚ ਇੱਕ ਹੋਰ ਮੇਲਾ, ਪੁਸਤਕ ਮੇਲਾ ਵੀ ਹਰ ਸਾਲ ਵਾਂਗ ਲੱਗਾ।ਹਾੜ੍ਹੀ ਦੀ ਵਾਢੀ ਦੇ ਬਾਵਜੂਦ ਵੱਡੀ ਗਿਣਤੀ ਵਿਚ ਜੁੜੇ ਲੋਕਾਂ ਨੇ ਕਲਾ ਕਿਰਤਾਂ ਨੂੰ ਦਾਦ ਦਿੱਤੀ ਅਤੇ ਆਰਥਿਕ ਮੱਦਦ ਲਈ ਅਪੀਲ ਨੂੰ ਭਰਵਾਂ ਹੁੰਗਾਰਾ ਦਿੱਤਾ।ਮੰਚ ਸੰਚਾਲਕ ਦੀ ਭੂਮਿਕਾ ਕੰਵਲਜੀਤ ਖੰਨਾ ਨੇ ਨਿਭਾਈ।

# ਸੰਤ ਜੂਦਸ ਕਾਨਵੈਂਟ ਸਕੂਲ 'ਚ ਮਨਾਇਆ ਮਜ਼ਦੂਰ ਦਿਵਸ



ਮਜ਼ਦੂਰ ਦਿਵਸ ਮਨਾਉਣ ਮੌਕੇ ਸੰਤ ਜੂਦਸ ਸਕੂਲ ਦੇ ਪ੍ਰਿੰਸੀਪਲ ਸਿਸਟਰ ਵਿਨਾਇਆ ਤੇ ਸਮੂਹ ਸਟਾਫ

**ਸ਼ਾਹਕੋਟ (ਗਿਆਨ ਸੈਦਪੁਰੀ)** ਸੰਤ ਜੂਦਸ ਕਾਨਵੈਂਟ ਸਕੂਲ, ਸ਼ਾਹਕੋਟ ਵਿੱਚ ਡਾਇਰੈਕਟਰ ਫਾਦਰ ਵਰਗੀਸ , ਪ੍ਰਿੰਸੀਪਲ ਸਿਸਟਰ ਵਿਨਾਇਆ , ਸਮੂਹ ਅਧਿਆਪਕਾਂ ਅਤੇ ਵਿਦਿਆਰਥੀਆ ਦੇ ਸਹਿਯੋਗ ਨਾਲ ਮਜ਼ਦੂਰ ਦਿਵਸ ਮਨਾਇਆ ਗਿਆ। ਪ੍ਰੋਗਰਾਮ ਦੇ ਸ਼ੁਰੂ ਵਿੱਚ ਸਕੂਲ ਵਿੱਚ ਕੰਮ ਕਰਦੇ ਸਾਰੇ ਸਹਾਇਕ ਸਟਾਫ ਨੂੰ ਬੈਜ ਲਗਾ ਕੇ ਪੂਰੇ ਸਨਮਾਨ ਨਾਲ ਹਾਲ ਵਿੱਚ ਲਿਆਂਦਾ ਗਿਆ।ਇਸ ਪ੍ਰੋਗਰਾਮ ਦੀ ਸ਼ੁਰੂਆਤ ਪ੍ਰਾਰਥਨਾ ਅਤੇ ਦੀਵੇ ਜਗਾ ਕੇ ਕੀਤੀ ਗਈ।ਦਸਵੀਂ ਜਮਾਤ ਦੇ ਬੱਚਿਆਂ ਵੱਲੋਂ ਮਜ਼ਦੂਰ ਦਿਵਸ ਦਾ ਮਹੱਤਵ ਦੱਸਦਿਆਂ ਹੋਇਆਂ ਇੱਕ ਸੈਮੀਨਾਰ ਲਗਾਇਆ ਗਿਆ ਅਤੇ ਸਹਾਇਕ ਸਟਾਫ ਨੂੰ ਵੱਖ-ਵੱਖ ਖੇਡਾਂ ਖਿਡਾ ਕੇ ਉਹਨਾਂ ਦੇ ਕੀਤੇ ਕੰਮਾਂ ਦਾ ਧੰਨਵਾਦ ਕੀਤਾ ਗਿਆ।ਬੱਚਿਆਂ ਨੇ ਭੰਗੜਾ ਤੇ ਨਾਟਕ ਪੇਸ਼ ਕਰਕੇ ਉਹਨਾਂ ਦਾ ਮਨੋਰੰਜਨ ਕੀਤਾ। ਪ੍ਰਿੰਸੀਪਲ ਸਿਸਟਰ ਵਿਨਾਇਆ ਦੁਆਰਾ ਉਹਨਾਂ ਦੇ ਕੀਤੇ ਗਏ ਕੰਮਾਂ ਦੀ ਸ਼ਲਾਘਾ ਕੀਤੀ ਗਈ ਅਤੇ ਉਨਾਂ ਨੂੰ ਅੱਗੇ ਹੋਰ ਮਨ ਲਗਾ ਕੇ ਕੰਮ ਕਰਨ ਲਈ ਪ੍ਰੇਰਿਤ ਕੀਤਾ ਗਿਆ।ਅੰਤ ਵਿੱਚ ਸਿਸਟਰ ਵਿਨਾਇਆ ਦੁਆਰਾ ਤੋਹਫੇ ਦੇ ਕੇ ਸਹਾਇਕ ਸਟਾਫ ਦਾ ਧੰਨਵਾਦ ਕੀਤਾ ਗਿਆ।

# ਲਾਇਲਪੁਰ ਖ਼ਾਲਸਾ ਕਾਲਜ 'ਚ ਐੱਨ ਸੀ ਸੀ ਸਕਾਲਰਸ਼ਿਪ ਵੰਡ ਸਮਾਗਮ



**ਜਲੰਧਰ (ਸ਼ੈਲੀ ਐਲਬਰਟ)**- ਲਾਇਲਪੁਰ ਖਾਲਸਾ ਕਾਲਜ, ਜਲੰਧਰ ਦੇ ਐਨ.ਸੀ.ਸੀ.ਯੂਨਿਟ ਨੇ 2 ਪੰਜਾਬ ਬਟਾਲੀਅਨ ਦੇ ਸਹਿਯੋਗ ਨਾਲ ਆਪਣੇ ਕੈਂਪਸ ਵਿੱਚ ਯੋਗ ਕੈਡਿਟਾਂ ਨੂੰ ਸਨਮਾਨਤ ਕਰਨ ਲਈ ਕੈਡਿਟ ਵੈਲਫ਼ੇਅਰ ਸੁਸਾਇਟੀ ਸਕਾਲਰਸ਼ਿਪ ਵੰਡ ਸਮਾਰੋਹ ਦਾ ਆਯੋਜਨ ਕੀਤਾ। ਕਾਲਜ ਪ੍ਰਿੰਸੀਪਲ ਡਾ. ਜਸਪਾਲ ਸਿੰਘ ਨੇ ਐਨ.ਸੀ.ਸੀ ਗਰੁੱਪ ਕਮਾਂਡਰ ਬ੍ਰਿਗੇਡੀਅਰ ਅਜੈ ਤਿਵਾੜੀ, ਸੈਨਾ ਮੈਡਲ, ਕਰਨਲ ਵਿਨੋਦ ਜੋਸ਼ੀ ਅਤੇ ਐਨ.ਸੀ.ਸੀ. ਸੰਸਥਾ ਦੇ ਹੋਰ ਸੀਨੀਅਰ ਅਧਿਕਾਰੀਆਂ ਦੇ ਕਾਲਜ ਵਿੱਚ ਆਉਣ 'ਤੇ ਸਵਾਗਤ ਕੀਤਾ। ਸਮਾਗਮ ਦੌਰਾਨ ਬ੍ਰਿਗੇਡੀਅਰ ਅਜੇ ਤਿਵਾੜੀ ਨੇ ਵਿਦਿਆਰਥੀਆਂ ਵਿੱਚ ਲੀਡਰਸ਼ਿਪ ਤੇ ਹੁਨਰ ਨਿਰਮਾਣ ਵਿੱਚ ਐਨ.ਸੀ.ਸੀ. ਦੀ ਭੂਮਿਕਾ ਅਤੇ ਮਹੱਤਤਾ ਉੱਤੇ ਜ਼ੋਰ ਦਿੱਤਾ। ਪ੍ਰਿੰਸੀਪਲ ਨੇ ਸਕਾਲਰਸ਼ਿਪ ਪ੍ਰਾਪਤ ਕਰਨ ਵਾਲੇ ਕੈਡਿਟਾਂ ਨੂੰ ਵਧਾਈ ਦਿੱਤੀ ਅਤੇ ਨਾਲ ਨਾਲ ਆਪਣੀ ਪੜ੍ਹਾਈ ਅਤੇ ਐਨ.ਸੀ.ਸੀ. ਗਤੀਵਿਧੀਆਂ ਵਿੱਚ ਵਧੀਆ ਪ੍ਰਦਰਸ਼ਨ ਕਰਦੇ ਰਹਿਣ ਲਈ ਕਿਹਾ। ਕਰਨਲ ਵਿਨੋਦ ਜੋਸ਼ੀ ਨੇ ਕੈਡਿਟਾਂ ਨੂੰ ਜੀਵਨ ਵਿੱਚ ਹੋਰ ਉਚਾਈਆਂ ਹਾਸਲ ਕਰਨ ਲਈ ਉਤਸ਼ਾਹਤ ਕੀਤਾ । ਇਨਾਮ ਵੰਡ ਸਮਾਰੋਹ ਵਿੱਚ ਵੱਖ-ਵੱਖ ਸ਼੍ਰੇਣੀਆਂ ਸ਼ਾਮਲ ਸਨ ਜਿਵੇਂ ਕਿ ਅਕਾਦਮਿਕ ਯੋਗਤਾ, ਲੀਡਰਸ਼ਿਪ, ਥਲ ਸੈਨਾ ਕੈਂਪ, ਗਣਤੰਤਰ ਅਤੇ ਸੁਤੰਤਰਤਾ ਦਿਵਸ ਅਤੇ ਐਨ.ਸੀ.ਸੀ. ਦੀਆਂ ਹੋਰ ਸਬੰਧਤ ਗਤੀਵਿਧੀਆਂ। ਸਮਾਗਮ ਦੀ ਸਮਾਪਤੀ ਲੈਫਟੀਨੈਂਟ ਕਰਨਬੀਰ ਸਿੰਘ ਦੇ ਧੰਨਵਾਦ ਮਤੇ ਨਾਲ ਹੋਈ। ਸਮਾਗਮ ਵਿੱਚ ਐੱਨ.ਐੱਸ.ਐੱਸ ਦੇ ਮੁੱਖ ਪ੍ਰੋਗਰਾਮ ਅਫਸਰ ਸਤਪਾਲ ਸਿੰਘ ਵੀ ਸ਼ਾਮਲ ਹੋਏ। । ਮੰਚ ਦੀ ਭੂਮਿਕਾ ਅੰਡਰ ਅਫਸਰ ਆਸਥਾ ਨੇ ਨਿਭਾਈ।

# ਮਾਤਾ ਗੁਜਰੀ ਕਾਲਜ ਦੇ 12ਵੀਂ ਕਲਾਸ ਦੇ ਨਤੀਜੇ ਸ਼ਾਨਦਾਰ



**ਕਰਤਾਰਪੁਰ (ਹਰਮੇਸ਼ ਦੱਤ)**- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਚੱਲ ਰਹੇ ਮਾਤਾ ਗੁਜਰੀ ਖ਼ਾਲਸਾ ਕਾਲਜ, ਕਰਤਾਰਪੁਰ ਦੇ ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ ਵੱਲੋਂ ਐਲਾਨੇ 12ਵੀਂ (ਆਰਟਸ, ਕਾਮਰਸ ਤੇ ਸਾਇੰਸ) ਕਲਾਸ ਦਾ ਰਿਜ਼ਲਟ ਸ਼ਾਨਦਾਰ ਰਿਹਾ।

10+2 ਸਾਇੰਸ (ਨਾਨ ਮੈਡੀਕਲ) ਵਿਚੋਂ ਰੇਣੂਕਾ ਨੇ 94.2%, ਸਾਂਚੀ ਨੇ 89.2%, ਹਰਪ੍ਰੀਤ ਸਿੰਘ ਨੇ 88.4%, 10+2 ਸਾਇੰਸ (ਮੈਡੀਕਲ) ਵਿਚੋਂ ਸ਼ਰਨਜੀਤ ਕੌਰ ਨੇ 86.8%, ਦਿਸ਼ਾਂਤ ਪਾਲ ਨੇ 78.4%, ਮਹਿਕਪ੍ਰੀਤ ਕੌਰ ਨੇ 76.8%, 10+2 ਕਾਮਰਸ ਵਿਚੋਂ ਪ੍ਰਗਤੀ ਨੇ 91.4%, ਨਵਨੀਤ ਕੁਮਾਰ ਨੇ 91.2%, ਮ੍ਰਿਦੁਲ ਬੰਸਲ ਨੇ 90.4%, 10+2 ਆਰਟਸ ਵਿਚੋਂ ਦਿਲਪ੍ਰੀਤ ਕੌਰ ਨੇ 85.2%, ਕਿਰਨ ਤੇ ਸੁਮਨ ਨੇ 80.2% ਅਤੇ ਮੁਸਕਾਨਪ੍ਰੀਤ ਕੌਰ ਨੇ 79.4% ਅੰਕ ਪ੍ਰਾਪਤ ਕਰਕੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਸਥਾਨ ਹਾਸਲ ਕੀਤਾ। ਇਸ ਮੌਕੇ ਕਾਲਜ ਪ੍ਰਿੰਸੀਪਲ ਡਾ. ਹਰਮਨਦੀਪ ਸਿੰਘ ਗਿੱਲ ਨੇ ਵਿਦਿਆਰਥੀਆਂ ਅਤੇ ਸਟਾਫ਼ ਨੂੰ ਵਧਾਈ ਦਿੱਤੀ।

# ਸਿਲਵਰ ਓਕ ਸਕੂਲ 'ਚ ਕਰਵਾਏ ਭਾਸ਼ਣ ਮੁਕਾਬਲੇ




**ਟਾਂਡਾ ਉੜਮੁੜ ( ਉਂਕਾਰ ਸਿੰਘ, ਜਸਵਿੰਦਰ ਸੰਧੂ )**- ਇਲਾਕੇ ਦੀ ਪ੍ਰਮੁੱਖ ਸਿੱਖਿਆ ਸੰਸਥਾ ਸਿਲਵਰ ਓਕ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ, ਸ਼ਾਹਬਾਜ਼ਪੁਰ ਵਿਖੇ ਬੱਚਿਆਂ ਦੇ ਹਾਊਸ ਵਾਈਜ਼ ਭਾਸ਼ਣ ਮੁਕਾਬਲੇ ਕਰਵਾਏ ਗਏ। ਇਹ ਮੁਕਾਬਲੇ ਸੱਤਵੀਂ ਕਲਾਸ ਤੋਂ ਲੈ ਕੇ ਨੌਵੀਂ ਕਲਾਸ ਦੇ ਬੱਚਿਆਂ ਦੇ ਵਿਚਕਾਰ ਕਰਵਾਏ ਗਏ। ਚੇਅਰਮੈਨ ਤਰਲੋਚਨ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਹੇਠ ਪ੍ਰਿੰਸੀਪਲ ਮੁਨੀਸ਼ਾ ਸੰਗਰ ਦੀ ਅਗਵਾਈ 'ਚ ਸਕੂਲ ਦੀ ਸੀ ਸੀ ਏ ਕਮੇਟੀ ਦੇ ਮੈਂਬਰ ਬਲਜੀਤ ਕੌਰ ਅਤੇ ਸੁਮਿਤ ਕੌਰ ਨੇ ਇਹ ਮੁਕਾਬਲੇ ਆਯੋਜਿਤ ਕੀਤੇ। ਪ੍ਰਿੰਸੀਪਲ ਮੁਨੀਸ਼ਾ ਸੰਗਰ ਨੇ ਦੱਸਿਆ ਕਿ ਇਸ ਭਾਸ਼ਣ ਪ੍ਰਤੀਯੋਗਤਾ 'ਚ ਬੱਚਿਆਂ ਨੂੰ ਮੌਕੇ 'ਤੇ ਹੀ ਕੁਝ ਵਿਸ਼ੇ ਦਿੱਤੇ ਗਏ ਅਤੇ ਇਹਨਾਂ ਬੱਚਿਆਂ ਨੇ ਉਹਨਾਂ ਵਿਸ਼ਿਆਂ ਦੇ ਉੱਤੇ ਆਪਣੇ ਵਿਚਾਰ ਤਿਆਰ ਕਰਕੇ ਭਾਸ਼ਣ ਦੇ ਰੂਪ ਵਿੱਚ ਜੱਜਾਂ ਸਾਹਮਣੇ ਪ੍ਰਗਟ ਕੀਤਾ। ਇਹਨਾਂ ਮੁਕਾਬਲਿਆਂ ਵਿੱਚ ਸਭ ਤੋਂ ਵਧੀਆ ਪ੍ਰਦਰਸ਼ਨ ਕਰਨ ਵਾਲੇ ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ। ਇਨਾ ਮੁਕਾਬਲਿਆਂ ਦੇ ਵਿੱਚ ਸੱਤਵੀਂ ਕਲਾਸ ਵਿੱਚੋਂ ਮਾਰਸ ਹਾਊਸ ਦੀ ਮਨਸੀਰਤ ਕੌਰ, ਮਰਕਰੀ ਹਾਊਸ ਦੀ ਨਿਤਿਆ ਖੁਰਾਨਾ ਅਤੇ ਅਰਥ ਹਾਊਸ ਦੀ ਮਨਰੀਤ ਕੌਰ ਨੇ ਕਰਮਵਾਰ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਅਠਵੀਂ ਕਲਾਸ ਵਿੱਚੋਂ ਅਰਥ ਹਾਊਸ ਦੇ ਗੌਰਵ ਪ੍ਰੀਤ ਸਿੰਘ, ਜੂਪੀਟਰ ਹਾਊਸ ਦੀ ਅਵਨੀਤ ਕੌਰ ਅਤੇ ਮਰਕਰੀ ਹਾਊਸ ਦੀ ਏਕਮ ਪ੍ਰੀਤ ਕੌਰ ਨੇ ਕ੍ਰਮਵਾਰ ਪਹਿਲਾ ਦੂਜਾ ਅਤੇ ਤੀਜਾ ਸਥਾਨ ਹਾਸਲ ਕੀਤਾ। ਨੌਵੀਂ ਕਲਾਸ ਦੇ ਭਾਸ਼ਣ ਮੁਕਾਬਲਿਆਂ ਦੇ 'ਚ ਅਰਥ ਹਾਊਸ ਦੀ ਸੌਰਭੀ ਨੇ ਪਹਿਲਾ ਸਥਾਨ, ਅਰਥ ਹਾਊਸ ਦੀ ਹਰਲੀਨ ਕੌਰ ਅਤੇ ਮਾਰਸ ਹਾਊਸ ਦੀ ਖੁਸ਼ੀ ਨੇ ਦੂਜਾ ਅਤੇ ਮਰਕਰੀ ਹਾਊਸ ਦੀ ਬਲੈਸੀ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਪ੍ਰਿੰਸੀਪਲ ਮਨੀਸ਼ਾ ਸੰਗਤ ਨੇ ਉਮੀਦ ਜਤਾਈ ਕਿ ਇਸ ਤਰ੍ਹਾਂ ਦੇ ਮੁਕਾਬਲਾ ਦੇ ਨਾਲ ਬੱਚਿਆਂ ਦਾ ਸਟੇਜ 'ਤੇ ਆਉਣ ਦਾ ਹੌਸਲਾ ਵੱਧਦਾ ਹੈ। ਇਸ ਮੌਕੇ ਮੈਨੇਜਰ ਗਜਿੰਦਰ ਪਾਲ ਸਿੰਘ ਅਤੇ ਤਰਨ ਸੈਣੀ, ਬਿਕਰਮਜੀਤ ਸਿੰਘ ਭੇਲਾ, ਅਮਰਜੀਤ ਕੌਰ ਸੈਣੀ, ਸੰਜੀਵ ਕੁਮਾਰ ਸ਼ਰਮਾ, ਜਗਬੰਧਨ ਸਿੰਘ, ਅਸਵਾਨੀ ਸ਼ਰਮਾ, ਪ੍ਰਿਯੰਕਾ, ਸੁਰੇਸ਼, ਰਾਜਵੀਰ, ਗੁਰਪ੍ਰੀਤ, ਅਰਚਨਾ ਸੈਣੀ, ਪੂਜਾ, ਰੁਪਿੰਦਰ, ਸ਼ਵੇਤਾ, ਚੇਤਨਾ, ਈਸ਼ਾ, ਮਨਦੀਪ, ਰਾਜਵਿੰਦਰ, ਗੁਰਮੀਤ, ਮਮਤਾ, ਦਮਨ, ਹਰਜੀਤ ਸਿੰਘ, ਗੁਰਦੇਵ ਸਿੰਘ ਅਤੇ ਬਾਕੀ ਸਟਾਫ ਵੀ ਮੌਜੂਦ ਸੀ।

# ਖ਼ੂਨਦਾਨ ਕੈਂਪ 'ਚ 101 ਲੋਕਾਂ ਨੇ ਕੀਤਾ ਖ਼ੂਨਦਾਨ



**ਹੁਸ਼ਿਆਰਪੁਰ, (ਓਮ ਪ੍ਰਕਾਸ਼ ਰਾਣਾ)**- ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਕੋਮਲ ਮਿੱਤਲ ਦੀ ਅਗਵਾਈ 'ਚ ਪੰਜਾਬ ਰੋਡਵੇਜ ਹੁਸ਼ਿਆਰਪੁਰ ਡਿਪੂ ਵੱਲੋਂ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਦੇ ਸਹਿਯੋਗ ਨਾਲ ਬੱਸ ਸਟੈਂਡ ਹੁਸ਼ਿਆਰਪੁਰ ਵਿਖੇ 'ਜਿਊਣ ਲਈ ਖ਼ੂਨਦਾਨ, ਮਜ਼ਬੂਤ ਲੋਕਤੰਤਰ ਲਈ ਵੋਟ ਪਾਉਣ' ਦੇ ਵਿਸ਼ੇ ਤਹਿਤ ਖ਼ੂਨਦਾਨ ਕੈਂਪ ਲਗਾਇਆ ਗਿਆ। ਇਸ ਦੌਰਾਨ ਵਧੀਕ ਡਿਪਟੀ ਕਮਿਸ਼ਨਰ (ਜ) ਰਾਹੁਲ ਚਾਬਾ ਨੇ ਪਹੁੰਚ ਕੇ ਖ਼ੂਨਦਾਨੀਆਂ ਨੂੰ ਸਨਮਾਨਿਤ ਕੀਤਾ। ਇਸ ਮੌਕੇ ਉਨ੍ਹਾਂ ਨਾਲ ਡੀ ਐਸ ਪੀ ਅਮਰ ਨਾਥ, ਰਿਜਨਲ ਟਰਾਂਸਪੋਰਟ ਅਫ਼ਸਰ ਆਰ ਐਸ ਗਿੱਲ, ਜੀ.ਐਮ ਪੰਜਾਬ ਰੋਡਵੇਜ ਹੁਸ਼ਿਆਰਪੁਰ ਡਿਪੂ ਜਸਵੀਰ ਸਿੰਘ ਕੋਟਲਾ, ਜ਼ਿਲ੍ਹਾ ਸਵੀਪ ਅਫ਼ਸਰ ਪ੍ਰੀਤ ਕੋਹਲੀ, ਸਹਾਇਕ ਲੋਕ ਸੰਪਰਕ ਅਫ਼ਸਰ ਲੋਕੇਸ਼ ਕੁਮਾਰ ਵੀ ਮੌਜੂਦ ਸਨ।ਸਵੀਪ ਗਤੀਵਿਧੀਆਂ ਤਹਿਤ ਕਰਵਾਏ ਗਏ ਖ਼ੂਨਦਾਨ ਕੈਂਪ ਵਿਚ 101 ਖ਼ੂਨਦਾਨੀਆਂ ਨੇ ਖ਼ੂਨਦਾਨ ਕੀਤਾ। ਇਸ ਮੌਕੇ ਕਈ ਅਧਿਕਾਰੀਆਂ/ ਕਰਮਚਾਰੀਆਂ ਅਤੇ ਆਮ ਲੋਕਾਂ ਨੇ ਵੀ ਸਵੈ ਇੱਛਾ ਨਾਲ ਖ਼ੂਨਦਾਨ ਕੀਤਾ। ਇਸ ਤੋਂ ਇਲਾਵਾ ਕੈਂਪ ਵਿਚ ਖ਼ੂਨਦਾਨ ਕਰਨ ਵਾਲੇ ਲੋਕਾਂ ਨੂੰ ਪ੍ਰਸੰਸਾ ਪੱਤਰ ਅਤੇ ਫਲਦਾਰ ਪੌਦੇ ਦੇ ਕੇ ਸਨਮਾਇਤ ਵੀ ਕੀਤਾ ਗਿਆ।

# ਮਹੰਤ ਲਾਲ ਸਿੰਘ ਯਾਦਗਾਰੀ ਸਕੂਲ ਖੁੱਡਾ ਵਿਖੇ ਵਿਦਿਆਰਥੀਆਂ ਦਾ ਸਨਮਾਨ



**ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਉਂਕਾਰ ਸਿੰਘ)**- ਮਹੰਤ ਲਾਲ ਸਿੰਘ ਮਾਡਲ ਹਾਈ ਸਕੂਲ ਖੁੱਡਾ ਵਿਖੇ ਹੋਏ ਸਮਾਗਮ 'ਚ ਸਕੂਲ ਦੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਮਹੰਤ ਲਾਲ ਸਿੰਘ ਮਾਡਲ ਹਾਈ ਸਕੂਲ ਦੇ ਸਰਪ੍ਰਸਤ ਚੇਅਰਮੈਨ ਸੰਤ ਤੇਜਾ ਸਿੰਘ ਡੇਰਾ ਗੁਰੂਸਰ ਖੁੜਾਂ ਵਾਲਿਆਂ ਨੇ ਸਕੂਲ ਮੈਨੇਜਰ ਤਰਲੋਕ ਸਿੰਘ ਖੁੱਡਾ ਤੇ ਪ੍ਰਿੰਸੀਪਲ ਰਾਜਵਿੰਦਰ ਕੌਰ ਦੀ ਅਗਵਾਈ 'ਚ ਹੋਏ ਸਮਾਗਮ ਦੌਰਾਨ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨ ਅੱਠਵੀਂ ਕਲਾਸ ਦੇ ਨਤੀਜੇ 'ਚ ਸ਼ਾਨਦਾਰ ਅੰਕ ਪ੍ਰਾਪਤ ਕਰਕੇ ਸਕੂਲ ਤੇ ਇਲਾਕੇ ਦਾ ਨਾਂਅ ਰੌਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ। ਇਸ ਮੌਕੇ ਸੰਤ ਤੇਜਾ ਸਿੰਘ ਨੇ ਹੋਣਹਾਰ ਵਿਦਿਆਰਥੀਆਂ ਦਾ ਸਨਮਾਨ ਵਿਦਿਆਰਥੀਆਂ ਦੇ ਬਿਹਤਰ ਭਵਿੱਖ ਦੀ ਕਾਮਨਾ ਕੀਤੀ। ਸਕੂਲ ਮੈਨੇਜਰ ਤਰਲੋਕ ਸਿੰਘ ਖੁੱਡਾ ਤੇ ਪ੍ਰਿੰਸੀਪਲ ਰਾਜਵਿੰਦਰ ਕੌਰ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਕੂਲ ਦੀ ਅੱਠਵੀਂ ਕਲਾਸ ਦਾ ਨਤੀਜਾ ਸੌ ਫੀਸਦੀ ਰਿਹਾ। ਵਿਦਿਆਰਥਣ ਅੰਮ੍ਰਿਤਪ੍ਰੀਤ ਕੌਰ ਨੇ 590/600 ਅੰਕ ਪ੍ਰਾਪਤ ਕਰਕੇ ਜਿੱਥੇ ਮੈਰਿਟ ਸੂਚੀ 'ਚ ਸਥਾਨ ਹਾਸਲ ਕੀਤਾ, ਉੱਥੇ ਹੀ ਸਕੂਲ 'ਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਹੀ ਸੁਖਵਿੰਦਰ ਕੌਰ ਨੇ 572/600 ਅੰਕ ਪ੍ਰਾਪਤ ਕਰਕੇ ਦੂਸਰਾ, ਹਰਜੋਤ ਸਿੰਘ ਨੇ 571/600 ਅੰਕ ਪ੍ਰਾਪਤ ਕਰਕੇ ਤੀਸਰਾ, ਤਰਨਪ੍ਰੀਤ ਸਿੰਘ ਨੇ 563/600 ਚੌਥਾ, ਅਰਸ਼ਦੀਪ ਕੌਰ ਨੇ 550/600 ਅੰਕ ਪ੍ਰਾਪਤ ਕਰਕੇ ਪੰਜਵਾਂ ਅਤੇ ਬਲਪ੍ਰੀਤ ਕੌਰ ਨੇ 547/600 ਅੰਕ ਪ੍ਰਾਪਤ ਕਰਕੇ ਸਕੂਲ 'ਚੋਂ ਛੇਵਾਂ ਸਥਾਨ ਹਾਸਲ ਕੀਤਾ। ਇਸ ਮੌਕੇ ਸੰਤ ਸੁਖਜੀਤ ਸਿੰਘ ਜੀ ਖੁੱਡਾ, ਪ੍ਰਿੰਸੀਪਲ ਰਾਜਵਿੰਦਰ ਕੌਰ, ਮੈਡਮ ਸਤਵਿੰਦਰ ਕੌਰ, ਜਸਵੀਰ ਕੌਰ, ਮਨਜੀਤ ਕੌਰ, ਕਮਲਜੀਤ ਕੌਰ, ਪਰਮਜੀਤ ਕੌਰ, ਮੈਡਮ ਰਜਿੰਦਰ ,ਨਵਜੀਤ ਕੌਰ, ਰਿੰਕੂ ਸ਼ਰਮਾ ,ਕੁਲਵਿੰਦਰ ਕੌਰ, ਗੁਰਵਿੰਦਰ ਕੌਰ, ਦਵਿੰਦਰ ਕੌਰ, ਰਜਨੀ ਕੁਮਾਰੀ ਵੀ ਹਾਜ਼ਰ ਸਨ।

# ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਦਾ ਬਾਰ੍ਹਵੀਂ ਦਾ ਨਤੀਜਾ ਰਿਹਾ ਸ਼ਾਨਦਾਰ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)** ਚੀਫ ਖਾਲਸਾ ਦੀਵਾਨ ਚੈਰੀਟੇਬਲ ਸੁਸਾਇਟੀ ਸ੍ਰੀ ਅੰਮ੍ਰਿਤਸਰ ਦੇ ਪ੍ਰਬੰਧ ਅਧੀਨ ਚੱਲ ਰਹੇ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਸ੍ਰੀ ਅਨੰਦਪੁਰ ਸਾਹਿਬ ਦਾ ਬਾਰ੍ਹਵੀਂ ਜਮਾਤ ਦਾ ਨਤੀਜਾ ਸ਼ਾਨਦਾਰ ਰਿਹਾ। ਇਸ ਸੰਬੰਧੀ ਗੱਲ ਕਰਦਿਆਂ ਸਕੂਲ ਮੁਖੀ ਪ੍ਰਿੰਸੀਪਲ ਗੁਰਿੰਦਰ ਕੌਰ ਨੇ ਦੱਸਿਆ ਕਿ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਸ੍ਰੀ ਅਨੰਦਪੁਰ ਸਾਹਿਬ ਦਾ ਬਾਰ੍ਹਵੀਂ ਜਮਾਤ ਦਾ ਨਤੀਜਾ 100 ਫੀਸਦੀ ਰਿਹਾ। ਸੁਖਬੀਰ ਸਿੰਘ ਨੇ ਪਹਿਲਾ, ਮਨਿੰਦਰਪਾਲ ਸਿੰਘ ਨੇ ਦੂਸਰਾ ਅਤੇ ਜਸ਼ਨਪ੍ਰੀਤ ਸਿੰਘ ਨੇ ਤੀਸਰਾ ਸਥਾਨ ਹਾਸਲ ਕੀਤਾ।ਪ੍ਰਿੰਸੀਪਲ ਗੁਰਿੰਦਰ ਕੌਰ ਨੇ ਵਿਦਿਆਰਥੀਆਂ ਨੂੰ ਮੁਮੈਂਟੋ ਦੇ ਕੇ ਸਨਮਾਨਿਤ ਵੀ ਕੀਤਾ।ਸਕੂਲ ਦੇ ਮੈਂਬਰ ਇੰਚਾਰਜ ਡਾ. ਪ੍ਰਭਜੋਤ ਕੌਰ (ਰਿਟਾਇਰਡ ਪ੍ਰਿੰਸੀਪਲ), ਇੰਦਰਜੀਤ ਸਿੰਘ (ਉੱਘੇ ਕਾਰੋਬਾਰੀ) ਅਤੇ ਗੁਰਮਿੰਦਰ ਸਿੰਘ ਭੁੱਲਰ (ਡਾਇਰੈਕਟਰ ਐਜੂਕੇਸ਼ਨ) ਨੇ ਵੀ ਵਿਦਿਆਰਥੀਆਂ ਨੂੰ ਜਿੱਥੇ ਸ਼ਾਬਾਸ਼ ਦਿੱਤੀ।

# ਵਿਦਿਆਰਥੀਆਂ ਨੇ ਡਿਸਪਲੇ ਬੋਰਡ ਸਜਾਏ

**ਕਰਤਾਰਪੁਰ (ਹਰਮੇਸ਼ ਦੱਤ )** ਸੰਤ ਬਾਬਾ ਨਿਧਾਨ ਸਿੰਘ ਪਬਲਿਕ ਸਕੂਲ ਵਿੱਚ ਪ੍ਰਿੰਸੀਪਲ ਮੈਡਮ ਕੰਵਲਜੀਤ ਕੌਰ ਦੀ ਯੋਗ ਅਗਵਾਈ ਹੇਠ ਬੁਲੇਟਿਨ ਬੋਰਡ ਸਜਾਵਟ ਮੁਕਾਬਲਾ ਕਰਵਾਇਆ ਗਿਆ।ਮੁਕਾਬਲੇ ਸਕੂਲ ਦੇ ਚਾਰ ਹਾਊਸ ਗੋਬਿੰਦ ਹਾਊਸ, ਰਣਜੀਤ ਹਾਊਸ, ਸ਼ਿਵਾਜੀ ਹਾਊਸ ਅਤੇ ਟੈਗੋਰ ਹਾਊਸ ਦੇ ਵਿਦਿਆਰਥੀਆਂ ਵਿਚਕਾਰ ਹੋਏ।ਇਸ ਮੁਕਾਬਲੇ ਵਿੱਚ ਬੱਚਿਆਂ ਨੇ ਉਤਸ਼ਾਹ ਨਾਲ ਭਾਗ ਲਿਆ।ਸਾਰੇ ਹਾਊਸ ਦੇ ਬੱਚਿਆਂ ਨੇ ਆਪਣੇ ਚੁਣੇ ਹੋਏ ਥੀਮ ਅਨੁਸਾਰ ਬੁਲੇਟਿਨ ਬੋਰਡਾਂ ਨੂੰ ਸਜਾਇਆ।ਇਸ ਮੁਕਾਬਲੇ 'ਚ ਰਣਜੀਤ ਹਾਊਸ ਪਹਿਲੇ ਸਥਾਨ 'ਤੇ ਰਿਹਾ।ਸ਼ਿਵਾਜੀ ਅਤੇ ਟੈਗੋਰ ਹਾਊਸ ਨੇ ਦੂਜਾ ਸਥਾਨ ਹਾਸਲ ਕੀਤਾ। ਗੋਬਿੰਦ ਹਾਊਸ ਤੀਜੇ ਸਥਾਨ 'ਤੇ ਰਿਹਾ।ਇਸ ਮੌਕੇ ਪ੍ਰਿੰਸੀਪਲ ਕੰਵਲਜੀਤ ਕੌਰ ਨੇ ਸਾਰੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਚੈਅਰਪਰਸਨ ਮੈਡਮ ਸੁਰਿੰਦਰ ਕੌਰ, ਡਾਕਟਰ ਚਰਨ ਸਿੰਘ, ਡਾਕਟਰ ਪਿਆਰਾ ਸਿੰਘ, ਕਮੇਟੀ ਮੈਂਬਰ ਸਤਨਾਮ ਸਿੰਘ, ਪ੍ਰਿੰਸੀਪਲ ਮੈਡਮ ਕੰਵਲਜੀਤ ਕੌਰ, ਸਕੂਲ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।



# ਲਧਾਣਾ ਉੱਚਾ 'ਚ ਡਾ. ਅੰਬੇਡਕਰ ਦੇ ਜਨਮ ਦਿਨ ਨੂੰ ਸਮਰਪਿਤ ਸਮਾਗਮ ਕਰਵਾਇਆ



**ਬੰਗਾ (ਅਵਤਾਰ ਕਲੇਰ)** ਪਿੰਡ ਲਧਾਣਾ ਉੱਚਾ ਵਿਖੇ ਡਾ. ਅੰਬੇਡਕਰ ਮਿਸ਼ਨ ਸੁਸਾਇਟੀ ਰਜਿ. ਵੱਲੋਂ ਭਾਰਤ ਰਤਨ ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ 133ਵੇਂ ਜਨਮ ਦਿਨ ਨੂੰ ਸਮਰਪਿਤ ਸਮਾਗਮ ਕਰਵਾਇਆ ਗਿਆ। ਮੁੱਖ ਮਹਿਮਾਨ ਉੱਘੇ ਮਿਸ਼ਨਰੀ ਲੇਖਕ ਤੇ ਕਲਾਕਾਰ ਸੋਹਨ ਸਹਿਜਲ ਸਨ।ਸਮਾਗਮ ਦਾ ਆਗਾਜ਼ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਦੇ ਚਿੱਤਰ ਤੇ ਫੁੱਲ ਮਾਲਾਵਾਂ ਭੇਟ ਕਰਕੇ ਕੀਤਾ। ਅਮਰਜੀਤ ਤੇ ਮੈਡਮ ਬਲਜੀਤ ਕੌਰ ਵੱਲੋਂ ਤਿਆਰ ਕੀਤੀਆਂ ਕੋਰੀਓਗਰਾਫੀਆ ਬੱਚਿਆਂ ਨੇ ਪੇਸ਼ ਕੀਤੀਆਂ।ਇਸ ਮੌਕੇ ਧਰਮਿੰਦਰ ਮਸਾਣੀ ਨੇ ਵੀ ਮਿਸ਼ਨਰੀ ਪ੍ਰੋਗਰਾਮ ਪੇਸ਼ ਕੀਤਾ।ਸਮਾਗਮ ਨੂੰ ਸੰਬੋਧਨ ਕਰਦਿਆਂ ਸੋਹਨ ਸਹਿਜਲ ਨੇ ਕਿਹਾ ਕਿ ਅੱਜ ਅਸੀਂ ਵਿਸ਼ਵ ਰਤਨ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਦਾ ਜਨਮ ਦਿਨ ਬੜੀ ਸ਼ਰਧਾ ਤੇ ਧੂਮਧਾਮ ਨਾਲ ਮਨਾ ਰਹੇ ਹਾਂ ਕਿਉਂਕਿ ਬਾਬਾ ਸਾਹਿਬ ਨੇ ਸਮਾਜ ਦੇ ਦੱਬੇ-ਕੁਚਲੇ ਸਮਾਜ ਦੇ ਲੋਕਾਂ ਨੂੰ ਸਨਮਾਨ ਭਰੀ ਜ਼ਿੰਦਗੀ ਜਿਊਣ ਦੇ ਹੱਕ ਦੁਆਉਣ ਲਈ ਆਪਣੀ ਸਾਰੀ ਜ਼ਿੰਦਗੀ ਅਰਪਣ ਕਰ ਦਿੱਤੀ।ਉਨ੍ਹਾਂ ਦੱਸਿਆ ਕਿ ਬਾਬਾ ਸਾਹਿਬ ਨੇ ਆਪਣੇ ਚਾਰ ਬੱਚੇ ਕੌਮ ਲਈ ਕੁਰਬਾਨ ਕਰ ਦਿੱਤੇ। ਇਸ ਮੌਕੇ ਸੋਹਨ ਸਹਿਜਲ ਨੇ ਆਪਣੇ ਲਿਖੇ ਕ੍ਰਾਂਤੀਕਾਰੀ ਵਿਚਾਰਾਂ ਵਾਲੇ ਗੀਤ ਵੀ ਪੇਸ਼ ਕੀਤੇ। ਸਮਾਗਮ ਨੂੰ ਹੋਰਨਾਂ ਤੋਂ ਇਲਾਵਾ ਮੱਖਣ ਚੋਹਾਨ , ਡਾ ਸੋਢੀ , ਹਰਮੇਸ਼ ਵਿਰਦੀ ਸਾਬਕਾ ਚੇਅਰਮੈਨ ਬਲਾਕ ਸੰਮਤੀ ਬੰਗਾ, ਰਾਮ ਲੁਭਾਇਆ, ਰਵੀ ਜਾੜਲਾ ਆਦਿ ਨੇ ਵੀ ਸੰਬੋਧਨ ਕੀਤਾ। ਸਟੇਜ ਦੀ ਕਾਰਵਾਈ ਮਾਸਟਰ ਸ਼ਤੀਸ਼ ਕੁਮਾਰ ਨੇ ਬਾਖੂਬੀ ਨਿਭਾਈ।

# ਬੀ ਕੇ ਇੰਟਰਨੈਸ਼ਨਲ ਕਾਨਵੈਂਟ ਸਕੂਲ 'ਚ ਧਰਤੀ ਦਿਵਸ ਮਨਾਇਆ





**ਲੋਹੀਆਂ ਖਾਸ, (ਯੋਗੇਸ਼ਵਰ)** : ਬੀ ਕੇ ਇੰਟਰਨੈਸ਼ਨਲ ਕਾਨਵੈਂਟ ਸਕੂਲ, ਵਾੜਾ ਜੋਧ ਸਿੰਘ ਵਿਖੇ 'ਲੇਬਰ ਡੇ' ਅਤੇ 'ਧਰਤੀ ਦਿਵਸ' ਨੂੰ ਸਮਰਪਿਤ ਵਿਸ਼ੇਸ਼ ਅਸੈਂਬਲੀ ਕਰਵਾਈ ਗਈ ਜਿਸ ਵਿੱਚ ਵਿਦਿਆਰਥੀਆਂ ਨੇ ਧਰਤੀ ਵਿਚ ਜੀਵ ਜੰਤੂ, ਮਨੁੱਖ, ਵਾਤਾਵਰਣ ਨੂੰ ਪ੍ਰਦੂਸ਼ਣ ਤੋਂ ਬਚਾਉਣ ਨਾਲ ਸੰਬੰਧਿਤ ਸਲੋਗਨ ਲਿਖਣ, ਕਲਰਿੰਗ, ਕਵਿਤਾ ਉਚਾਰਨ ਆਦਿ ਗਤੀਵਿਧੀਆਂ ਵਿੱਚ ਹਿੱਸਾ ਲਿਆ।ਵਿਦਿਆਰਥੀਆਂ ਵੱਲੋਂ ਲੇਬਰ ਡੇ ਨੂੰ ਹੈਲਪਰ ਦਿਵਸ ਦੇ ਰੂਪ ਵਿੱਚ ਮਨਾਇਆ ਗਿਆ ਅਤੇ ਸਕੂਲ ਦੇ ਹੈਲਪਰਾਂ ਨੂੰ ਪ੍ਰੋਤਸਾਹਿਤ ਕਰਦੇ ਹੋਏ ਬਿਗ ਅਪ ਨਾਂਅ ਦੇ ਕੇ ਬੈਜ ਅਤੇ ਉਪਹਾਰ ਨਾਲ ਸਨਮਾਨਿਤ ਕੀਤਾ।ਸਕੂਲ ਮੈਨੇਜਮੈਂਟ ਅਤੇ ਪ੍ਰਿੰਸੀਪਲ ਸ਼੍ਰੀਮਤੀ ਨੀਤੀਮਾ ਨੇ ਜੀਵਨ ਵਿੱਚ ਹੈਲਪਰਾਂ ਦੇ ਮਹੱਤਵ ਨੂੰ ਦੱਸਦੇ ਹੋਏ ਉਹਨਾਂ ਵੱਲੋਂ ਦਿੱਤੀਆਂ ਜਾ ਰਹੀਆਂ ਸੇਵਾਵਾਂ ਦੀ ਪ੍ਰਸ਼ੰਸਾ ਕੀਤੀ ਅਤੇ ਕਿਹਾ ਕਿ ਅਜਿਹੀਆਂ ਗਤੀਵਿਧੀਆਂ ਵਿਦਿਆਰਥੀਆਂ ਦੇ ਸਰਪੱਖੀ ਵਿਕਾਸ ਲਈ ਜ਼ਰੂਰੀ ਹਨ।

# ਮੈਰਿਟ 'ਚ ਆਏ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਦਾ ਸਨਮਾਨ

**ਚੰਡੀਗੜ੍ਹ, ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)** ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਹਾਲ ਹੀ ਵਿੱਚ ਘੋਸ਼ਿਤ 10ਵੀਂ ਅਤੇ 10+2 ਦੀਆਂ ਪ੍ਰੀਖਿਆਵਾਂ ਵਿੱਚ ਸ਼ਾਨਦਾਰ ਅੰਕ ਪ੍ਰਾਪਤ ਕਰਨ ਵਾਲੇ ਸਰਕਾਰੀ ਸਕੂਲਾਂ ਦੇ 16 ਹੋਣਹਾਰ ਵਿਦਿਆਰਥੀਆਂ ਨੂੰ ਜ਼ਿਲ੍ਹਾ ਪ੍ਰਸ਼ਾਸਨ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵੱਲੋਂ ਇੱਕ ਹਾਂ-ਪੱਖੀ ਉਪਰਾਲੇ ਵਜੋਂ ਮੈਡਲਾਂ ਸਨਮਾਨਿਤ ਕੀਤਾ ਗਿਆ।ਇਨ੍ਹਾਂ ਵਿਦਿਆਰਥੀਆਂ ਨਾਲ ਗੱਲਬਾਤ ਕਰਦਿਆਂ ਡਿਪਟੀ ਕਮਿਸ਼ਨਰ ਨੇ ਆਪਣੇ ਖ਼ੁਸ਼ੀ ਦੇ ਪਲ ਸਾਂਝੇ ਕੀਤੇ, ਜਦੋਂ ਉਨ੍ਹਾਂ ਖ਼ੁਦ 2007 ਵਿੱਚ 10ਵੀਂ ਜਮਾਤ ਪਾਸ ਕੀਤੀ ਸੀ। ਉਨ੍ਹਾਂ ਕਿਹਾ ਕਿ ਪ੍ਰੀਖਿਆਵਾਂ ਦੇ ਅੰਕ/ਗ੍ਰੇਡ ਮਨੋਬਲ ਨੂੰ ਵਧਾਉਂਦੇ ਹਨ ਅਤੇ ਚੁਣੌਤੀਆਂ ਦਾ ਸਾਹਮਣਾ ਕਰਦੇ ਹੋਏ ਅੱਗੇ ਵਧਣ ਲਈ ਪ੍ਰੇਰਿਤ ਕਰਦੇ ਹਨ।

ਉਨ੍ਹਾਂ ਕਿਹਾ ਕਿ ਇਹ ਮਾਣ ਵਾਲੀ ਗੱਲ ਹੈ ਕਿ 10+2 ਜਮਾਤ ਦੇ ਇਨ੍ਹਾਂ 13 ਵਿਦਿਆਰਥੀਆਂ ਵਿੱਚੋਂ 10 ਵਿਦਿਆਰਥੀ ਮੈਰੀਟੋਰੀਅਸ ਸਕੂਲਾਂ ਦੇ ਹਨ ਜਿਨ੍ਹਾਂ ਨੇ ਮੈਰਿਟ ਪੁਜ਼ੀਸ਼ਨਾਂ ਹਾਸਲ ਕੀਤੀਆਂ ਹਨ। ਉਸਨੇ 10+2, 10ਵੀਂ ਅਤੇ 8ਵੀਂ ਜਮਾਤ ਦੀ ਸਟੇਟ ਰੈਂਕਿੰਗ ਵਿੱਚ ਸੁਧਾਰ 'ਤੇ ਖ਼ੁਸ਼ੀ ਪ੍ਰਗਟਾਈ।

# 'ਚਿਰਾ.ਗ' ਮੈਗਜ਼ੀਨ ਦਾ 123ਵਾਂ ਅੰਕ ਲੋਕ ਅਰਪਣ



**ਹੁਸ਼ਿਆਰਪੁਰ, : (ਓਮ ਪ੍ਰਕਾਸ਼ ਰਾਣਾ)** ਪਿਛਲੇ ਸਾਢੇ ਤਿੰਨ ਦਹਾਕਿਆਂ ਤੋਂ ਪੰਜਾਬੀ ਸਾਹਿਤ ਜਗਤ ਵਿਚ ਆਪਣੀਆਂ ਮਿਆਰੀ ਰਚਨਾਵਾਂ ਨਾਲ ਸਨਮਾਨਯੋਗ ਥਾਂ ਬਣਾ ਚੁੱਕੇ ਚਿਰਾਗ਼ ਮੈਗਜ਼ੀਨ ਦਾ 123ਵਾਂ ਅੰਕ ਡਿਪਟੀ ਕਮਿਸ਼ਨਰ ਕੋਮਲ ਮਿਤਲ ਵੱਲੋਂ ਲੋਕ ਅਰਪਣ ਕੀਤਾ ਗਿਆ। ਮੈਗਜ਼ੀਨ ਦੀ ਸੰਪਾਦਕੀ ਟੀਮ ਨੂੰ ਵਧਾਈ ਦਿੰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਨਸਾਨ ਨੂੰ ਸੰਵੇਦਨਸ਼ੀਲ ਬਣਾਉਣ ਲਈ ਸਾਹਿਤ ਦਾ ਬਹੁਤ ਵੱਡਾ ਯੋਗਦਾਨ ਹੁੰਦਾ ਹੈ। ਮੈਗਜ਼ੀਨ ਬਾਰੇ ਗੱਲ ਕਰਦਿਆਂ ਜ਼ਿਲ੍ਹਾ ਖੋਜ ਅਫ਼ਸਰ ਡਾ. ਜਸਵੰਤ ਰਾਏ ਨੇ ਕਿਹਾ ਕਿ ਚਿਰਾਗ਼ ਦਾ ਇਸ ਵਾਰ ਦਾ ਅੰਕ ਪੰਜਾਬੀ ਭਾਸ਼ਾ ਦੇ ਪ੍ਰਸਿੱਧ ਕਹਾਣੀਕਾਰਾਂ ਬਲਵੰਤ ਫਰਵਾਲੀ, ਤ੍ਰਿਪਤਾ ਕੇ. ਸਿੰਘ ਅਤੇ ਪ੍ਰਵੇਜ਼ ਸੰਧੂ ਦੀਆਂ ਕਹਾਣੀਆਂ ਨਾਲ ਸ਼ਿੰਗਾਰਿਆਂ ਹੋਇਆ ਹੈ।ਮੈਗਜ਼ੀਨ ਨੂੰ ਲੋਕ ਅਰਪਣ ਕਰਨ ਸਮੇਂ ਤ੍ਰਿਪਤਾ ਕੇ. ਸਿੰਘ ਅਤੇ ਡਾ. ਰਿਤੂ ਕੁਮਰਾ ਵੀ ਹਾਜ਼ਰ ਸਨ।

# ਸਰਕਾਰਾਂ ਨੇ ਸਿਹਤ ਸੇਵਾਵਾਂ ਨਿਘਾਰ ਵੱਲ ਲਿਆਂਦੀਆਂ : ਐਡਵੋਕੇਟ ਬਲਵਿੰਦਰ ਕੁਮਾਰ

ਜਲੰਧਰ (ਸ਼ੈਲੀ ਐਲਬਰਟ) :- ਬਸਪਾ ਦੇ ਜਲੰਧਰ ਲੋਕ ਸਭਾ ਸੀਟ ਤੋਂ ਉਮੀਦਵਾਰ ਐਡਵੋਕੇਟ ਬਲਵਿੰਦਰ ਕੁਮਾਰ ਨੇ ਕਿਹਾ ਕਿ ਸਿਹਤ ਲੋਕਾਂ ਦੀ ਜ਼ਿੰਦਗੀ ਨਾਲ ਜੁੜਿਆ ਸਭ ਤੋਂ ਵੱਡਾ ਮਸਲਾ ਹੈ। ਪਰ ਸੱਤਾ 'ਚ ਰਹੀਆਂ ਪਾਰਟੀਆਂ ਨੇ ਇਸ ਨੂੰ ਹੀ ਲੋਕਾਂ ਤੋਂ ਦੂਰ ਕਰ ਦਿੱਤਾ। ਸਰਕਾਰੀ ਹਸਪਤਾਲਾਂ 'ਚ ਦਿਲ, ਦਿਮਾਗ, ਕੈਂਸਰ, ਲੀਵਰ ਨਾਲ ਜੁੜੀਆਂ ਗੰਭੀਰ ਬਿਮਾਰੀਆਂ ਦਾ ਇਲਾਜ ਹੀ ਨਹੀਂ ਮਿਲ ਪਾਉਂਦਾ। ਐਡਵੋਕੇਟ ਨੇ ਕਿਹਾ ਕਿ ਵੋਟਾਂ ਵੇਲੇ ਚੋਣ ਮੈਨੀਫੈਸਟੋ ਜਾਰੀ ਕਰਦਿਆਂ ਕਾਂਗਰਸ, ਭਾਜਪਾ, ਆਪ ਵਰਗੀਆਂ ਪਾਰਟੀਆਂ ਲੋਕਾਂ ਨੂੰ ਚੰਗੀਆਂ ਸਿਹਤ ਸੁਵਿਧਾਵਾਂ ਦੇਣ ਦੇ ਵਾਅਦੇ ਕਰਦੀਆਂ ਰਹੀਆਂ। ਉਨ੍ਹਾਂ ਨੇ ਇਹ ਲਾਰੇ ਲਗਾ ਕੇ ਲੋਕਾਂ ਦੀਆਂ ਵੋਟਾਂ ਤਾਂ ਲੈ ਲਈਆਂ, ਪਰ ਉਨ੍ਹਾਂ ਨੂੰ ਸਰਕਾਰੀ ਹਸਪਤਾਲਾਂ 'ਚ ਚੰਗਾ ਇਲਾਜ ਦੇਣ ਦਾ ਪ੍ਰਬੰਧ ਨਹੀਂ ਕੀਤਾ। ਮੈਡੀਕਲ ਸਟਾਫ, ਮਸ਼ੀਨਰੀ ਤੇ ਇਨਫ੍ਰਾਸਟ੍ਰਕਚਰ ਦੀ ਭਾਰੀ ਕਮੀ ਦਾ ਹਸਪਤਾਲ ਸਾਹਮਣਾ ਕਰ ਰਹੇ ਹਨ। ਐਡਵੋਕੇਟ ਬਲਵਿੰਦਰ ਕੁਮਾਰ ਨੇ ਕਿਹਾ ਕਿ ਜੇਕਰ ਉਹ ਜਲੰਧਰ ਲੋਕ ਸਭਾ ਸੀਟ ਜਿੱਤਦੇ ਹਨ ਤਾਂ ਉਹ ਲੋਕਾਂ ਲਈ ਚੰਗੇ ਇਲਾਜ ਦਾ ਪ੍ਰਬੰਧ ਕਰਨ ਵੱਲ ਵਿਸ਼ੇਸ਼ ਧਿਆਨ ਦੇਣਗੇ।

# ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਦਾ ਅੱਠਵੀਂ ਦਾ ਨਤੀਜਾ ਸ਼ਾਨਦਾਰ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਚੀਫ ਖਾਲਸਾ ਦੀਵਾਨ ਚੈਰੀਟੇਬਲ ਸੁਸਾਇਟੀ ਸ੍ਰੀ ਅੰਮ੍ਰਿਤਸਰ ਦੇ ਪ੍ਰਬੰਧ ਅਧੀਨ ਚੱਲ ਰਹੇ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਸ੍ਰੀ ਅਨੰਦਪੁਰ ਸਾਹਿਬ ਦਾ ਅੱਠਵੀਂ ਜਮਾਤ ਦਾ ਨਤੀਜਾ ਬੇਹੱਦ ਸ਼ਾਨਦਾਰ ਰਿਹਾ। ਸਕੂਲ ਮੁਖੀ ਪ੍ਰਿੰਸੀਪਲ ਗੁਰਿੰਦਰ ਕੌਰ ਨੇ ਦੱਸਿਆ ਕਿ ਅੱਠਵੀਂ ਜਮਾਤ ਦਾ ਨਤੀਜਾ 100 ਫੀਸਦੀ ਰਿਹਾ। ਉਨ੍ਹਾਂ ਦੱਸਿਆ ਕਿ ਅੱਠਵੀਂ ਜਮਾਤ ਵਿੱਚੋਂ ਹਰਦੀਪ ਸਿੰਘ ਨੇ ਪਹਿਲਾ, ਤੇਜਸ ਨੇ ਦੂਸਰਾ ਅਤੇ ਰਵਨੀਤ ਕੁਮਾਰ ਨੇ ਤੀਸਰਾ ਸਥਾਨ ਹਾਸਲ ਕੀਤਾ। ਪ੍ਰਿੰਸੀਪਲ ਗੁਰਿੰਦਰ ਕੌਰ ਨੇ ਵਿਦਿਆਰਥੀਆਂ ਨੂੰ ਮੁਮੈਂਟੋ ਦੇ ਕੇ ਸਨਮਾਨਤ ਵੀ ਕੀਤਾ। ਸਕੂਲ ਦੇ ਮੈਂਬਰ ਇੰਚਾਰਜ ਡਾ. ਪ੍ਰਭਜੋਤ ਕੌਰ (ਰਿਟਾਇਰਡ ਪ੍ਰਿੰਸੀਪਲ), ਇੰਦਰਜੀਤ ਸਿੰਘ (ਉੱਘੇ ਕਾਰੋਬਾਰੀ) ਅਤੇ ਗੁਰਮਿੰਦਰ ਸਿੰਘ ਭੁੱਲਰ (ਡਾਇਰੈਕਟਰ ਐਜੂਕੇਸ਼ਨ) ਨੇ ਵੀ ਵਿਦਿਆਰਥੀਆਂ ਨੂੰ ਜਿੱਥੇ ਸ਼ਾਬਾਸ਼ ਦਿੱਤੀ ਉੱਥੇ ਅਧਿਆਪਕ ਸਾਹਿਬਾਨ ਅਤੇ ਮਾਤਾ ਪਿਤਾ ਸਾਹਿਬਾਨ ਨੂੰ ਵੀ ਮੁਬਾਰਕਬਾਦ ਦਿੱਤੀ।



# ਬਲਰਾਜ ਸਿੰਘ ਗਿੱਲ ਦੀ ਸੇਵਾਮੁਕਤੀ 'ਤੇ ਵਿਦਾਇਗੀ ਸਮਾਗਮ



**ਕਪੂਰਥਲਾ, ( ਹਨੀ)** ਲਾਲਾ ਲਾਜਪਤ ਰਾਏ ਹਸਪਤਾਲ ਰੇਲ ਕੋਚ ਫੈਕਟਰੀ ( ਕਪੂਰਥਲਾ) ਵਿਖੇ ਚੀਫ ਫਾਰਮਾਸਿਸਟ ਬਲਰਾਜ ਸਿੰਘ ਗਿੱਲ ਦੇ ਸੇਵਾ ਮੁਕਤ ਹੋਣ 'ਤੇ ਸ਼ਾਨਦਾਰ ਵਿਦਾਇਗੀ ਸਮਾਗਮ ਦਾ ਆਯੋਜਨ ਕੀਤਾ ਗਿਆ।ਇਸ ਦੌਰਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਇੰਜੀਨੀਅਰ ਸਵਰਨ ਸਿੰਘ ਪ੍ਰਧਾਨ ਗੁਰੂ ਨਾਨਕ ਖਾਲਸਾ ਕਾਲਜ, ਡਾ. ਐੱਲ ਐੱਨ ਰਾਮਾਲਿੰਗਮ, ਡਾ ਪ੍ਰਮੋਦ ਕੁਮਾਰ, ਡਾ ਜੈਦੀਪ ਟਿੱਟੋਰੀਆ, ਡਾ ਰਜੇਸ਼ ਮੋਹਨ, ਡਾ ਸ਼ਿਫ਼ਾ, ਡਾ ਕ੍ਰਿਸ਼ਨਾ ਰਾਜਾ ਅਤੇ ਡਾ ਸੰਦੀਪ ਗੋਇਲ ਉਚੇਚੇ ਤੌਰ 'ਤੇ ਸ੍ਰੀ ਗਿੱਲ ਨੂੰ ਸ਼ੁਭਕਾਮਨਾਵਾਂ ਦੇਣ ਲਈ ਵਿਦਾਇਗੀ ਸਮਾਗਮ ਵਿਚ ਸ਼ਾਮਲ ਹੋਏ।ਵੱਖ ਵੱਖ ਬੁਲਾਰਿਆਂ ਨੇ ਸ੍ਰੀ ਗਿੱਲ ਵੱਲੋਂ ਆਪਣੀ ਡਿਊਟੀ ਦੌਰਾਨ ਇਮਾਨਦਾਰੀ ਨਾਲ ਨਿਭਾਈਆਂ ਸੇਵਾਵਾਂ ਦੀ ਭਰਪੂਰ ਪ੍ਰਸ਼ੰਸਾ ਕੀਤੀ।ਸਮਾਗਮ ਦੇ ਪ੍ਰਬੰਧਕਾਂ ਵੱਲੋਂ ਬਲਰਾਜ ਸਿੰਘ ਗਿੱਲ, ਉਨ੍ਹਾਂ ਦੀ ਸੁਪਤਨੀ ਸੇਵਾਮੁਕਤ ਪ੍ਰਿੰਸੀਪਲ ਸੁਖਰਾਜ ਕੌਰ ਅਤੇ ਨਾਲ ਪਹੁੰਚੇ ਹੋਰਨਾਂ ਪਰਵਾਰਕ ਮੈਂਬਰਾਂ ਨੂੰ ਵੀ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਏ ਆਰ ਭਾਟੀਆ, ਕੁਲਦੀਪ ਚੰਦ, ਦਰਸ਼ਨ ਸਿੰਘ, ਬਲਜਿੰਦਰ ਸਿੰਘ, ਸੁਖਦੇਵ ਸਿੰਘ, ਹਰਿੰਦਰ ਸਿੰਘ, ਪਰਵੀਨ ਕੁਮਾਰ, ਜਾਨਵੀਰ, ਪ੍ਰਵੇਜ਼, ਲਕਸ਼ਮੀ ਕਾਂਤ, ਮੁਕੇਸ਼ ਸੂਥਰ, ਸੰਜੇ ਕੁਮਾਰ, ਸਿਮਰਨਪ੍ਰੀਤ ਸਿੰਘ, ਮਹਿੰਦਰਪ੍ਰੀਤ ਸਿੰਘ, ਅਨੂ, ਦਲਜੀਤ ਸਿੰਘ ਬਾਜਵਾ ਪ੍ਰੈਜ਼ੀਡੈਂਟ ਸੁਪਰਵਾਈਜ਼ਰ ਕਲੱਬ ਆਰ ਸੀ ਐੱਫ ਆਦਿ ਹਾਜ਼ਰ ਸਨ।

# ਅਵਾਰਾ ਕੁੱਤਿਆਂ ਦੀ ਭਰਮਾਰ ਚਿੰਤਾ ਦਾ ਵਿਸ਼ਾ

**ਅੱਡਾ ਸਰਾਂ/ ਟਾਂਡਾ ( ਜਸਵੀਰ ਕਾਜਲ )**-ਸ਼ਹਿਰਾਂ ਕਸਬਿਆਂ, ਪਿੰਡਾਂ, ਸੜਕਾਂ ਗਲੀਆਂ ਆਦਿ ਵਿੱਚ ਅਵਾਰਾ ਕੁੱਤਿਆਂ ਦੀ ਗਿਣਤੀ ਦਿਨੋਂ ਦਿਨ ਵਧਦੀ ਜਾ ਰਹੀ ਹੈ। ਇਹ ਅਵਾਰਾ ਕੁੱਤੇ ਝੁੰਡ ਬਣਾ ਕੇ ਸੜਕਾਂ ਕਸਬਿਆਂ ਪਿੰਡਾਂ ਗਲੀਆਂ ਵਿਚ ਘੁੰਮਦੇ ਦੇਖਣ ਨੂੰ ਮਿਲ ਰਹੇ ਹਨ ਅਤੇ ਜਦੋਂ ਕੋਈ ਵਾਹਨ ਜਾਂ ਮੋਟਰਸਾਈਕਲ ਲੰਘਦਾ ਹੈ ਤਾਂ ਇਹ ਮਗਰ ਦੌੜਦੇ ਹਨ ਅਤੇ ਵਾਹਨ ਚਾਲਕ ਡਿਗ ਜਾਂਦੇ ਹਨ ਅਤੇ ਜ਼ਖ਼ਮੀ ਹੋ ਜਾਂਦੇ ਹਨ ਇਨ੍ਹਾਂ ਅਵਾਰਾ ਕੁੱਤਿਆਂ ਤੋਂ ਡਰਦੇ ਲੋਕ ਸਵੇਰੇ ਸੈਰ ਕਾਰਨ ਵਾਸਤੇ ਹੱਥਾਂ ਵਿੱਚ ਸੋਟੀਆਂ ਲੈ ਕੇ ਘੁੰਮਣ ਜਾਂਦੇ ਹਨ ਅਤੇ ਇਹ ਜਦੋਂ ਹਲਕ ਜਾਂਦੇ ਹਨ ਤਾਂ ਪਸ਼ੂਆਂ ਲੋਕਾਂ ਕੱਟਦੇ ਹਨ। ਇਸ ਤਰ੍ਹਾਂ ਦੀਆਂ ਘਟਨਾਵਾਂ ਇਲਾਕੇ ਵਿੱਚ ਆਮ ਦੇਖਣ ਨੂੰ ਮਿਲਦੀਆਂ ਹਨ ਅਤੇ ਇਹਨਾਂ ਅਵਾਰਾ ਕੁੱਤਿਆਂ ਤੋਂ ਬੱਚਿਆ ਨੂੰ ਬਚਾਓ ਣ ਲਈ ਵੀ ਖਿਆਲ ਰੱਖਣਾ ਪੈਂਦਾ ਹੈ। ਆਮ ਲੋਕਾਂ ਦੀ ਸਰਕਾਰ ਤੋਂ ਮੰਗ ਹੈ ਕਿ ਇਨ੍ਹਾਂ ਅਵਾਰਾ ਘੁੰਮ ਰਹੇ ਕੁੱਤਿਆਂ ਦੀ ਸਮੱਸਿਆ ਵੱਲ ਧਿਆਨ ਦਿੱਤਾ ਜਾਵੇ।

